**Buying/Selling *in Michigan***

All types of Residential & Commercial properties. Gas Stations, Liquor Stores, Hotels, Plazas, Truck Terminals etc.

All types of loans.

Landmark Realty

40600 Ann Arbor Rd., Suite# 150, Plymouth, MI 48170

**Call: 734-751-4455**

rajsshergill@yahoo.com



Raj Shergill

*Associate Broker*



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

**Singh Accounting & Tax Services**

Niagara Falls Grand Island, NY

All kinds of accounting work.

*Book keeping *Payroll *Sales Tax

*New business set up *E-file tax return

Go to App store to load our free App

**Ph: 716-425-7126**

Fax: 716-284-0025

Email: singhtaxservice@yahoo.com

Website: singhtaxservice.com



Sarbjit Singh Khakh (Sabhi)

*Accountant*

Twentieth Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 22, June 1, 2019 20451 N. Plum Grove Rd., Palatine, IL 60074 Ph:847-359-0746, Fax:847-705-9388

# ਪੰਜਾਬ 'ਚ ਤੀਜੇ ਬਦਲ ਦਾ ਸੁਪਨਾ ਟੁੱਟਿਆ

## ਬਾਜ਼ੀ ਮੁੜ ਰਵਾਇਤੀ ਧਿਰਾਂ ਹੱਥ

**ਚੰਡੀਗੜ੍ਹ:** ਪੰਜਾਬ ਦੇ ਲੋਕ ਸਭਾ ਚੋਣਾਂ ਦੇ ਨਤੀਜੇ ਭਾਵੇਂ ਇਸ ਵਾਰ ਪੂਰੇ ਦੇਸ਼ ਤੋਂ ਵੱਖਰੇ ਆਏ ਹਨ ਪਰ ਸੂਬੇ ਵਿਚ ਤੀਜੇ ਬਦਲ ਦਾ ਹੋਕਾ ਸੁਪਨਾ ਬਣ ਕੇ ਰਹਿ ਗਿਆ ਤੇ ਬਾਜ਼ੀ ਮੁੜ ਰਵਾਇਤੀ ਧਿਰਾਂ ਹੱਥ ਰਹੀ। ਇਸ ਵਾਰ ਕਾਂਗਰਸ 13 ਵਿਚੋਂ 8 ਸੀਟਾਂ ਲੈ ਕੇ ਵੱਡੀ ਧਿਰ ਵਜੋਂ ਉਭਰੀ ਜਦ ਕਿ ਅਕਾਲੀ ਦਲ ਬਾਦਲ ਤੇ ਭਾਈਵਾਲ ਭਾਜਪਾ ਨੂੰ ਦੋ-ਦੋ ਸੀਟਾਂ ਮਿਲੀਆਂ। 2014 ਦੀਆਂ ਲੋਕ ਸਭਾ ਚੋਣਾਂ ਵਿਚ ਸੂਬੇ ਵਿਚੋਂ 4 ਸੀਟਾਂ ਲੈਣ ਵਾਲੀ ਆਮ ਆਦਮੀ ਪਾਰਟੀ ਇਸ ਵਾਰ ਸਿਰਫ ਸੰਗਰੂਰ ਦੀ ਸੀਟ ਹੀ ਜਿੱਤ ਸਕੀ।

ਲੋਕ ਸਭ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਤੀਜੇ ਬਦਲ ਦੀ ਗੱਲ ਜ਼ੋਰ ਸ਼ੋਰ ਨਾਲ ਤੁਰੀ ਸੀ। ਨਵੀਆਂ ਉਠੀਆਂ ਸਿਆਸੀ ਧਿਰਾਂ ਇਸ ਪੱਖ ਵਿਚ ਸਨ ਕਿ ਰਵਾਇਤੀ ਧਿਰਾਂ ਕਾਂਗਰਸ ਤੇ ਅਕਾਲੀ-ਭਾਜਪਾ ਦਾ ਬਦਲ ਦਿੱਤਾ ਜਾਵੇ। ਆਮ ਆਦਮੀ ਪਾਰਟੀ, ਸੁਖਪਾਲ ਖਹਿਰਾ ਦੀ ਅਗਵਾਈ ਵਾਲਾ ਪੰਜਾਬ ਡੈਮੋਕ੍ਰੇਟਿਕ ਗੱਠਜੋੜ, ਸ਼੍ਰੋਮਣੀ ਅਕਾਲੀ ਦਲ ਟਕਸਾਲੀ, ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਅਤੇ ਧਰਮਵੀਰ ਗਾਂਧੀ ਸਮੇਤ ਖੱਬੀਆਂ ਧਿਰਾਂ ਨੇ ਇਸ ਬਦਲ ਦੀ ਗੱਲ ਜ਼ੋਰ-ਸ਼ੋਰ ਨਾਲ ਤੋਰੀ ਪਰ ਜਦੋਂ ਸੀਟਾਂ ਦੀ ਵੰਡ ਦੀ ਗੱਲ ਆਈ ਤਾਂ ਸਾਰੇ ਦਾਅਵੇ ਧਰੇ ਧਰਾਏ ਰਹਿ ਗਏ। ਸਾਰੀਆਂ ਧਿਰਾਂ ਵੰਡੀਆਂ ਗਈਆਂ ਤੇ ਬਾਜ਼ੀ ਮੁੜ ਰਵਾਇਤੀ ਧਿਰਾਂ ਹੱਥ ਆ ਗਈ।

ਯਾਦ ਰਹੇ, ਇਸ ਵਾਰ ਸਿਆਸੀ ਮਾਹੌਲ ਰਵਾਇਤੀ ਧਿਰਾਂ ਦੇ ਹੱਕ ਵਿਚ ਨਹੀਂ ਸੀ। ਅਕਾਲੀ ਦਲ (ਬਾਦਲ) ਬੇਅਦਬੀ, ਨਸ਼ਿਆਂ ਸਮੇਤ ਹੋਰ ਮਸਲਿਆਂ ਉਤੇ ਘਿਰਿਆ ਹੋਇਆ ਸੀ। ਕਾਂਗਰਸ ਦੀ ਪਿਛਲੇ ਦੋ ਵਰ੍ਹਿਆਂ ਦੀ ਨਿਰਾਸ਼ਾਜਨਕ ਕਾਰਗੁਜ਼ਾਰੀ ਇਹੀ ਇਸ਼ਾਰਾ ਕਰ ਰਹੀ ਸੀ ਕਿ ਇਸ ਵਾਰ ਪੰਜਾਬ ਦੇ ਸਿਆਸੀ ਸਮੀਕਰਨ ਕੁਝ ਵੱਖਰੇ ਹੋਣਗੇ ਪਰ ਤੀਜੇ ਬਦਲ ਦੇ ਦਾਅਵੇ ਨਾਲ ਉਠੀ ਕੋਈ ਵੀ ਧਿਰ ਕਾਂਗਰਸ ਤੇ ਅਕਾਲੀ ਅੱਗੇ ਟਿਕ ਨਾ ਸਕੀ। ਪੰਜਾਬ ਵਿਚ ਕਾਂਗਰਸ ਨੂੰ 40.12, ਅਕਾਲੀ ਦਲ ਨੂੰ 27.45 ਅਤੇ ਭਾਰਤੀ ਜਨਤਾ ਪਾਰਟੀ ਨੂੰ 9.63 ਫੀਸਦੀ ਵੋਟਾਂ ਪਈਆਂ। ਇਸ ਤਰ੍ਹਾਂ ਅਕਾਲੀ-ਭਾਜਪਾ ਗੱਠਜੋੜ ਨੂੰ 37.08 ਫੀਸਦੀ ਵੋਟਾਂ ਭੁਗਤੀਆਂ ਜਿਹੜੀਆਂ ਕਾਂਗਰਸ ਤੋਂ ਸਿਰਫ 3.04 ਫੀਸਦੀ ਘੱਟ ਹਨ ਅਤੇ ਵੋਟਾਂ ਦੀ ਗਿਣਤੀ ਦੇ ਹਿਸਾਬ ਨਾਲ ਅਕਾਲੀ-ਭਾਜਪਾ ਗੱਠਜੋੜ ਦੂਜੇ ਨੰਬਰ ਦੀ ਪਾਰਟੀ ਹੈ।

ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ 23.7 ਫੀਸਦੀ ਵੋਟਾਂ ਲੈ ਕੇ ਮੁੱਖ ਵਿਰੋਧੀ ਪਾਰਟੀ ਬਣਨ ਵਾਲੀ ਆਮ ਆਦਮੀ ਪਾਰਟੀ ਇਸ ਵਾਰ 7.38 ਫੀਸਦੀ ਵੋਟਾਂ ਨਾਲ ਸਿਰਫ ਇਕ ਸੀਟ ਹੀ ਜਿੱਤ ਸਕੀ। ਪੰਜਾਬ ਦੀ ਸੰਗਰੂਰ ਲੋਕ ਸਭਾ ਸੀਟ 'ਤੇ ਇਸ ਦਾ ਉਮੀਦਵਾਰ ਭਗਵੰਤ ਮਾਨ ਹੀ ਜੇਤੂ ਰਿਹਾ ਹੈ। ਸਿਆਸੀ ਮਾਹਿਰ ਦਾ ਦਾਅਵਾ ਹੈ ਕਿ ਇਹ ਜਿੱਤ ਆਪ ਦੀ ਨਹੀਂ, ਸਗੋਂ ਭਗਵੰਤ ਮਾਨ ਨੇ ਇਹ ਚੋਣ ਆਪਣੇ ਦਮ ਉਤੇ ਜਿੱਤੀ ਹੈ। ਤਲਵੰਡੀ ਸਾਬੋ ਤੋਂ ਆਪ ਦੇ ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਅਤੇ ਫਰੀਦਕੋਟ ਤੋਂ ਪ੍ਰੋ. ਸਾਧੂ ਸਿੰਘ ਨੂੰ ਹੀ ਇਕ ਲੱਖ ਤੋਂ ਵਧੇਰੇ ਵੋਟ ਪਏ ਹਨ। ਬਾਕੀ ਸਾਰੀਆਂ ਹੀ ਸੀਟਾਂ 'ਤੇ ਇਸ ਦੇ ਉਮੀਦਵਾਰ ਵੋਟ ਫੀਸਦੀ ਪੱਖੋਂ ਮਾਰ ਖਾ ਗਏ, ਜਦੋਂ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਇਹ ਪਾਰਟੀ ਪੰਜਾਬ ਵਿਚੋਂ 4 ਸੀਟਾਂ ਜਿੱਤੀ ਸੀ ਤੇ ਇਸ ਦਾ ਵੋਟ 25 ਫੀਸਦੀ ਸੀ ਜੋ ਹੁਣ ਘਟ ਕੇ 7.36 ਫੀਸਦੀ ਰਹਿ ਗਿਆ ਹੈ। ਸੂਬੇ ਵਿਚ ਇਸ ਪਾਰਟੀ ਦੇ ਖੜ੍ਹੇ 13 ਹਲਕਿਆਂ ਦੇ ਉਮੀਦਵਾਰਾਂ ਵਿਚੋਂ 8 ਨੂੰ ਤਾਂ 5 ਫੀਸਦੀ ਤੋਂ ਵੀ ਘੱਟ ਵੋਟ ਪ੍ਰਾਪਤ ਹੋਏ ਹਨ। ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਸ ਪਾਰਟੀ ਦੇ 20 ਉਮੀਦਵਾਰ ਜੇਤੂ ਰਹੇ ਸਨ ਅਤੇ ਇਹ ਵਿਧਾਨ ਸਭਾ ਵਿਚ ਮੁੱਖ ਵਿਰੋਧੀ ਧਿਰ ਵਜੋਂ ਉਭਰੀ ਸੀ ਪਰ ਦਿੱਲੀ ਬੈਠੇ ਇਸ ਦੇ ਆਗੂਆਂ ਦੀ ਤਾਨਾਸ਼ਾਹੀ ਅਤੇ ਬੇਸਮਝ ਨੀਤੀਆਂ ਨੇ ਪੰਜਾਬ ਦੀ ਪਾਰਟੀ ਅੰਦਰ ਖਲਬਲੀ ਪੈਦਾ ਕਰ ਦਿੱਤੀ। ਸੂਬੇ ਵਿਚ ਇਸ ਦਾ ਉਭਾਰ ਠੱਪ ਹੋ ਗਿਆ।

ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ ਪੰਜਾਬ ਡੈਮੋਕ੍ਰੇਟਿਕ ਗੱਠਜੋੜ ਤੀਜੀ ਧਿਰ ਦੇ ਰੂਪ ਵਿਚ ਸਾਹਮਣੇ ਜ਼ਰੂਰ ਆਇਆ, ਉਹ ਚੋਣਾਂ ਤੋਂ ਪਹਿਲਾਂ ਆਪਣਾ ਜਥੇਬੰਦਕ ਢਾਂਚਾ ਚੰਗੀ ਤਰ੍ਹਾਂ ਖੜ੍ਹਾ ਨਹੀਂ ਕਰ ਸਕਿਆ। ਚੋਣ ਨਤੀਜੇ ਇਹੀ ਇਸ਼ਾਰਾ ਕਰਦੇ ਹਨ ਕਿ ਪੰਜਾਬ ਦੇ ਲੋਕ ਇਸ ਵਾਰ ਰਵਾਇਤੀ ਧਿਰਾਂ ਤੋਂ ਖਹਿੜਾ ਛੁਡਾਉਣ ਦੇ ਮੂਡ ਵਿਚ ਸਨ ਪਰ ਤੀਜੇ ਬਦਲ ਲਈ ਉਤਾਵਲੀਆਂ ਧਿਰਾਂ ਨੇ ਐਨ ਮੌਕੇ ਉਤੇ ਆਪੋ ਆਪਣੇ ਉਮੀਦਵਾਰ ਖੜ੍ਹੇ ਕਰ ਕੇ ਬਾਜ਼ੀ ਰਵਾਇਤੀ ਧਿਰਾਂ ਵੱਲ ਮੋੜ ਦਿੱਤੀ। ਸਿਆਸੀ ਮਾਹਿਰ ਇਹੀ ਦਾਅਵਾ ਕਰਕੇ ਹਨ ਕਿ ਜੇਕਰ ਇਹ ਧਿਰਾਂ ਸੂਬੇ ਦੇ ਵੋਟ ਬੈਂਕ ਨੂੰ ਨਾ ਵੰਡਦੀਆਂ ਤਾਂ ਨਤੀਜੇ ਕੁਝ ਹੋਰ ਹੋਣੇ ਸਨ। ਪੰਜਾਬ ਵਿਚ ਬਹੁਜਨ ਸਮਾਜ ਪਾਰਟੀ ਨੂੰ ਮਿਲਿਆ ਹੁੰਗਾਰਾ ਵੀ ਇਹੀ ਇਸ਼ਾਰਾ ਕਰ ਰਿਹਾ ਹੈ। ਪਾਰਟੀ ਨੂੰ ਕੋਈ ਜਿੱਤ ਪ੍ਰਾਪਤ ਤਾਂ ਨਹੀਂ ਹੋਈ ਪਰ ਅਨੰਦਪੁਰ ਸਾਹਿਬ, ਹੁਸ਼ਿਆਰਪੁਰ ਤੇ ਜਲੰਧਰ ਸੀਟਾਂ ਉਤੇ ਜਿਥੇ ਪੰਜਾਬ ਜਮਹੂਰੀ ਗਠਜੋੜ ਦੀ ਸੀਟ ਵੰਡ ਮੁਤਾਬਕ ਇਸ ਪਾਰਟੀ ਨੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ, ਉਥੇ ਇਸ ਦੇ ਉਮੀਦਵਾਰਾਂ ਨੂੰ ਵੋਟਰਾਂ ਨੇ ਚੰਗਾ ਹੁੰਗਾਰਾ ਦਿੱਤਾ ਹੈ। ਅਨੰਦਪੁਰ ਸਾਹਿਬ ਤੇ ਹੁਸ਼ਿਆਰਪੁਰ ਵਿਚ ਇਸ ਦੇ ਉਮੀਦਵਾਰਾਂ ਨੇ ਇਕ ਲੱਖ ਤੋਂ ਉਪਰ ਤੇ ਜਲੰਧਰ ਵਿਚ ਇਸ ਦੇ ਉਮੀਦਵਾਰ ਬਲਵਿੰਦਰ ਕੁਮਾਰ ਨੇ 2 ਲੱਖ ਤੋਂ ਵੀ ਉਪਰ ਵੋਟਾਂ ਲੈ ਕੇ ਪਾਰਟੀ ਦੇ ਮਜ਼ਬੂਤ ਵੋਟ ਆਧਾਰ ਦਾ ਸਬੂਤ ਦਿੱਤਾ ਹੈ।

## ਉਮਰਾਨੰਗਲ, ਚਰਨਜੀਤ ਸ਼ਰਮਾ ਤੇ ਮਨਤਾਰ ਵਿਰੁਧ ਚਲਾਨ ਪੇਸ਼

**ਕੋਟਕਪੂਰਾ ਗੋਲੀ ਕਾਂਡ**

**ਫਰੀਦਕੋਟ:** ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਕੁੰਵਰ ਵਿਜੇ ਪ੍ਰਤਾਪ ਦੀ ਟੀਮ ਵਿਚ ਵਾਪਸੀ ਤੋਂ ਤੁਰੰਤ ਬਾਅਦ ਹੀ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਦੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਸਾਬਕਾ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ, ਏ.ਡੀ.ਸੀ.ਪੀ. ਪਰਮਜੀਤ ਸਿੰਘ ਪਨੂੰ, ਡੀ.ਐਸ.ਪੀ. ਬਲਜੀਤ ਸਿੰਘ, ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਵਿਰੁਧ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਹੈ। ਅਦਾਲਤ ਨੇ ਚਲਾਨ ਪੇਸ਼ ਹੋਣ ਤੋਂ ਬਾਅਦ ਇਸ ਮਾਮਲੇ ਦੀ ਸੁਣਵਾਈ 6 ਜੂਨ ਤਕ ਮੁਲਤਵੀ ਕਰ ਦਿੱਤੀ ਹੈ।

ਜੁਡੀਸ਼ੀਅਲ ਮੈਜਿਸਟਰੇਟ ਏਕਤਾ ਉਪਲ ਨੇ ਇਸ ਮਾਮਲੇ ਵਿਚ ਆਈ.ਜੀ. ਉਮਰਾਨੰਗਲ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ ਜਦਕਿ ਚਰਨਜੀਤ ਸ਼ਰਮਾ ਪਟਿਆਲਾ ਜੇਲ੍ਹ ਵਿਚ ਬੰਦ ਹੈ। ਅਦਾਲਤ ਨੇ

*(ਬਾਕੀ ਸਫਾ 6 ਉਤੇ)*

-ਬੇਅਦਬੀ ਕਾਂਡ-

## ਆਈ. ਜੀ. ਕੁੰਵਰ ਵਿਜੈ ਪ੍ਰਤਾਪ ਦੀ 'ਸਿੱਟ' ਵਿਚ ਵਾਪਸੀ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਚਰਚਿਤ ਅਧਿਕਾਰੀ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਦੀ ਬੇਅਦਬੀ ਘਟਨਾ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਕੀਤੀ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਮੈਂਬਰ ਵਜੋਂ




ਵੀ ਬਹਾਲ ਕਰ ਦਿੱਤਾ ਹੈ। ਇਸ ਪੁਲਿਸ ਅਧਿਕਾਰੀ ਨੂੰ ਆਈ.ਜੀ, ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਦਾ ਵਾਧੂ ਚਾਰਜ ਵੀ ਦਿੱਤਾ ਗਿਆ ਹੈ।

ਕੈਪਟਨ ਸਰਕਾਰ ਵੱਲੋਂ ਚੋਣ ਜ਼ਾਬਤਾ ਖਤਮ ਹੋਣ ਤੋਂ ਬਾਅਦ ਇਹ ਹੁਕਮ ਜਾਰੀ ਕੀਤੇ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਦੀ ਸ਼ਿਕਾਇਤ ਦੇ ਆਧਾਰ 'ਤੇ ਚੋਣ ਕਮਿਸ਼ਨ ਨੇ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਬੀ.ਓ.ਆਈ. (ਬਿਊਰੋ ਆਫ ਇੰਨਵੈਸਟੀਗੇਸ਼ਨ) ਅਤੇ ਓਕੂ (ਸੰਗਠਿਤ ਅਪਰਾਧ ਰੋਕੂ ਯੂਨਿਟ) ਵਿਚੋਂ ਤਬਦੀਲ ਕਰਕੇ ਅੰਮ੍ਰਿਤਸਰ ਵਿਚ ਆਈ.ਜੀ. ਕਾਊਂਟਰ ਇੰਟੈਲੀਜੈਂਸ ਵਜੋਂ ਤਾਇਨਾਤ ਕਰ ਦਿੱਤਾ ਸੀ। ਦੂਜੇ

*(ਬਾਕੀ ਸਫਾ 6 ਉਤੇ)*

**Tanya`s Beauty Salon**



*Threading/Waxing

*Facial (Men & Women)

*Anti-Aging Facial-Bleach

*Hair Cut-Color and Style

We Specialize in Bridal & Henna


85-03 Roosevelt Ave., Jackson Heights, NY 11373

Ph: 718-205-7832



BEST FARE GUARANTEE





WorldWide Travel

www.fly2world.com

866 66 INDIA

4 6 3 4 2

734 838 9998

24 ਘੰਟੇ ਐਮਰਜੈਂਸੀ ਸੇਵਾ

Please call our office for more details on latest fares

**Nankana Sahib**

YATRA 2019

Nov 7 - 16, 2019

To Join, Please Contact us

518-631-2467

NankanaSahibYatra.Com

*Limited Seats*

# Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ**

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

---

# US Business Brokers Inc.


## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

**ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ**






## Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

**Contact us for any Financing Need Nationwide.**

- FAST APPROVAL • QUICK CLOSINGS • SBA 504 & 7A
- CONVENTIONAL LOANS • HOTELS, MOTELS
- GAS STATIONS, TRUCK STOPS • INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

*Contact us Buy or Sell business*

**AJ Sandhu (MBA)**
*Managing Broker/Realtor/Consultant*
*Licensed in IL, IN, WA*

**916-995-0783 (Cell)**
**425-529-6283 (Cell)**
*630-206-2467 (Fax)*
www.ubbchicago.com aj@ubbchicago.com

# ਟੋਰਾਂਟੋ-ਅੰਮ੍ਰਿਤਸਰ ਵਿਚਾਲੇ ਫਲਾਈਟ ਦੀ ਮੰਗ ਨੇ ਜ਼ੋਰ ਫੜਿਆ

**ਨਿਊ ਯਾਰਕ (ਬਿਊਰੋ):** ਟੋਰਾਂਟੋ-ਅੰਮ੍ਰਿਤਸਰ ਵਿਚਾਲੇ ਫਲਾਈਟ ਸ਼ੁਰੂ ਕਰਨ ਲਈ ਕੈਨੇਡਾ ਦੇ ਸੰਸਮ ਮੈਂਬਰਾਂ ਵਲੋਂ ਵੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਕੈਨੇਡਾ ਦੀ ਸੰਸਦ 'ਚ ਇਸ ਦੀ ਮੰਗ ਰੱਖੀ ਗਈ ਹੈ। ਕੈਨੇਡਾ ਦੇ ਉਤਰੀ ਬਰੈਂਪਟਨ ਤੋਂ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਟੋਰਾਂਟੋ ਅਤੇ ਵੈਨਕੂਵਰ ਤੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਾਉਣ ਲਈ ਆਪਣੀ ਸਰਕਾਰ ਅੱਗੇ ਮੰਗ ਰੱਖੀ ਸੀ।

ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਦਾ ਸਿੱਧਾ ਫਾਇਦਾ ਪੰਜਾਬੀ ਕਿਸਾਨਾਂ ਨੂੰ ਹੋਵੇਗਾ, ਜਿਨ੍ਹਾਂ ਦੀਆਂ ਸਬਜ਼ੀਆਂ, ਫਲ ਤੇ ਫੁੱਲ ਕੈਨੇਡਾ 'ਚ ਵਿਕਣਗੇ ਅਤੇ ਵਧੀਆ ਭਾਅ ਮਿਲੇਗਾ।

ਇਕ ਪ੍ਰੈਸ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ 'ਫਲਾਈ ਅੰਮ੍ਰਿਤਸਰ ਮੁਹਿੰਮ' ਦੇ ਉਤਰੀ ਅਮਰੀਕਾ ਦੇ ਕਨਵੀਨਰ ਅਨੰਤਦੀਪ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਐਮ. ਪੀ. ਰੂਬੀ ਸਹੋਤਾ ਨੇ ਇਸ ਸਬੰਧੀ ਏਅਰ ਕੈਨੇਡਾ ਦੇ ਨੁਮਾਇੰਦੇ ਨਾਲ ਵੀ ਇੱਕ ਵਿਸ਼ੇਸ਼ ਮੀਟਿੰਗ ਕਰਕੇ ਉਨ੍ਹਾਂ ਨੂੰ ਕੈਨੇਡਾ 'ਚ ਵੱਸਦੇ ਪੰਜਾਬੀਆਂ ਲਈ ਇਨ੍ਹਾਂ ਉਡਾਣਾਂ ਦੀ ਲੋੜ ਤੋਂ ਜਾਣੂ ਕਰਵਾਇਆ ਹੈ। ਪਾਰਲੀਮੈਂਟ 'ਚ ਦਾਖਲ ਪਟੀਸ਼ਨ ਦੀ ਵੀਡੀਓ ਅਤੇ ਏਅਰ ਕੈਨੇਡਾ ਨਾਲ ਮੀਟਿੰਗ ਬਾਰੇ ਜਾਣਕਾਰੀ ਉਨ੍ਹਾਂ ਨੇ ਆਪਣੀ ਫੇਸਬੁੱਕ 'ਤੇ ਪਾਈ ਹੈ।

ਕੈਨੇਡੀਅਨ ਪਾਰਲੀਮੈਂਟ ਵਿਚ ਪਟੀਸ਼ਨ ਦਾਖਲ ਕਰਨ ਲਈ ਰੂਬੀ ਸਹੋਤਾ ਦਾ 'ਫਲਾਈ ਅੰਮ੍ਰਿਤਸਰ ਮੁਹਿੰਮ' ਨੇ ਧੰਨਵਾਦ ਕੀਤਾ ਹੈ। ਇਸ ਦੇ ਨਾਲ ਹੀ ਐਮ. ਪੀ. ਰਣਦੀਪ ਸਰਾਏ ਵੱਲੋਂ ਪਾਏ ਯੋਗਦਾਨ ਲਈ ਉਨ੍ਹਾਂ ਦਾ ਵੀ ਧੰਨਵਾਦ ਕੀਤਾ ਗਿਆ।

'ਫਲਾਈ ਅੰਮ੍ਰਿਤਸਰ ਮੁਹਿੰਮ' ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਕੈਨੇਡਾ ਦੇ ਹੋਰ ਪਾਰਲੀਮੈਂਟ ਮੈਂਬਰਾਂ ਅਤੇ ਲੀਡਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਏਅਰ ਕੈਨੇਡਾ ਅਤੇ ਹੋਰਨਾਂ ਹਵਾਈ ਕੰਪਨੀਆਂ ਦੀਆਂ ਅੰਮ੍ਰਿਤਸਰ ਲਈ ਉਡਾਣਾਂ ਸ਼ੁਰੂ ਕਰਾਉਣ ਵਾਸਤੇ ਅੱਗੇ ਆਉਣ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਸਤੰਬਰ 2017 ਵਿਚ ਮੈਡਮ ਸਹੋਤਾ ਨਾਲ ਇਸ ਸਬੰਧੀ ਮੀਟਿੰਗ ਵੀ ਕੀਤੀ ਸੀ।

ਜ਼ਿਕਰਯੋਗ ਹੈ ਕਿ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ ਨੁਮਾਇੰਦਿਆਂ ਨੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਦੀ ਅੰਮ੍ਰਿਤਸਰ ਫੇਰੀ ਸਮੇਂ ਕੈਨੇਡੀਅਨ ਪਾਰਲੀਮੈਂਟ ਮੈਂਬਰ ਸੁੱਖ ਧਾਲੀਵਾਲ ਤੇ ਰਣਦੀਪ ਸਰਾਏ ਨਾਲ ਮੀਟਿੰਗ ਕੀਤੀ ਸੀ। ਦੋਹਾਂ ਪਾਰਲੀਮੈਂਟ ਮੈਂਬਰਾਂ ਨੇ ਯਕੀਨ ਦੁਆਇਆ ਸੀ ਕਿ ਉਹ ਇਸ ਮਸਲੇ ਲਈ ਏਅਰ ਕੈਨੇਡਾ ਨਾਲ ਗੱਲਬਾਤ ਕਰਨਗੇ।

## ਆਬੂਧਾਬੀ ਵਿਚ ਕੰਮ ਕਰਨ ਗਏ ਪੰਜਾਬੀ ਦੀ ਮੌਤ


**ਗੜ੍ਹਸ਼ੰਕਰ:** ਤਹਿਸੀਲ ਦੇ ਪਿੰਡ ਪਦਰਾਣਾ ਦੇ ਸੁਰਜੀਤ ਸਿੰਘ (47) ਦੀ ਆਬੂਧਾਬੀ 'ਚ ਦਿਲ ਦੀ ਗਤੀ ਰੁਕਣ ਕਾਰਨ ਮੌਤ ਹੋ ਗਈ। ਉਹ ਕਈ ਸਾਲਾਂ ਤੋਂ ਆਬੂਧਾਬੀ 'ਚ ਕੰਮ ਕਰ ਰਿਹਾ। ਛੇ ਮਹੀਨੇ ਪਹਿਲਾਂ ਛੁੱਟੀ ਕੱਟ ਕੇ ਉਹ ਆਬੂਧਾਬੀ ਪਰਤਿਆ ਸੀ। ਮ੍ਰਿਤਕ ਦੇ ਪਰਿਵਾਰ ਨੂੰ ਆਬੂਧਾਬੀ ਤੋਂ ਸੁਰਜੀਤ ਸਿੰਘ ਦੇ ਨਾਲ ਕੰਮ ਕਰਦੇ ਪੰਜਾਬੀ ਕਾਮਿਆਂ ਨੇ ਫੋਨ ਕਰਕੇ ਉਸ ਦੀ ਮੌਤ ਬਾਰੇ ਖਬਰ ਦਿੱਤੀ।

# ਨਫਰਤੀ ਅਪਰਾਧ ਦੇ ਦੋਸ਼ੀ ਨੂੰ ਸਿੱਖ ਧਰਮ ਦੇ ਅਧਿਐਨ ਦੇ ਹੁਕਮ

**ਨਿਊ ਯਾਰਕ:** ਅਮਰੀਕੀ ਜੱਜ ਨੇ ਓਰੇਗਨ ਦੇ ਗੋਰੇ ਨੌਜਵਾਨ ਨੂੰ ਇਕ ਸਿੱਖ 'ਤੇ ਹਮਲੇ ਦੇ ਜੁਰਮ ਵਿਚ ਸਜ਼ਾ ਵਜੋਂ ਸਿੱਖ ਧਰਮ ਦਾ ਅਧਿਐਨ ਕਰਨ ਤੇ ਇਸ ਬਾਰੇ ਇਕ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਅਮਰੀਕਾ ਵਿਚ ਸਿੱਖ ਨਾਗਰਿਕ ਅਧਿਕਾਰਾਂ ਬਾਰੇ ਸਭ ਤੋਂ ਵੱਡੇ ਸੰਗਠਨ 'ਦਿ ਸਿੱਖ ਕੁਲੀਸ਼ਨ' ਨੇ ਇਕ ਬਿਆਨ ਵਿਚ ਦੱਸਿਆ ਕਿ ਦੋਸ਼ੀ ਐਂਡਰਿਊ ਰਾਮਸੇ(25) ਨੇ 14 ਜਨਵਰੀ ਨੂੰ ਹਰਵਿੰਦਰ ਸਿੰਘ ਡੋਡ ਨੂੰ ਧਮਕਾਉਣ ਤੇ ਉਸ 'ਤੇ ਹਮਲਾ ਕਰਨ ਦਾ ਦੋਸ਼ ਕਬੂਲ ਕੀਤਾ ਹੈ।

ਗਵਾਹਾਂ ਅਨੁਸਾਰ ਡੋਡ ਨੇ ਬਿਨਾਂ ਪਛਾਣ ਪੱਤਰ ਵਿਖਾਇਆਂ ਰਾਮਸੇ ਨੂੰ ਸਿਗਰਟਾਂ ਵੇਚਣ ਤੋਂ ਨਾਂਹ ਕਰ ਦਿੱਤੀ ਸੀ। ਇਸ ਮਗਰੋਂ ਰਾਮਸੇ ਨੇ ਡੋਡ ਦੀ ਦਾੜ੍ਹੀ ਖਿੱਚੀ, ਉਹਦੇ ਘਸੁੰਨ ਮਾਰਿਆ ਤੇ ਜ਼ਮੀਨ 'ਤੇ ਸੁੱਟ ਲਿਆ। ਰਾਮਸੇ ਨੇ ਡੋਡ 'ਤੇ ਥੁੱਕਿਆ ਤੇ ਉਹਦੀ ਪੱਗੜੀ ਲਾਹ ਦਿੱਤੀ। ਮੌਕੇ 'ਤੇ ਮੌਜੂਦ ਲੋਕਾਂ ਨੇ ਪੁਲਿਸ ਦੇ ਆਉਣ ਤਕ ਰਾਮਸੇ ਨੂੰ ਫੜੀ ਰੱਖਿਆ। ਡੋਡ, ਭਾਰਤ ਤੋਂ ਅਮਰੀਕਾ ਆਇਆ ਹੈ ਤੇ ਇਥੇ ਉਸ ਦੀ ਆਪਣੀ ਦੁਕਾਨ ਹੈ।

'ਦਿ ਸਟੇਟਸਮੈਨ ਜਰਨਲ' ਨੇ ਆਪਣੀ ਇਕ ਰਿਪੋਰਟ 'ਚ ਕਿਹਾ ਕਿ ਮਾਰੀਆਨ ਕਾਊਂਟੀ ਦੇ ਜੱਜ ਲਿੰਡਸੇ ਪਾਟ੍ਰਿਡਜ਼ ਨੇ ਰਾਮਸੇ ਨੂੰ ਸਾਲੇਮ ਵਿਚ ਜੂਨ 'ਚ ਹੋਣ ਵਾਲੀ ਸਾਲਾਨਾ ਪਰੇਡ ਵਿਚ ਸ਼ਾਮਲ ਹੋਣ ਦੇ ਹੁਕਮ ਦਿੰਦਿਆਂ ਅਦਾਲਤ ਨੂੰ ਇਹ ਦੱਸਣ ਲਈ ਕਿਹਾ ਹੈ ਕਿ ਉਸ ਨੇ ਸਿੱਖ ਭਾਈਚਾਰੇ ਤੇ ਉਹਦੀ ਸੱਭਿਆਚਾਰ ਬਾਰੇ ਕੀ



ਸਿੱਖਿਆ ਹੈ। ਅਖਬਾਰ ਨੇ ਕਿਹਾ ਕਿ ਜੱਜ ਨੇ ਰਾਮਸੇ ਨੂੰ ਤਿੰਨ ਸਾਲ ਦੀ ਨਿਗਰਾਨੀ ਤੇ 180 ਦਿਨ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਸ ਵਿਚ ਹੁਣ ਤਕ ਦੀ ਜੇਲ੍ਹ ਮਿਆਦ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

## ਬਾਦਲ ਪਰਿਵਾਰ ਵੀ ਲੈ ਰਿਹੈ ਟਿਊਬਵੈਲ ਕੁਨੈਕਸ਼ਨ 'ਤੇ ਸਬਸਿਡੀ

**ਚੰਡੀਗੜ੍ਹ:** ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਮੰਡਲ ਬਾਦਲ ਵੱਲੋਂ ਜਾਰੀ ਆਰ.ਟੀ.ਆਈ. ਤਹਿਤ ਇਕ ਸੂਚਨਾ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਸੂਬੇ ਦਾ ਸਭ ਤੋਂ ਅਮੀਰ ਬਾਦਲ ਪਰਿਵਾਰ ਵੀ ਟਿਊਬਵੈੱਲ ਮੋਟਰਾਂ 'ਤੇ ਪੰਜਾਬ ਸਰਕਾਰ ਤੋਂ ਸਬਸਿਡੀ ਲੈ ਰਿਹਾ ਹੈ ਤੇ ਸਰਕਾਰ ਵੱਲੋਂ ਇਸ ਪਰਿਵਾਰ ਨੂੰ 111276 ਰੁਪਏ ਦੀ ਸਬਸਿਡੀ ਜਾਰੀ ਕੀਤੀ ਗਈ ਹੈ। ਜਦਕਿ ਲੋਕ ਸਭਾ ਚੋਣਾਂ 2019 ਵਿਚ ਇਸ ਪਰਿਵਾਰ ਦੀ ਨੂੰਹ ਬੀਬੀ ਹਰਸਿਮਰਤ ਕੌਰ ਬਾਦਲ ਬਠਿੰਡਾ ਤੇ ਉਨ੍ਹਾਂ ਦੇ ਪਤੀ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਫਿਰੋਜ਼ਪੁਰ ਤੋਂ ਚੋਣ ਜਿੱਤੇ ਹਨ।

ਬਾਦਲ ਪਰਿਵਾਰ ਦੇ ਇਨ੍ਹਾਂ ਦੋਹਾਂ ਮੈਂਬਰਾਂ ਨੇ ਚੋਣ ਕਮਿਸ਼ਨ ਕੋਲ ਦਾਖਲ ਕੀਤੇ ਆਪਣੇ ਨਾਮਜ਼ਦਗੀ ਫਾਰਮਾਂ ਨਾਲ ਨੱਥੀ ਹਲਫਨਾਮਿਆਂ ਵਿਚ ਆਪਣੀ ਜਾਇਦਾਦ ਖੁਲਾਸਾ ਕਰਦਿਆਂ ਦੱਸਿਆ ਸੀ ਕਿ ਬੀਬੀ ਬਾਦਲ ਤੇ ਸੁਖਬੀਰ ਬਾਦਲ ਕੋਲ (ਬੈਂਕ ਬੇਲੈਂਸ ਅਤੇ ਇਨਵੈਸਟਮੈਂਟ) ਸਮੇਤ ਕੁੱਲ 100 ਕਰੋੜ ਰੁਪਏ ਹਨ।

ਸੂਚਨਾ ਮੁਤਾਬਕ ਬਾਦਲ ਪਰਿਵਾਰ ਕੋਲ ਤਿੰਨ ਮੋਟਰ ਕੁਨੈਕਸ਼ਨ ਹਨ, ਜਿਨ੍ਹਾਂ ਵਿਚ ਸੁਖਬੀਰ ਸਿੰਘ ਬਾਦਲ ਪੁੱਤਰ ਪ੍ਰਕਾਸ਼ ਸਿੰਘ ਬਾਦਲ, ਸੁਰਿੰਦਰ ਕੌਰ ਬਾਦਲ ਪਤਨੀ ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਪੁੱਤਰ ਰਘੂਰਾਜ ਸਿੰਘ 'ਤੇ ਚੱਲ ਰਹੇ ਹਨ। ਇਨ੍ਹਾਂ ਕੁਨੈਕਸ਼ਨਾਂ 'ਤੇ ਬਿਜਲੀ ਕਾਰਪੋਰੇਸ਼ਨ ਵੱਲੋਂ ਸਬਸਿਡੀ ਦਿੱਤੀ ਜਾ ਰਹੀ ਹੈ।

## ਪੀ. ਐਸ. ਗੋਲੇ ਨੇ ਸਿੱਕਿਮ ਦੇ ਮੁੱਖ ਮੰਤਰੀ ਵਜੋਂ ਹਲਫ ਲਿਆ

**ਗੰਗਟੋਕ:** ਸਿੱਕਿਮ ਕ੍ਰਾਂਤੀਕਾਰੀ ਮੋਰਚਾ (ਐਸ.ਕੇ.ਐਮ.) ਦੇ ਪ੍ਰਧਾਨ ਪ੍ਰੇਮ ਸਿੰਘ ਤਮਾਂਗ, ਜੋ ਪੀ.ਐਸ.ਗੋਲੇ ਨਾਂ ਨਾਲ ਵੀ ਮਕਬੂਲ ਹਨ, ਨੇ ਸਿੱਕਿਮ ਦੇ ਮੁੱਖ ਮੰਤਰੀ ਵਜੋਂ ਹਲਫ ਲਿਆ। ਰਾਜਪਾਲ ਗੰਗਾ ਪ੍ਰਸਾਦ ਨੇ ਮੁੱਖ ਮੰਤਰੀ ਦੇ ਨਾਲ 11 ਐਸ.ਕੇ.ਐਮ. ਵਿਧਾਇਕਾਂ ਨੂੰ ਵੀ ਅਹੁਦੇ ਦੀ ਸਹੁੰ ਚੁਕਾਈ। ਗੋਲੇ ਸੂਬਾਈ ਚੋਣਾਂ ਨਾ ਲੜਨ ਕਰਕੇ ਅਸੈਂਬਲੀ ਦੇ ਮੈਂਬਰ ਨਹੀਂ ਹਨ ਤੇ ਪਾਰਟੀ ਨੇ ਲੰਘੇ ਦਿਨੀਂ ਉਨ੍ਹਾਂ ਨੂੰ ਵਿਧਾਇਕ ਦਲ ਦਾ ਆਗੂ ਚੁਣਿਆ ਸੀ। ਇਸ ਦੌਰਾਨ ਸਾਬਕਾ ਮੁੱਖ ਮੰਤਰੀ ਪਵਨ ਕੁਮਾਰ ਚਾਮਲਿੰਗ ਤੇ ਸਿੱਕਿਮ ਡੈਮੋਕਰੈਟਿਕ ਫਰੰਟ (ਐਸ.ਡੀ.ਐਫ.) ਦੇ ਆਗੂ ਹਲਫਦਾਰੀ ਸਮਾਗਮ 'ਚੋਂ ਗੈਰਹਾਜ਼ਰ ਰਹੇ।


## Matrimonials

### ਲੜਕੇ ਦੀ ਲੋੜ ਹੈ

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com

ਗਿੱਲ ਜੱਟ ਸਿੱਖ, ਉਮਰ 23 ਸਾਲ, ਕੱਦ 5'-4", ਬੀ. ਏ. ਕੰਪਿਊਟਰ ਡਿਪੋਲਮਾ, ਸੁਸੀਲ, ਸੁੰਦਰ ਲੜਕੀ, ਜੋ ਇਸ ਸਮੇਂ ਅਮਰੀਕਾ ਵਿਚ ਵਿਜ਼ਿਟਰ/ਬਿਜਨਸ ਵੀਜ਼ੇ 'ਤੇ ਪਿਛਲੇ ਕਰੀਬ ਦੋ ਮਹੀਨੇ ਤੋਂ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: mank86575@gmail.com ਜਾਂ ਫੋਨ: 765-212-9289 20-23

### ਲੜਕੀ ਦੀ ਲੋੜ ਹੈ

Well established, educated small Jatt Sikh, Sekhon Family seeks a US born, or Green Card holder match for their well educated, hard worker, 23 years old son, 6'-1", currently doing Business Administration in a Private University, on F1 visa. He is in the United States since 2015. Clean record. Contact, Ph: 561-221-7559, 815-276-3557 or e-mail: sherisekhon88@gmail.com



**Punjab Times**
*Ph: 847-359-0746*
*Visit us on the web:*
***punjabtimesusa.com***



# ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+



# ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਪ੍ਰੋਫੈਸ਼ਨਲ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ।

ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਮਿ. ਸਿੰਘ*

ਫੋਨ: 515-291-1961
21-22



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com



# Michigan Truck Driving School

**6405 Middlebelt Road, Romulus, MI 48174**

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Raj Jamarai Cell:734-644-1010 Office:734-747-4298**

# ਮੋਦੀ ਲਹਿਰ ਦੇ ਸਿਰ 'ਤੇ ਭਾਜਪਾ ਦੀ ਮੁੜ ਸੱਤਾ ਵਿਚ ਵਾਪਸੀ

**ਨਵੀਂ ਦਿੱਲੀ:** ਭਾਜਪਾ ਨੇ ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਮੋਦੀ ਲਹਿਰ ਦੇ ਸਿਰ 'ਤੇ ਮੁੜ ਸੱਤਾ ਵਿਚ ਆ ਗਈ ਹੈ। ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰਾਸ਼ਟਰਵਾਦ, ਸੁਰੱਖਿਆ, ਹਿੰਦੂਆਂ ਦੇ ਗੌਰਵ ਤੇ ਨਵੇਂ ਭਾਰਤ ਦੇ ਦਿੱਤੇ ਸੁਨੇਹੇ ਨੂੰ ਖਿੜੇ ਮੱਥੇ ਸਵੀਕਾਰ ਕਰਦਿਆਂ ਕਾਂਗਰਸ ਦੇ 'ਨਿਆਂ' ਨਾਲੋਂ ਦੇਸ਼ ਦੇ ਚੌਕੀਦਾਰ ਨੂੰ ਤਰਜੀਹ ਦਿੱਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਰਾਨਸੀ ਸੰਸਦੀ ਸੀਟ 4.79 ਲੱਖ ਵੋਟਾਂ ਦੇ ਫਰਕ ਨਾਲ ਜਿੱਤ ਲਈ।

ਉਧਰ, ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਅਮੇਠੀ ਸੰਸਦੀ ਸੀਟ ਤੋਂ ਹਾਰ ਗਏ ਜਦੋਂਕਿ ਕੇਰਲਾ ਦੀ ਵਾਇਨਾਡ ਸੰਸਦੀ ਸੀਟ ਤੋਂ ਉਨ੍ਹਾਂ ਸਾਢੇ ਛੇ ਲੱਖ ਦੀ ਵੱਡੀ ਲੀਡ ਨਾਲ ਜਿੱਤ ਦਰਜ ਕੀਤੀ। ਕਾਂਗਰਸ ਆਗੂ ਸੋਨੀਆ ਗਾਂਧੀ ਨੇ ਰਾਏਬਰੇਲੀ ਸੀਟ 1,67,170 ਵੋਟਾਂ ਨਾਲ ਜਿੱਤ ਲਈ ਹੈ। ਕਾਂਗਰਸ ਨੂੰ ਪੰਜਾਬ ਤੇ ਕੇਰਲ ਤੋਂ ਛੁੱਟ ਬਾਕੀ ਰਾਜਾਂ ਵਿਚ ਜ਼ਬਰਦਸਤ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਭਾਜਪਾ ਨੇ 302 ਸੀਟਾਂ ਇਕੱਲਿਆਂ ਜਿੱਤੀਆਂ ਤੇ ਇਸ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਨੇ 352 ਸੀਟਾਂ। ਇਹੀ ਨਹੀਂ; ਗੁਜਰਾਤ, ਰਾਜਸਥਾਨ, ਝਾਰਖੰਡ, ਛੱਤੀਸਗੜ੍ਹ, ਮੱਧ ਪ੍ਰਦੇਸ਼, ਗੋਆ, ਹਰਿਆਣਾ, ਕਰਨਾਟਕ, ਦਿੱਲੀ, ਚੰਡੀਗੜ੍ਹ ਤੇ ਉਤਰਾਖੰਡ ਵਿਚ ਪਾਰਟੀ ਨੂੰ 50 ਫੀਸਦੀ ਤੋਂ ਵੱਧ ਵੋਟਾਂ ਪਈਆਂ। ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਦੇ ਪੱਖ ਵਿਚ ਚੱਲੀ ਮੋਦੀ ਲਹਿਰ ਇੰਨੀ ਸ਼ਕਤੀਸ਼ਾਲੀ ਸੀ ਕਿ ਪਾਰਟੀ ਨੇ 69.1 ਫੀਸਦੀ ਵੋਟਾਂ ਹਾਸਲ ਕੀਤੀਆਂ।

ਪਾਰਟੀ ਨੇ ਉਤਰ ਪ੍ਰਦੇਸ਼, ਬਿਹਾਰ ਤੇ ਮਹਾਰਾਸ਼ਟਰ ਵਿਚ ਦੂਸਰੀਆਂ ਪਾਰਟੀਆਂ ਨਾਲ ਗੱਠਜੋੜ ਕੀਤਾ ਅਤੇ ਇਨ੍ਹਾਂ ਗੱਠਜੋੜਾਂ ਨੂੰ ਵੀ 50 ਫੀਸਦੀ ਤੋਂ ਵੱਧ ਵੋਟਾਂ ਪਈਆਂ। ਸਭ ਤੋਂ ਹੈਰਾਨ ਕਰਨ ਵਾਲਾ ਸੂਬਾ ਪੱਛਮੀ ਬੰਗਾਲ ਸੀ ਜਿਥੇ ਭਾਜਪਾ ਨੂੰ 40 ਫੀਸਦੀ ਵੋਟਾਂ ਪਈਆਂ ਅਤੇ 18 ਸੀਟਾਂ ਮਿਲੀਆਂ। ਉਤਰ ਪ੍ਰਦੇਸ਼ ਵਿਚ ਵੀ ਪਾਰਟੀ ਨੂੰ ਇਕੱਲਿਆਂ ਹੀ 49 ਫੀਸਦੀ ਤੋਂ ਵੱਧ ਵੋਟਾਂ ਪਈਆਂ ਅਤੇ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਵਿਚ ਗੱਠਬੰਧਨ ਦੇ ਵਿਰੋਧ ਦੇ ਬਾਵਜੂਦ ਪਾਰਟੀ 62 ਸੀਟਾਂ ਜਿੱਤੀਆਂ। ਗੁਜਰਾਤ, ਹਿਮਾਚਲ ਪ੍ਰਦੇਸ਼, ਦਿੱਲੀ, ਉੱਤਰਾਖੰਡ, ਹਰਿਆਣਾ ਤੇ ਰਾਜਸਥਾਨ ਵਿਚ ਭਾਜਪਾ ਨੇ 100 ਫੀਸਦੀ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਤੇ ਵਿਰੋਧੀ ਪਾਰਟੀਆਂ ਆਪਣਾ ਖਾਤਾ ਵੀ ਨਾ ਖੋਲ੍ਹ ਸਕੀਆਂ। ਮੋਦੀ ਦੀ ਸ਼ਖਸੀਅਤ ਦੁਆਲੇ ਕੇਂਦਰਿਤ ਇਸ ਲਹਿਰ ਕਾਰਨ ਵਿਰੋਧੀ ਪਾਰਟੀਆਂ ਸੁਨਿਸ਼ਚਿਤ ਲਾਮਬੰਦੀ ਨਾ ਕਰ ਸਕੀਆਂ ਤੇ ਉਨ੍ਹਾਂ ਦੇ ਬਿਖਰੇ ਹੋਣ ਕਰਕੇ ਉਨ੍ਹਾਂ ਦਾ ਵੋਟਾਂ ਵਿਚ ਹਿੱਸਾ ਤੇ ਸੀਟਾਂ ਉਨ੍ਹਾਂ ਦੀਆਂ ਆਸਾਂ ਤੋਂ ਬਹੁਤ ਘੱਟ ਮਿਲੀਆਂ। ਭਾਰਤੀ ਜਨਤਾ ਪਾਰਟੀ ਦੁਆਰਾ ਮੋਦੀ ਸ਼ਖ਼ਸੀਅਤ, ਕੌਮੀ ਸੁਰੱਖਿਆ ਮਾਮਲਿਆਂ ਤੇ ਰਾਸ਼ਟਰਵਾਦ ਬਾਰੇ ਉਸਾਰਿਆ ਬਿਰਤਾਂਤ ਏਨਾ ਮਜ਼ਬੂਤ ਸੀ ਕਿ ਬੇਰੁਜ਼ਗਾਰੀ, ਕਿਸਾਨੀ ਸੰਕਟ ਜਿਹੇ ਮੁੱਦੇ ਚੋਣਾਂ ਵਿਚ ਕੇਂਦਰੀ ਸਥਾਨ ਨਾ ਪਾ ਸਕੇ ਅਤੇ ਚੋਣਾਂ ਦੇ ਨਤੀਜੇ ਇਕਪਾਸੜ ਨਿਕਲੇ।

ਮੋਦੀ ਦੀ ਪਹਿਲੀ ਪਾਰੀ ਵਿਚ ਦੇਸ਼ ਵਿਚ ਧਾਰਮਿਕ ਸੰਕੀਰਨਤਾ ਵਧੀ ਅਤੇ ਥਾਂ-ਥਾਂ 'ਤੇ ਹਜੂਮੀ ਹਿੰਸਾ ਹੋਈ। ਵਿਰੋਧੀ ਪਾਰਟੀਆਂ ਨੇ ਇਨ੍ਹਾਂ ਰੁਝਾਨਾਂ ਦਾ ਵਿਰੋਧ ਤਾਂ ਕੀਤਾ ਪਰ ਕਿਸੇ ਵੀ ਪਾਰਟੀ ਨੇ ਇਸ ਸਬੰਧੀ ਵੱਡਾ ਅੰਦੋਲਨ ਨਾ ਚਲਾਇਆ। ਕਿਸਾਨੀ ਸੰਕਟ ਬਾਰੇ ਕੁਝ ਅੰਦੋਲਨ ਜ਼ਰੂਰ ਹੋਏ ਪਰ ਉਨ੍ਹਾਂ ਦੇ ਪਾਸਾਰ ਬੜੇ ਸੀਮਤ ਰਹੇ ਅਤੇ ਜਿਨ੍ਹਾਂ ਪਾਰਟੀਆਂ ਨੇ ਅੰਦੋਲਨ ਕੀਤੇ ਸਨ, ਉਹ ਅੰਦੋਲਨਾਂ ਤੋਂ ਬਾਅਦ ਇਨ੍ਹਾਂ ਤੋਂ ਰਾਜਸੀ ਲਾਭ ਨਾ ਲੈ ਸਕੀਆਂ। ਮੋਦੀ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਅਤੇ ਲੋਕਾਂ ਨਾਲ ਸਿੱਧਾ ਰਾਬਤਾ ਕਰਨ ਦੀ ਯੋਗਤਾ ਕਾਰਨ ਇਹ ਚੋਣਾਂ ਸ਼ਖ਼ਸੀਅਤ ਕੇਂਦਰਿਤ ਹੋ ਨਿਬੜੀਆਂ ਕਿ ਸਿਰਫ ਮੋਦੀ ਹੀ ਦੇਸ਼ ਦੀ ਅਗਵਾਈ ਕਰਨ ਵਾਲਾ ਸ਼ਕਤੀਸ਼ਾਲੀ ਆਗੂ ਹੈ ਅਤੇ ਵਿਰੋਧੀ ਧਿਰ ਇਕ ਪਾਸੇ ਤਾਂ ਬਿਖਰੀ ਪਈ ਹੈ ਅਤੇ ਦੂਸਰੇ ਪਾਸੇ ਉਸ ਕੋਲ ਕੋਈ ਯੋਗ ਨੇਤਾ ਵੀ ਨਹੀਂ।

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਟੀ.ਡੀ.ਪੀ. ਆਗੂ ਚੰਦਰਬਾਬੂ ਨਾਇਡੂ ਨੇ ਸੰਸਦੀ ਤੇ ਵਿਧਾਨ ਸਭਾ ਦੀਆਂ ਚੋਣਾਂ ਵਿਚ ਮਿਲੀ ਜ਼ਬਰਦਸਤ ਹਾਰ ਮਗਰੋਂ ਅਸਤੀਫਾ ਦੇ ਦਿੱਤਾ ਹੈ। ਜਗਨਮੋਹਨ ਰੈੱਡੀ ਦੀ ਅਗਵਾਈ ਵਾਲੀ ਵਾਈ.ਐਸ.ਆਰ. ਕਾਂਗਰਸ ਨੇ ਸੂਬੇ ਵਿਚ ਸੰਸਦੀ ਤੇ ਅਸੈਂਬਲੀ ਚੋਣ ਵਿਚ ਸ਼ਾਨਦਾਰ ਕਾਰਗੁਜ਼ਾਰੀ ਦਾ ਮੁਜ਼ਾਹਰਾ ਕੀਤਾ ਹੈ। ਭਾਜਪਾ ਪੱਛਮੀ ਬੰਗਾਲ ਤੇ ਉੜੀਸਾ ਵਿਚ ਕ੍ਰਮਵਾਰ 19 ਤੇ 5 ਸੀਟਾਂ 'ਤੇ ਲੀਡ ਲੈਣ ਵਿਚ ਸਫਲ ਰਹੀ ਹੈ।

ਭਾਜਪਾ ਨੇ 2014 ਦੀਆਂ ਸੰਸਦੀ ਚੋਣਾਂ ਵਿਚ ਵਿਖਾਈ ਕਾਰਗੁਜ਼ਾਰੀ ਵਿਚ ਸੁਧਾਰ ਕੀਤਾ ਹੈ। ਭਾਜਪਾ ਨੇ ਉਦੋਂ 282 ਸੀਟਾਂ 'ਤੇ ਆਪਣੇ ਦਮ 'ਤੇ ਸਫਲਤਾ ਹਾਸਲ ਕੀਤੀ ਸੀ। ਐਨ.ਡੀ.ਏ. ਨੇ ਪੰਜ ਸਾਲ ਪਹਿਲਾਂ 336 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ ਤੇ ਐਤਕੀਂ ਇਹ ਅੰਕੜਾ 353 ਨੂੰ ਪੁੱਜ ਗਿਆ। ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਆਈ ਮੋਦੀ ਨਾਂ ਦੀ ਸੁਨਾਮੀ ਵਿਚ ਉਤਰ ਪ੍ਰਦੇਸ਼, ਗੁਜਰਾਤ, ਰਾਜਸਥਾਨ, ਕਰਨਾਟਕ, ਮੱਧ ਪ੍ਰਦੇਸ਼, ਹਰਿਆਣਾ, ਹਿਮਾਚਲ, ਬਿਹਾਰ, ਉਤਰਾਖੰਡ, ਝਾਰਖੰਡ ਜਿਹੇ ਰਾਜਾਂ ਨੇ ਅਹਿਮ ਯੋਗਦਾਨ ਪਾਇਆ। ਪੱਛਮੀ ਬੰਗਾਲ ਤੇ ਉੜੀਸਾ ਵਿਚ ਦਾਖਲੇ ਨਾਲ ਭਾਜਪਾ ਨੂੰ ਪਹਿਲਾਂ ਨਾਲੋਂ ਮਜ਼ਬੂਤ ਮਿਲੀ ਹੈ।



## ਭਾਰਤ ਦੀ ਮੁੜ ਜਿੱਤ ਹੋਈ ਹੈ: ਮੋਦੀ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਵਿਚ ਮੁੜ ਹੋਈ ਵੱਡੀ ਜਿੱਤ ਤੋਂ ਬਾਗੋਬਾਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਦੀ ਮੁੜ ਜਿੱਤ ਹੋਈ ਹੈ ਅਤੇ ਹੁਣ ਸਭ ਨਾਲ ਮਿਲ ਕੇ ਮਜ਼ਬੂਤ ਰਾਸ਼ਟਰ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਨੈਸ਼ਨਲ ਡੈਮੋਕ੍ਰੈਟਿਕ ਅਲਾਇੰਸ (ਐਨ.ਡੀ.ਏ.) 'ਤੇ ਮੁੜ ਭਰੋਸਾ ਕਰਨ ਲਈ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਟਵੀਟ ਕੀਤਾ, "ਸ਼ੁਕਰੀਆ ਭਾਰਤ! ਸਾਡੇ ਗਠਜੋੜ ਵਿਚ ਭਰੋਸਾ ਪ੍ਰਗਟਾਉਣ ਲਈ ਧੰਨਵਾਦ। ਇਸ ਨਾਲ ਸਾਨੂੰ ਲੋਕਾਂ ਦੀਆਂ ਆਸਾਂ 'ਤੇ ਖਰੇ ਉਤਰਨ ਲਈ ਹੋਰ ਮਿਹਨਤ ਕਰਨ ਦੀ ਸਮਰੱਥਾ ਮਿਲੀ ਹੈ।"

## 18 ਸੂਬਿਆਂ 'ਚ ਖਾਤਾ ਵੀ ਨਾ ਖੋਲ ਸਕੀ ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਦਾ 18 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਖਾਤਾ ਤੱਕ ਨਹੀਂ ਖੁੱਲ੍ਹ ਸਕਿਆ ਹੈ ਜੋ ਕਿ ਲੋਕ ਸਭਾ ਚੋਣਾਂ ਵਿਚ ਇਸ ਦੇ ਡਿੱਗਦੇ ਆਧਾਰ ਦਾ ਸੰਕੇਤ ਹੈ। ਅਜਿਹਾ ਲਗਾਤਾਰ ਦੂਜੀ ਵਾਰ ਵਾਪਰਿਆ ਹੈ। 2014 'ਚ ਵੀ ਕਾਂਗਰਸ 44 ਸੀਟਾਂ 'ਤੇ ਸਿਮਟ ਗਈ ਸੀ। ਕਾਂਗਰਸ ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਚੰਡੀਗੜ੍ਹ, ਦਾਦਰ ਤੇ ਨਗਰ ਹਵੇਲੀ, ਦਮਨ ਤੇ ਦਿਊ, ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਲਕਸ਼ਦੀਪ, ਮਨੀਪੁਰ, ਮਿਜ਼ੋਰਮ, ਨਾਗਾਲੈਂਡ, ਦਿੱਲੀ, ਰਾਜਸਥਾਨ, ਸਿੱਕਿਮ, ਤ੍ਰਿਪੁਰਾ ਤੇ ਉਤਰਾਖੰਡ ਦੇ ਸਿਆਸੀ ਨਕਸ਼ੇ ਤੋਂ ਪੂਰੀ ਤਰ੍ਹਾਂ ਮਿਟ ਗਈ ਹੈ।

ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਸੀ ਕਿ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਨੂੰ 17 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ 'ਵੱਡਾ ਜ਼ੀਰੋ' ਮਿਲਿਆ ਹੈ ਜਦਕਿ ਭਾਜਪਾ ਨੂੰ ਸਤਾਰਾਂ ਰਾਜਾਂ ਵਿਚ 50 ਫੀਸਦ ਵੋਟ ਮਿਲੇ ਹਨ।

## ਹਰਿਆਣਾ ਵਿਚ ਭਾਜਪਾ ਦੀ ਬੱਲੇ-ਬੱਲੇ

**ਚੰਡੀਗੜ੍ਹ:** ਭਾਜਪਾ ਨੇ ਹਰਿਆਣਾ ਦੀਆਂ ਸਾਰੀਆਂ 10 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਕਾਂਗਰਸ ਦੇ ਮੌਜੂਦਾ ਸੰਸਦ ਮੈਂਬਰ ਦੀਪੇਂਦਰ ਸਿੰਘ ਹੁੱਡਾ ਰੋਹਤਕ ਤੋਂ ਭਾਜਪਾ ਉਮੀਦਵਾਰ ਅਰਵਿੰਦ ਕੁਮਾਰ ਸ਼ਰਮਾ ਤੋਂ ਹਾਰ ਗਏ ਹਨ। ਹਰਿਆਣਾ ਵਿਚ ਭਾਜਪਾ ਉਮੀਦਵਾਰਾਂ ਨੇ ਵਿਰੋਧੀਆਂ ਨੂੰ 60 ਹਜ਼ਾਰ ਤੋਂ ਲੈ ਕੇ ਦੋ ਲੱਖ ਵੋਟਾਂ ਤੱਕ ਦੇ ਫਰਕ ਨਾਲ ਹਰਾਇਆ ਹੈ। ਹੁੱਡਾ ਸਣੇ ਹਰਿਆਣਾ ਦੇ ਮਸ਼ਹੂਰ ਸਿਆਸੀ ਪਰਿਵਾਰ ਚੌਟਾਲਾ, ਭਜਨ ਲਾਲ ਤੇ ਬੰਸੀ ਲਾਲ ਹਾਰ ਗਏ। ਕੇਂਦਰੀ ਮੰਤਰੀ ਰਾਓ ਇੰਦਰਜੀਤ ਸਿੰਘ ਨੇ ਗੁੜਗਾਉਂ ਤੇ ਕ੍ਰਿਸ਼ਨ ਪਾਲ ਗੁੱਜਰ ਨੇ ਫਰੀਦਾਬਾਦ ਸੀਟ ਤੋਂ ਸਫਲਤਾ ਹਾਸਲ ਕੀਤੀ ਹੈ। ਕਰਨਾਲ ਤੋਂ ਭਾਜਪਾ ਉਮੀਦਵਾਰ ਸੰਜੈ ਭਾਟੀਆ ਨੇ ਕਾਂਗਰਸੀ ਆਗੂ ਕੁਲਦੀਪ ਸ਼ਰਮਾ ਨੂੰ ਹਰਾਇਆ ਹੈ। ਕਾਂਗਰਸ ਦੇ ਕਈ ਧੁਰੰਤਰ ਜਿਨ੍ਹਾਂ ਵਿਚ ਭੁਪਿੰਦਰ ਸਿੰਘ ਹੁੱਡਾ (ਸੋਨੀਪਤ), ਕੁਮਾਰੀ ਸ਼ੈਲਜਾ (ਅੰਬਾਲਾ), ਸੂਬਾਈ ਕਾਂਗਰਸ ਮੁਖੀ ਅਸ਼ੋਕ ਤੰਵਰ (ਸਿਰਸਾ), ਅਵਤਾਰ ਸਿੰਘ ਭੜਾਨਾ (ਫਰੀਦਾਬਾਦ) ਤੇ ਅਜੈ ਸਿੰਘ ਯਾਦਵ (ਗੁੜਗਾਉਂ) ਸ਼ਾਮਲ ਹਨ, ਹਾਰ ਗਏ ਹਨ।


## ਰਾਹੁਲ ਦੇ ਅਸਤੀਫੇ ਦੀ ਪੇਸ਼ਕਸ਼ ਰੱਦ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਵਿਚ ਮਿਲੀ ਜਬਰਦਸਤ ਹਾਰ ਦੇ ਕਾਰਨਾਂ ਦਾ ਮੰਥਨ ਕਰਨ ਲਈ ਸੱਦੀ ਕਾਂਗਰਸ ਕਾਰਜਕਾਰਨੀ ਦੀ ਅਹਿਮ ਮੀਟਿੰਗ ਵਿਚ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕੀਤੀ ਅਸਤੀਫੇ ਦੀ ਪੇਸ਼ਕਸ਼ ਨੂੰ ਸਰਬਸੰਮਤੀ ਨਾਲ ਰੱਦ ਕਰ ਦਿੱਤਾ ਗਿਆ। ਇਹੀ ਨਹੀਂ ਵਰਕਿੰਗ ਕਮੇਟੀ ਨੇ ਪਾਰਟੀ ਦੇ ਬੁਨਿਆਦੀ ਢਾਂਚੇ ਨੂੰ ਸਾਰੇ ਪੱਧਰਾਂ 'ਤੇ ਨਵੇਂ ਸਿਰੇ ਤੋਂ ਵਿਉਂਤਣ ਦੇ ਅਧਿਕਾਰ ਵੀ ਰਾਹੁਲ ਗਾਂਧੀ ਨੂੰ ਸੌਂਪ ਦਿੱਤੇ। ਮੀਟਿੰਗ ਦੌਰਾਨ ਕਾਂਗਰਸ ਦੀ ਹਾਰ ਦੇ ਕਾਰਨਾਂ 'ਤੇ ਲਗਭਗ ਚਾਰ ਘੰਟਿਆਂ ਤਕ ਮੰਥਨ ਕਰਨ ਮਗਰੋਂ ਕਈ ਆਗੂਆਂ ਨੇ ਪਾਰਟੀ ਦੀ ਕਮਾਨ ਰਾਹੁਲ ਗਾਂਧੀ ਹੱਥ ਰੱਖਣ ਦੀ ਅਪੀਲ ਕੀਤੀ।

# ਨਹਿਰੂ ਤੇ ਇੰਦਰਾ ਮਗਰੋਂ ਮੋਦੀ ਨੇ ਸਿਰਜਿਆ ਇਤਿਹਾਸ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਡਿਤ ਜਵਾਹਰ ਲਾਲ ਨਹਿਰੂ ਤੇ ਇੰਦਰਾ ਗਾਂਧੀ ਮਗਰੋਂ ਦੇਸ਼ ਦੇ ਜਮਹੂਰੀ ਇਤਿਹਾਸ ਵਿਚ ਇਕ ਨਵਾਂ ਅਧਿਆਏ ਜੋੜ ਦਿੱਤਾ ਹੈ। ਸ੍ਰੀ ਮੋਦੀ, ਨਹਿਰੂ ਤੇ ਇੰਦਰਾ ਤੋਂ ਬਾਅਦ ਸਪਸ਼ਟ ਬਹੁਮਤ ਦੇ ਨਾਲ ਲਗਾਤਾਰ ਦੂਜੀ ਵਾਰ ਸੱਤਾ ਦੇ ਸਿਖਰ ਉਤੇ ਪੁੱਜਣ ਵਾਲੇ ਤੀਜੇ ਪ੍ਰਧਾਨ ਮੰਤਰੀ ਬਣ ਗਏ ਹਨ। ਮੋਦੀ ਦੀ ਅਗਵਾਈ ਵਿਚ ਭਗਵਾਂ ਪਾਰਟੀ ਨੇ 17ਵੀਂ ਲੋਕ ਸਭਾ ਵਿਚ ਸਪਸ਼ਟ ਬਹੁਮਤ ਲਈ ਲੋੜੀਂਦੇ 272 ਸੀਟਾਂ ਦੇ ਟੀਚੇ ਤਕ ਸੌਖਿਆਂ ਰਸਾਈ ਕਰ ਲਈ ਹੈ। 2014 ਦੀਆਂ ਆਮ ਚੋਣਾਂ ਵਿਚ ਭਾਜਪਾ ਨੇ ਲੋਕ ਸਭਾ ਦੀਆਂ ਕੱਲ 543 ਸੀਟਾਂ 'ਚੋਂ 282 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ।

ਦੇਸ਼ ਦੀ ਆਜ਼ਾਦੀ ਮਗਰੋਂ 1951-52 ਵਿਚ ਹੋਈ ਪਹਿਲੀ ਲੋਕ ਸਭਾ ਚੋਣ ਵਿਚ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਤਕਰੀਬਨ ਤਿੰਨ ਚੌਥਾਈ ਸੀਟਾਂ ਜਿੱਤੀਆਂ ਸਨ। ਇਸ ਮਗਰੋਂ 1957 ਤੇ 1962 ਦੀਆਂ ਚੋਣਾਂ ਵਿਚ ਵੀ ਉਨ੍ਹਾਂ ਨੇ ਸਪਸ਼ਟ ਬਹੁਮਤ ਨਾਲ ਜਿੱਤ ਦਰਜ ਕੀਤੀ। 1951-52 ਦੀ ਚੋਣ ਵਿਚ ਕਾਂਗਰਸ ਨੇ 489 ਸੀਟਾਂ ਵਿਚੋਂ 364 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ ਤੇ ਉਦੋਂ ਪਾਰਟੀ ਦੇ ਹੱਕ ਵਿਚ ਕਰੀਬ 45 ਫੀਸਦ ਵੋਟ ਪਏ ਸਨ। 1957 ਵਿਚ ਉਲਟ ਹਾਲਾਤ ਦੇ ਬਾਵਜੂਦ ਨਹਿਰੂ 371 ਸੀਟਾਂ 'ਤੇ ਜਿੱਤ ਦਾ ਝੰਡਾ ਗੱਡਣ ਵਿਚ ਸਫਲ ਰਹੇ। ਕਾਂਗਰਸ ਦੀ ਵੋਟ ਫੀਸਦੀ ਹਾਲਾਂਕਿ ਵਧ ਕੇ 47.78 ਫੀਸਦੀ ਹੋ ਗਈ। 1962 ਦੀਆਂ ਆਮ ਚੋਣਾਂ ਵਿਚ ਨਹਿਰੂ ਦੀ ਅਗਵਾਈ ਵਿਚ ਪਾਰਟੀ ਨੇ 361 ਸੀਟਾਂ ਜਿੱਤੀਆਂ। 1967 ਵਿਚ ਨਹਿਰੂ ਦੀ ਧੀ ਇੰਦਰਾ ਗਾਂਧੀ ਕੁੱਲ 520 ਸੀਟਾਂ ਵਿਚੋਂ 283 ਸੀਟਾਂ ਜਿੱਤਣ ਵਿਚ ਸਫਲ ਰਹੀ। 1971 ਦੀਆਂ ਚੋਣਾਂ ਵਿਚ ਇੰਦਰਾ ਨੇ 'ਗਰੀਬੀ ਹਟਾਓ' ਦਾ ਨਾਅਰਾ ਦਿੰਦਿਆਂ 352 ਸੀਟਾਂ ਜਿੱਤੀਆਂ।





## ਯੂ. ਪੀ. 'ਚ ਭਾਜਪਾ ਨੂੰ ਹਲਕਾ ਨੁਕਸਾਨ, ਬਸਪਾ ਦਾ ਖਾਤਾ ਖੁੱਲ੍ਹਿਆ

**ਲਖਨਊ:** ਉਤਰ ਪ੍ਰਦੇਸ਼ ਵਿਚ ਭਾਜਪਾ ਨੂੰ ਹਲਕਾ ਨੁਕਸਾਨ ਹੋਇਆ ਹੈ ਤੇ ਪਾਰਟੀ ਨੇ 61 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। 2014 ਦੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਨੂੰ 71 ਸੀਟਾਂ 'ਤੇ ਜਿੱਤ ਨਸੀਬ ਹੋਈ ਸੀ। ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਦੇ ਗੱਠਜੋੜ ਨੇ ਇਸ ਵਾਰ 18 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਇਕ ਸੀਟ ਕਾਂਗਰਸ ਦੇ ਖਾਤੇ ਵਿਚ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਰਾਨਸੀ ਲੋਕ ਸਭਾ ਸੀਟ 'ਤੋਂ ਪਿਛਲੀ ਵਾਰ ਨਾਲੋਂ ਵੀ ਜ਼ਿਆਦਾ ਵੋਟਾਂ ਦੇ ਫਰਕ ਨਾਲ ਜਿੱਤੇ ਹਨ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਕੇਂਦਰੀ ਮੰਤਰੀ ਮੇਨਕਾ ਗਾਂਧੀ ਜਿੱਤ ਗਏ ਹਨ। ਰਾਏ ਬਰੇਲੀ ਤੋਂ ਕਾਂਗਰਸੀ ਉਮੀਦਵਾਰ ਸੋਨੀਆ ਗਾਂਧੀ ਭਾਜਪਾ ਉਮੀਦਵਾਰ ਦਿਨੇਸ਼ ਸਿੰਘ ਨੂੰ ਹਰਾਉਣ ਵਿਚ ਕਾਮਯਾਬ ਰਹੀ ਹੈ। ਜਦਕਿ ਅਖਿਲੇਸ਼ ਦੀ ਪਤਨੀ ਕਨੌਜ ਤੋਂ ਸਪਾ ਉਮੀਦਵਾਰ ਡਿੰਪਲ ਯਾਦਵ ਭਾਜਪਾ ਦੇ ਸੁਬਰਤ ਪਾਠਕ ਤੋਂ ਚੋਣ ਹਾਰ ਗਈ ਹੈ।

# ਨਵੇਂ ਬਣੇ 43 ਫੀਸਦੀ ਸੰਸਦ ਮੈਂਬਰ ਦਾਗੀ

**ਨਵੀਂ ਦਿੱਲੀ:** ਲੋਕ ਸਭਾ ਲਈ ਚੁਣੇ ਗਏ ਨਵੇਂ ਸੰਸਦ ਮੈਂਬਰਾਂ 'ਚੋਂ 43 ਫੀਸਦੀ ਤੋਂ ਵੱਧ ਸੰਸਦ ਮੈਂਬਰਾਂ ਖਿਲਾਫ ਅਪਰਾਧਕ ਦੋਸ਼ ਲੱਗੇ ਹਨ ਤੇ ਅਜਿਹੇ ਸੰਸਦ ਮੈਂਬਰਾਂ ਦੀ ਗਿਣਤੀ 2014 ਮੁਕਾਬਲੇ 26 ਫੀਸਦੀ ਵਧੀ ਹੈ। ਐਸੋਸੀਏਸ਼ਨ ਆਫ ਡੈਮੋਕਰੈਟਿਕ ਰਿਫਾਰਮਜ਼ (ਏ.ਡੀ.ਆਰ.) ਨੇ ਆਪਣੀ ਰਿਪੋਰਟ 'ਚ ਇਹ ਦਾਅਵਾ ਕੀਤਾ ਹੈ।

ਏਡੀਆਰ ਦੀ ਰਿਪੋਰਟ ਅਨੁਸਾਰ ਲੋਕ ਸਭਾ ਚੋਣਾਂ ਜਿੱਤਣ ਵਾਲੇ 539 ਲੋਕ ਸਭਾ ਮੈਂਬਰਾਂ 'ਚੋਂ 233 ਖਿਲਾਫ ਅਪਰਾਧਕ ਦੋਸ਼ ਲੱਗੇ ਹੋਏ ਹਨ। ਇਨ੍ਹਾਂ 'ਚੋਂ ਸਭ ਤੋਂ ਜ਼ਿਆਦਾ ਭਾਜਪਾ ਦੇ 116 ਮੈਂਬਰ ਹਨ ਜਿਨ੍ਹਾਂ ਦੀ ਗਿਣਤੀ 39 ਫੀਸਦੀ ਬਣਦੀ ਹੈ। ਇਸ ਤੋਂ ਬਾਅਦ ਕਾਂਗਰਸ ਦੇ 29, ਜਨਤਾ ਦਲ ਯੂਨਾਈਟਿਡ ਦੇ 13, ਡੀ.ਐਮ.ਕੇ. ਦੇ 10 ਅਤੇ ਤ੍ਰਿਣਮੂਲ ਕਾਂਗਰਸ ਦੇ 9 ਸੰਸਦ ਮੈਂਬਰਾਂ ਦਾ ਸਥਾਨ ਆਉਂਦਾ ਹੈ। 2014 ਦੀਆਂ ਲੋਕ ਸਭਾ ਚੋਣਾਂ ਦੌਰਾਨ 185 ਸੰਸਦ ਮੈਂਬਰਾਂ (34 ਫੀਸਦੀ) ਖਿਲਾਫ ਅਪਰਾਧਕ ਦੋਸ਼ ਲੱਗੇ ਹੋਏ ਸਨ ਅਤੇ ਇਨ੍ਹਾਂ 'ਚੋਂ 112 ਉਤੇ ਗੰਭੀਰ ਅਪਰਾਧਿਕ ਕੇਸ ਦਰਜ ਸਨ। 2009 ਦੀਆਂ ਲੋਕ ਸਭਾ ਚੋਣਾਂ 'ਚ ਅਜਿਹੇ ਸੰਸਦ ਮੈਂਬਰਾਂ ਦੀ ਗਿਣਤੀ 162 (30 ਫੀਸਦੀ) ਸੀ ਅਤੇ ਇਨ੍ਹਾਂ 'ਚੋਂ 14 ਫੀਸਦ 'ਤੇ ਗੰਭੀਰ ਅਪਰਾਧਿਕ ਦੋਸ਼ ਸਨ।



ਨਵੀਂ ਲੋਕ ਸਭਾ 'ਚ ਤਕਰੀਬਨ 29 ਫੀਸਦੀ ਸੰਸਦ ਮੈਂਬਰ ਹਨ ਅਜਿਹੇ ਹਨ ਜਿਨ੍ਹਾਂ 'ਤੇ ਜਬਰ ਜਨਾਹ, ਹੱਤਿਆ, ਹੱਤਿਆ ਦੀ ਕੋਸ਼ਿਸ਼ ਅਤੇ ਮਹਿਲਾਵਾਂ 'ਤੇ ਜ਼ੁਲਮ ਕਰਨ ਨਾਲ ਸਬੰਧਤ ਦੋਸ਼ ਲੱਗੇ ਹੋਏ ਹਨ। ਏਡੀਆਰ ਨੇ ਕਿਹਾ, '2009 ਤੋਂ ਲੈ ਕੇ 2019 ਤੱਕ ਅਪਰਾਧਿਕ ਪਿਛੋਕੜ ਵਾਲੇ ਸੰਸਦ ਮੈਂਬਰਾਂ ਦੀ ਗਿਣਤੀ 109 ਫੀਸਦੀ ਵਧੀ ਹੈ।' ਭਾਜਪਾ ਦੇ ਪੰਜ, ਬਸਪਾ ਦੇ ਦੋ ਅਤੇ ਕਾਂਗਰਸ, ਐਨ.ਸੀ.ਪੀ. ਤੇ ਵਾਈ.ਐਸ.ਆਰ. ਕਾਂਗਰਸ ਦੇ ਇਕ-ਇਕ ਸੰਸਦ ਮੈਂਬਰ ਖਿਲਾਫ ਕਤਲ ਦੇ ਦੋਸ਼ ਲੱਗੇ ਹੋਏ ਹਨ। ਨਵੀਂ ਚੁਣੀ ਗਈ ਭਾਜਪਾ ਦੀ ਸੰਸਦ ਮੈਂਬਰ ਸਾਧਵੀ ਪ੍ਰੱਗਿਆ ਠਾਕੁਰ ਖਿਲਾਫ 2008 ਮਾਲੇਗਾਓਂ ਧਮਾਕੇ ਦੇ ਦੋਸ਼ ਹਨ।

## 78 ਔਰਤਾਂ ਨੇ ਜਿੱਤੀ ਲੋਕ ਸਭਾ ਚੋਣ

**ਨਵੀਂ ਦਿੱਲੀ:** 17ਵੀਂ ਲੋਕ ਸਭਾ ਦੇ ਜੇਤੂ ਉਮੀਦਵਾਰਾਂ 'ਚ ਔਰਤਾਂ ਦੀ ਕੁੱਲ ਗਿਣਤੀ 78 ਹੈ। ਮਹਿਲਾ ਸੰਸਦ ਮੈਂਬਰਾਂ ਦੀ ਹੁਣ ਤੱਕ ਦੀ ਇਸ ਸਭ ਤੋਂ ਵੱਧ ਭਾਗੀਦਾਰੀ ਦੇ ਨਾਲ ਹੀ ਨਵੀਂ ਲੋਕ ਸਭਾ 'ਚ ਮਹਿਲਾ ਸੰਸਦ ਮੈਂਬਰਾਂ ਦੀ ਗਿਣਤੀ ਕੁੱਲ ਸੰਸਦ ਮੈਂਬਰਾਂ ਦੀ ਗਿਣਤੀ ਦਾ 17 ਫੀਸਦੀ ਹੋ ਜਾਵੇਗੀ। ਮਹਿਲਾ ਸੰਸਦ ਮੈਂਬਰਾਂ ਦੀ ਸਭ ਤੋਂ ਘੱਟ ਗਿਣਤੀ 9ਵੀਂ ਲੋਕ ਸਭਾ 'ਚ 28 ਸੀ। ਚੋਣ ਕਮਿਸ਼ਨ ਵੱਲੋਂ ਲੋਕ ਸਭਾ ਦੀ 542 ਸੀਟਾਂ ਲਈ ਐਲਾਨੇ ਨਤੀਜਿਆਂ ਦੇ ਆਧਾਰ 'ਤੇ ਸਭ ਤੋਂ ਵੱਧ ਮਹਿਲਾ ਉਮੀਦਵਾਰ ਭਾਜਪਾ ਦੀ ਟਿਕਟ 'ਚ ਚੋਣ ਜਿੱਤੀਆਂ ਹਨ। ਉਧਰ, ਕਾਂਗਰਸ ਦੇ ਟਿਕਟ 'ਤੇ ਸਿਰਫ ਪਾਰਟੀ ਦੀ ਸੀਨੀਅਰ ਨੇਤਾ ਸੋਨੀਆ ਗਾਂਧੀ ਨੇ ਮਹਿਲਾ ਉਮੀਦਵਾਰ ਦੇ ਰੂਪ 'ਚ ਰਾਇਬਰੇਲੀ ਤੋਂ ਜਿੱਤ ਦਰਜ ਕੀਤੀ ਹੈ।

## ਵੀਹ ਸਾਲਾਂ ਪਿੱਛੋਂ ਕਣਕ ਦੀ ਸਭ ਤੋਂ ਵੱਧ ਆਮਦ

**ਚੰਡੀਗੜ੍ਹ:** ਪੰਜਾਬ ਦੀਆਂ ਮੰਡੀਆਂ ਵਿਚ ਇਸ ਵਾਰ ਕਣਕ ਦੀ ਭਰਪੂਰ ਆਮਦ ਹੋਈ ਹੈ। ਮੌਜੂਦਾ ਸੀਜ਼ਨ ਦੌਰਾਨ ਕਣਕ ਦੀ ਕੁੱਲ ਆਮਦ ਤੇ ਖਰੀਦ ਪਿਛਲੇ 20 ਸਾਲਾਂ 'ਚੋਂ ਸਭ ਤੋਂ ਵਧੇਰੇ ਹੈ। ਦੱਸਣਯੋਗ ਹੈ ਕਿ ਕਣਕ ਦੀ ਸਰਕਾਰੀ ਖਰੀਦ 25 ਮਈ ਤੱਕ ਕੀਤੀ ਜਾਵੇਗੀ।

ਇਥੇ ਪੰਜਾਬ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸੂਬੇ ਵਿਚੋਂ ਖਰੀਦੀ ਹੋਈ ਕੁੱਲ 129.93 ਲੱਖ ਮੀਟਰਿਕ ਟਨ ਕਣਕ ਵਿਚੋਂ 128.38 ਲੱਖ ਮੀਟਰਿਕ ਟਨ ਸਰਕਾਰੀ ਏਜੰਸੀਆਂ ਵੱਲੋਂ ਜਦਕਿ 1.55 ਲੱਖ ਮੀਟਰਿਕ ਟਨ ਕਣਕ ਨਿਜੀ ਮਿੱਲ ਮਾਲਕਾਂ ਵੱਲੋਂ ਖਰੀਦੀ ਗਈ। ਸੂਬੇ ਦੀਆਂ ਖਰੀਦ ਏਜੰਸੀਆਂ ਵੱਲੋਂ 23 ਮਈ ਤੱਕ 20013.81 ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਸਰਕਾਰੀ ਏਜੰਸੀਆਂ ਵੱਲੋਂ ਖਰੀਦੀ ਕੁੱਲ ਕਣਕ ਵਿਚੋਂ 97 ਫੀਸਦ ਕਣਕ ਦੀ ਚੁਕਾਈ ਮੁਕੰਮਲ ਹੋ ਚੁੱਕੀ ਹੈ।

# ਪੰਜਾਬ 'ਚ ਨਵੀਆਂ ਉਠੀਆਂ ਸਿਆਸੀ ਧਿਰਾਂ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ

**ਸੰਗਰੂਰ:** ਲੋਕ ਸਭ ਚੋਣਾਂ ਦੇ ਨਤੀਜਿਆਂ ਨੇ ਪੰਜਾਬ ਦੀ ਰਾਜਨੀਤੀ 'ਚ ਭੁਚਾਲ ਵਰਗੀ ਸਥਿਤੀ ਲਿਆ ਕੇ ਰੱਖ ਦਿੱਤੀ ਹੈ। ਸੂਬੇ ਦੇ 13 ਲੋਕ ਸਭਾ ਹਲਕਿਆਂ 'ਚ ਕਾਂਗਰਸ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 8 ਹਲਕਿਆਂ 'ਤੇ ਜਿੱਤ ਪ੍ਰਾਪਤ ਕੀਤੀ ਅਤੇ ਅਕਾਲੀ ਦਲ, ਭਾਜਪਾ ਦੇ



ਖਾਤੇ 'ਚ ਜਿਥੇ ਦੋ-ਦੋ ਸੀਟਾਂ ਆਈਆਂ ਉਥੇ 'ਆਪ' ਪਾਰਟੀ ਨੇ ਜੇ ਪੂਰੇ ਦੇਸ਼ 'ਚ ਕਿਧਰੇ ਖਾਤਾ ਖੋਲ੍ਹਿਆ ਤਾਂ ਸੰਗਰੂਰ 'ਚ ਇਹ ਮਾਣ ਭਗਵੰਤ ਮਾਨ ਨੂੰ ਹਾਸਲ ਹੋਇਆ।

ਇਨ੍ਹਾਂ ਨਤੀਜਿਆਂ ਨੇ ਪੰਜਾਬ ਦੀਆਂ ਪੰਜ ਰਾਜਨੀਤਿਕ ਪਾਰਟੀਆਂ ਦੇ ਭਵਿੱਖ 'ਤੇ ਵੀ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਜੋ ਲੋਕ ਸਭਾ ਹਲਕਾ ਸੰਗਰੂਰ ਤੋਂ ਕਿਸਮਤ ਅਜ਼ਮਾ ਰਹੇ ਸਨ, ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਇਥੋਂ ਤੱਕ ਕਿ ਮਾਨ ਦੀ ਜ਼ਮਾਨਤ ਵੀ ਜ਼ਬਤ ਹੋ ਗਈ। ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਜੋ ਲੋਕ ਸਭਾ ਹਲਕਾ ਲੁਧਿਆਣਾ ਤੋਂ ਕਿਸਮਤ ਅਜ਼ਮਾ ਰਹੇ ਸਨ, ਨੂੰ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ। ਸਿਮਰਜੀਤ ਸਿੰਘ ਬੈਂਸ ਦਾ ਭਰਾ ਬਲਵਿੰਦਰ ਸਿੰਘ ਬੈਂਸ ਜੋ ਲੁਧਿਆਣਾ ਤੋਂ ਹੀ ਵਿਧਾਇਕ ਹਨ, ਨੇ ਪਿਛਲੇ ਲੰਬੇ ਸਮੇਂ ਤੋਂ ਲੋਕ ਸਭਾ ਦੀ ਤਿਆਰੀ ਜ਼ੋਰ ਸ਼ੋਰ ਨਾਲ ਆਰੰਭੀ ਹੋਈ ਸੀ ਪਰ ਇਸ ਵਾਰ ਲੋਕ ਸਭਾ 'ਚ ਲਗਾਤਾਰ ਦੂਜੀ ਵਾਰ ਬੈਂਸ ਭਰਾਵਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਬੈਂਸ ਭਰਾਵਾਂ ਦੀ ਪਾਰਟੀ ਦੇ ਫਤਹਿਗੜ੍ਹ ਸਾਹਿਬ, ਸੰਗਰੂਰ ਤੋਂ ਚੋਣ ਲੜ ਰਹੇ ਉਮੀਦਵਾਰ ਕ੍ਰਮਵਾਰ ਹਾਕਮ ਸਿੰਘ ਗਿਆਸਪੁਰਾ ਅਤੇ ਜੱਸੀ ਜਸਰਾਜ ਵੀ ਕੋਈ ਜ਼ਿਕਰਯੋਗ ਪੈਂਠ ਬਣਾਉਣ 'ਚ ਅਸਫਲ ਰਹੇ।

ਇਸੇ ਤਰ੍ਹਾਂ ਪੀ.ਡੀ.ਏ. ਦੀ ਇਕ ਅਹਿਮ ਧਿਰ ਪੰਜਾਬ ਏਕਤਾ ਮੰਚ ਦੇ ਪ੍ਰਧਾਨ ਡਾ. ਧਰਮਵੀਰ ਗਾਂਧੀ ਜੋ ਪਟਿਆਲਾ ਲੋਕ ਸਭਾ ਹਲਕੇ ਤੋਂ ਕਿਸਮਤ ਅਜ਼ਮਾ ਰਹੇ ਸਨ, ਨੂੰ ਵੀ ਕਾਂਗਰਸ ਦੀ ਮਹਾਰਾਣੀ ਪ੍ਰਨੀਤ ਕੌਰ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ। ਪੀ.ਡੀ.ਏ. ਦੇ ਮੋਢੀ ਪੰਜਾਬੀ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਜੋ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਸਨ, ਨੂੰ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਖਹਿਰਾ ਨੂੰ ਵੀ ਪਹਿਲਾਂ ਰਾਜਨੀਤਿਕ ਵਿਸ਼ਲੇਸ਼ਕ ਤਿਕੋਣੀ ਟੱਕਰ 'ਚ ਮੰਨ ਰਹੇ ਸਨ ਪਰ ਬਠਿੰਡਾ 'ਚ 'ਆਪ' ਦੀ ਬਲਜਿੰਦਰ ਕੌਰ ਦੀ ਕਾਰਗੁਜ਼ਾਰੀ ਖਹਿਰਾ ਤੋਂ ਵਧੀਆ ਰਹੀ ਅਤੇ ਇਸ ਰਾਜਨੀਤਿਕ ਲੜਾਈ 'ਚ ਖਹਿਰਾ ਬਠਿੰਡਾ 'ਚ ਚੌਥੇ ਸਥਾਨ ਉਤੇ ਚਲੇ ਗਏ।

ਅਕਾਲੀ ਦਲ ਬਾਦਲ ਤੋਂ ਵੱਖ ਹੋ ਕੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨੂੰ ਹੋਂਦ 'ਚ ਲਿਆਉਣ ਵਾਲੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਭਾਵੇਂ ਖੁਦ ਲੋਕ ਸਭਾ ਚੋਣ ਲੜਨ ਤੋਂ ਗੁਰੇਜ਼ ਕੀਤਾ ਪਰ ਉਨ੍ਹਾਂ ਨੇ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ 'ਤੇ ਅਨੰਦਪੁਰ ਸਾਹਿਬ ਤੋਂ ਦਾਅ ਖੇਡਿਆ। ਬ੍ਰਹਮਪੁਰਾ ਨੇ ਆਪਣੇ ਜੱਦੀ ਹਲਕੇ ਖਡੂਰ ਸਾਹਿਬ ਤੋਂ ਪੀ.ਡੀ.ਏ. ਉਮੀਦਵਾਰ ਬੀਬੀ ਪਰਮਜੀਤ ਕੌਰ ਖਾਲੜਾ ਦਾ ਸਮਰਥਨ ਕੀਤਾ ਸੀ ਪਰ ਅਕਾਲੀ ਦਲ ਟਕਸਾਲੀ ਨੂੰ ਕਿਧਰੇ ਵੀ ਜਿੱਤ ਨਸੀਬ ਨਹੀਂ ਹੋਈ। ਦੇਸ਼ 'ਚ ਮੋਦੀ ਲਹਿਰ ਅਤੇ ਪੰਜਾਬ 'ਚ ਕੈਪਟਨ ਅਮਰਿੰਦਰ ਸਿੰਘ ਦੀ ਚੜ੍ਹਤ ਦੇ ਚੱਲਦਿਆਂ ਸੂਬੇ ਦੀਆਂ ਇਹ ਅੱਧੀ ਦਰਜਨ ਦੇ ਤਕਰੀਬਨ ਛੋਟੀਆਂ ਪਾਰਟੀਆਂ ਆਖਰਕਾਰ ਢਹਿ ਢੇਰੀ ਹੋ ਕੇ ਰਹਿ ਗਈਆਂ।

## ਪੰਜਾਬ 'ਚ ਸਭ ਤੋਂ ਵੱਧ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ

**ਲੁਧਿਆਣਾ:** 2019 ਦੀ ਲੋਕ ਸਭਾ ਚੋਣ 'ਚ ਪੰਜਾਬ ਅੰਦਰ 248 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ, ਜਿਨ੍ਹਾਂ 'ਚੋਂ 227 ਮਰਦ ਤੇ 21 ਔਰਤਾਂ ਹਨ। 1996 'ਚ ਸਭ ਤੋਂ ਵੱਧ 259 ਉਮੀਦਵਾਰਾਂ 'ਚੋਂ 224 ਤੇ 1985 'ਚ 74 ਉਮੀਦਵਾਰਾਂ 'ਚੋਂ 39 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਸੀ।

ਪੰਜਾਬ ਦੀ ਵੰਡ ਤੋਂ ਬਾਅਦ 1977 ਦੀ ਲੋਕ ਸਭਾ ਚੋਣ ਤੋਂ 2014 ਦੀ ਲੋਕ ਸਭਾ ਚੋਣ ਦੌਰਾਨ 1977 'ਚ 79, 1980 'ਚ 146, 1985 ਵਿਚ 74, 1989 ਵਿਚ 227, 1991 ਵਿਚ 81, 1996 ਵਿਚ 259, 1998 ਵਿਚ 101, 1999 'ਚ 120, 2004 'ਚ 142, 2009 'ਚ 218, 2014 'ਚ 253 ਅਤੇ 2019 ਵਿਚ 278 ਉਮੀਦਵਾਰਾਂ ਨੇ ਆਪਣੀ ਕਿਸਮਤ ਅਜਮਾਈ। ਹਲਕਾ ਗੁਰਦਾਸਪੁਰ ਤੋਂ 15 ਵਿਚੋਂ 13 ਉਮੀਦਵਾਰ, ਹਲਕਾ ਅੰਮ੍ਰਿਤਸਰ ਤੋਂ 30 ਵਿਚੋਂ 28 ਉਮੀਦਵਾਰ, ਹਲਕਾ ਖਡੂਰ ਸਾਹਿਬ ਤੋਂ 19 ਵਿਚੋਂ 16 ਉਮੀਦਵਾਰ, ਹਲਕਾ ਜਲੰਧਰ ਤੋਂ 19 ਵਿਚੋਂ 16 ਉਮੀਦਵਾਰ, ਹਲਕਾ ਹੁਸ਼ਿਆਰਪੁਰ ਤੋਂ 8 ਵਿਚੋਂ 6 ਉਮੀਦਵਾਰ, ਹਲਕਾ ਅਨੰਦਪੁਰ ਸਾਹਿਬ ਤੋਂ 26 ਵਿਚੋਂ 24 ਉਮੀਦਵਾਰ, ਹਲਕਾ ਲੁਧਿਆਣਾ ਤੋਂ 22 ਵਿਚੋਂ 19 ਉਮੀਦਵਾਰ, ਹਲਕਾ ਫਤਹਿਗੜ੍ਹ ਸਾਹਿਬ ਤੋਂ 20 ਵਿਚੋਂ 18 ਉਮੀਦਵਾਰ, ਹਲਕਾ ਫਰੀਦਕੋਟ ਤੋਂ 20 ਵਿਚੋਂ 18 ਉਮੀਦਵਾਰ, ਹਲਕਾ ਫਿਰੋਜ਼ਪੁਰ ਤੋਂ 22 ਵਿਚੋਂ 20 ਉਮੀਦਵਾਰ, ਹਲਕਾ ਬਠਿੰਡਾ ਤੋਂ 27 ਵਿਚੋਂ 25 ਉਮੀਦਵਾਰ, ਹਲਕਾ ਸੰਗਰੂਰ ਤੋਂ 25 ਵਿਚੋਂ 22 ਉਮੀਦਵਾਰ ਅਤੇ ਹਲਕਾ ਪਟਿਆਲਾ ਤੋਂ 25 ਵਿਚੋਂ 23 ਉਮੀਦਵਾਰ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੇ।

# ਪੰਜਾਬੀਆਂ ਦਾ ਨੋਟਾ ਵੱਲ ਵਧਿਆ ਝੁਕਾਅ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ 1.04 ਫੀਸਦੀ ਵੋਟਰਾਂ ਨੇ ਸਾਰੇ ਉਮੀਦਵਾਰਾਂ ਨੂੰ ਰੱਦ ਕਰਦਿਆਂ ਨੋਟਾ ਦਾ ਬਟਨ ਦਬਾਇਆ ਹੈ। ਇਹ ਗਿਣਤੀ ਭਾਵੇਂ 2014 ਦੀਆਂ ਲੋਕ ਸਭਾ ਚੋਣਾਂ ਦੇ ਬਰਾਬਰ ਹੀ ਹੈ ਪਰ ਪੰਜਾਬ ਵਿਚ ਲੋਕਾਂ ਦੀ ਉਮੀਦਵਾਰਾਂ ਪ੍ਰਤੀ ਉਦਾਸੀਨਤਾ ਕਈ ਗੁਣਾ ਵਧੀ। ਪੰਜਾਬ ਵਿਚ ਵੋਟਰਾਂ ਨੇ 2014 ਦੀਆਂ ਲੋਕ ਸਭਾ ਚੋਣਾਂ ਨਾਲੋਂ ਲਗਭਗ ਢਾਈ ਗੁਣਾ ਵੱਧ ਨੋਟਾ ਦੇ ਬਟਨ ਨੂੰ ਦਬਾਇਆ ਹੈ। ਪਿਛਲੀਆਂ ਚੋਣਾਂ ਵਿਚ ਪੰਜਾਬ ਦੇ 58,754 ਅਤੇ ਇਨ੍ਹਾਂ ਚੋਣਾਂ ਵਿਚ 1,54,423 ਵੋਟਰਾਂ ਨੇ ਨੋਟਾ ਦੇ ਅਧਿਕਾਰ ਦੀ ਵਰਤੋਂ ਕੀਤੀ ਹੈ। ਇਹ ਕੁੱਲ ਵੋਟ ਦਾ ਕਰੀਬ 1.12 ਫੀਸਦੀ ਬਣਦਾ ਹੈ। ਇਹ ਗਿਣਤੀ ਚੋਣ ਮੈਦਾਨ ਵਿਚ ਉਤਰੀਆਂ ਕਈ ਪਾਰਟੀਆਂ ਨੂੰ ਮਿਲੀਆਂ ਵੋਟਾਂ ਤੋਂ ਵੀ ਵੱਧ ਹੈ। ਫਰੀਦਕੋਟ ਲੋਕ ਸਭਾ ਸੀਟ ਤੋਂ ਸਭ ਤੋਂ ਵੱਧ 19246 ਵੋਟਰਾਂ ਨੇ ਨੋਟਾ ਰਾਹੀਂ ਆਪਣੀ ਨਾਪਸੰਦਗੀ ਜ਼ਾਹਿਰ ਕੀਤੀ ਹੈ। ਆਸਾਮ ਅਤੇ ਬਿਹਾਰ ਅੰਦਰ ਨੋਟਾ ਦੀ ਵਰਤੋਂ 2 ਫੀਸਦੀ ਤੋਂ ਵੀ ਟੱਪ ਗਈ। ਸੁਪਰੀਮ ਕੋਰਟ ਨੇ 2013 ਵਿਚ ਵੋਟਰਾਂ ਨੂੰ ਨਾਪਸੰਦਗੀ ਦਾ ਅਧਿਕਾਰ ਦਿੰਦਿਆਂ ਚੋਣ ਕਮਿਸ਼ਨ ਨੂੰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਉਤੇ ਨੋਟਾ ਦਾ ਬਟਨ ਲਗਾਉਣ ਦਾ ਹੁਕਮ ਦਿੱਤਾ ਸੀ।

ਨੋਟਾ ਦਾ ਭਾਵ ਇਹ ਹੈ, ਜੋ ਵਿਅਕਤੀ ਵੋਟ ਸਿਆਸਤ ਵਿਚ ਯਕੀਨ ਰੱਖਦਾ ਹੈ ਪਰ ਉਸ ਨੂੰ ਕੋਈ ਉਮੀਦਵਾਰ ਪਸੰਦ ਨਹੀਂ, ਉਹ ਆਪਣੀ ਨਾਪਸੰਦਗੀ ਜ਼ਾਹਿਰ ਕਰ ਸਕਦਾ ਹੈ। ਪਹਿਲਾਂ ਇਹੋ ਜਿਹੇ ਲੋਕ ਵੋਟ ਪਾਉਣ ਨਹੀਂ ਸਨ ਜਾਂਦੇ। ਹੁਣ ਉਹ ਸਾਰੇ ਉਮੀਦਵਾਰਾਂ ਖਿਲਾਫ ਵੋਟ ਦੇ ਸਕਦੇ ਹਨ। ਪੰਜਾਬ ਦੀਆਂ ਕਈ ਜਥੇਬੰਦੀਆਂ ਨੇ ਇਸ ਵਾਰ ਨੋਟਾ ਦਬਾਉਣ ਦਾ ਐਲਾਨ ਕੀਤਾ ਸੀ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਨੇ ਬਠਿੰਡਾ ਸੀਟ ਤੋਂ ਕਿਸਾਨ-ਮਜ਼ਦੂਰ ਖੁਦਕੁਸ਼ੀ ਪੀੜਤ ਪਰਿਵਾਰ ਕਮੇਟੀ ਦੀ ਉਮੀਦਵਾਰ ਵੀਰਪਾਲ ਕੌਰ ਨੂੰ ਵੋਟ ਪਾਉਣ ਦੇ ਸੱਦੇ ਤੋਂ ਬਿਨਾਂ ਬਾਕੀ 12 ਸੀਟਾਂ ਉਤੇ ਨੋਟਾ ਦਬਾਉਣ ਦਾ ਫੈਸਲਾ ਕੀਤਾ ਸੀ। ਸੀ.ਪੀ.ਆਈ. (ਐਮ.ਐਲ.) ਨਿਊ ਡੈਮੋਕ੍ਰੇਸੀ ਨੇ ਕੁਝ ਸੀਟਾਂ ਉਤੇ ਆਪਣੇ ਉਮੀਦਵਾਰ ਉਤਾਰੇ ਪਰ ਦੂਸਰਿਆਂ ਉਤੇ ਨੋਟਾ ਦਬਾਉਣ ਦਾ ਐਲਾਨ ਕੀਤਾ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਵੀ ਅਜਿਹਾ ਸੱਦਾ ਦਿੱਤਾ।

ਨੋਟਾ ਨੂੰ ਪੈਣ ਵਾਲੀਆਂ ਵੋਟਾਂ ਨਾਲ ਨਤੀਜੇ ਉਤੇ ਕੋਈ ਅਸਰ ਨਹੀਂ ਪੈਂਦਾ। ਇਸੇ ਕਰਕੇ ਇਕ ਵੱਡਾ ਵਰਗ ਨੋਟਾ ਦੇ ਅਧਿਕਾਰ ਨੂੰ ਬੇਅਰਥ ਕਹਿੰਦਾ ਹੈ ਪਰ ਇਸ ਨੂੰ ਚੋਣ ਸੁਧਾਰਾਂ ਸਬੰਧੀ ਵਾਜਬ ਕਦਮ ਮੰਨਿਆ ਜਾ ਰਿਹਾ ਹੈ। ਭਾਰਤ ਵਿਚ ਇਹ ਅਧਿਕਾਰ ਨਾਪਸੰਦਗੀ ਤੱਕ ਸੀਮਤ ਹੈ, ਇਸ ਵਿਚ ਜੇਤੂ ਉਮੀਦਵਾਰ ਨੂੰ ਰੱਦ ਕਰਨ ਦਾ ਅਧਿਕਾਰ ਸ਼ਾਮਲ ਨਹੀਂ। ਜੇ ਇਹ ਅਧਿਕਾਰ ਮਿਲ ਜਾਵੇ ਤੇ ਨੋਟਾ ਦੀਆਂ ਵੋਟਾਂ ਦੀ ਗਿਣਤੀ ਜੇਤੂ ਉਮੀਦਵਾਰ ਨੂੰ ਮਿਲੀਆਂ ਵੋਟਾਂ ਤੋਂ ਜ਼ਿਆਦਾ ਹੋਵੇ ਤਾਂ ਚੋਣ ਰੱਦ ਕਰ ਦਿੱਤੀ ਜਾਵੇਗੀ।

# ਭਗਵੰਤ ਮਾਨ ਨੇ ਰੱਖਿਆ 'ਆਪ' ਦਾ ਮਾਣ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਵਿਚ ਇਕ ਸੀਟ ਤੋਂ ਚੋਣ ਜਿੱਤ ਸਕੀ ਹੈ ਅਤੇ 12 ਸੀਟਾਂ ਹਾਰਨ ਦੇ ਬਾਵਜੂਦ ਉਹ ਬੁਲੰਦੀਆਂ ਉਤੇ ਹੈ। ਪਾਰਟੀ ਦੇ ਕੁਲ 13 ਉਮੀਦਵਾਰਾਂ ਨੂੰ 10,15,332 ਵੋਟਾਂ ਹੀ ਮਿਲੀਆਂ ਹਨ ਅਤੇ ਇਨ੍ਹਾਂ ਵਿਚੋਂ ਵੀ 4,14,464 ਵੋਟਾਂ ਇਕੱਲੇ ਭਗਵੰਤ ਮਾਨ ਦੀਆਂ ਹਨ ਜਦਕਿ ਬਾਕੀ 12 ਉਮੀਦਵਾਰਾਂ ਨੂੰ ਸਿਰਫ 6,00,868 ਵੋਟਾਂ ਹੀ ਮਿਲੀਆਂ।

ਮਾਨ ਤੋਂ ਇਲਾਵਾ ਬਠਿੰਡਾ ਤੋਂ ਚੋਣ ਲੜੀ ਤਲਵੰਡੀ ਸਾਬੋ ਦੀ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਨੇ 1,34,398 ਵੋਟਾਂ ਹਾਸਲ ਕਰਕੇ ਹੋਰ ਸਾਰੇ ਉਮੀਦਵਾਰਾਂ ਤੋਂ ਬਿਹਤਰ ਕਾਰਗੁਜ਼ਾਰੀ ਦਿਖਾਈ ਹੈ। ਉਨ੍ਹਾਂ ਇਸੇ ਹਲਕੇ ਤੋਂ ਖੜ੍ਹੇ ਪਾਰਟੀ ਦੇ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੋਂ 96,199 ਵੱਧ ਵੋਟਾਂ ਲੈ ਕੇ ਸਾਫ ਕਰ ਦਿੱਤਾ ਹੈ ਕਿ ਸ੍ਰੀ ਖਹਿਰਾ ਨੂੰ ਝਾੜੂ ਦੀ ਓਟ ਛੱਡਣੀ ਮਹਿੰਗੀ ਪਈ ਹੈ। ਸ੍ਰੀ ਖਹਿਰਾ ਨੇ ਲੰਮੇ ਸਮੇਂ ਤੋਂ ਬਠਿੰਡਾ ਡੇਰਾ ਲਾਉਣ ਅਤੇ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਦਾ ਸਮਰਥਨ ਹਾਸਲ ਹੋਣ ਦੇ ਬਾਵਜੂਦ ਮਹਿਜ਼ 38,199 ਵੋਟਾਂ ਹੀ ਹਾਸਲ ਕੀਤੀਆਂ। ਉਹ ਆਪਣੀ ਪੰਜਾਬ ਏਕਤਾ ਪਾਰਟੀ ਵੱਲੋਂ ਸ੍ਰੀ ਬਠਿੰਡਾ ਤੋਂ ਚੋਣ ਲੜੇ ਸਨ ਅਤੇ ਉਨ੍ਹਾਂ ਨੂੰ ਇਸ ਗੱਠਜੋੜ ਵਿਚ ਸ਼ਾਮਲ ਬਹੁਜਨ ਸਮਾਜ ਪਾਰਟੀ (ਬਸਪਾ), ਸੀ.ਪੀ.ਆਈ., ਲੋਕ ਇਨਸਾਫ ਪਾਰਟੀ, ਨਵਾਂ ਪੰਜਾਬ ਪਾਰਟੀ ਅਤੇ ਪਾਸਲਾ ਧੜੇ ਦੀ ਹਮਾਇਤ ਹਾਸਲ ਸੀ। ਇਸੇ ਤਰ੍ਹਾਂ ਹਲਕਾ ਸੰਗਰੂਰ ਤੋਂ ਭਗਵੰਤ ਮਾਨ ਨੇ 4,14,461 ਵੋਟਾਂ ਹਾਸਲ ਕੀਤੀਆਂ ਅਤੇ ਉਹ ਕਾਂਗਰਸ ਉਮੀਦਵਾਰ ਕੇਵਲ ਢਿੱਲੋਂ ਤੋਂ 1,11,111 ਵੋਟਾਂ ਦੇ ਫਰਕ ਨਾਲ ਜੇਤੂ ਰਹੇ। ਪਾਰਟੀ ਤੋਂ ਬਾਗੀ ਹੋ ਕੇ ਚੋਣ ਲੜੇ ਗਾਇਕ ਜੱਸੀ ਜਸਰਾਜ ਨੂੰ ਮਹਿਜ਼ 20,087 ਵੋਟਾਂ ਹੀ ਮਿਲੀਆਂ।

ਜ਼ਿਕਰਯੋਗ ਹੈ ਕਿ ਜਸਰਾਜ ਲੋਕ ਇਨਸਾਫ ਪਾਰਟੀ ਦੀ ਟਿਕਟ ਤੋਂ ਸੰਗਰੂਰ ਤੋਂ ਚੋਣ ਲੜੇ ਸਨ ਅਤੇ ਉਨ੍ਹਾਂ ਨੂੰ ਪੀ.ਡੀ.ਏ. ਦੀ ਹਮਾਇਤ ਪ੍ਰਾਪਤ ਸੀ। 'ਆਪ' ਦੇ ਪ੍ਰੋਫੈਸਰ ਸਾਧੂ ਸਿੰਘ ਮੁੜ ਫਰੀਦਕੋਟ ਹਲਕੇ ਤੋਂ ਚੋਣ ਲੜੇ ਸਨ ਅਤੇ ਉਨ੍ਹਾਂ ਨੂੰ 1,14,610 ਵੋਟਾਂ ਮਿਲੀਆਂ। ਦੂਸਰੇ ਪਾਸੇ ਪਾਰਟੀ ਤੋਂ ਬਾਗੀ ਹੋ ਕੇ ਇਥੋਂ ਚੋਣ ਲੜਨ ਵਾਲੇ ਵਿਧਾਇਕ ਮਾਸਟਰ ਬਲਦੇਵ ਸਿੰਘ ਨੂੰ ਕੇਵਲ 43,794 ਵੋਟਾਂ ਮਿਲੀਆਂ ਜੋ ਸਾਧੂ ਸਿੰਘ ਨੂੰ ਮਿਲੀਆਂ ਵੋਟਾਂ ਤੋਂ 70,816 ਘੱਟ ਹਨ। ਮਾਸਟਰ ਬਲਦੇਵ ਸਿੰਘ ਸ੍ਰੀ ਖਹਿਰਾ ਦੀ ਪੰਜਾਬ ਏਕਤਾ ਪਾਰਟੀ ਦੀ ਟਿਕਟ 'ਤੇ ਚੋਣ ਲੜੇ ਸਨ ਅਤੇ ਉਨ੍ਹਾਂ ਨੂੰ ਪੀ.ਡੀ.ਏ. ਦੀ ਹਮਾਇਤ ਪ੍ਰਾਪਤ ਸੀ ਪਰ ਉਹ ਵੀ ਪਾਰਟੀ ਦੇ ਅਧਿਕਾਰਤ ਉਮੀਦਵਾਰ ਦੇ ਨੇੜੇ-ਤੇੜੇ ਨਹੀਂ ਰਹੇ। ਇਸ ਤੋਂ ਸੰਕੇਤ ਮਿਲੇ ਹਨ ਕਿ 'ਆਪ' ਨੂੰ ਛੱਡ ਕੇ ਹੋਰ ਸਿਆਸੀ ਟਹਿਣਿਆਂ ਉਤੇ ਬੈਠੇ ਆਗੂਆਂ ਨੂੰ ਲੋਕਾਂ ਨੇ ਪ੍ਰਵਾਨ ਨਹੀਂ ਕੀਤਾ ਅਤੇ ਪਾਰਟੀ ਦੇ ਵਾਲੰਟੀਅਰ ਅੱਜ ਵੀ 'ਆਪ' ਨਾਲ ਜੁੜੇ ਹਨ। ਪਟਿਆਲਾ ਤੋਂ 'ਆਪ' ਦੀ ਉਮੀਦਵਾਰ ਨੀਨਾ ਮਿੱਤਲ ਨੂੰ 56,877 ਵੋਟਾਂ ਮਿਲੀਆਂ ਜਦਕਿ 'ਆਪ' ਨੂੰ ਛੱਡ ਕੇ ਇਥੋਂ ਮੁੜ ਚੋਣ ਲੜਨ ਵਾਲੇ ਡਾਕਟਰ ਧਰਮਵੀਰ ਗਾਂਧੀ ਨੂੰ 1,61,645 ਵੋਟਾਂ ਮਿਲੀਆਂ ਹਨ। ਪਟਿਆਲਾ ਵਿਚ ਹਲਕਾ ਬਠਿੰਡਾ ਤੋਂ ਉਲਟ ਪਾਰਟੀ ਦੇ ਬਾਗੀ ਉਮੀਦਵਾਰ ਨੂੰ ਅਧਿਕਾਰਤ ਉਮੀਦਵਾਰ ਤੋਂ ਵੀ 1,04,768 ਵੱਧ ਵੋਟਾਂ ਮਿਲੀਆਂ ਹਨ। 'ਆਪ' ਦੇ ਅੰਮ੍ਰਿਤਸਰ ਤੋਂ ਉਮੀਦਵਾਰ ਕੁਲਦੀਪ ਧਾਲੀਵਾਲ ਨੂੰ 20,087 ਵੋਟਾਂ, ਜਲੰਧਰ ਦੇ ਉਮੀਦਵਾਰ ਜਸਟਿਸ ਜ਼ੋਰਾ ਸਿੰਘ ਨੂੰ 25,467, ਆਨੰਦਪੁਰ ਸਾਹਿਬ ਦੇ ਨਰਿੰਦਰ ਕੰਗ ਨੂੰ 53,052, ਖਡੂਰ ਸਾਹਿਬ ਦੇ ਉਮੀਦਵਾਰ ਮਨਜਿੰਦਰ ਸੰਧੂ ਨੂੰ 13,656, ਫਤਿਹਗੜ੍ਹ ਸਾਹਿਬ ਦੇ ਉਮੀਦਵਾਰ ਬਨਦੀਪ ਸਿੰਘ ਦੂਲੋ ਨੂੰ 62,881, ਫਿਰੋਜ਼ਪੁਰ ਦੇ ਹਰਜਿੰਦਰ ਸਿੰਘ ਕਾਕਾ ਨੂੰ 31,240, ਹੁਸ਼ਿਆਰਪੁਰ ਦੇ ਡਾ. ਰਵਜੋਤ ਨੂੰ 44,914 ਅਤੇ ਲੁਧਿਆਣਾ ਦੇ ਉਮੀਦਵਾਰ ਤੇਜਪਾਲ ਸਿੰਘ ਗਿੱਲ ਨੂੰ 15,945 ਵੋਟਾਂ ਮਿਲੀਆਂ ਹਨ।

## ਬਠਿੰਡਾ ਹਲਕੇ ਵਿਚ 'ਆਪ' ਨੂੰ ਪਈ ਵੱਡੀ ਮਾਰ

**ਬਠਿੰਡਾ:** ਬਠਿੰਡਾ ਹਲਕੇ 'ਚ 'ਆਪ' ਦੇ ਵੋਟ ਬੈਂਕ ਨੂੰ ਵੱਡਾ ਘਾਟਾ ਨਹੀਂ ਪਿਆ ਜਦੋਂਕਿ ਪੰਜਾਬ ਏਕਤਾ ਪਾਰਟੀ ਦੇ 'ਆਪ' ਪ੍ਰਤੀ ਬਗਾਵਤੀ ਸੁਰਾਂ ਨੂੰ ਵੋਟਰਾਂ ਨੇ ਚੋਗਾ ਨਹੀਂ ਪਾਇਆ। ਆਮ ਲੋਕਾਂ ਅਤੇ ਪੇਂਡੂ ਨੌਜਵਾਨਾਂ ਦੇ ਮਨਾਂ ਚੋਂ 'ਝਾੜੂ' ਮਨਫੀ ਨਹੀਂ ਹੋਇਆ। ਬਠਿੰਡਾ ਤੋਂ 'ਆਪ' ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਦਾ ਚੋਣ ਪ੍ਰਚਾਰ ਬੇਹੱਦ ਢਿੱਲਾ ਰਿਹਾ ਤੇ ਸਿਰਫ ਅਰਵਿੰਦ ਕੇਜਰੀਵਾਲ ਦਾ ਰੋਡ ਸ਼ੋਅ ਹੀ 'ਆਪ' ਨੂੰ ਹੁਲਾਰਾ ਦੇਣ ਵਾਲਾ ਸੀ। ਬਠਿੰਡਾ ਹਲਕੇ ਤੋਂ 'ਆਪ' ਨੂੰ 1,34,398 ਵੋਟ ਮਿਲੇ ਹਨ ਜਦੋਂਕਿ ਸੁਖਪਾਲ ਸਿੰਘ ਖਹਿਰਾ ਨੂੰ 38,199 ਵੋਟਾਂ ਮਿਲੀਆਂ।

ਸੰਸਦੀ ਹਲਕੇ ਵਿਚੋਂ ਸਭ ਤੋਂ ਵੱਧ 'ਆਪ' ਨੂੰ ਹੁੰਗਾਰਾ ਮਾਨਸਾ ਅਸੈਂਬਲੀ ਹਲਕੇ 'ਚੋਂ ਮਿਲਿਆ ਜਿਥੋਂ 'ਆਪ' ਨੂੰ 27,368 ਵੋਟਾਂ ਮਿਲੀਆਂ। ਦੂਜਾ ਹਲਕਾ ਬੁਢਲਾਡਾ ਹੈ ਜਿਥੋਂ 'ਆਪ' ਨੂੰ 24,272 ਵੋਟਾਂ ਮਿਲੀਆਂ। ਤੀਜਾ ਹੁੰਗਾਰਾ ਹਲਕਾ ਮੌੜ ਨੇ ਦਿੱਤਾ ਹੈ ਜਿਥੋਂ 'ਆਪ' ਨੂੰ 16,685 ਵੋਟਾਂ ਪ੍ਰਾਪਤ ਹੋਈਆਂ ਹਨ। ਇਸੇ ਤਰ੍ਹਾਂ ਭੁੱਚੋ ਹਲਕੇ 'ਚੋਂ 'ਆਪ' ਨੂੰ 18,693 ਵੋਟਾਂ ਮਿਲੀਆਂ। ਸਰਦੂਲਗੜ੍ਹ ਹਲਕੇ 'ਚੋਂ 'ਆਪ' ਨੂੰ 16,762 ਵੋਟਾਂ ਮਿਲੀਆਂ।

# ਪੰਜਾਬ ਤੋਂ ਲੋਕ ਸਭਾ 'ਚ ਪੁੱਜੇ ਸਾਰੇ ਮੈਂਬਰ ਕਰੋੜਪਤੀ

**ਚੰਡੀਗੜ੍ਹ:** ਪੰਜਾਬ ਵਿਚੋਂ 17ਵੀਂ ਲੋਕ ਸਭਾ ਲਈ ਚੁਣੇ ਗਏ 13 ਮੈਂਬਰਾਂ ਦੀ ਔਸਤ ਜਾਇਦਾਦ 32.5 ਕਰੋੜ ਰੁਪਏ ਪ੍ਰਤੀ ਮੈਂਬਰ ਬਣਦੀ ਹੈ। ਇਸ ਤੋਂ ਜਾਪਦਾ ਹੈ ਕਿ ਸਿਆਸਤ ਅਮੀਰਾਂ ਦੀ ਖੇਡ ਬਣ ਕੇ ਰਹਿ ਗਈ ਹੈ। ਇਸ ਤੋਂ ਪਹਿਲਾਂ ਸੂਬੇ ਵਿਚ ਅਮੀਰ ਤੇ ਗਰੀਬ ਵਿਚਕਾਰ ਇਸ ਤਰ੍ਹਾਂ ਦਾ ਵੱਡਾ ਪਾੜਾ ਸਾਹਮਣੇ ਨਹੀਂ ਸੀ ਆਇਆ।

ਚੋਣ ਕਮਿਸ਼ਨ ਦੇ ਕੋਲ ਨਾਮਜ਼ਦਗੀ ਭਰਨ ਸਮੇਂ 13 ਜੇਤੂ ਉਮੀਦਵਾਰਾਂ ਵੱਲੋਂ ਐਲਾਨੀ ਜਾਇਦਾਦ ਅਨੁਸਾਰ ਹੁਸ਼ਿਆਰਪੁਰ ਰਾਖਵੇਂ ਹਲਕੇ ਤੋਂ ਜਿੱਤੇ ਭਾਜਪਾ ਦੇ ਉਮੀਦਵਾਰ ਸੋਮ ਪ੍ਰਕਾਸ਼ ਸਭ ਤੋਂ ਗਰੀਬ ਹਨ। ਉਨ੍ਹਾਂ ਦੇ ਕੋਲ 2.94 ਕਰੋੜ ਰੁਪਏ ਦੀ ਜਾਇਦਾਦ ਹੈ। ਉਹ ਸਾਬਕਾ ਆਈ.ਏ.ਐਸ. ਅਧਿਕਾਰੀ ਹਨ ਅਤੇ ਦੋ ਵਾਰ ਫਗਵਾੜਾ ਤੋਂ ਵਿਧਾਇਕ ਬਣ ਚੁੱਕੇ ਹਨ। ਪੰਜਾਬ ਵਿਚੋਂ ਸਭ ਤੋਂ ਅਮੀਰ ਦੋ ਸੰਸਦ ਮੈਂਬਰਾਂ ਵਿਚ ਸੁਖਬੀਰ ਬਾਦਲ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਸ਼ੁਮਾਰ ਹਨ। ਇਨ੍ਹਾਂ ਦੋਵਾਂ ਨੇ ਆਪਣੇ ਚੋਣ ਘੋਸ਼ਣਾ ਪੱਤਰਾਂ ਵਿਚ ਦੋ-ਦੋ ਸੌ ਕਰੋੜ ਦੀ ਜਾਇਦਾਦ ਐਲਾਨੀ ਹੈ। ਇਨ੍ਹਾਂ ਤੋਂ ਬਾਅਦ ਸਨੀ ਦਿਓਲ ਦਾ ਨੰਬਰ ਆਉਂਦਾ ਹੈ, ਉਸ ਦੇ ਕੋਲ 87.19 ਕਰੋੜ ਰੁਪਏ ਦੀ ਜਾਇਦਾਦ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਕੋਲ 63.59 ਕਰੋੜ ਰੁਪਏ ਦੀ ਜਾਇਦਾਦ ਹੈ। ਕਾਂਗਰਸ ਦੇ ਮਨੀਸ਼ ਤਿਵਾੜੀ ਕੋਲ 15.43 ਕਰੋੜ ਰੁਪਏ ਦੀ ਜਾਇਦਾਦ ਹੈ। ਇਸ ਤਰ੍ਹਾਂ ਪੰਜਾਬ ਵਿਚ ਰਾਜਨੀਤੀ ਗਰੀਬਾਂ ਦੀ ਪਹੁੰਚ ਤੋਂ ਦੂਰ ਹੋ ਗਈ ਜਾਪਦੀ ਹੈ।

ਪਿਛਲੀ ਲੋਕ ਸਭਾ ਵਿਚ ਪੰਜਾਬ ਦੇ ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 18.23 ਕਰੋੜ ਰੁਪਏ ਸੀ। ਉਦੋਂ ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਚਾਰ ਲੋਕ ਸਭਾ ਮੈਂਬਰ ਚੁਣੇ ਗਏ ਸਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪ ਨੇ ਅਮੀਰਾਂ ਨੂੰ ਟਿਕਟਾਂ ਦੇਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਬਹੁਤੇ ਉਮੀਦਵਾਰਾਂ ਦੀ ਆਰਥਿਕ ਹਾਲਤ ਠੀਕ-ਠਾਕ ਹੀ ਸੀ ਅਤੇ ਇਨ੍ਹਾਂ ਵਿਚੋਂ ਕਈ ਵਿਧਾਨ ਸਭਾ ਵਿਚ ਵੀ ਪੁੱਜ ਗਏ ਸਨ। ਇਸ ਵਾਰ 13 ਲੋਕ ਸਭਾ ਸੀਟਾਂ ਲਈ ਕੁੱਲ 278 ਉਮੀਦਵਾਰ ਸਨ ਅਤੇ ਇਨ੍ਹਾਂ ਵਿਚੋਂ 67 ਕਰੋੜਪਤੀ ਸਨ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਨਜੀਤ ਸਿੰਘ ਜੀ. ਕੇ. ਦੀ ਅਕਾਲੀ ਦਲ 'ਚੋਂ ਛੁੱਟੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਵਿਚੋਂ ਅਸਤੀਫਾ ਦੇ ਚੁੱਕੇ ਮਨਜੀਤ ਸਿੰਘ ਜੀ. ਕੇ. ਨੂੰ ਪਾਰਟੀ ਹਾਈ ਕਮਾਨ ਨੇ ਪਾਰਟੀ ਵਿਰੋਧੀ ਸਰਗਰਮੀਆਂ ਦਾ ਹਵਾਲਾ ਦੇ ਕੇ ਅਕਾਲੀ ਦਲ ਵਿਚੋਂ ਬਾਹਰ ਦਾ ਰਾਹ ਵਿਖਾ ਦਿੱਤਾ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਦਿੱਲੀ ਕਮੇਟੀ ਦੇ 35 ਮੈਂਬਰਾਂ ਨੇ ਲਿਖ ਕੇ ਦਿੱਤਾ ਸੀ ਕਿ ਕਮੇਟੀ ਦੀ ਗੋਲਕ ਦੀ ਬਰਬਾਦੀ ਦੇ ਲੱਗ ਰਹੇ ਦੋਸ਼ਾਂ ਕਾਰਨ ਮੈਂਬਰਾਂ ਨੂੰ ਦਿੱਲੀ ਦੀ ਸੰਗਤ ਅੱਗੇ ਜਵਾਬ ਦੇਣਾ ਮੁਸ਼ਕਲ ਹੋ ਗਿਆ ਹੈ। ਇਸ ਲਈ ਸਾਬਕਾ ਪ੍ਰਧਾਨ ਨੂੰ ਦਲ ਵਿਚੋਂ ਬਾਹਰ ਕੀਤਾ ਜਾਵੇ। ਮਨਜੀਤ ਸਿੰਘ ਜੀ. ਕੇ. ਨੇ ਪਿਛਲੇ ਸਾਲ 7 ਦਸੰਬਰ ਨੂੰ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ।

ਜੀ. ਕੇ. ਨੇ ਕਿਹਾ ਕਿ ਉਹ ਪਾਰਟੀ ਹਾਈਕਮਾਂਡ ਦੀ 'ਬਲੈਕਮੇਲਿੰਗ' ਦਾ ਜਵਾਬ ਦੇਣ ਦੀ ਥਾਂ ਸੰਗਤ ਦੀ ਕਚਹਿਰੀ 'ਚ ਜਵਾਬ ਦੇਣਾ ਜ਼ਿਆਦਾ ਬਿਹਤਰ ਸਮਝਦੇ ਹਨ। ਉਨ੍ਹਾਂ ਤੋਂ ਅਸਤੀਫਾ ਲਿਆ ਨਹੀਂ ਗਿਆ ਸੀ, ਸਗੋਂ ਉਨ੍ਹਾਂ ਦੋਸ਼ ਲੱਗਣ ਮਗਰੋਂ ਖੁਦ ਅਸਤੀਫਾ ਸੌਂਪਿਆ ਸੀ। ਉਨ੍ਹਾਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਪ੍ਰਚਾਰ ਮੌਕੇ ਵੀ ਡੇਰਾ ਸਿਰਸਾ ਨੂੰ ਮੁਆਫੀ,



ਅਕਾਲੀ ਉਮੀਦਵਾਰਾਂ ਦਾ ਡੇਰੇ ਉਤੇ ਵੋਟ ਮੰਗਣ ਜਾਣਾ, ਬਰਗਾੜੀ 'ਚ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਆਦਿ ਲਈ ਪਾਰਟੀ ਨੀਤੀਆਂ 'ਤੇ ਉਜਰ ਜਤਾਇਆ ਸੀ। ਹੁਣ ਲੋਕ ਸਭਾ ਚੋਣਾਂ ਵਿਚ ਨਮੋਸ਼ੀਜਨਕ ਨਤੀਜਿਆਂ ਮਗਰੋਂ ਅਨੁਸ਼ਾਸਨ ਦਾ ਡੰਡਾ ਉਨ੍ਹਾਂ ਉਤੇ ਚਲਾਇਆ ਜਾ ਰਿਹਾ ਹੈ।

# ਚੋਣਾਂ ਲੰਘਦਿਆਂ ਹੀ ਕੈਪਟਨ ਦਾ ਬਿਜਲੀ ਖਪਤਕਾਰਾਂ ਨੂੰ ਝਟਕਾ

**ਚੰਡੀਗੜ੍ਹ:** ਚੋਣਾਂ ਲੰਘਦਿਆਂ ਹੀ ਪੰਜਾਬ ਸਰਕਾਰ ਨੇ ਬਿਜਲੀ ਖਪਤਕਾਰਾਂ ਨੂੰ ਝਟਕਾ ਦਿੱਤਾ ਹੈ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੀ.ਐਸ.ਈ.ਆਰ.ਸੀ.) ਨੇ ਸੂਬੇ ਵਿਚ ਚਾਲੂ ਮਾਲੀ ਸਾਲ ਲਈ ਨਵੀਆਂ ਬਿਜਲੀ ਦਰਾਂ ਦਾ ਐਲਾਨ ਕਰਦਿਆਂ ਲੋਕਾਂ 'ਤੇ 564.62 ਕਰੋੜ ਰੁਪਏ ਦਾ ਸਾਲਾਨਾ ਵਿੱਤੀ ਬੋਝ ਪਾ ਦਿੱਤਾ ਹੈ।

ਕਮਿਸ਼ਨ ਨੇ ਸੰਸਦੀ ਚੋਣਾਂ ਦਾ ਅਮਲ ਖ਼ਤਮ ਹੁੰਦਿਆਂ ਹੀ ਬਿਜਲੀ ਦਰਾਂ 'ਚ ਵਾਧੇ ਨੂੰ ਹਰੀ ਝੰਡੀ ਦੇ ਦਿੱਤੀ ਹੈ। ਕਮਿਸ਼ਨ ਵੱਲੋਂ ਐਲਾਨੀਆਂ ਗਈਆਂ ਨਵੀਆਂ ਦਰਾਂ ਮੁਤਾਬਕ ਹਰ ਤਰ੍ਹਾਂ ਦੇ ਖਪਤਕਾਰਾਂ (ਘਰੇਲੂ, ਵਪਾਰਕ, ਉਦਯੋਗਿਕ ਤੇ ਆਰਜ਼ੀ) 'ਤੇ 2.14 ਫੀਸਦੀ ਦਾ ਵਾਧਾ ਪਹਿਲੀ ਜੂਨ ਤੋਂ ਲਾਗੂ ਹੋਵੇਗਾ।

ਪਾਵਰਕੌਮ ਨੇ ਚਾਲੂ ਵਿੱਤੀ ਵਰ੍ਹੇ ਲਈ 32327.25 ਕਰੋੜ ਰੁਪਏ ਦਾ ਮਾਲੀਆ ਮੰਗਿਆ ਗਿਆ ਸੀ ਪਰ ਕਮਿਸ਼ਨ ਨੇ 564.62 ਕਰੋੜ ਹੀ ਮਨਜ਼ੂਰ ਕੀਤਾ ਹੈ। ਸਰਕਾਰ ਵੱਲੋਂ ਚਲੰਤ ਮਾਲੀ ਸਾਲ ਦੌਰਾਨ ਸਬਸਿਡੀ ਵਜੋਂ ਪਾਵਰਕੌਮ ਨੂੰ 9674.54 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾਣੀ ਹੈ। ਸਰਕਾਰ ਦੀ ਮਾਲੀ ਹਾਲਤ ਗੰਭੀਰ ਹੋਣ ਕਾਰਨ ਲੰਘੇ ਵਿੱਤੀ ਸਾਲ ਦੌਰਾਨ ਨਿਰਧਾਰਤ ਸਬਸਿਡੀ ਨਾਲੋਂ 5292.55 ਕਰੋੜ ਰੁਪਏ ਘੱਟ ਅਦਾ ਕੀਤੇ ਗਏ ਸਨ।

ਇਸ ਲਈ ਕਮਿਸ਼ਨ ਨੇ ਚਾਲੂ ਮਾਲੀ ਸਾਲ ਦੌਰਾਨ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ 14974.09 ਕਰੋੜ ਰੁਪਏ ਪਾਵਰਕੌਮ ਨੂੰ ਅਦਾ ਕੀਤੇ ਜਾਣ। ਖਪਤਕਾਰਾਂ ਦੇ ਸਾਰੇ ਵਰਗਾਂ ਲਈ ਬੱਝਵੇਂ ਖਰਚੇ (ਫਿਕਸਡ ਚਾਰਜਿਜ਼) 5 ਰੁਪਏ ਤੋਂ ਵਧਾ ਕੇ 10 ਰੁਪਏ ਕਰ ਦਿੱਤੇ ਹਨ। ਚਾਲੂ ਵਿੱਤੀ ਵਰ੍ਹੇ ਦੌਰਾਨ ਸਰਕਾਰ ਵੱਲੋਂ ਖੇਤੀ ਖੇਤਰ ਲਈ 6060.27 ਕਰੋੜ ਰੁਪਏ, ਦਲਿਤਾਂ ਨੂੰ 1416.80 ਕਰੋੜ ਰੁਪਏ, ਗੈਰ ਦਲਿਤ ਪਰ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ ਨੂੰ 88.31 ਕਰੋੜ ਰੁਪਏ, ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਨੂੰ 117.94 ਕਰੋੜ ਰੁਪਏ ਅਤੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ 84 ਲੱਖ ਰੁਪਏ ਦੀ ਸਬਸਿਡੀ ਦਿੱਤੀ ਜਾਣੀ ਹੈ।

# ਹਿਰਾਸਤੀ ਮੌਤ: ਪੰਜਾਬ ਪੁਲਿਸ ਮੁੜ ਸਵਾਲਾਂ ਦੇ ਘੇਰੇ ਵਿਚ

**ਫਰੀਦਕੋਟ:** ਹਿਰਾਸਤੀ ਮੌਤ ਮਾਮਲੇ ਵਿਚ ਪੁਲਿਸ ਮੁੜ ਸਵਾਲਾਂ ਦੇ ਘੇਰੇ ਵਿਚ ਹੈ। 18 ਮਈ ਦੀ ਰਾਤ ਨੂੰ ਪਿੰਡ ਰੱਤੀ ਰੋੜੀ ਦੇ ਗੁਰਦੁਆਰੇ ਵਿਚੋਂ ਹਿਰਾਸਤ ਵਿਚ ਲਏ ਨੌਜਵਾਨ ਦੀ 19 ਮਈ ਨੂੰ ਤੜਕੇ 4 ਵਜੇ ਸੀ.ਆਈ.ਏ. ਦੀ ਹਿਰਾਸਤ ਵਿਚ ਮੌਤ ਹੋ ਗਈ ਸੀ। ਸੀ.ਆਈ.ਏ. ਸਟਾਫ ਦੇ ਅਧਿਕਾਰੀਆਂ ਨੇ ਮਗਰੋਂ ਨੌਜਵਾਨ ਦੀ ਲਾਸ਼ ਰਾਜਸਥਾਨ ਫੀਡਰ ਵਿਚ ਸੁੱਟ ਦਿੱਤੀ ਸੀ। ਇਸੇ ਦੌਰਾਨ ਇਸ ਮਸਲੇ ਦੀ ਜਾਂਚ ਲਈ ਆਈ.ਜੀ. ਮੁਖਵਿੰਦਰ ਸਿੰਘ ਛੀਨਾ ਦੀ ਅਗਵਾਈ ਹੇਠ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਬਣਾ ਦਿੱਤੀ ਗਈ ਹੈ।

19 ਮਈ ਨੂੰ ਬਾਅਦ ਦੁਪਹਿਰ ਜਦੋਂ ਮ੍ਰਿਤਕ ਜਸਪਾਲ ਸਿੰਘ ਦੇ ਵਾਰਸਾਂ ਨੇ ਲਾਸ਼ ਲੈਣ ਲਈ ਪੁਲਿਸ ਦਫਤਰਾਂ ਦੇ ਗੇੜੇ ਕੱਢਣੇ ਸ਼ੁਰੂ ਕੀਤੇ ਤਾਂ ਪੁਲਿਸ ਅਧਿਕਾਰੀਆਂ ਨੇ ਇਸ ਬਾਰੇ ਅਹਿਮ ਮੀਟਿੰਗ ਸੱਦੀ। ਇਸ ਮੀਟਿੰਗ ਤੋਂ ਅੱਧੇ ਘੰਟੇ ਬਾਅਦ ਹੀ ਸੀ.ਆਈ.ਏ. ਸਟਾਫ ਦੇ ਇੰਚਾਰਜ ਨਰਿੰਦਰ ਸਿੰਘ ਨੇ ਆਪਣੇ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇੰਸਪੈਕਟਰ ਦੀ ਮੌਤ ਤੋਂ ਬਾਅਦ ਜਸਪਾਲ ਸਿੰਘ ਦੀ ਗੁੰਮਸ਼ੁਦਗੀ ਦਾ ਮਾਮਲਾ ਬੁਰੀ ਤਰ੍ਹਾਂ ਉਲਝ ਗਿਆ।

ਪੁਲਿਸ ਨੇ ਨਰਿੰਦਰ ਸਿੰਘ ਦੀ ਮੌਤ ਤੋਂ ਤੁਰਤ ਬਾਅਦ ਥਾਣਾ ਸਦਰ ਫਰੀਦਕੋਟ ਵਿਚ ਛੇ ਵਿਅਕਤੀਆਂ ਖਿਲਾਫ ਜਸਪਾਲ ਸਿੰਘ ਨੂੰ ਅਗਵਾ ਕਰਨ ਦੇ ਦੋਸ਼ਾਂ ਤਹਿਤ ਪਰਚਾ ਦਰਜ ਕਰ ਲਿਆ, ਪਰ ਜਦੋਂ ਇਸ ਮਾਮਲੇ ਵਿਚ ਨਾਮਜ਼ਦ ਦੋਸ਼ੀਆਂ ਨੇ ਧਰਨੇ 'ਤੇ ਬਹਿ ਕੇ ਸੱਚਾਈ ਸਾਹਮਣੇ ਲਿਆਉਣ ਲਈ ਕਿਹਾ ਤਾਂ ਪੁਲਿਸ ਨੇ ਦੱਸਿਆ ਕਿ ਜਸਪਾਲ ਸਿੰਘ ਨੇ ਸੀ.ਆਈ.ਏ. ਸਟਾਫ ਵਿਚ ਖੁਦਕੁਸ਼ੀ ਕਰ ਲਈ ਸੀ ਅਤੇ ਨਰਿੰਦਰ ਸਿੰਘ ਨੇ ਉਸ ਦੀ ਲਾਸ਼ ਨੂੰ ਖੁਰਦ ਬੁਰਦ ਕਰ ਦਿੱਤਾ।

ਪੁਲਿਸ ਨੇ ਮਰਹੂਮ ਨਰਿੰਦਰ ਸਿੰਘ ਦੇ ਨਾਲ-ਨਾਲ ਸੀ.ਆਈ.ਏ ਸਟਾਫ ਦੇ ਦੋ ਹੋਰ ਮੁਲਾਜ਼ਮਾਂ ਦਰਸ਼ਨ ਸਿੰਘ ਅਤੇ ਸੁਖਮੰਦਰ ਸਿੰਘ ਨੂੰ ਦੋਸ਼ੀ ਨਾਮਜ਼ਦ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਵੱਲੋਂ ਗ੍ਰਿਫਤਾਰ ਕੀਤੀ ਗਈ ਪਰਮਿੰਦਰ ਕੌਰ ਇਸ ਵੇਲੇ ਪੁਲਿਸ ਰਿਮਾਂਡ 'ਤੇ ਹੈ। ਸੂਤਰਾਂ ਅਨੁਸਾਰ ਪਰਮਿੰਦਰ ਕੌਰ ਦੀ ਲੜਕੀ ਨਾਲ ਜਸਪਾਲ ਸਿੰਘ ਦਾ ਵਿਆਹ ਹੋਣਾ ਸੀ। ਪਰਮਿੰਦਰ, ਕਪੂਰਥਲਾ ਵਿਚ ਚੰਗੀ ਜਾਇਦਾਦ ਦੀ ਮਾਲਕ ਹੈ ਅਤੇ ਉਸ ਨੇ ਕੁਝ ਸਮਾਂ ਪਹਿਲਾਂ ਹੀ ਰਣਬੀਰ ਸਿੰਘ ਨਾਮ ਦੇ ਵਿਅਕਤੀ ਨਾਲ ਦੂਜਾ ਵਿਆਹ ਕਰਵਾਇਆ ਸੀ। ਰਣਬੀਰ ਸਿੰਘ ਨੂੰ ਜਸਪਾਲ ਸਿੰਘ ਅਤੇ ਪਰਮਿੰਦਰ ਕੌਰ ਦੀ ਲੜਕੀ ਦੀ ਸ਼ਾਦੀ 'ਤੇ ਇਤਰਾਜ਼ ਸੀ। ਉਸ ਤੋਂ ਬਾਅਦ ਹੀ ਜਸਪਾਲ ਸਿੰਘ ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ ਅਤੇ ਉਪਰੋਕਤ ਕਾਂਡ ਵਾਪਰਿਆ।

# ਜਾਖੜ ਵੱਲੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫਾ

**ਨਵੀਂ ਦਿੱਲੀ:** ਪੰਜਾਬ ਦੇ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਚੋਣ ਹਾਰਨ ਮਗਰੋਂ ਸੁਨੀਲ ਜਾਖੜ ਨੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਉਨ੍ਹਾਂ ਆਪਣੀ ਹਾਰ ਤੇ ਪੰਜਾਬ ਵਿਚ ਪਾਰਟੀ ਦੇ ਚੰਗਾ ਪ੍ਰਦਰਸ਼ਨ ਨਾ ਕਰਨ ਦੀ ਜ਼ਿੰਮੇਵਾਰੀ ਲੈਂਦਿਆਂ ਆਪਣਾ ਅਸਤੀਫਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਭੇਜ ਦਿੱਤਾ।

ਸੁਨੀਲ ਜਾਖੜ ਨੇ ਕਿਹਾ ਕਿ ਉਹ ਆਪਣੀ ਸੀਟ ਵੀ ਨਾ ਬਚਾ ਸਕੇ ਇਸ ਲਈ ਉਨ੍ਹਾਂ ਅਸਤੀਫਾ ਦੇਣਾ ਬਿਹਤਰ ਸਮਝਿਆ ਹੈ। ਉਨ੍ਹਾਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਲਿਖਿਆ ਕਿ ਕੌਮੀ ਪ੍ਰਧਾਨ ਦੀ ਹਮਾਇਤ ਅਤੇ ਪਾਰਟੀ ਕਾਰਕੁਨਾਂ ਦੇ ਸਾਥ ਦੇ ਬਾਵਜੂਦ ਉਹ ਆਪਣੀ ਸੀਟ ਵੀ ਨਹੀਂ ਜਿੱਤ ਸਕੇ। ਇਸ ਲਈ ਉਨ੍ਹਾਂ ਨੂੰ ਪ੍ਰਧਾਨਗੀ ਦੇ ਅਹੁਦੇ ਉਪਰ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਅਸਤੀਫੇ ਦੀਆਂ ਕਾਪੀਆਂ ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਤੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਵੀ ਭੇਜ ਦਿੱਤੀਆਂ ਹਨ। ਸ੍ਰੀ ਜਾਖੜ ਦੇ ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਦਿੱਤੇ ਅਸਤੀਫੇ ਬਾਰੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ੍ਰੀ ਜਾਖੜ ਵੱਲੋਂ ਦਿੱਤਾ ਗਿਆ ਅਸਤੀਫਾ ਪੂਰੀ ਤਰ੍ਹਾਂ ਗੈਰ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇ ਸ੍ਰੀ ਜਾਖੜ ਨੇ ਇਸ ਮਾਮਲੇ 'ਤੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕੀਤਾ ਹੁੰਦਾ ਤਾਂ ਉਹ ਸਪੱਸ਼ਟ ਤੌਰ 'ਤੇ ਉਨ੍ਹਾਂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਨਾ ਦੇਣ ਦੀ ਸਲਾਹ ਦਿੰਦੇ।

# ਆਈ. ਜੀ. ਕੁੰਵਰ ਵਿਜੈ ਪ੍ਰਤਾਪ ਦੀ 'ਸਿੱਟ' ਵਿਚ ਵਾਪਸੀ

**(ਸਫਾ ਇਕ ਦੀ ਬਾਕੀ)**

ਪਾਸੇ ਸਿਵਲ ਤੇ ਪੁਲਿਸ ਅਧਿਕਾਰੀਆਂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਜਦੋਂ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਦੇ ਹੁਕਮ ਦਿੱਤੇ ਗਏ ਸਨ ਤਾਂ ਬੀ.ਓ.ਆਈ. ਅਤੇ ਓਥੂ ਵਿਚੋਂ ਹੀ ਤਬਦੀਲ ਕੀਤਾ ਗਿਆ ਸੀ ਜਦਕਿ ਐਸ.ਆਈ.ਟੀ. ਵਿਚੋਂ ਤਾਂ ਹਟਾਇਆ ਹੀ ਨਹੀਂ ਸੀ ਗਿਆ।

ਪੰਥਕ ਜਥੇਬੰਦੀਆਂ ਵਲੋਂ ਇਸ ਪੁਲਿਸ ਅਧਿਕਾਰੀ ਨੂੰ ਐਸ.ਆਈ.ਟੀ. ਵਿਚੋਂ ਤਬਦੀਲ ਕਰਨ ਦੇ ਮਾਮਲੇ 'ਤੇ ਵਿਵਾਦ ਖੜ੍ਹਾ ਕੀਤਾ ਗਿਆ ਸੀ ਤੇ ਚੋਣ ਕਮਿਸ਼ਨ ਦੇ ਨਵੀਂ ਦਿੱਲੀ ਦਫਤਰ ਤੱਕ ਵੀ ਪਹੁੰਚ ਕੀਤੀ ਗਈ ਸੀ। ਇਥੋਂ ਤੱਕ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਦਾ ਤਬਾਦਲਾ ਰੱਦ ਕਰਨ ਲਈ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਸੀ। ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਵੱਲੋਂ ਇਸ ਪੁਲਿਸ ਅਧਿਕਾਰੀ ਸਬੰਧੀ ਕੀਤੀਆਂ ਟਿੱਪਣੀਆਂ ਤੋਂ ਬਾਅਦ ਮੁੱਖ ਮੰਤਰੀ ਨੇ ਵੀ ਸਖ਼ਤ ਰੁਖ ਅਪਣਾਇਆ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਵਾਪਰੇ ਗੋਲੀ ਕਾਂਡ ਬੇਅਦਬੀ ਦੀਆਂ ਘਟਨਾਵਾਂ ਦੀ ਐਸ.ਆਈ.ਟੀ. ਜਾਂਚ ਨੂੰ ਅੱਗੇ ਵਧਾਉਣ ਲਈ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਮੁੜ ਤਾਇਨਾਤੀ ਕਰ ਦਿੱਤੀ ਹੈ। ਮੁੱਖ ਮੰਤਰੀ ਨੇ ਵਾਅਦਾ ਕੀਤਾ ਹੈ ਕਿ ਐਸ.ਆਈ.ਟੀ. ਦੀ ਜਾਂਚ ਵਿਚ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਭਾਰਤ ਅਤੇ ਪਾਕਿਸਤਾਨ ਦੀ ਮੀਟਿੰਗ ਬੇਸਿੱਟਾ

**ਬਟਾਲਾ:** ਕਰਤਾਰਪੁਰ ਸਾਹਿਬ ਲਾਂਘੇ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨੀ ਉਚ ਅਧਿਕਾਰੀਆਂ ਦੀ ਜ਼ੀਰੋ ਲਾਈਨ 'ਤੇ ਤਕਨੀਕੀ ਕਮੇਟੀ ਦੀ ਹੋਈ ਚੌਥੀ ਮੀਟਿੰਗ ਬੇਸਿੱਟਾ ਰਹੀ।

ਮੀਟਿੰਗ ਦੌਰਾਨ ਭਾਰਤ ਵੱਲੋਂ ਸੁਝਾਅ ਦਿੱਤਾ ਗਿਆ ਕਿ ਰਾਵੀ ਦਰਿਆ 'ਤੇ 800 ਮੀਟਰ ਦਾ ਪੁਲ ਬਣਾਇਆ ਜਾਣਾ ਚਾਹੀਦਾ ਹੈ ਜਦਕਿ ਪਾਕਿਸਤਾਨੀ ਵਫਦ ਨੇ ਮਾਨਸੂਨ ਦੇ ਦਿਨਾਂ ਵਿਚ ਹੜ੍ਹਾਂ ਦੇ ਖਤਰੇ ਦੇ ਮੱਦੇਨਜ਼ਰ ਕਾਜ਼ਵੇਅ (ਸੜਕ) ਬਣਾਏ ਜਾਣ ਦੀ ਗੱਲ ਕਹੀ।

# ਉਮਰਾਨੰਗਲ, ਚਰਨਜੀਤ ਸ਼ਰਮਾ ਤੇ ਮਨਤਾਰ ਵਿਰੁਧ ਚਲਾਨ ਪੇਸ਼

**(ਸਫਾ ਇਕ ਦੀ ਬਾਕੀ)**

ਜੇਲ੍ਹ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਕਿ 6 ਜੂਨ ਨੂੰ ਸਾਬਕਾ ਐਸ.ਐਸ.ਪੀ. ਸ਼ਰਮਾ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ।

ਦੱਸਣਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਤੋਂ ਬਾਅਦ ਸਿੱਖ ਸੰਗਤਾਂ ਨੇ ਕੋਟਕਪੂਰਾ ਚੌਕ ਵਿਚ ਸ਼ਾਂਤਮਈ ਰੋਸ ਧਰਨਾ ਦਿੱਤਾ ਸੀ। 13 ਅਕਤੂਬਰ 2015 ਦੀ ਰਾਤ ਨੂੰ ਪੁਲਿਸ ਨੇ ਧਰਨਾ ਦੇ ਰਹੇ ਲੋਕਾਂ ਉਪਰ ਲਾਠੀਚਾਰਜ ਕਰ ਦਿੱਤਾ ਸੀ ਜਿਸ ਵਿਚ ਸੌ ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਗਏ ਸਨ। ਪੰਜਾਬ ਸਰਕਾਰ ਨੇ ਅਗਸਤ 2018 ਵਿਚ ਇਸ ਮਾਮਲੇ ਦੀ ਪੜਤਾਲ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪ ਦਿੱਤੀ ਸੀ। ਵਿਸ਼ੇਸ਼ ਜਾਂਚ ਟੀਮ ਨੇ ਪੜਤਾਲ ਦੌਰਾਨ ਆਈ.ਜੀ. ਉਮਰਾਨੰਗਲ ਨੂੰ ਇਸ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਸੀ ਅਤੇ ਚਰਨਜੀਤ ਸ਼ਰਮਾ, ਸਾਬਕਾ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਨੂੰ ਇਸ ਮਾਮਲੇ ਵਿਚ ਦੋਸ਼ੀ ਨਾਮਜ਼ਦ ਕਰ ਲਿਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਵੱਡੇ ਕਾਂਗਰਸੀ ਆਗੂਆਂ ਦੀ ਕਾਰਗੁਜ਼ਾਰੀ 'ਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ ਸੰਸਦੀ ਚੋਣਾਂ ਦੇ ਨਤੀਜਿਆਂ 'ਚ ਵਿਧਾਨ ਸਭਾ ਹਲਕਾ ਵਾਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਲਈ ਵੋਟਰਾਂ ਨੇ ਭਵਿੱਖ ਲਈ ਆਸ ਦੀ ਕਿਰਨ ਜਗਾਈ ਹੈ ਜਦੋਂ ਕਿ ਆਮ ਆਦਮੀ ਪਾਰਟੀ ਲਈ ਪੂਰੀ ਤਰ੍ਹਾਂ ਚਿੰਤਾ ਤੇ ਚਿੰਤਨ ਦਾ ਸਮਾਂ ਆ ਗਿਆ ਹੈ।

ਚੋਣ ਨਤੀਜਿਆਂ ਦਾ ਵਿਸ਼ਲੇਸ਼ਣ ਕਰਦਿਆਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਕਾਂਗਰਸ ਵੱਲੋਂ ਸੰਸਦੀ ਚੋਣਾਂ 'ਚ ਉਤਾਰੇ ਉਮੀਦਵਾਰਾਂ ਨੇ 69 ਵਿਧਾਨ ਸਭਾ ਹਲਕਿਆਂ 'ਤੇ ਵਿਰੋਧੀਆਂ ਨੂੰ ਪਛਾੜਿਆ, ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੇ 29 ਹਲਕਿਆਂ ਤੋਂ ਵਿਰੋਧੀਆਂ ਤੋਂ ਵੱਧ ਵੋਟਾਂ ਲਈਆਂ, ਭਾਜਪਾ ਦੇ ਉਮੀਦਵਾਰਾਂ ਨੇ 12 ਵਿਧਾਨ ਸਭਾ ਹਲਕਿਆਂ ਤੋਂ ਕਾਂਗਰਸ ਦੇ ਉਮੀਦਵਾਰਾਂ ਨੂੰ ਪਛਾੜਿਆ, ਆਮ ਆਦਮੀ ਪਾਰਟੀ ਦੇ ਇਕੋ ਇਕ ਜੇਤੂ ਰਹੇ ਉਮੀਦਵਾਰ ਭਗਵੰਤ ਮਾਨ ਨੇ ਸਿਰਫ ਸੰਗਰੂਰ ਸੰਸਦੀ ਹਲਕੇ ਦੇ 7 ਵਿਧਾਨ ਸਭਾ ਹਲਕਿਆਂ ਤੋਂ ਕਾਂਗਰਸ ਤੇ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਮਾਤ ਦਿੱਤੀ। ਲੋਕ ਇਨਸਾਫ ਪਾਰਟੀ ਦੇ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਨੇ ਲੁਧਿਆਣਾ ਸੰਸਦੀ ਹਲਕੇ ਦੇ 4 ਹਲਕਿਆਂ



ਤੋਂ ਆਪਣੇ ਵਿਰੋਧੀਆਂ ਨਾਲੋਂ ਵਧੇਰੇ ਵੋਟਾਂ ਲਈਆਂ।

ਇਨ੍ਹਾਂ ਚੋਣਾਂ ਦਾ ਵਿਲੱਖਣ ਪਹਿਲੂ ਇਹ ਰਿਹਾ ਕਿ ਬਹੁਜਨ ਸਮਾਜ ਪਾਰਟੀ ਦੇ ਜਲੰਧਰ ਤੋਂ ਉਮੀਦਵਾਰ ਨੇ ਆਦਮਪੁਰ ਅਤੇ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਨੇ ਬੰਗਾ ਹਲਕੇ ਤੋਂ ਅਕਾਲੀ ਦਲ ਅਤੇ ਕਾਂਗਰਸ ਦੋਹਾਂ ਪਾਰਟੀਆਂ ਦੇ ਉਮੀਦਵਾਰਾਂ ਤੋਂ ਜ਼ਿਆਦਾ ਵੋਟ ਹਾਸਲ ਕੀਤੀ। ਇਸ ਤਰ੍ਹਾਂ ਬਸਪਾ ਨੂੰ ਦੋ ਹਲਕਿਆਂ ਤੋਂ ਲੀਡ ਮਿਲੀ। ਕਾਂਗਰਸ ਲਈ ਵੀ ਇਹ ਮੰਥਨ ਦਾ ਸਮਾਂ ਹੈ ਕਿ ਇਨ੍ਹਾਂ ਚੋਣਾਂ 'ਚ ਬਹੁ ਗਿਣਤੀ ਵਿਧਾਇਕ ਤੇ ਮੰਤਰੀ ਆਪੋ ਆਪਣੇ ਹਲਕਿਆਂ 'ਚੋਂ ਕਾਂਗਰਸ ਦੇ ਉਮੀਦਵਾਰਾਂ ਨੂੰ ਵਧੇਰੇ ਵੋਟਾਂ ਦਿਵਾਉਣ ਵਿਚ ਕਾਮਯਾਬ ਨਹੀਂ ਹੋਏ। ਹਾਲਾਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਸਦੀ ਚੋਣਾਂ ਦੌਰਾਨ ਮਾੜੀ ਕਾਰਗੁਜ਼ਾਰੀ ਦਿਖਾਉਣ ਵਾਲੇ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਚਿਤਾਵਨੀ ਵੀ ਦਿੱਤੀ ਸੀ।

ਪੰਜਾਬ ਵਿਧਾਨ ਸਭਾ ਵਿਚ ਇਸ ਸਮੇਂ ਜੇਕਰ ਵਿਧਾਇਕਾਂ ਦੀ ਸਥਿਤੀ ਦੇਖੀ ਜਾਵੇ ਤਾਂ ਕਾਂਗਰਸ ਦੇ 78 ਵਿਧਾਇਕ ਹਨ ਤੇ ਕਾਂਗਰਸ ਦੇ ਉਮੀਦਵਾਰਾਂ ਨੂੰ 69 ਹਲਕਿਆਂ 'ਤੇ ਲੀਡ ਮਿਲੀ ਹੈ। ਇਸ ਤਰ੍ਹਾਂ ਨਾਲ ਕਿਹਾ ਜਾ ਸਕਦਾ ਹੈ ਕਿ ਕਾਂਗਰਸ ਦੀ ਵੋਟਰਾਂ ਉਤੇ ਪਕੜ ਢਿੱਲੀ ਪੈ ਰਹੀ ਹੈ। ਪੰਜਾਬ ਦੇ ਕਈ ਮੰਤਰੀਆਂ ਖਾਸ ਕਰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਟਰਾਂਸਪੋਰਟ ਮੰਤਰੀ ਅਰੁਣਾ ਚੌਧਰੀ, ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ, ਵਿਜੈਇੰਦਰ ਸਿੰਗਲਾ, ਸੁੰਦਰ ਸ਼ਾਮ ਅਰੋੜਾ ਦੇ ਵਿਧਾਨ ਸਭਾ ਹਲਕਿਆਂ ਵਿਚੋਂ ਕਾਂਗਰਸ ਦੇ ਉਮੀਦਵਾਰ ਆਪਣੇ ਵਿਰੋਧੀਆਂ ਨਾਲੋਂ ਪੱਛੜ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਨ ਸਭਾ ਵਿਚ ਇਸ ਸਮੇਂ 14 ਵਿਧਾਇਕ ਹਨ ਤੇ ਇਸ ਪਾਰਟੀ ਦੇ 10 ਉਮੀਦਵਾਰਾਂ ਨੂੰ 29 ਵਿਧਾਨ ਸਭਾ ਹਲਕਿਆਂ 'ਤੇ ਲੀਡ ਹਾਸਲ ਹੋਈ ਹੈ। ਇਸ ਤਰ੍ਹਾਂ ਨਾਲ ਅਕਾਲੀ ਦਲ ਨੇ ਸੁੱਖ ਦਾ ਸਾਹ ਲਿਆ ਹੈ।

ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ 3 ਹੈ ਤੇ ਇਨ੍ਹਾਂ ਵਿਚੋਂ ਵੀ ਇਕ ਸੋਮ ਪ੍ਰਕਾਸ਼ ਸੰਸਦ ਮੈਂਬਰ ਚੁਣੇ ਗਏ ਹਨ। ਭਾਜਪਾ ਦੇ ਦੋ ਸੰਸਦ ਮੈਂਬਰਾਂ ਸਨੀ ਦਿਓਲ ਅਤੇ ਸੋਮ ਪ੍ਰਕਾਸ਼ ਨੇ 12 ਵਿਧਾਨ ਸਭਾ ਹਲਕਿਆਂ ਤੋਂ ਕਾਂਗਰਸ ਦੇ ਉਮੀਦਵਾਰਾਂ ਨੂੰ ਪਛਾੜਿਆ ਹੈ। ਕਾਂਗਰਸ ਲਈ ਸੋਚਣ ਵਾਲੀ ਗੱਲ ਇਹ ਹੈ ਕਿ ਭਾਜਪਾ ਦੇ ਸੰਸਦ ਮੈਂਬਰਾਂ ਨੇ ਕਾਂਗਰਸ ਦੇ ਉਮੀਦਵਾਰਾਂ ਨੂੰ ਅਜਿਹੇ ਵਿਧਾਨ ਸਭਾ ਹਲਕਿਆਂ ਵਿਚ ਮਾਤ ਦਿੱਤੀ ਹੈ ਜਿਨ੍ਹਾਂ ਵਿਧਾਨ ਸਭਾ ਹਲਕਿਆਂ ਉਤੇ ਕਾਂਗਰਸ ਦੇ ਉਮੀਦਵਾਰਾਂ ਨੇ 2017 ਦੀਆਂ ਚੋਣਾਂ ਦੌਰਾਨ ਜਿੱਤ ਹਾਸਲ ਕੀਤੀ ਸੀ।

ਪੰਜਾਬ ਦੇ ਸਿਆਸੀ ਦ੍ਰਿਸ਼ 'ਤੇ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਲਈ ਸਭ ਤੋਂ ਸੰਕਟਮਈ ਦੌਰ ਚੱਲ ਰਿਹਾ ਹੈ, ਉਸ ਦੀ ਪੁਸ਼ਟੀ ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਵੀ ਕਰ ਦਿੱਤੀ ਹੈ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਸ ਪਾਰਟੀ ਦੇ 20 ਵਿਧਾਇਕ ਜਿੱਤੇ ਸਨ। ਦੋ ਵਿਧਾਇਕ ਤਾਂ ਕਾਂਗਰਸ ਵਿਚ ਸ਼ਾਮਲ ਹੋ ਚੁੱਕੇ ਹਨ ਤੇ 5 ਹੋਰ ਬਾਗੀ ਚੱਲੇ ਆ ਰਹੇ ਹਨ। ਲੋਕ ਇਨਸਾਫ ਪਾਰਟੀ ਦੇ ਵਿਧਾਨ ਸਭਾ ਵਿਚ ਭਾਵੇਂ ਦੋ ਹੀ ਵਿਧਾਇਕ ਹਨ ਪਰ ਸੰਸਦੀ ਚੋਣਾਂ ਦੌਰਾਨ ਇਸ ਪਾਰਟੀ ਦੇ ਉਮੀਦਵਾਰ ਨੇ ਲੁਧਿਆਣਾ ਜ਼ਿਲ੍ਹੇ ਦੇ 4 ਵਿਧਾਨ ਸਭਾ ਹਲਕਿਆਂ ਤੋਂ ਵਿਰੋਧੀਆਂ ਨੂੰ ਪਛਾੜਿਆ।

## ਹਾਰ ਮਗਰੋਂ 'ਆਪ' ਵੱਲੋਂ ਲਾਮਬੰਦੀ ਸ਼ੁਰੂ

**ਫਤਹਿਗੜ੍ਹ ਸਾਹਿਬ:** ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਤੋਂ ਭਾਵੇਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਨਦੀਪ ਸਿੰਘ ਬੰਨੀ ਦੂਲੋ ਨੂੰ ਜਿੱਤ ਨਸੀਬ ਨਹੀਂ ਹੋਈ ਪਰ ਪਾਰਟੀ ਵਰਕਰਾਂ ਅਤੇ ਅਹੁਦੇਦਾਰਾਂ ਦੇ ਹੌਸਲੇ ਬੁਲੰਦ ਹਨ। ਪਾਰਟੀ ਵਰਕਰਾਂ ਵੱਲੋਂ ਹਲਕਾ ਇੰਚਾਰਜ ਰਸ਼ਪਿੰਦਰ ਸਿੰਘ ਦੀ ਅਗਵਾਈ ਹੇਠ ਨਤੀਜਿਆਂ ਦੇ ਦੂਜੇ ਦਿਨ ਹੀ ਮੁੜ ਲਾਮਬੰਦੀ ਸ਼ੁਰੂ ਕਰ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਸ੍ਰੀ ਦੂਲੋ ਨੂੰ ਕੁੱਲ ਪੋਲ ਹੋਈਆਂ 9 ਲੱਖ 86 ਹਜ਼ਾਰ 928 ਵੋਟਾਂ ਵਿਚੋਂ



ਮਹਿਜ਼ 62 ਹਜ਼ਾਰ 881 ਵੋਟਾਂ ਹੀ ਮਿਲੀਆਂ ਹਨ ਜਦੋਂ ਕਿ ਲੋਕ ਸਭਾ ਚੋਣਾਂ 2014 ਵਿਚ 'ਆਪ' ਦੇ ਉਮੀਦਵਾਰ ਨੇ ਰਿਕਾਰਡ ਵੋਟਾਂ (3 ਲੱਖ 67 ਹਜ਼ਾਰ 283) ਹਾਸਲ ਕੀਤੀਆਂ ਸਨ। ਵਰਕਰਾਂ ਨਾਲ ਕੀਤੀ ਮੀਟਿੰਗ ਦੌਰਾਨ ਹਲਕਾ ਇੰਚਾਰਜ ਨੇ ਵਰਕਰਾਂ ਨੂੰ ਕਿਹਾ ਕਿ ਹੌਸਲਾ ਨਾ ਹਾਰਿਓ, ਜੰਗ ਜਾਰੀ ਰੱਖਿਓ, ਅਸੀਂ ਜਿੱਤਾਂਗੇ ਜ਼ਰੂਰ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜੰਗ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਪੰਜਾਬ ਵਾਸੀਆਂ ਨੂੰ ਮਿਆਰੀ ਸਿੱਖਿਆ, ਚੰਗੀਆਂ ਸਿਹਤ ਸਹੂਲਤਾਂ ਅਤੇ ਤਣਾਅ ਮੁਕਤ ਜੀਵਨ ਨਹੀਂ ਮਿਲ ਜਾਂਦਾ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਹੀ ਜਾਗਰੂਕ ਕੀਤੀ ਜਨਤਾ ਨੇ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਨੇਤਾਵਾਂ ਨੂੰ ਘੇਰਿਆ ਅਤੇ ਸਵਾਲ ਪੁੱਛੇ ਜੋ ਕਿ ਸਿਹਤਮੰਦ ਲੋਕਤੰਤਰ ਦੀ ਨਿਸ਼ਾਨੀ ਹੈ। ਉਨ੍ਹਾਂ ਦੱਸਿਆ ਕਿ ਜੇਕਰ 'ਆਪ' ਉਮੀਦਵਾਰ ਬਨਦੀਪ ਸਿੰਘ ਦੂਲੋ ਅਤੇ ਪੀ.ਡੀ.ਏ. ਉਮੀਦਵਾਰ ਮਨਵਿੰਦਰ ਸਿੰਘ ਗਿਆਸਪੁਰਾ ਦੀਆਂ ਵੋਟਾਂ ਦਾ ਜੋੜ ਕਰ ਲਿਆ ਜਾਵੇ ਤਾਂ ਨਤੀਜੇ ਹੈਰਾਨੀਜਨਕ ਹਨ। ਉਨ੍ਹਾਂ ਮੰਨਿਆ ਕਿ ਸੁਖਪਾਲ ਖਹਿਰਾ ਨੇ 'ਆਪ' ਦੀਆਂ ਵੋਟਾਂ ਨੂੰ ਨੁਕਸਾਨ ਪਹੁੰਚਾਇਆ ਹੈ।

## ਨਤੀਜਿਆਂ ਮਗਰੋਂ ਕਾਂਗਰਸ ਦੀ ਗੁੱਟਬਾਜ਼ੀ ਵਧੀ, ਇਕ-ਦੂਜੇ ਸਿਰ ਭੰਨਿਆ ਹਾਰ ਦਾ ਠੀਕਰਾ

**ਚੰਡੀਗੜ੍ਹ:** ਦੇਸ਼ ਭਰ 'ਚ ਭਾਜਪਾ ਦੇ ਹੱਕ 'ਚ ਆਏ ਚੋਣ ਨਤੀਜਿਆਂ ਮਗਰੋਂ ਜਿਥੇ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਥੇ ਕਈ ਕਾਂਗਰਸੀ ਆਗੂ ਉਮੀਦਵਾਰਾਂ ਦੀ ਹਾਰ ਦਾ ਠੀਕਰਾ ਇਕ-ਦੂਜੇ ਸਿਰ ਭੰਨਣ ਲੱਗ ਗਏ ਹਨ। ਦਿੱਲੀ ਦਰਬਾਰ ਦੇ ਸੂਤਰਾਂ ਅਨੁਸਾਰ ਚੋਣ ਨਤੀਜਿਆਂ ਮਗਰੋਂ ਪੰਜਾਬ ਸਮੇਤ 3 ਹੋਰ ਰਾਜਾਂ 'ਚ ਕਾਂਗਰਸ ਦੀ ਗੁੱਟਬਾਜ਼ੀ ਵਧਣ ਲੱਗੀ ਹੈ।

ਚੋਣ ਨਤੀਜਿਆਂ ਮਗਰੋਂ ਖੁਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀਆਂ ਹਾਰੀਆਂ ਲੋਕ ਸਭਾ ਸੀਟਾਂ ਦਾ ਠੀਕਰਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਸਿਰ ਭੰਨ ਦਿੱਤਾ ਉੱਥੇ ਕਈ ਹੋਰ ਮੰਤਰੀਆਂ ਨੇ ਵੀ ਸਿੱਧੂ ਦੀ ਬਿਆਨਬਾਜ਼ੀ 'ਤੇ ਇਤਰਾਜ਼ ਜਤਾਉਂਦੇ ਹੋਏ ਕਿਹਾ ਕਿ ਇਸ ਦੇ ਚੱਲਦੇ ਹੀ ਪੰਜਾਬ 'ਚ ਕਾਂਗਰਸ ਨੂੰ ਕਈ ਸੀਟਾਂ 'ਤੇ ਨੁਕਸਾਨ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਚੋਣ ਮੈਦਾਨ 'ਚ ਉਤਰੇ ਕਾਂਗਰਸੀ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੇ ਵੀ ਹਾਰ ਪਿਛੇ ਇਕ ਮੰਤਰੀ ਦਾ ਹੱਥ ਦੱਸਿਆ ਹੈ।

ਇਸੇ ਤਰ੍ਹਾਂ ਰਾਜਸਥਾਨ 'ਚ ਜਿੱਥੇ ਕਾਂਗਰਸ ਨੇ ਮਹਿਜ਼ ਪੰਜ ਮਹੀਨੇ ਸਰਕਾਰ ਬਣਾਈ ਸੀ, 'ਚ ਵੀ ਪਾਰਟੀ ਅੰਦਰ ਕਾਟੋ-ਕਲੇਸ਼ ਵਧਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਲੋਕ ਸਭਾ ਚੋਣਾਂ 'ਚ ਇੱਥੋਂ ਪਾਰਟੀ ਦੇ ਬੇਹੱਦ ਮਾੜੇ ਪ੍ਰਦਰਸ਼ਨ ਦੇ ਚੱਲਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੀ ਅਗਵਾਈ 'ਤੇ ਕਾਂਗਰਸੀ ਆਗੂ ਸਵਾਲ ਉਠਾਉਣ ਲੱਗ ਗਏ ਹਨ। ਕਾਂਗਰਸ ਦੀ ਕਰਨਾਟਕ 'ਚ ਵੀ ਚਿੰਤਾ ਵੱਧ ਗਈ ਹੈ। ਇੱਥੇ ਦੋ ਕਾਂਗਰਸੀ ਵਿਧਾਇਕਾਂ ਦੇ ਬਗਾਵਤ ਤੇਵਰਾਂ ਕਰਕੇ ਕਾਂਗਰਸ ਦੀ ਸਿਰਦਰਦੀ ਵੱਧ ਗਈ ਹੈ। ਕਾਂਗਰਸ ਨੂੰ ਚੌਥੀ ਵਾਰ ਵਿਧਾਇਕਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ ਮੱਧ ਪ੍ਰਦੇਸ਼ 'ਚ ਦਿਗਵਿਜੇ ਸਿੰਘ ਅਤੇ ਜੋਤੀਰਾ ਦਿੱਤੀਆ



ਸਿੰਧਿਆ ਦੀ ਹਾਰ ਦੇ ਬਾਅਦ ਇੱਥੇ ਕਾਂਗਰਸ ਪਾਰਟੀ ਦੇ ਆਗੂਆਂ 'ਚ ਆਪਸੀ ਕਲੇਸ਼ ਵਧਿਆ ਦੱਸਿਆ ਜਾ ਰਿਹਾ ਹੈ। ਕਾਂਗਰਸ ਨੂੰ ਪਾਰਟੀ ਅੰਦਰ ਉੱਠ ਰਹੀਆਂ ਬਾਗ਼ੀ ਸੁਰਾਂ ਨੂੰ ਸ਼ਾਂਤ ਕਰਨਾ ਅਤੇ ਵੱਡੇ ਬਹੁਮਤ ਨਾਲ ਦੇਸ਼ 'ਚ ਸਰਕਾਰ ਬਣਾਉਣ ਜਾ ਰਹੀ ਭਾਜਪਾ ਦਾ ਟਾਕਰਾ ਕਰਨਾ ਚੁਣੌਤੀ ਬਣ ਗਿਆ ਹੈ।

ਹਿਮਾਚਲ ਪ੍ਰਦੇਸ਼ 'ਚ ਵੀ ਕਾਂਗਰਸੀ ਵਿਧਾਇਕ ਸਤਪਾਲ ਸਿੰਘ ਨੇ ਇਹ ਕਹਿ ਕੇ ਕਲੇਸ਼ ਖੜ੍ਹਾ ਕਰ ਦਿੱਤਾ ਹੈ ਕਿ ਵੀਰਭੱਦਰ ਸਿੰਘ ਨੇ ਲੋਕ ਸਭਾ ਚੋਣਾਂ ਤੋਂ ਮਹਿਜ਼ ਤਿੰਨ ਮਹੀਨੇ ਪਹਿਲਾਂ ਸੂਬਾ ਕਾਂਗਰਸ ਦਾ ਪ੍ਰਧਾਨ ਬਦਲ ਕੇ ਕਾਂਗਰਸ ਦਾ ਰਾਹ ਔਖਾ ਕਰ ਦਿੱਤਾ ਸੀ, ਜਿਸ ਦੇ ਚੱਲਦੇ ਕਾਂਗਰਸ ਹਾਰੀ ਹੈ। ਇੱਥੋਂ ਦੇ ਹੀ ਇਕ ਹੋਰ ਕਾਂਗਰਸੀ ਨੇਤਾ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਜਿੱਥੇ ਭਾਜਪਾ ਵਰਕਰ ਅਤੇ ਆਗੂ ਵੋਟਰਾਂ 'ਚ ਜਾ ਕੇ ਮਿਹਨਤ ਕਰ ਰਹੇ ਸਨ, ਉੱਥੇ ਕਾਂਗਰਸੀ ਇਕ-ਦੂਜੇ ਦੀਆਂ ਟਿਕਟਾਂ ਕਟਾਉਣ 'ਚ ਲੱਗੇ ਹੋਏ ਸਨ। ਉਧਰ ਹੋਰਨਾਂ ਰਾਜਾਂ 'ਚ ਜਿੱਥੇ ਹਾਰ ਦੇ ਚੱਲਦੇ ਕਾਂਗਰਸ ਪਾਰਟੀ ਹਾਰ ਦੇ ਕਾਰਨਾਂ 'ਤੇ ਗੰਭੀਰਤਾ ਨਾਲ ਸਮੀਖਿਆ ਕਰਨ 'ਚ ਜੁੱਟ ਗਈ ਹੈ ਪਰ ਦੇਸ਼ ਭਰ 'ਚ ਮੋਦੀ ਲਹਿਰ ਦੇ ਬਾਵਜੂਦ ਪੰਜਾਬ ਵਿਚੋਂ ਕਾਂਗਰਸ ਨੂੰ 13 'ਚੋਂ 8 ਸੀਟਾਂ ਮਿਲ ਜਾਣ ਦੇ ਚੱਲਦੇ ਕਾਂਗਰਸ ਹਾਈ ਕਮਾਨ ਦੀ ਨਜ਼ਰ 'ਚ ਕੈਪਟਨ ਅਮਰਿੰਦਰ ਸਿੰਘ ਦਾ ਕੱਦ ਸੁਭਾਵਿਕ ਤੌਰ 'ਤੇ ਵੱਧ ਗਿਆ ਹੈ।

## ਪੰਜਾਬ ਦੇ ਪੰਜ ਕਲਾਕਾਰ ਤੇ ਦੋ ਸਾਬਕਾ ਆਈ. ਏ. ਐਸ. ਸੰਸਦ ਦੀਆਂ ਪੌੜੀਆਂ ਚੜ੍ਹੇ

**ਮੋਗਾ:** ਇਸ ਵਾਰ ਲੋਕ ਸਭਾ 'ਚ ਪੰਜਾਬ ਦੇ ਪੰਜ ਅਦਾਕਾਰ ਤੇ ਦੋ ਸਾਬਕਾ ਆਈ.ਏ.ਐਸ. ਅਧਿਕਾਰੀ ਸੰਸਦ ਦੀਆਂ ਪੌੜੀਆਂ ਚੜ੍ਹਨ 'ਚ ਸਫਲ ਹੋਏ ਹਨ। ਭਾਵੇਂ ਰਾਜਨੀਤੀ ਵਿਚ ਫਿਲਮਾਂ ਦੇ ਅਦਾਕਾਰ ਅਤੇ ਸਾਬਕਾ ਸਿਵਲ ਤੇ ਪੁਲਿਸ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਗਿਣਤੀ ਵੱਡੀ ਹੈ, ਪਰ ਸਭ ਨੂੰ ਸਿਆਸਤ ਦੀ ਖੇਡ ਰਾਸ ਨਹੀਂ ਆਈ।

ਫਿਲਮ ਅਦਾਕਾਰ ਸਨੀ ਦਿਓਲ ਗੁਰਦਾਸਪੁਰ ਤੋਂ ਭਾਜਪਾ ਦੀ ਟਿਕਟ ਤੋਂ ਜਿੱਤ ਕੇ ਸੰਸਦ ਮੈਂਬਰ ਬਣੇ ਹਨ। ਇਸ ਹਲਕੇ ਤੋਂ ਸੁਖਬੰਸ ਕੌਰ ਭਿੰਡਰ ਲਗਾਤਾਰ 5 ਵਾਰ 1980 ਤੋਂ ਲੈ ਕੇ 1996 ਤੱਕ ਸੰਸਦ ਮੈਂਬਰ ਰਹੀ। ਇਸ ਹਲਕੇ ਤੋਂ ਕਾਂਗਰਸ ਦਾ ਗੜ੍ਹ ਤੋੜਨ ਲਈ ਭਾਜਪਾ ਨੇ ਨਾਮਵਰ ਫਿਲਮੀ ਸਿਤਾਰੇ ਵਿਨੋਦ ਖੰਨਾ ਨੂੰ 1997 ਵਿਚ ਸਿਆਸਤ 'ਚ ਉਤਾਰਿਆ ਅਤੇ ਉਹ ਇਸ ਹਲਕੇ ਤੋਂ ਤਿੰਨ ਵਾਰ ਜੇਤੂ ਰਹਿ ਕੇ ਕੇਂਦਰ ਵਿਚ ਮੰਤਰੀ ਵੀ ਰਹੇ। ਲੋਕ ਗਾਇਕ ਹੰਸ ਰਾਜ ਹੰਸ ਦਿੱਲੀ ਤੋਂ ਭਾਜਪਾ ਟਿਕਟ ਤੋਂ ਜਿੱਤੇ ਹਨ। ਕਾਮੇਡੀ ਕਲਾਕਾਰ ਭਗਵੰਤ ਮਾਨ ਸੰਗਰੂਰ ਤੋਂ ਦੂਜੀ ਵਾਰ ਸੰਸਦ 'ਚ ਪਹੁੰਚੇ ਹਨ।

ਗਾਇਕ ਮੁਹੰਮਦ ਸਦੀਕ ਵੀ ਫਰੀਦਕੋਟ ਹਲਕਾ ਰਾਖਵਾਂ ਤੋਂ ਕਾਂਗਰਸ ਟਿਕਟ ਉਤੇ ਜੇਤੂ ਰਹੇ ਹਨ। ਚੰਡੀਗੜ੍ਹ ਤੋਂ ਕਿਰਨ ਖੇਰ ਭਾਜਪਾ ਦੀ ਟਿਕਟ ਤੋਂ ਚੋਣ ਲੜ ਕੇ ਸੰਸਦ 'ਚ ਪਹੁੰਚੀ ਹੈ। ਸਾਬਕਾ ਆਈ.ਏ.ਐਸ. ਡਾ. ਅਮਰ ਸਿੰਘ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਟਿਕਟ ਅਤੇ ਸਾਬਕਾ ਆਈ.ਏ.ਐਸ. ਸੋਮ ਪ੍ਰਕਾਸ਼ ਹੁਸ਼ਿਆਰਪੁਰ ਹਲਕੇ ਤੋਂ ਭਾਜਪਾ ਦੀ ਟਿਕਟ ਉਤੇ ਜਿੱਤ ਹਾਸਲ ਕਰਕੇ ਦਿੱਲੀ ਪਹੁੰਚੇ ਹਨ।

# ਮਿਸ਼ਨ-13 ਫਤਿਹ ਕਰਨ 'ਚ ਸਾਰੀਆਂ ਧਿਰਾਂ ਨਾਕਾਮ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਪੰਜਾਬ ਦੀਆਂ ਤਿੰਨ ਮੁੱਖ ਪਾਰਟੀਆਂ ਦੇ ਹਾਰਨ ਦੇ ਬਾਵਜੂਦ ਉਨ੍ਹਾਂ ਦੇ ਆਗੂ ਜੇਤੂ ਰੌਂਅ ਵਿਚ ਹਨ। ਹਰੇਕ ਪਾਰਟੀ ਦੀ ਲੀਡਰਸ਼ਿਪ ਆਪਣੇ ਘੜੇ-ਘੜਾਏ ਆਧਾਰ ਦੱਸ ਕੇ ਆਪਣੇ-ਆਪ ਨੂੰ ਜੇਤੂ ਦੱਸਣ ਲਈ ਪੱਬਾਂ ਭਾਰ ਹੋਈ ਪਈ ਹੈ।

ਸ਼੍ਰੋਮਣੀ ਅਕਾਲੀ ਦਲ ਨੇ 10 ਸੀਟਾਂ 'ਤੇ ਚੋਣ ਲੜੀ ਸੀ ਅਤੇ ਉਸ ਨੂੰ 8 ਸੀਟਾਂ 'ਤੇ ਬੁਰੀ ਤਰ੍ਹਾਂ ਹਾਰ ਮਿਲੀ ਹੈ।

ਇਹ ਪਾਰਟੀ ਆਪਣੇ ਰਵਾਇਤੀ ਹਲਕਿਆਂ ਖਡੂਰ ਸਾਹਿਬ, ਫਰੀਦਕੋਟ, ਫਤਿਹਗੜ੍ਹ ਸਾਹਿਬ ਅਤੇ ਆਨੰਦਪੁਰ ਸਾਹਿਬ ਤੋਂ ਵੀ ਮਾਤ ਖਾ ਗਈ ਅਤੇ ਧੁਨੰਤਰਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਜਿਨ੍ਹਾਂ ਵਿਚ ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਗੁਲਜ਼ਾਰ ਸਿੰਘ ਰਣੀਕੇ, ਚਰਨਜੀਤ ਸਿੰਘ ਅਟਵਾਲ ਅਤੇ ਜਗੀਰ ਕੌਰ ਸ਼ਾਮਲ ਹਨ। ਇਸ ਦੇ ਬਾਵਜੂਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਜਿੱਤ ਨੂੰ ਹੀ ਅਕਾਲੀ ਦਲ ਜਿੱਤ ਵਜੋਂ ਦੇਖ ਰਿਹਾ ਹੈ। ਸੂਤਰਾਂ ਅਨੁਸਾਰ ਪਾਰਟੀ ਮਹਿਸੂਸ ਕਰਦੀ ਹੈ ਕਿ ਬਾਦਲ ਜੋੜੀ ਦੇ ਜਿੱਤਣ ਨਾਲ ਬਾਦਲ ਪਰਿਵਾਰ ਉਪਰ ਬੇਅਦਬੀ ਤੇ ਗੋਲੀ ਕਾਂਡਾਂ ਦੇ ਦੋਸ਼ ਧੋਤੇ ਗਏ ਹਨ। ਉਂਜ ਅਕਾਲੀ ਦਲ ਦੀਆਂ ਇਨ੍ਹਾਂ ਚੋਣਾਂ ਵਿਚ ਵੋਟਾਂ ਦੀ ਫੀਸਦ ਜ਼ਰੂਰ ਵਧੀ ਹੈ, ਜਿਸ ਤਹਿਤ ਅਕਾਲੀ ਦਲ ਨੂੰ 27.45 ਫੀਸਦੀ ਵੋਟਾਂ ਮਿਲੀਆਂ ਹਨ।

ਇਸ ਸਥਿਤੀ ਵਿਚ ਵੀ ਅਕਾਲੀ ਦਲ ਜਸ਼ਨਾਂ ਦੇ ਮੂਡ ਵਿਚ ਹੈ ਅਤੇ ਗਿੱਧੇ ਤੱਕ ਪਾਏ ਜਾ ਰਹੇ ਹਨ। ਉਧਰ, ਹੁਕਮਰਾਨ ਕਾਂਗਰਸ ਦੇ ਕੁੱਲ 13 ਉਮੀਦਵਾਰਾਂ ਵਿਚੋਂ 5 ਹਾਰੇ ਹਨ। ਕਾਂਗਰਸ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਸੁਨੀਲ ਜਾਖੜ ਗੁਰਦਾਸਪੁਰ ਤੋਂ ਪੰਜਾਬ ਵਿਚ ਚੋਣਾਂ ਤੋਂ ਕੁਝ ਦਿਨ ਪਹਿਲਾਂ 'ਲੈਂਡ' ਕੀਤੇ ਭਾਜਪਾ-ਅਕਾਲੀ ਦਲ ਗੱਠਜੋੜ ਦੇ ਉਮੀਦਵਾਰ ਅਦਾਕਾਰ ਸਨੀ ਦਿਓਲ ਤੋਂ ਹਾਰੇ ਹਨ।

ਜ਼ਿਕਰਯੋਗ ਹੈ ਕਿ ਇਸ ਹਲਕੇ ਵਿਚ ਜਿਥੇ ਕਾਂਗਰਸ ਦੇ 3 ਮੰਤਰੀ ਹਨ ਉਥੇ ਬਹੁਤੇ ਵਿਧਾਨ ਸਭਾ ਹਲਕਿਆਂ ਵਿਚ ਵੀ ਕਾਂਗਰਸ ਦਾ ਹੀ ਕਬਜ਼ਾ ਹੈ। ਇਸ ਦੇ ਬਾਵਜੂਦ ਪੰਜਾਬ ਕਾਂਗਰਸ ਦਾ 'ਕਮਾਂਡਰ' ਹੀ ਢਹਿ ਢੇਰੀ ਹੋ ਗਿਆ। ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਹੀਲੇ ਅਪਣਾਉਣ ਦੇ ਬਾਵਜੂਦ ਕਾਂਗਰਸ ਬਠਿੰਡਾ ਤੋਂ ਵਿਧਾਇਕ ਰਾਜਾ ਵੜਿੰਗ ਨੂੰ ਵੀ ਜਿਤਾਉਣ ਤੋਂ ਅਸਮਰੱਥ ਰਹੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਕੇਵਲ ਢਿੱਲੋਂ ਵੀ ਸੰਗਰੂਰ ਵਿਚ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਭਗਵੰਤ ਮਾਨ ਤੋਂ ਚਿਤ ਹੋ ਗਏ ਅਤੇ ਪਾਰਟੀ ਹੁਸ਼ਿਆਰਪੁਰ ਅਤੇ ਫਿਰੋਜ਼ਪੁਰ ਤੋਂ ਵੀ ਹਾਰ ਗਈ ਹੈ। ਪੰਜਾਬ ਵਿਚ ਸੱਤਾ 'ਚ ਹੋਣ ਦੇ ਬਾਵਜੂਦ ਕਾਂਗਰਸ ਵੱਲੋਂ 5 ਹਲਕੇ ਹਾਰਨੇ ਵੱਡੀ ਹਾਰ ਹੈ ਪਰ ਕਾਂਗਰਸ ਇਸ ਹਾਰ ਨੂੰ ਮੋਦੀ ਦੀ ਦੇਸ਼ ਭਰ ਵਿਚ ਵਗਦੀ ਹਵਾ 'ਚ ਆਪਣੀ ਜਿੱਤ ਗਰਦਾਨ ਰਹੀ ਹੈ। ਉਂਜ ਇਨ੍ਹਾਂ ਚੋਣਾਂ ਵਿਚ ਕਾਂਗਰਸ ਦੀ ਵੋਟ ਫੀਸਦੀ ਵਿਚ ਵਾਧਾ ਹੋਇਆ ਹੈ।

ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੂੰ 38.50 ਫੀਸਦੀ ਦੇ ਕਰੀਬ ਵੋਟਾਂ ਮਿਲੀਆਂ ਸਨ ਜਦਕਿ ਇਨ੍ਹਾਂ ਚੋਣਾਂ ਵਿਚ 40 ਫੀਸਦੀ ਵੋਟਾਂ ਮਿਲੀਆਂ ਹਨ। ਇਸੇ ਤਰ੍ਹਾਂ 'ਆਪ' 13 ਵਿਚੋਂ 12 ਸੀਟਾਂ ਹਾਰ ਕੇ ਵੀ ਆਪਣੀ ਕਾਰਗੁਜ਼ਾਰੀ ਬਿਹਤਰ ਗਰਦਾਨ ਰਹੀ ਹੈ। ਪਾਰਟੀ ਦੇ 12 ਉਮੀਦਵਾਰ ਕੇਵਲ ਹਾਰੇ ਹੀ ਨਹੀਂ ਸਗੋਂ ਉਨ੍ਹਾਂ ਸਾਰਿਆਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਹਨ। ਇਸ ਤੋਂ ਇਲਾਵਾ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿਥੇ 'ਆਪ' ਨੂੰ 23.72 ਫੀਸਦੀ ਵੋਟਾਂ ਮਿਲੀਆਂ ਸਨ ਉਥੇ ਇਨ੍ਹਾਂ ਚੋਣਾਂ ਵਿਚ ਮਹਿਜ਼ 7.38 ਫੀਸਦੀ ਹੀ ਵੋਟਾਂ ਨਸੀਬ ਹੋਈਆਂ ਹਨ। ਇਨ੍ਹਾਂ ਵੋਟਾਂ ਵਿਚੋਂ ਵੀ ਇਕੱਲੇ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ ਨੂੰ ਸੰਗਰੂਰ ਵਿਚੋਂ ਮਿਲੀਆਂ 4,14,461 ਵੋਟਾਂ ਸਮੇਤ ਹਲਕਾ ਬਠਿੰਡਾ ਤੋਂ ਚੋਣ ਲੜੀ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਦੀਆਂ 1,34,398 ਅਤੇ ਫਰੀਦਕੋਟ ਤੋਂ ਚੋਣ ਲੜੇ ਸਾਬਕਾ ਸੰਸਦ ਮੈਂਬਰ ਪ੍ਰੋਫੈਸਰ ਸਾਧੂ ਸਿੰਘ ਦੀਆਂ 1,14,610 ਵੋਟਾਂ ਸ਼ਾਮਲ ਹਨ। 'ਆਪ' ਦੇ ਬਾਕੀ 10 ਉਮੀਦਵਾਰਾਂ ਨੂੰ ਬਹੁਤ ਘੱਟ ਵੋਟਾਂ ਮਿਲੀਆਂ ਹਨ।

# ਅਕਾਲੀ ਦਲ ਲਈ ਚੁਣੌਤੀਆਂ ਬਰਕਰਾਰ

**ਚੰਡੀਗੜ੍ਹ:** ਪੰਜਾਬ ਦੀ ਸੱਤਾ 'ਤੇ ਇਕ ਦਹਾਕਾ ਕਾਬਜ਼ ਰਹਿਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਲਈ ਚੁਣੌਤੀਆਂ ਬਰਕਰਾਰ ਹਨ। ਸੰਸਦੀ ਚੋਣਾਂ ਦੇ ਨਤੀਜਿਆਂ ਤੋਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਅਕਾਲੀ ਦਲ ਇਨ੍ਹਾਂ ਚੋਣਾਂ ਦੌਰਾਨ ਮੋਦੀ ਲਹਿਰ ਦਾ ਲਾਭ ਨਹੀਂ ਲੈ ਸਕਿਆ ਸਗੋਂ ਕੈਪਟਨ ਸਰਕਾਰ ਵਿਰੁੱਧ ਲੋਕਾਂ 'ਚ ਪੈਦਾ ਹੋਈ ਨਾਰਾਜ਼ਗੀ ਨੂੰ ਵੀ ਵੋਟਾਂ 'ਚ ਤਬਦੀਲ ਕਰਨ 'ਚ ਨਾਕਾਮ ਰਿਹਾ।



ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਵਰਗੇ ਵੱਡੇ ਸ਼ਹਿਰ ਜਿਥੇ ਬਹੁ ਗਿਣਤੀ ਹਿੰਦੂ ਵੋਟ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰਾਂ ਨੂੰ ਚੋਣ ਜਿਤਾ ਸਕਦਾ ਸੀ ਉਥੇ ਵੀ ਮੋਦੀ ਦਾ ਕ੍ਰਿਸ਼ਮਾ ਗੱਠਜੋੜ ਪਾਰਟੀਆਂ ਲਈ ਲਾਹੇਵੰਦ ਨਾ ਹੋਇਆ। ਚੋਣ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਸੂਬੇ ਦੀ ਸੱਤਾ 'ਚ ਦਬਦਬਾ ਕਾਇਮ ਰੱਖਣ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਰਣਨੀਤੀ ਬਦਲਣੀ ਪਵੇਗੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਪਿਛਲੇ ਢਾਈ ਦਹਾਕਿਆਂ ਤੋਂ ਚੱਲੇ ਆ ਰਹੇ ਅਕਾਲੀ-ਭਾਜਪਾ ਗੱਠਜੋੜ ਨੂੰ ਵੀ ਇਨ੍ਹਾਂ ਚੋਣਾਂ ਦੇ ਨਤੀਜੇ ਪ੍ਰਭਾਵਿਤ ਕਰ ਸਕਦੇ ਹਨ। ਕਾਂਗਰਸ ਨਾਲ ਲੋਕਾਂ ਦੀ ਨਾਰਾਜ਼ਗੀ ਦੇ ਬਾਵਜੂਦ ਹਾਕਮ ਧਿਰ 8 ਸੀਟਾਂ ਜਿੱਤਣ 'ਚ ਕਾਮਯਾਬ ਹੋਈ ਹੈ। ਅਕਾਲੀ ਦਲ ਨੇ ਸੱਤਾ ਵਿਚ ਹੁੰਦਿਆਂ 2014 ਦੀਆਂ ਚੋਣਾਂ ਦੌਰਾਨ ਸੂਬੇ ਦੀਆਂ 13 ਵਿਚੋਂ 4 ਅਤੇ ਭਾਈਵਾਲ ਭਾਰਤੀ ਜਨਤਾ ਪਾਰਟੀ ਨੇ 2 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ।

ਭਾਜਪਾ ਤਾਂ ਆਪਣਾ ਪਹਿਲਾਂ ਵਾਲਾ ਅੰਕੜਾ ਕਾਇਮ ਰੱਖਣ 'ਚ ਕਾਮਯਾਬ ਰਹੀ ਜਦੋਂ ਕਿ ਅਕਾਲੀ ਦਲ ਦੀਆਂ ਸੀਟਾਂ ਘੱਟ ਕੇ 4 ਤੋਂ 2 ਹੀ ਰਹਿ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਭਾਵੇਂ ਸੰਸਦੀ ਚੋਣਾਂ ਦੌਰਾਨ ਆਪੋ ਆਪਣੇ ਹਲਕਿਆਂ ਕ੍ਰਮਵਾਰ ਫਿਰੋਜ਼ਪੁਰ ਅਤੇ ਬਠਿੰਡਾ ਤੋਂ ਜਿੱਤ ਹਾਸਲ ਕਰ ਲਈ ਹੈ ਪਰ ਪਾਰਟੀ ਦੇ 8 ਉਮੀਦਵਾਰ ਹਾਰ ਗਏ ਹਨ। ਸ੍ਰੀ ਬਾਦਲ ਭਾਵੇਂ ਵੱਡੇ ਅੰਤਰ ਨਾਲ ਜਿੱਤੇ ਪਰ ਬੀਬੀ ਬਾਦਲ ਮਹਿਜ਼ 21 ਹਜ਼ਾਰ ਵੋਟਾਂ ਨਾਲ ਹੀ ਜਿੱਤੇ। ਪੰਜਾਬ ਦੀ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਅਕਾਲੀ ਦਲ ਨੂੰ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਾਲੀ-ਭਾਜਪਾ ਸਰਕਾਰ ਸਮੇਂ ਸਾਲ 2015 ਵਿਚ ਵਾਪਰੇ ਬੇਅਦਬੀ ਕਾਂਡ ਨੇ ਅਕਾਲੀ ਦਲ ਨੂੰ ਵੱਡੀ ਸਿਆਸੀ ਸੱਟ ਮਾਰੀ ਸੀ ਤੇ ਕਾਂਗਰਸ ਨੇ ਵੀ ਬੇਅਦਬੀ ਨੂੰ ਹੀ ਮੁੱਦਾ ਬਣਾ ਕੇ ਅਕਾਲੀਆਂ ਖਾਸ ਕਰ ਬਾਦਲ ਪਰਿਵਾਰ 'ਤੇ ਨਿਸ਼ਾਨਾ ਸਾਧਿਆ ਸੀ। ਬੇਅਦਬੀ ਦਾ ਮੁੱਦਾ ਭਵਿੱਖ 'ਚ ਵੀ ਅਕਾਲੀ ਦਲ ਲਈ ਚਿੰਤਾ ਦਾ ਵਿਸ਼ਾ ਬਣ ਸਕਦਾ ਹੈ ਕਿਉਂਕਿ ਕੈਪਟਨ ਸਰਕਾਰ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਹਾਲ ਦੀ ਘੜੀ ਕਿਸੇ ਤਣ ਪੱਤਣ ਨਹੀਂ ਲੱਗੀ।

ਬੇਅਦਬੀ ਸਮੇਤ ਹੋਰਨਾਂ ਸਿਆਸੀ ਚੁਣੌਤੀਆਂ ਨਾਲ ਸਿੱਝਣ ਅਤੇ ਸੰਸਦੀ ਚੋਣਾਂ ਦੌਰਾਨ ਚੰਗਾ ਪ੍ਰਭਾਵ ਛੱਡਣ ਲਈ ਅਕਾਲੀ ਦਲ ਵੱਲੋਂ ਸੀਨੀਅਰ ਆਗੂਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ। ਅਕਾਲੀ ਦਲ ਦੀ ਇਹ ਰਣਨੀਤੀ ਵੀ ਕਾਮਯਾਬ ਨਹੀਂ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਅਕਾਲੀ ਦਲ ਦੇ ਐਸ.ਸੀ. ਵਿੰਗ ਦੇ ਪ੍ਰਧਾਨ ਗੁਲਜ਼ਾਰ ਸਿੰਘ ਰਣੀਕੇ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

## ਲੀਡਰਸ਼ਿਪ ਵਿਚਲੀ ਨਾਰਾਜ਼ਗੀ ਪਈ ਭਾਰੀ

ਸ਼੍ਰੋਮਣੀ ਅਕਾਲੀ ਦਲ ਅੰਦਰ ਬਾਦਲ ਪਰਿਵਾਰ ਖਿਲਾਫ ਅਕਾਲੀ ਲੀਡਰਸ਼ਿਪ ਵਿਚ ਨਾਰਾਜ਼ਗੀ ਪਹਿਲਾਂ ਤੋਂ ਹੀ ਚੱਲ ਰਹੀ ਹੈ। ਸੁਖਬੀਰ ਸਿੰਘ ਬਾਦਲ ਦੀਆਂ ਸਰਗਰਮੀਆਂ ਨੇ ਇਸ ਨਾਰਾਜ਼ਗੀ ਦੀ ਸੁਲਗਦੀ ਅੱਗ ਨੂੰ ਮੱਠਾ ਕਰਨ 'ਚ ਕਾਮਯਾਬੀ ਹਾਸਲ ਕਰ ਲਈ ਸੀ। ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠ ਟਕਸਾਲੀਆਂ ਦਾ ਇਕ ਧੜਾ ਪਹਿਲਾਂ ਹੀ ਵੱਖ ਹੋ ਚੁੱਕਾ ਹੈ। ਸੰਸਦੀ ਚੋਣਾਂ ਦੇ ਨਤੀਜਿਆਂ ਮੁਤਾਬਕ ਸਿਰਫ ਬਾਦਲ ਜੋੜੀ ਦੇ ਹੀ ਜਿੱਤਣ 'ਚ ਕਾਮਯਾਬ ਹੋਣ ਤੋਂ ਬਾਅਦ ਛੋਟੇ ਬਾਦਲ ਦੀ ਪਾਰਟੀ ਵਿਚ ਆਪਣੀ ਪਕੜ ਪਹਿਲਾਂ ਨਾਲੋਂ ਜ਼ਿਆਦਾ ਮਜ਼ਬੂਤ ਜਾਂ ਘੱਟ ਹੁੰਦੀ ਹੈ। ਇਹ ਸਵਾਲ ਅਕਾਲੀ ਦਲ ਅੰਦਰ ਖੜ੍ਹੇ ਹੋਣੇ ਸ਼ੁਰੂ ਹੋ ਗਏ ਹਨ।

## ਵੋਟਰਾਂ ਨੇ ਸਿਆਣਪ ਵਾਲਾ ਫੈਸਲਾ ਲਿਆ: ਬਾਦਲ

**ਲੰਬੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਨ.ਡੀ.ਏ. ਦੀ ਵੱਡੀ ਜਿੱਤ ਨੂੰ ਵੋਟਰਾਂ ਦਾ ਸਿਆਣਪ ਭਰਿਆ ਫੈਸਲਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਦੇਸ਼ ਵਿਚ ਵਿਕਾਸ ਦਾ ਦੌਰ ਲਗਾਤਾਰ ਜਾਰੀ ਰੱਖਣ ਲਈ ਮੋਦੀ ਸਰਕਾਰ ਦਾ ਬਣਨਾ ਬੇਹੱਦ ਜ਼ਰੂਰੀ ਸੀ। ਉਨ੍ਹਾਂ ਚੋਣ ਨਤੀਜਿਆਂ ਬਾਰੇ ਕਿਹਾ ਕਿ ਇਸ ਬੇਮਿਸਾਲ ਸਫਲਤਾ ਲਈ ਸਮੂਹ ਵੋਟਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਅਤੇ ਸਹਿਯੋਗੀ ਦਲ ਵਧਾਈ ਦੇ ਪਾਤਰ ਹਨ। ਕਾਂਗਰਸ ਦੀ ਹਾਰ ਬਾਰੇ ਸ੍ਰੀ ਬਾਦਲ ਨੇ ਆਖਿਆ ਕਿ ਇਹ ਤਾਂ ਪਹਿਲਾਂ ਤੋਂ ਜੱਗ-ਜ਼ਾਹਰ ਸੀ।

## ਦੋ ਦਹਾਕਿਆਂ ਪਿੱਛੋਂ ਫਰੀਦਕੋਟ ਵਿਚ ਕਾਂਗਰਸ ਦੀ ਵਾਪਸੀ

**ਫਰੀਦਕੋਟ:** ਕਾਂਗਰਸ ਨੇ 20 ਸਾਲ ਬਾਅਦ ਫਰੀਦਕੋਟ ਲੋਕ ਸਭਾ ਸੀਟ ਦੁਬਾਰਾ ਜਿੱਤ ਲਈ ਹੈ। ਕਾਂਗਰਸੀ ਉਮੀਦਵਾਰ ਮੁਹੰਮਦ ਸਦੀਕ ਨੇ ਆਪਣੇ ਵਿਰੋਧੀ ਅਕਾਲੀ ਦਲ ਦੇ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ ਨੂੰ 87,500 ਵੋਟ ਦੇ ਫਰਕ ਨਾਲ ਹਰਾ ਕੇ ਚੋਣ ਜਿੱਤ ਲਈ। ਪ੍ਰੋ. ਸਾਧੂ ਸਿੰਘ ਜੋ ਪਿਛਲੀ ਵਾਰ ਦੋ ਲੱਖ ਵੋਟ ਲੈ ਕੇ ਜੇਤੂ



ਮੁਹੰਮਦ ਸਦੀਕ

ਸਨ, ਇਸ ਵਾਰ ਉਹ ਤੀਜੇ ਸਥਾਨ 'ਤੇ ਰਹੇ। ਪੀ.ਡੀ.ਏ. ਉਮੀਦਵਾਰ ਮਾਸਟਰ ਬਲਦੇਵ ਸਿੰਘ ਚੌਥੇ ਨੰਬਰ ਉਤੇ ਰਹੇ।

ਫਰੀਦਕੋਟ ਲੋਕ ਸਭਾ ਹਲਕੇ ਤੋਂ ਕੁੱਲ 22 ਉਮੀਦਵਾਰ ਚੋਣ ਮੈਦਾਨ ਵਿਚ ਸਨ ਪਰ ਮੁੱਖ ਮੁਕਾਬਲਾ ਅਕਾਲੀ ਦਲ ਅਤੇ ਕਾਂਗਰਸ ਦਰਮਿਆਨ ਰਿਹਾ। ਗਿੱਦੜਬਾਹਾ ਵਿਧਾਨ ਸਭਾ ਹਲਕੇ ਵਿਚੋਂ ਅਕਾਲੀ ਦਲ 3,000 ਵੋਟ ਦੇ ਫਰਕ ਨਾਲ ਅੱਗੇ ਰਿਹਾ।

ਬਾਘਾਪੁਰਾਣਾ ਤੋਂ ਇਹ 700 ਦੇ ਮਾਮੂਲੀ ਫਰਕ ਨਾਲ ਹਾਰਿਆ। ਫਰੀਦਕੋਟ ਲੋਕ ਸਭਾ ਹਲਕੇ ਤੋਂ ਐਲਾਨੇ ਨਤੀਜਿਆਂ ਮੁਤਾਬਕ ਕਾਂਗਰਸ ਪਾਰਟੀ ਦੇ ਉਮੀਦਵਾਰ ਮੁਹੰਮਦ ਸਦੀਕ ਨੂੰ 4,17,936 ਵੋਟਾਂ ਮਿਲੀਆਂ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ ਨੂੰ 3,34,674 ਵੋਟਾਂ ਪਈਆਂ। ਆਮ ਆਦਮੀ ਪਾਰਟੀ ਦੇ ਉਮੀਦਵਾਰ ਪ੍ਰੋ. ਸਾਧੂ ਸਿੰਘ ਨੂੰ 1,14,610 ਵੋਟ ਮਿਲੀ। 19,053 ਵੋਟਰਾਂ ਨੇ ਨੋਟਾ ਦੇ ਹੱਕ ਵਿਚ ਵੋਟ ਭੁਗਤਾਈ।

## ਆਮ ਆਦਮੀ ਪਾਰਟੀ ਨੂੰ ਮਾਝੇ ਵਿਚੋਂ ਲੱਗਿਆ ਵੱਡਾ ਝਟਕਾ

**ਅੰਮ੍ਰਿਤਸਰ:** ਮਾਝੇ ਦੇ ਤਿੰਨ ਸੰਸਦੀ ਹਲਕੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਖਡੂਰ ਸਾਹਿਬ ਤਿੰਨਾਂ ਵਿਚ ਹੀ ਆਮ ਆਦਮੀ ਪਾਰਟੀ (ਆਪ) ਵੱਲੋਂ ਉਮੀਦਵਾਰ ਮੈਦਾਨ ਵਿਚ ਉਤਾਰੇ ਗਏ ਸਨ ਪਰ ਤਿੰਨਾਂ ਉਮੀਦਵਾਰਾਂ ਨੂੰ ਕੁਝ ਹਜ਼ਾਰ ਵੋਟਾਂ ਹੀ ਪ੍ਰਾਪਤ ਹੋਈਆਂ ਹਨ। ਵੋਟ ਬੈਂਕ ਨੂੰ ਖੋਰਾ ਲੱਗਣ ਦਾ ਵੱਡਾ ਕਾਰਨ ਆਮ ਆਦਮੀ ਵਿਚ ਪਈ ਫੁੱਟ ਹੈ, ਜਿਸ ਕਾਰਨ ਇਸ ਖੇਤਰ ਵਿਚ 'ਆਪ' ਦਾ ਕੋਈ ਵੱਡਾ ਆਗੂ ਨਹੀਂ ਰਿਹਾ।

'ਆਪ' ਵਲੋਂ ਸੰਸਦੀ ਚੋਣਾਂ ਵਿਚ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਮੈਦਾਨ ਵਿਚ ਉਤਾਰੇ ਗਏ ਕੁਲਦੀਪ ਸਿੰਘ ਧਾਲੀਵਾਲ ਨੂੰ ਸਿਰਫ 20087, ਗੁਰਦਾਸਪੁਰ ਤੋਂ ਪੀਟਰ ਮਸੀਹ ਨੂੰ 27744 ਵੋਟਾਂ ਅਤੇ ਖਡੂਰ ਸਾਹਿਬ ਹਲਕੇ ਤੋਂ ਚੋਣ ਲੜੇ ਉਮੀਦਵਾਰ ਮਨਜਿੰਦਰ ਸਿੰਘ ਸਿੱਧੂ ਨੂੰ 13 ਹਜ਼ਾਰ 656 ਵੋਟਾਂ ਮਿਲੀਆਂ ਹਨ, ਜੋ ਕਿ 2014 ਵਿਚ ਮਿਲੀਆਂ ਵੋਟਾਂ ਨਾਲੋਂ ਕਾਫੀ ਘੱਟ ਹਨ। 2014 ਵਿਚ ਅੰਮ੍ਰਿਤਸਰ ਤੋਂ ਆਪ ਨੂੰ 82633, ਗੁਰਦਾਸਪੁਰ ਤੋਂ 1,73,376 ਅਤੇ ਖਡੂਰ ਸਾਹਿਬ ਤੋਂ 1,44,521 ਵੋਟਾਂ ਮਿਲੀਆਂ ਸਨ। ਇਸੇ ਤਰ੍ਹਾਂ ਜਦੋਂ ਅੰਮ੍ਰਿਤਸਰ ਸੰਸਦੀ ਹਲਕੇ ਦੀ ਉਪ ਚੋਣ ਹੋਈ ਸੀ ਤਾਂ ਉਸ ਵੇਲੇ ਵੀ ਆਪ ਉਮੀਦਵਾਰ ਨੂੰ ਲਗਭਗ ਡੇਢ ਲੱਖ ਵੋਟ ਪ੍ਰਾਪਤ ਹੋਈ ਸੀ ਜੋ ਦੋ ਸਾਲਾਂ ਬਾਅਦ ਹੀ ਵੱਡੇ ਪੱਧਰ 'ਤੇ ਘਟ ਗਈ ਹੈ। ਇਸ ਵਾਰ ਪਾਰਟੀ ਉਮੀਦਵਾਰਾਂ ਨੂੰ ਅੰਮ੍ਰਿਤਸਰ ਵਿਚੋਂ ਸਿਰਫ 2.34 ਫੀਸਦੀ, ਗੁਰਦਾਸਪੁਰ ਵਿਚੋਂ 2.51 ਅਤੇ ਖਡੂਰ ਸਾਹਿਬ ਵਿਚੋਂ 1.31 ਫੀਸਦੀ ਵੋਟਾਂ ਪ੍ਰਾਪਤ ਹੋਈਆਂ ਹਨ ਜੋ ਆਮ ਆਦਮੀ ਪਾਰਟੀ ਲਈ ਚਿੰਤਾ ਤੇ ਚਿੰਤਨ ਦਾ ਮੁੱਦਾ ਹੈ।

# ਚੋਣ ਨਤੀਜਿਆਂ ਨਾਲ ਬਦਲ ਸਕਦੇ ਨੇ ਪੰਜਾਬ ਦੇ ਸਿਆਸੀ ਸਮੀਕਰਨ

**ਚੰਡੀਗੜ੍ਹ:** ਦੇਸ਼ ਭਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਾਦੂ ਸਿਰ ਚੜ੍ਹ ਕੇ ਬੋਲਿਆ ਤੇ ਭਾਜਪਾ 2014 ਨਾਲੋਂ ਵੀ ਵੱਧ ਸੀਟਾਂ ਹਾਸਲ ਕਰਨ ਵਿਚ ਕਾਮਯਾਬ ਰਹੀ ਪਰ ਪੰਜਾਬ ਵਿਚ ਕਾਂਗਰਸ ਪਾਰਟੀ ਅੱਠ ਸੀਟਾਂ ਲੈਣ ਵਿਚ ਸਫਲ ਰਹੀ। ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ, ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਦੇ ਚੋਣ ਜਿੱਤਣ ਨਾਲ ਦੋਵੇਂ ਪਰਿਵਾਰਾਂ ਦਾ ਆਪੋ ਆਪਣੀਆਂ ਪਾਰਟੀਆਂ ਉਤੇ ਦਬਦਬਾ ਬਣੇ ਰਹਿਣ ਦੇ ਆਸਾਰ ਬਣ ਗਏ ਹਨ। ਇਨ੍ਹਾਂ ਨਤੀਜਿਆਂ ਨੇ ਆਮ ਆਦਮੀ ਪਾਰਟੀ ਅਤੇ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਦੇ ਭਵਿੱਖ ਦਾ ਸੰਕੇਤ ਵੀ ਦੇ ਦਿੱਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਮਿਸ਼ਨ-13 ਦੇ ਨਾਮ 'ਤੇ ਚੋਣ ਮੁਹਿੰਮ ਸ਼ੁਰੂ ਕੀਤੀ ਸੀ। ਇਸ ਦੇ ਪਿੱਛੇ ਕਾਂਗਰਸ ਦਾ ਅਕਾਲੀ ਦਲ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਹੋਣ ਵਾਲੇ ਨੁਕਸਾਨ ਅਤੇ ਆਪ ਦੇ ਖਿੰਡਣ ਦੀ ਦਲੀਲ ਕੰਮ ਕਰ ਰਹੀ ਸੀ। ਨਤੀਜਿਆਂ ਤੱਕ ਪਹੁੰਚਦਿਆਂ ਪਾਰਟੀ ਨੂੰ ਸਮਝ ਆਉਣ ਲੱਗੀ ਕਿ ਸਥਿਤੀ ਇੰਨੀ ਅਨੁਕੂਲ ਵੀ ਨਹੀਂ ਹੈ ਕਿਉਂਕਿ ਵੋਟਰ ਬਹੁਤ ਸਾਰੇ ਸੁਆਲ ਪੁੱਛ ਰਹੇ ਹਨ। ਕਾਂਗਰਸੀਆਂ ਅੰਦਰ ਆਪਸੀ ਤਣਾਅ ਉਸ ਵੇਲੇ ਜਨਤਕ ਹੋ ਗਿਆ ਜਦੋਂ ਨਵਜੋਤ ਸਿੰਘ ਸਿੱਧੂ ਨੇ ਵੋਟਾਂ ਤੋਂ ਤਿੰਨ ਦਿਨ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਉਤੇ ਮਿਲੇ ਹੋਣ ਦਾ ਅਸਿੱਧੇ ਤਰੀਕੇ ਨਾਲ ਦੋਸ਼ ਲਗਾ ਦਿੱਤਾ। ਕੈਪਟਨ ਵੱਲੋਂ ਨਤੀਜਿਆਂ ਤੋਂ ਬਾਅਦ ਕੀਤੀ ਪ੍ਰੈਸ ਕਾਨਫਰੰਸ ਨਾਲ ਸਾਫ ਹੋ ਗਿਆ ਕਿ ਦੇਸ਼ ਪੱਧਰ ਉਤੇ ਹੋਈ ਕਾਂਗਰਸ ਦੀ ਹਾਰ ਕਾਰਨ ਹਾਈ ਕਮਾਨ ਹੁਣ ਕੈਪਟਨ ਦਾ ਕੁਝ ਵਿਗਾੜ ਸਕਣ ਦੀ ਸਥਿਤੀ 'ਚ ਨਹੀਂ ਹੋਵੇਗੀ। ਕਾਂਗਰਸ ਦਾ ਵੋਟ ਸ਼ੇਅਰ ਵੱਧ ਗਿਆ ਹੈ। ਅੱਗੋਂ ਸਿੱਧੂ ਅਤੇ ਕੈਪਟਨ ਦਰਮਿਆਨ ਫੈਸਲਾਕੁਨ ਸਿਆਸੀ ਜੰਗ ਸ਼ੁਰੂ ਹੋਣ ਦੇ ਆਸਾਰ ਹਨ। ਸਿੱਧੂ ਦਾ ਵਿਭਾਗ ਬਦਲਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਮਨਪ੍ਰੀਤ ਬਾਦਲ ਦੇ ਵਿਧਾਨ ਸਭਾ ਹਲਕੇ ਬਠਿੰਡਾ ਸ਼ਹਿਰੀ ਤੋਂ ਕਾਂਗਰਸ ਉਮੀਦਵਾਰ ਨੂੰ ਘੱਟ ਵੋਟ ਮਿਲਣ ਨਾਲ ਇਖਲਾਕੀ ਦਬਾਅ ਮਨਪ੍ਰੀਤ ਉਤੇ ਵੀ ਪੈਣਾ ਸੁਭਾਵਿਕ ਹੈ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਨਸ਼ੇ, ਰੇਤ ਮਾਫੀਆ ਸਮੇਤ ਕਈ ਮੁੱਦਿਆਂ ਉਤੇ ਬਾਦਲ ਪਰਿਵਾਰ ਖਿਲਾਫ ਲੋਕਾਂ ਦੀ ਨਾਰਾਜ਼ਗੀ ਕਰਕੇ ਅਕਾਲੀ ਦਲ ਅੰਦਰ ਚੱਲੇ ਅੰਦਰੂਨੀ ਸੰਘਰਸ਼ ਦੇ ਬਾਵਜੂਦ ਅਕਾਲੀ ਦਲ ਦੇ ਭਾਵੇਂ ਦਸ ਸੀਟਾਂ 'ਚੋਂ ਅੱਠ ਉਮੀਦਵਾਰ ਹਾਰ ਗਏ ਹੋਣ ਪਰ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਜਿੱਤਣ ਵਿਚ ਕਾਮਯਾਬ ਰਹੇ ਹਨ। ਕੀ ਹੁਣ ਭਵਿੱਖ ਵਿਚ ਬੇਅਦਬੀ ਦਾ ਮੁੱਦਾ ਬਾਦਲ ਪਰਿਵਾਰ ਨਾਲ ਨਹੀਂ ਜੁੜਿਆ ਰਹੇਗਾ? ਪਾਰਟੀ ਦਾ ਪ੍ਰਧਾਨ ਬਦਲਣ ਦੀ ਮੰਗ ਕਰਕੇ ਪਾਰਟੀ ਨਾਲ ਨਾਰਾਜ਼ ਹੋਏ ਸੁਖਦੇਵ ਸਿੰਘ ਢੀਂਡਸਾ ਅਤੇ ਅਲੱਗ ਹੋਏ ਜਥੇਦਾਰ ਬ੍ਰਹਮਪੁਰਾ ਵਰਗੇ ਆਗੂਆਂ ਵੱਲੋਂ



ਉਠਾਇਆ ਮੁੱਦਾ ਇੰਨੀ ਜਲਦੀ ਹੱਲ ਹੋਣ ਵਾਲਾ ਨਹੀਂ ਹੈ। ਬੇਸ਼ੱਕ ਅਕਾਲੀ ਦਲ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਨਾਲੋਂ ਆਪਣੇ ਵੋਟ ਸ਼ੇਅਰ 'ਚ ਕਰੀਬ 2.3 ਫੀਸਦੀ ਵਾਧਾ ਕੀਤਾ ਹੈ। ਭਾਜਪਾ ਨੇ ਵੀ ਚਾਰ ਫੀਸਦ ਦੇ ਕਰੀਬ ਸ਼ੇਅਰ ਵਧਾਇਆ ਹੈ ਪਰ ਭਾਜਪਾ ਨੂੰ ਦਿੱਤੀ ਜਾਣ ਵਾਲੀ ਬਿਨਾਂ ਸ਼ਰਤ ਹਮਾਇਤ ਨਾਲ ਪੰਥਕ ਆਧਾਰ ਨੂੰ ਲੱਗ ਰਹੇ ਖੋਰੇ ਦਾ ਅਹਿਸਾਸ ਅਕਾਲੀ ਦਲ ਨੂੰ ਕਦੋਂ ਹੋਵੇਗਾ, ਇਹ ਸੁਆਲ ਵੀ ਅਣਸੁਲਝਿਆ ਹੈ।

'ਆਪ' ਪੂਰੀ ਤਰ੍ਹਾਂ ਖਿੰਡ ਚੁੱਕੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਭਗਵੰਤ ਮਾਨ ਜਿੱਤ ਗਿਆ ਹੈ ਅਤੇ ਆਪ ਹਾਰ ਗਈ ਹੈ।

ਪੀ.ਡੀ.ਏ. ਖਾਤਾ ਵੀ ਨਹੀਂ ਖੋਲ੍ਹ ਸਕਿਆ ਤੇ ਸੁਖਪਾਲ ਖਹਿਰਾ ਜ਼ਮਾਨਤ ਬਚਾਉਣ ਦੀ ਹਾਲਤ ਵਿਚ ਨਹੀਂ ਰਿਹਾ ਪਰ ਇਸ ਦੇ ਕਈ ਉਮੀਦਵਾਰ ਵੋਟਾਂ ਠੀਕ ਲੈ ਗਏ। 'ਆਪ' ਦਾ ਵੋਟ ਹਿੱਸਾ 2017 ਦੀਆਂ ਵਿਧਾਨ ਸਭਾ ਚੋਣਾਂ ਦੇ 23.7 ਫੀਸਦੀ ਤੋਂ ਸੁੰਗੜ ਕੇ 7 ਫੀਸਦੀ ਤੱਕ ਆ ਗਿਆ ਹੈ। ਪੀ.ਡੀ.ਏ. ਦਾ ਵੋਟ ਹਿੱਸਾ 10.3 ਫੀਸਦੀ ਹੈ। ਇਸ ਵਿਚ ਬਸਪਾ ਦਾ ਹਿੱਸਾ 3.49, ਰਲਾ ਮਿਲਾ ਕੇ ਇਕ ਫੀਸਦੀ ਦੇ ਨੇੜੇ ਖੱਖੇਪੱਖੀ ਪਾਰਟੀਆਂ ਦਾ ਵੀ ਹੈ। ਪੀ.ਡੀ.ਏ. ਵਿਚੋਂ ਸਿਰਫ ਸਿਮਰਜੀਤ ਸਿੰਘ ਬੈਂਸ ਦੂਜੇ ਨੰਬਰ ਉਤੇ ਆਉਣ ਵਿਚ ਕਾਮਯਾਬ ਰਹੇ ਹਨ। ਪੰਜਾਬ ਦੇ ਲੋਕਾਂ ਅੰਦਰ ਸਿਆਸੀ ਧਿਰਾਂ ਖਿਲਾਫ ਬਣ ਰਹੀ ਸਥਿਤੀ ਇਹ ਸੰਕੇਤ ਜ਼ਰੂਰ ਦੇ ਰਹੀ ਹੈ ਕਿ ਸੂਬੇ ਦੀ ਸਿਆਸਤ ਪੁਰਾਣੇ ਢੱਰੇ ਉਤੇ ਜ਼ਿਆਦਾ ਦੇਰ ਨਹੀਂ ਚਲਾਈ ਜਾ ਸਕੇਗੀ।

## ਜਦੋਂ ਟੀ.ਵੀ. ਮੇਜ਼ਬਾਨ ਨੇ ਸੰਨੀ ਦਿਓਲ ਨੂੰ ਸੰਨੀ ਲਿਓਨ ਦੱਸਿਆ

**ਨਵੀਂ ਦਿੱਲੀ:** ਫਿਲਮ ਅਦਾਕਾਰ ਸੰਨੀ ਦਿਓਲ ਨੇ ਭਾਵੇਂ ਪੰਜਾਬ ਦੀ ਗੁਰਦਾਸਪੁਰ ਸੰਸਦੀ ਸੀਟ ਤੋਂ ਵੱਡੀ ਜਿੱਤ ਦਰਜ ਕਰਦਿਆਂ ਲੋਕ ਸਭਾ ਵਿਚ ਦਾਖਲੇ ਲਈ ਰਾਹ ਪੱਧਰਾ ਕਰ ਲਿਆ ਹੈ। ਵੋਟਾਂ ਦੀ ਗਿਣਤੀ ਦੌਰਾਨ ਇਕ ਟੀ.ਵੀ. ਐਂਕਰ ਵੱਲੋਂ ਸੰਨੀ ਦਿਓਲ ਦੀ ਥਾਂ ਬਾਲੀਵੁੱਡ ਵਿਚ ਉਸ ਦੀ ਜੂਨੀਅਰ ਸੰਨੀ ਲਿਓਨ ਨਾਂ ਲੈਣ ਨਾਲ ਸੋਸ਼ਲ ਮੀਡੀਆ 'ਤੇ ਮਜ਼ਾਹੀਆ ਟਵੀਟਜ਼ ਦਾ ਇਕ ਨਵਾਂ ਰੁਝਾਨ ਸ਼ੁਰੂ ਹੋ ਗਿਆ। ਉਂਜ ਇਹ ਮਜਾਕ ਇਥੇ ਹੀ ਨਹੀਂ ਰੁਕਿਆ ਤੇ ਸੰਨੀ ਲਿਓਨ ਨੇ ਵਿੰਕ ਇਮੋਜੀ ਨਾਲ ਕੀਤੇ ਟਵੀਟ 'ਚ ਪੁੱਛ ਲਿਆ ਕਿ ਕਿੰਨੀਆਂ ਵੋਟਾਂ ਨਾਲ ਅੱਗੇ ਹਾਂ? ਇਸ ਗਲਤੀ ਨੇ ਚੋਣ ਨਤੀਜਿਆਂ ਨੂੰ ਜਾਣਨ ਦੀ ਉਤਸੁਕਤਾ 'ਚ ਸਵੇਰ ਤੋਂ ਹੀ ਟੈਲੀਵਿਜ਼ਨ ਚੈਨਲਾਂ ਅੱਗੇ ਜੁੜ ਬੈਠੇ ਲੋਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ।

## ਅਲਕਾ ਲਾਂਬਾ ਨੂੰ 'ਆਪ' ਨੇ ਵਟਸਐਪ ਵਿਧਾਇਕ ਗਰੁੱਪ 'ਚੋਂ ਕੱਢਿਆ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੀ ਚਾਂਦਨੀ ਚੌਕ ਹਲਕੇ ਤੋਂ ਵਿਧਾਇਕਾ ਅਲਕਾ ਲਾਂਬਾ ਨੇ ਦਾਅਵਾ ਕੀਤਾ ਕਿ ਉਸ ਨੂੰ ਮੁੜ ਤੋਂ ਪਾਰਟੀ ਦੇ ਐਮ.ਐਲ.ਏ. ਵਟਸਐਪ ਗਰੁੱਪ 'ਚੋਂ ਕੱਢ ਦਿੱਤਾ ਗਿਆ ਹੈ। ਪਾਰਟੀ ਪ੍ਰਧਾਨ ਅਰਵਿੰਦ ਕੇਜਰੀਵਾਲ ਵੀ ਇਸ ਗਰੁੱਪ ਦਾ ਹਿੱਸਾ ਹਨ।

## ਮਾੜੀ ਕਾਰਗੁਜ਼ਾਰੀ: ਵਿਧਾਇਕਾਂ 'ਤੇ ਲਟਕੀ ਕਾਰਵਾਈ ਦੀ ਤਲਵਾਰ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਆਪੋ ਆਪਣੇ ਅਸੈਂਬਲੀ ਹਲਕਿਆਂ 'ਚ ਮਾੜੀ ਕਾਰਗੁਜ਼ਾਰੀ ਵਿਖਾਉਣ ਵਾਲੇ ਕਾਂਗਰਸੀ ਵਿਧਾਇਕਾਂ ਨੂੰ ਆਪਣੇ ਖਿਲਾਫ ਕਾਰਵਾਈ ਦਾ ਡਰ ਸਤਾਉਣ ਲੱਗਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਮਹੀਨਾ ਪਹਿਲਾਂ ਕੀਤੇ ਹੁਕਮਾਂ ਵਿਚ ਮਾੜੀ ਕਾਰਗੁਜ਼ਾਰੀ ਵਾਲੇ ਵਿਧਾਇਕਾਂ ਨੂੰ ਕਾਰਵਾਈ ਲਈ ਤਿਆਰ ਰਹਿਣ ਵਾਸਤੇ ਕਿਹਾ ਸੀ। ਪੰਜਾਬ ਕਾਂਗਰਸ ਨੇ ਹਾਲਾਂਕਿ ਐਤਕੀਂ ਦੇਸ਼ ਵਿਚ ਮੋਦੀ ਲਹਿਰ ਦੇ ਉਲਟ 13 ਸੰਸਦੀ ਸੀਟਾਂ ਵਿਚੋਂ ਅੱਠ 'ਤੇ ਜਿੱਤ ਦਰਜ ਕਰਦਿਆਂ ਪੰਜ ਸਾਲ ਪਹਿਲਾਂ ਦੀ ਕਾਰਗੁਜ਼ਾਰੀ ਵਿਚ ਸੁਧਾਰ ਕੀਤਾ ਹੈ, ਪਰ ਇਸ ਸਫਲਤਾ ਦਾ ਸਿਹਰਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਿਰ ਬੱਝ ਰਿਹਾ ਹੈ।

## ਬਠਿੰਡਾ 'ਚ ਹਾਰ ਦਾ ਠੀਕਰਾ ਸਿੱਧੂ ਸਿਰ ਭੰਨਣਾ ਗਲਤ: ਡਾ. ਸਿੱਧੂ

**ਅੰਮ੍ਰਿਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵਿਚਾਲੇ ਚੱਲ ਰਹੀ ਸ਼ਬਦੀ ਜੰਗ ਦਰਮਿਆਨ ਸਿੱਧੂ ਦੀ ਪਤਨੀ ਤੇ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਪੰਜਾਬ ਵਿਚ ਕੁਝ ਸੀਟਾਂ (ਖਾਸ ਕਰਕੇ ਬਠਿੰਡਾ) ਉਤੇ ਮਿਲੀ ਹਾਰ ਦਾ ਠੀਕਰਾ ਸਿੱਧੂ ਸਿਰ ਭੰਨੇ ਜਾਣ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕੀਤਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿਚ ਡਾ. ਨਵਜੋਤ ਕੌਰ ਸਿੱਧੂ ਆਪਣੇ ਪਤੀ ਨਵਜੋਤ ਸਿੰਘ ਸਿੱਧੂ ਦਾ ਸਮਰਥਨ ਕਰ ਰਹੀ ਹੈ। ਡਾ. ਸਿੱਧੂ ਨੇ ਕਿਹਾ ਕਿ ਕਾਂਗਰਸ ਹਾਈਕਮਾਂਡ ਨੂੰ ਪਤਾ ਸੀ ਕਿ ਸ੍ਰੀ ਸਿੱਧੂ ਦੇ ਚੋਣ ਪ੍ਰਚਾਰ ਲਈ ਜਾਣ ਤੋਂ ਪਹਿਲਾਂ ਬਠਿੰਡਾ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਦੀ ਹਾਰ ਵੱਡੇ ਫਰਕ ਨਾਲ ਹੋ ਰਹੀ ਸੀ। ਪਰ ਸ੍ਰੀ ਸਿੱਧੂ ਦੇ ਜਾਣ ਨਾਲ ਕਾਂਗਰਸੀ ਉਮੀਦਵਾਰ ਦੀ ਸਥਿਤੀ ਬਿਹਤਰ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਸਾਰਾ ਕੁਝ ਰਿਕਾਰਡ 'ਤੇ ਹੈ, ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ।

# ਬੇਅਦਬੀ ਦਾ ਮੁੱਦਾ ਨਾ ਲਾ ਸਕਿਆ ਅਕਾਲੀ ਦਲ ਦੀ ਸਿਆਸੀ ਸਾਖ ਨੂੰ ਖੋਰਾ

**ਪਟਿਆਲਾ:** ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਕੋਈ ਘਾਟਾ ਨਹੀਂ ਪਾਇਆ। ਬਰਗਾੜੀ ਮੋਰਚੇ ਦਾ ਲੋਕ ਮਨਾਂ 'ਤੇ ਜ਼ਿਆਦਾ ਅਸਰ ਨਜ਼ਰ ਨਹੀਂ ਆਇਆ। 2014 ਤੇ 2019 ਦੇ ਵੋਟ ਅੰਕੜਿਆਂ ਦੇ ਮੁਲਾਂਕਣ ਤੋਂ ਸਪਸ਼ਟ ਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ 2014 ਵਿਚ 10 ਹਲਕਿਆਂ ਵਿਚੋਂ ਲਈਆਂ 36,36,148 ਵੋਟਾਂ ਦੇ ਮੁਕਾਬਲੇ 2019 ਵਿਚ ਇਨ੍ਹਾਂ ਹੀ ਦਸ ਹਲਕਿਆਂ ਵਿਚੋਂ 37,75,923 ਵੋਟਾਂ ਹਾਸਲ ਕੀਤੀਆਂ ਹਨ, ਜੋ 2014 ਨਾਲੋਂ 139775 ਵੱਧ ਹਨ। 'ਆਪ' ਨੂੰ 2014 ਵਿਚ ਇਨ੍ਹਾਂ ਹਲਕਿਆਂ ਵਿਚੋਂ ਮਿਲੀਆਂ ਵੋਟਾਂ 2019 ਵਿਚ ਕਾਫੀ ਘੱਟ ਗਈਆਂ ਹਨ।

ਅੰਕੜਿਆਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੇ 2014 'ਚ ਪਟਿਆਲਾ ਤੋਂ 3,40,109, ਖਡੂਰ ਸਾਹਿਬ ਤੋਂ 4,67,332, ਜਲੰਧਰ ਤੋਂ 3,09,498, ਸ੍ਰੀ ਆਨੰਦਪੁਰ ਸਾਹਿਬ ਤੋਂ 3,47,394, ਲੁਧਿਆਣਾ ਤੋਂ 2,56,590, ਸ੍ਰੀ ਫਤਿਹਗੜ੍ਹ ਸਾਹਿਬ ਤੋਂ 3,12,815, ਫਰੀਦਕੋਟ ਤੋਂ 2,78,235, ਫਿਰੋਜ਼ਪੁਰ ਤੋਂ 4,87,932, ਬਠਿੰਡਾ ਤੋਂ 5,14,727 ਅਤੇ ਸੰਗਰੂਰ ਤੋਂ 3,21,516 ਵੋਟਾਂ ਹਾਸਲ ਕੀਤੀਆਂ ਸਨ, ਜਦੋਂਕਿ ਇਸ ਵਾਰ 2019 ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਪਟਿਆਲਾ ਤੋਂ 3,69,309, ਸੰਗਰੂਰ ਤੋਂ 2,63,429 ਬਠਿੰਡਾ ਤੋਂ 4,92,824, ਫਿਰੋਜ਼ਪੁਰ ਤੋਂ 6,33,427, ਫਰੀਦਕੋਟ ਤੋਂ 3,34,674, ਸ੍ਰੀ ਆਨੰਦਪੁਰ ਸਾਹਿਬ ਤੋਂ 3,81,161, ਖਡੂਰ ਸਾਹਿਬ ਤੋਂ 3,17,690, ਲੁਧਿਆਣਾ ਤੋਂ 2,99,435, ਜਲੰਧਰ ਤੋਂ 3,66,221 ਅਤੇ ਸ੍ਰੀ ਫਤਿਹਗੜ੍ਹ ਸਾਹਿਬ ਤੋਂ 3,17,753 ਵੋਟਾਂ ਹਾਸਲ ਕੀਤੀਆਂ ਹਨ।



ਇਸ ਤੋਂ ਸਪਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪੰਜਾਬ ਵਿਚਲੇ ਆਧਾਰ ਨੂੰ ਕੋਈ ਫਰਕ ਨਹੀਂ ਪਿਆ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬੀਆਂ ਦੀ ਬੇਰੁਖੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਵੋਟਾਂ ਦੀ ਵੱਧ ਰਹੀ ਗਿਣਤੀ ਇਸ ਦੇ ਉਲਟ ਸੰਕੇਤ ਦੇ ਰਹੀ ਹੈ। ਇਨ੍ਹਾਂ 10 ਹਲਕਿਆਂ ਵਿਚ ਕਾਂਗਰਸ ਦੀ ਵੋਟ ਵਧੀ ਹੈ। 2014 ਵਿਚ ਕਾਂਗਰਸ ਦੀ ਵੋਟ 34,13,752 ਸੀ ਜਦੋਂਕਿ 2019 ਵਿਚ 43,29,135 ਵੋਟ ਮਿਲੀ ਹੈ, ਜੋ 2014 ਨਾਲੋਂ 9,15,383 ਵੋਟਾਂ ਵੱਧ ਹਨ।

## ਬਰਗਾੜੀ ਮੋਰਚੇ ਵਾਲਿਆਂ ਨੂੰ ਲੋਕਾਂ ਨੇ ਨਕਾਰਿਆ: ਸੁਖਬੀਰ ਸਿੰਘ ਬਾਦਲ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਸੰਸਦੀ ਚੋਣਾਂ ਵਿਚ ਬਰਗਾੜੀ ਮੋਰਚੇ ਵਾਲਿਆਂ ਨੂੰ ਲੋਕਾਂ ਨੇ ਨਕਾਰ ਦਿੱਤਾ ਹੈ। ਹਾਲਾਂਕਿ ਇਸ ਵਾਰ ਉਨ੍ਹਾਂ ਬਾਦਲ ਪਰਿਵਾਰ ਨੂੰ ਹਰਾਉਣ ਦਾ ਏਜੰਡਾ ਬਣਾਇਆ ਹੋਇਆ ਸੀ। ਸੁਖਬੀਰ ਬਾਦਲ ਨੇ ਕਿਹਾ ਕਿ ਬਰਗਾੜੀ ਮੋਰਚੇ ਦੇ ਪ੍ਰਬੰਧਕਾਂ ਨੇ ਬਾਦਲ ਪਰਿਵਾਰ ਨੂੰ ਹਰਾਉਣ ਲਈ ਫਿਰੋਜ਼ਪੁਰ ਅਤੇ ਬਠਿੰਡਾ ਲੋਕ ਸਭਾ ਹਲਕੇ ਦੇ ਪਿੰਡਾਂ ਵਿਚ ਜਾ ਕੇ ਪ੍ਰਚਾਰ ਕੀਤਾ ਤੇ ਹਰਾਉਣ ਲਈ ਪੂਰੀ ਤਾਕਤ ਲਾਈ ਹੈ ਪਰ ਲੋਕਾਂ ਨੇ ਉਨ੍ਹਾਂ ਨੂੰ ਨਕਾਰ ਦਿੱਤਾ ਹੈ। ਕਾਂਗਰਸ ਦੀ ਕਾਰਗੁਜ਼ਾਰੀ ਬਾਰੇ ਗੱਲ ਕਰਦਿਆਂ ਅਕਾਲੀ ਆਗੂ ਨੇ ਕਿਹਾ ਕਿ ਪੂਰੇ ਦੇਸ਼ ਵਿਚ ਇਸ ਵਾਰ ਕਾਂਗਰਸ ਦਾ ਭੋਗ ਪੈ ਗਿਆ ਹੈ।

# ਨਕੋਦਰ ਬੇਅਦਬੀ ਕਾਂਡ ਨੇ ਅਕਾਲੀ ਦਲ ਦਾ ਵੋਟ ਬੈਂਕ ਤੋੜਿਆ

**ਜਲੰਧਰ:** ਪੰਜਾਬ ਦੀਆਂ ਲੋਕ ਸਭਾ ਚੋਣਾਂ 'ਚ ਨਕੋਦਰ ਬੇਅਦਬੀ ਕਾਂਡ ਦਾ ਅਸਰ ਜਲੰਧਰ ਅਤੇ ਫਤਹਿਗੜ੍ਹ ਸਾਹਿਬ ਦੀਆਂ ਸੀਟਾਂ 'ਤੇ ਪੂਰੀ ਤਰ੍ਹਾਂ ਪਿਆ ਜਿਥੋਂ ਸ਼੍ਰੋਮਣੀ ਅਕਾਲੀ ਦਲ ਦੇ ਦੋਵੇਂ ਉਮੀਦਵਾਰ ਚੋਣ ਹਾਰ ਗਏ, ਜਿਨ੍ਹਾਂ ਦਾ ਨਾਂ ਇਸ ਕਾਂਡ ਨਾਲ ਸਿੱਧੇ ਰੂਪ ਵਿਚ ਜੁੜਦਾ ਆ ਰਿਹਾ ਸੀ। ਕਾਂਗਰਸ ਪਾਰਟੀ ਨੇ ਬੇਅਦਬੀ ਨੂੰ ਚੋਣ ਮੁੱਦੇ ਵਜੋਂ ਉਭਾਰ ਕੇ ਪੇਸ਼ ਕੀਤਾ ਜਦਕਿ ਸ਼੍ਰੋਮਣੀ ਅਕਾਲੀ ਦਲ ਨੇ ਇਸ ਗੱਲ ਲਈ ਸਾਰਾ ਜ਼ੋਰ ਲਾਇਆ ਹੋਇਆ ਸੀ ਕਿ ਬੇਅਦਬੀ ਕੋਈ ਮੁੱਦਾ ਹੀ ਨਾ ਬਣੇ।

ਚੋਣ ਨਤੀਜਿਆਂ ਤੋਂ ਬਾਅਦ ਅਕਾਲੀ ਦਲ ਦੇ ਕਈ ਆਗੂ ਵੀ ਦੱਬੀ ਜ਼ੁਬਾਨ ਨਾਲ ਇਹ ਗੱਲ ਕਹਿਣ ਲੱਗ ਪਏ ਹਨ ਕਿ ਨਕੋਦਰ ਤੇ ਬਰਗਾੜੀ ਬੇਅਦਬੀ ਕਾਂਡ ਨਾਲ ਸਿੱਖ ਵੋਟ ਅਕਾਲੀ ਦਲ ਖਿਲਾਫ ਭੁਗਤੀ ਹੈ। ਭਾਵੇਂ ਕਿ ਜਨਤਕ ਤੌਰ 'ਤੇ ਇਸ ਨੂੰ ਅਕਾਲੀ ਦਲ ਮੰਨਣ ਨੂੰ ਤਿਆਰ ਨਹੀਂ ਹੈ।

ਜ਼ਿਕਰਯੋਗ ਹੈ ਕਿ ਫਰਵਰੀ 1986 ਵਿਚ ਵਾਪਰੇ ਨਕੋਦਰ ਬੇਅਦਬੀ ਕਾਂਡ ਸਮੇਂ ਦਰਬਾਰਾ ਸਿੰਘ ਗੁਰੂ ਜਲੰਧਰ ਦੇ ਵਧੀਕ ਡਿਪਟੀ ਕਮਿਸ਼ਨਰ ਸਨ। ਇਸ ਕਾਂਡ ਬਾਰੇ 2001 ਵਿਚ ਰਿਪੋਰਟ ਪੇਸ਼ ਕੀਤੀ ਗਈ ਸੀ ਤਾਂ ਉਦੋਂ ਵਿਧਾਨ ਸਭਾ ਦੇ ਸਪੀਕਰ ਡਾ. ਚਰਨਜੀਤ ਸਿੰਘ ਅਟਵਾਲ ਸਨ।

ਉਧਰ, ਨਕੋਦਰ ਕਾਂਡ ਦੇ ਪੀੜਤ ਪਰਿਵਾਰਾਂ ਨੇ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਹੈ ਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਉਮੀਦਵਾਰਾਂ ਨੂੰ ਮੂੰਹ ਨਹੀਂ ਲਾਇਆ ਜਿਹੜੇ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਸਾੜੇ ਜਾਣ ਅਤੇ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਬਾਰੇ ਕੁਝ ਵੀ ਬੋਲਣ ਨੂੰ ਤਿਆਰ ਨਹੀਂ ਸਨ।

ਜਲੰਧਰ ਲੋਕ ਸਭਾ ਹਲਕੇ ਤੋਂ ਚੌਧਰੀ ਸੰਤੋਖ ਸਿੰਘ ਨੇ ਨਕੋਦਰ ਬੇਅਦਬੀ ਕਾਂਡ ਨੂੰ ਹਰ ਮੰਚ ਤੋਂ ਉਭਾਰਿਆ। ਸਿੱਖ ਭਾਈਚਾਰੇ ਦੇ ਮਨਾਂ ਵਿਚ ਉਦੋਂ ਇਸ ਗੱਲ ਦਾ ਹੋਰ ਵੀ ਗੁੱਸਾ ਵਧ ਗਿਆ ਜਦੋਂ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੇ ਇਥੋਂ ਤੱਕ ਕਹਿ ਦਿੱਤਾ ਕਿ ਨਕੋਦਰ ਵਰਗੇ ਕਾਂਡ ਤਾਂ ਹੁੰਦੇ ਹੀ ਰਹਿੰਦੇ ਹਨ।

# ਚੋਣ ਜ਼ਾਬਤਾ ਖਤਮ-ਪੰਜਾਬ ਸਰਕਾਰ ਦਾ ਕੰਮਕਾਜ ਮੁੜ ਲੀਹ 'ਤੇ ਆਇਆ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਕਾਰਨ ਦੇਸ਼ ਵਿਚ ਲਾਗੂ ਆਦਰਸ਼ ਚੋਣ ਜ਼ਾਬਤੇ ਨੂੰ ਵਾਪਸ ਲੈ ਲਏ ਜਾਣ ਨਾਲ ਪੰਜਾਬ ਸਰਕਾਰ ਦਾ ਕੰਮ ਵੀ ਹੁਣ ਦੁਬਾਰਾ ਲੀਹ 'ਤੇ ਗਿਆ ਹੈ। ਚੋਣ ਜ਼ਾਬਤੇ ਕਾਰਨ ਬਹੁਤ ਸਾਰੇ ਵਿਭਾਗਾਂ ਦਾ ਕੰਮ ਕਾਜ ਇਸ ਲਈ ਰੁਕਿਆ ਹੋਇਆ ਸੀ। ਕੋਈ ਵੀ ਵਿਭਾਗ ਜ਼ਾਬਤੇ ਦੌਰਾਨ ਕੋਈ ਵੀ ਫੈਸਲਾ ਨਹੀਂ ਲਿਆ ਜਾ ਸਕਦਾ ਸੀ ਅਤੇ ਇਸ ਕਾਰਨ ਮੁੱਖ ਮੰਤਰੀ ਸਕੱਤਰੇਤ, ਰਾਜ ਦੇ ਮੁੱਖ ਸਕੱਤਰ ਅਤੇ ਰਾਜ ਦੇ ਸਕੱਤਰ ਪੱਧਰ ਦੇ ਅਧਿਕਾਰੀਆਂ ਕੋਲ ਵੱਡੀ ਪੱਧਰ 'ਤੇ ਮਾਮਲੇ ਫੈਸਲਿਆਂ ਲਈ ਲਟਕ ਰਹੇ ਸਨ।

ਦੱਸਣਾ ਜ਼ਰੂਰੀ ਹੋਵੇਗਾ ਕਿ ਰਾਸ਼ਟਰਪਤੀ ਵੱਲੋਂ ਨਵੀਂ ਸੰਸਦ ਦੇ ਗਠਨ ਸਬੰਧੀ ਅਧਿਸੂਚਨਾ ਜਾਰੀ ਹੋਣ ਤੋਂ ਬਾਅਦ ਚੋਣ ਕਮਿਸ਼ਨ ਵੱਲੋਂ ਸਮੁੱਚੀ ਚੋਣ ਪ੍ਰਕਿਰਿਆ ਪੂਰੀ ਹੋ ਜਾਣ ਕਾਰਨ ਸਮੁੱਚੇ ਦੇਸ਼ ਵਿਚ ਚੋਣ ਜ਼ਾਬਤਾ ਖਤਮ ਕਰਨ ਲਈ ਬਕਾਇਦਾ ਪੱਤਰ ਜਾਰੀ ਕਰ ਦਿੱਤਾ ਗਿਆ ਹੈ।

# ਜ਼ਮੀਨੀ ਵਿਵਾਦ: ਪਰਿਵਾਰ ਦੇ ਤਿੰਨ ਜੀਆਂ ਦਾ ਕਤਲ

**ਤਰਨ ਤਾਰਨ:** ਇਲਾਕੇ ਦੇ ਪਿੰਡ ਢੋਟੀਆਂ ਵਿਚ ਗਰੀਬ ਕਿਸਾਨ ਪਰਿਵਾਰ ਦੇ ਤਿੰਨ ਜੀਆਂ ਦੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕਾਂ ਦੀ ਸ਼ਨਾਖ਼ਤ ਗੁਰਦੀਪ ਸਿੰਘ (60), ਉਸ ਦੀ ਪਤਨੀ ਲਖਵਿੰਦਰ ਕੌਰ (58) ਤੇ ਜੋੜੇ ਦੀ ਧੀ ਮਨਜਿੰਦਰ ਕੌਰ (14) ਵਜੋਂ ਹੋਈ ਹੈ। ਜੋੜੇ ਦੀ ਇਕ ਹੋਰ ਸੱਤ ਸਾਲਾ ਲੜਕੀ ਜਸ਼ਨਪ੍ਰੀਤ ਕੌਰ ਜਖਮੀ ਹੈ।

ਜਾਣਕਾਰੀ ਅਨੁਸਾਰ ਗੁਰਦੀਪ ਜਦ ਆਪਣੇ ਪਰਿਵਾਰ ਦੇ ਜੀਆਂ ਨਾਲ ਕੱਚੇ ਘਰ ਦੇ ਵਿਹੜੇ 'ਚ ਸੁੱਤਾ ਪਿਆ ਸੀ ਤਾਂ ਕੁਝ ਵਿਅਕਤੀਆਂ ਨੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਜਖਮੀ ਹੋਈ ਲੜਕੀ ਪਿਤਾ ਨਾਲ ਸੁੱਤੀ ਪਈ ਸੀ ਤੇ ਉਸ ਨੇ ਪਿਤਾ ਹੇਠ ਲੁਕਣ ਦੀ ਕੋਸ਼ਿਸ਼ ਕੀਤੀ। ਪਿੰਡ ਵਾਸੀਆਂ ਨੂੰ ਘਟਨਾ ਬਾਰੇ ਸਵੇਰੇ ਉਦੋਂ ਪਤਾ ਲੱਗਾ ਜਦ ਪਿੰਡ ਦੇ ਗੁਰਦੁਆਰੇ ਲਈ ਪ੍ਰਸ਼ਾਦੇ ਇਕੱਠੇ ਕਰਦਾ ਸੇਵਾਦਾਰ ਆਇਆ। ਉਸ ਨੇ ਘਟਨਾ ਦੀ ਜਾਣਕਾਰੀ ਮ੍ਰਿਤਕਾਂ ਦੇ ਰਿਸ਼ਤੇਦਾਰ ਹਰਦੇਵ ਸਿੰਘ ਨੂੰ ਦਿੱਤੀ। ਇਸ ਤੋਂ ਬਾਅਦ ਪੁਲਿਸ ਨੂੰ ਸੂਚਿਤ ਕੀਤਾ ਗਿਆ। ਮ੍ਰਿਤਕ ਕਿਸਾਨ ਗੁਰਦੀਪ ਸਿੰਘ ਬੇਜ਼ਮੀਨਾ ਸੀ ਤੇ ਉਸ ਦੀ ਪਤਨੀ ਲਖਵਿੰਦਰ ਕੌਰ ਨੇ ਅਦਾਲਤ ਪਹੁੰਚ ਕਰ ਕੇ ਆਪਣੇ ਪੇਕਿਆਂ ਤੋਂ ਜਾਇਦਾਦ ਵਿਚੋਂ ਹਿੱਸਾ ਲਿਆ ਸੀ। ਉਨ੍ਹਾਂ ਨਾਲ ਉਸ ਦਾ ਤਕਰਾਰ ਚੱਲ ਰਿਹਾ ਸੀ। ਮ੍ਰਿਤਕ ਲੜਕੀ ਮਨਜਿੰਦਰ ਕੌਰ ਪਿੰਡ ਦੇ ਸਕੂਲ ਵਿਚ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਸੀ ਤੇ ਪਿਤਾ ਸਥਾਨਕ ਭਾਈ ਵੀਰ ਸਿੰਘ ਬਿਰਧ ਘਰ 'ਚ ਮਾਲੀ ਦਾ ਕੰਮ ਕਰਦਾ ਸੀ।

# ਕਤਲ ਮਾਮਲੇ 'ਚ ਅੱਠ ਮੁਲਜ਼ਮਾਂ ਦੀ ਉਮਰ ਕੈਦ ਦੀ ਸਜ਼ਾ ਬਰਕਰਾਰ

**ਚੰਡੀਗੜ੍ਹ:** ਪੰਜ ਸਾਲ ਪਹਿਲਾਂ ਲੋਕ ਸਭਾ ਦੀਆਂ ਚੋਣਾਂ ਮੌਕੇ ਮੋਹਾਲੀ ਵਿਚ ਹੋਏ ਇਕ ਝਗੜੇ ਦੌਰਾਨ ਮਾਰੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਨਾਲ ਸਬੰਧਤ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 2019 ਦੀਆਂ ਸੰਸਦੀ ਚੋਣਾਂ ਦੇ ਨਤੀਜੇ ਦੀ ਪੂਰਬਲੀ ਸੰਧਿਆ ਇਸ ਮਾਮਲੇ ਵਿਚ ਅੱਠ ਮੁਲਜ਼ਮਾਂ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਜਸਟਿਸ ਰਾਜੀਵ ਸ਼ਰਮਾ ਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੇ ਬੈਂਚ ਨੇ ਕਿਹਾ ਕਿ ਇਸਤਗਾਸਾ ਧਿਰ ਨੇ ਮੁਲਜ਼ਮਾਂ ਖਿਲਾਫ ਲੱਗੇ ਦੋਸ਼ਾਂ ਨੂੰ ਸਾਬਤ ਕੀਤਾ ਹੈ।

ਮੋਹਾਲੀ ਦੇ ਵਧੀਕ ਸੈਸ਼ਨ ਜੱਜ ਨੇ ਪਿਛਲੇ ਸਾਲ ਅਕਤੂਬਰ ਵਿਚ ਸੁਣਾਏ ਫੈਸਲੇ ਵਿਚ ਹਰਪ੍ਰੀਤ ਸਿੰਘ, ਗੁਰਸੇਵਕ ਸਿੰਘ ਭੂਤ, ਰੁਪਿੰਦਰ ਸਿੰਘ, ਕੁਲਦੀਪ ਸਿੰਘ, ਦਲਬੀਰ ਸਿੰਘ, ਕਮਲਦੀਪ ਸਿੰਘ, ਗਗਨਦੀਪ ਸਿੰਘ ਤੇ ਸੁਖਪ੍ਰੀਤ ਸਿੰਘ ਨੂੰ ਦੋਸ਼ੀ ਠਹਿਰਾਉਂਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਨ੍ਹਾਂ ਖਿਲਾਫ ਕੇਸ ਦੇ ਸਹਿ ਮੁਲਜ਼ਮ ਗੌਰਵ ਪਟਿਆਲ ਨਾਲ ਆਈ.ਪੀ.ਸੀ. ਦੀਆਂ ਵੱਖ ਵੱਖ ਧਾਰਾਵਾਂ ਤਹਿਤ ਦੋਸ਼ ਆਇਦ ਕੀਤੇ ਗਏ ਸਨ।

ਮਗਰੋਂ ਹੇਠਲੀ ਅਦਾਲਤ ਨੇ ਕੇਸ ਦੇ ਟਰਾਇਲ ਦੌਰਾਨ ਪਟਿਆਲ ਨੂੰ ਭਗੌੜਾ ਐਲਾਨ ਦਿੱਤਾ ਸੀ। ਕੇਸ ਦੀ ਸੁਣਵਾਈ ਦੌਰਾਨ ਬੈਂਚ ਨੂੰ ਦੱਸਿਆ ਗਿਆ ਸੀ ਕਿ 2014 ਦੀਆਂ ਸੰਸਦੀ ਚੋਣਾਂ ਮੌਕੇ ਹੋਏ ਇਸ ਕਤਲ ਦੀ ਅਸਲ ਵਜ੍ਹਾ ਸਿਓ ਪਿੰਡ ਦੇ ਗੁਰਜੰਟ ਸਿੰਘ (ਪੀੜਤ) ਤੇ ਮੁਲਜ਼ਮ ਸੁਖਪ੍ਰੀਤ ਸਿੰਘ ਦਰਮਿਆਨ ਹੋਇਆ ਝਗੜਾ ਸੀ। 7 ਜੁਲਾਈ 2014 ਨੂੰ ਜਦੋਂ ਸੁਖਪ੍ਰੀਤ ਸਿੰਘ ਤੇ ਉਹਦੇ ਸਾਥੀਆਂ ਨੇ ਗੁਰਜੰਟ ਸਿੰਘ 'ਤੇ ਹਮਲਾ ਕੀਤਾ, ਉਦੋਂ ਉਹ ਮੋਹਾਲੀ ਦੇ ਇਕ ਵਾਹਨ ਸਰਵਿਸ ਸਟੇਸ਼ਨ ਵਿਚ ਸੀ। ਜਸਟਿਸ ਸ਼ਰਮਾ ਨੇ ਕਿਹਾ ਕਿ ਪੀੜਤ ਦੇ ਸਰੀਰ 'ਤੇ 21 ਸੱਟਾਂ ਪਾਈਆਂ ਗਈਆਂ ਸਨ ਤੇ ਇਸਤਗਾਸਾ ਪੱਖ ਨੇ ਦੋ ਗਵਾਹਾਂ ਦੇ ਬਿਆਨ ਲਏ ਹਨ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਪੱਛੜਨ ਦੀ ਸੰਭਾਵਨਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਭਾਵੇਂ ਮੁੜ ਚਰਚਾ ਸ਼ੁਰੂ ਹੋ ਗਈ ਹੈ ਪਰ ਇਸ ਨਾਲ ਸਬੰਧਤ ਮਾਹਿਰਾਂ ਦਾ ਮਤ ਹੈ ਕਿ ਇਹ ਚੋਣਾਂ ਫਿਲਹਾਲ ਅਗਾਂਹ ਪੈਣ ਦੀ ਸੰਭਾਵਨਾ ਹੈ ਕਿਉਂਕਿ ਹਰਿਆਣਾ ਵਿਚ ਉਥੋਂ ਦੇ ਸਿੱਖਾਂ ਵਲੋਂ ਉੱਥੇ ਵੱਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ ਤੇ ਇਹ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ।

ਸਿੱਖ ਗੁਰਦੁਆਰਾ ਐਕਟ 1925 ਅਣਵੰਡੇ ਪੰਜਾਬ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਨਾਲ ਸਬੰਧਤ ਹੈ। ਉਸ ਵੇਲੇ ਪੰਜਾਬ 'ਚ ਹਰਿਆਣਾ ਤੇ ਹਿਮਾਚਲ ਵੀ ਸ਼ਾਮਲ ਸਨ, ਜੋ ਬਾਅਦ ਵਿਚ ਵੱਖ ਹੋ ਗਏ। ਪਿਛਲੇ ਲਗਭਗ ਦਹਾਕੇ ਤੋਂ ਹਰਿਆਣਾ ਦੇ ਕੁਝ ਸਿੱਖਾਂ ਵਲੋਂ ਮੰਗ ਕੀਤੀ ਜਾ ਰਹੀ ਹੈ ਕਿ ਦਿੱਲੀ ਦੇ ਗੁਰਦੁਆਰਿਆਂ ਲਈ ਬਣਾਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਜ਼ 'ਤੇ ਹਰਿਆਣਾ ਦੇ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਵੱਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਜਾਵੇ, ਜਿਸ ਦਾ ਸ਼੍ਰੋਮਣੀ ਅਕਾਲੀ ਦਲ ਵਲੋਂ ਸਖਤ ਵਿਰੋਧ ਕੀਤਾ ਗਿਆ ਸੀ। ਹਰਿਆਣਾ ਵਿਚ ਹੁੱਡਾ ਸਰਕਾਰ ਵਲੋਂ ਇਸ ਮਾਮਲੇ ਦੇ ਹੱਲ ਲਈ ਕਮੇਟੀ ਵੀ ਬਣਾਈ ਗਈ ਸੀ। ਹੁਣ ਇਹ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਅਤੇ ਇਸ ਸਬੰਧੀ ਅਗਲੀ ਸੁਣਵਾਈ 16 ਜੁਲਾਈ ਨੂੰ ਹੈ। ਸ਼੍ਰੋਮਣੀ ਕਮੇਟੀ ਦੇ 170 ਮੈਂਬਰਾਂ ਵਿਚੋਂ ਲਗਭਗ ਇੱਕ ਦਰਜਨ ਤੋਂ ਵੱਧ ਮੈਂਬਰਾਂ ਦੀ ਚੋਣ ਹਰਿਆਣਾ 'ਚੋਂ ਕੀਤੀ ਜਾਂਦੀ ਹੈ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਨੇ ਆਖਿਆ ਕਿ ਜਦੋਂ ਤਕ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਮਾਮਲਾ ਹੱਲ ਨਹੀਂ ਹੋ ਜਾਂਦਾ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹੋਣਾ ਸੰਭਵ ਨਹੀਂ ਹੈ, ਕਿਉਂਕਿ ਹਰਿਆਣਾ ਦੇ ਸਿੱਖ ਵੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹਿੱਸਾ ਲੈਂਦੇ ਹਨ। ਉਨ੍ਹਾਂ ਆਖਿਆ ਕਿ ਜਦੋਂ ਤੱਕ ਸੁਪਰੀਮ ਕੋਰਟ ਇਸ ਬਾਰੇ ਫੈਸਲਾ ਨਹੀਂ ਕਰਦਾ, ਚੋਣਾਂ ਸੰਭਵ ਨਹੀਂ। ਇਸ ਤੋਂ ਇਲਾਵਾ ਵੀ ਹਰਿਆਣਾ ਤੇ ਹਿਮਾਚਲ ਸਰਕਾਰਾਂ ਦੀ ਇਸ ਸਬੰਧੀ ਪ੍ਰਵਾਨਗੀ ਵੀ ਲੋੜੀਂਦੀ ਹੈ। ਉਨ੍ਹਾਂ ਆਖਿਆ ਕਿ ਕੇਂਦਰ ਵਿਚ ਨਵੀਂ ਸਰਕਾਰ ਸਥਾਪਤ ਹੋਣ ਮਗਰੋਂ ਸਭ ਤੋਂ ਪਹਿਲਾਂ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨਿਯੁਕਤ ਹੋਵੇਗਾ। ਇਸ ਸਬੰਧ ਵਿਚ ਸੂਬਾ ਸਰਕਾਰ ਵਲੋਂ ਕੁਝ ਨਾਂਵਾਂ ਦਾ ਪੈਨਲ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਭੇਜਿਆ ਹੋਇਆ ਹੈ। ਚੋਣ ਕਮਿਸ਼ਨਰ ਦੀ ਨਿਯੁਕਤੀ ਮਗਰੋਂ ਸ਼੍ਰੋਮਣੀ ਕਮੇਟੀ ਦੇ ਵੋਟਰ ਬਣਾਉਣ ਅਤੇ ਹਲਕਾਬੰਦੀ ਦਾ ਕੰਮ ਸ਼ੁਰੂ ਹੋਵੇਗਾ। ਇਸ ਕੰਮ ਨੂੰ ਲਗਭਗ ਇੱਕ ਸਾਲ ਲੱਗ ਸਕਦਾ ਹੈ। ਅਜਿਹੇ ਹਾਲਾਤ ਵਿਚ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਵਿਚ ਹੋਰ ਦੇਰ ਹੋਣ ਦੀ ਸੰਭਾਵਨਾ ਹੈ।

ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀ ਨੇ ਪ੍ਰਗਟਾਵਾ ਕੀਤਾ ਕਿ ਚੋਣ ਸਬੰਧੀ ਲੋੜੀਂਦੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਲੰਮਾ ਸਮਾਂ ਚਾਹੀਦਾ ਹੈ। ਮਾਮਲਾ ਸੁਪਰੀਮ ਕੋਰਟ ਵਿਚ ਹੋਣ ਕਾਰਨ ਸਿੱਖ ਸੰਸਥਾ ਦੀਆਂ ਆਮ ਚੋਣਾਂ ਦੇਰ ਨਾਲ ਹੀ ਹੋਣਗੀਆਂ। ਸਿਆਸੀ ਮਾਹਿਰਾਂ ਮੁਤਾਬਕ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧਿਰ ਸ਼੍ਰੋਮਣੀ ਅਕਾਲੀ ਦਲ ਫਿਲਹਾਲ ਪੰਜਾਬ ਦੀ ਸੱਤਾ 'ਤੇ ਕਾਂਗਰਸ ਦੇ ਕਾਬਜ਼ ਹੋਣ ਕਾਰਨ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਾਉਣ ਦੇ ਹੱਕ ਵਿਚ ਨਹੀਂ। ਜੇ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਸਥਾਪਤ ਹੁੰਦੀ ਹੈ ਤਾਂ ਭਾਈਵਾਲ ਵਜੋਂ ਸ਼੍ਰੋਮਣੀ ਅਕਾਲੀ ਦਲ ਇਹ ਚੋਣਾਂ ਨੂੰ ਹੋਰ ਲਟਕਾਉਣ ਵਿਚ ਸਫਲ ਹੋ ਸਕਦਾ ਹੈ।

ਐਡਵੋਕੇਟ ਐਚ.ਐਸ. ਫੂਲਕਾ ਨੇ ਹਾਲ ਹੀ 'ਚ ਸ਼੍ਰੋਮਣੀ ਕਮੇਟੀ ਚੋਣਾਂ ਕਰਾਉਣ ਦਾ ਮਾਮਲਾ ਮੁੜ ਉਭਾਰਿਆ ਹੈ। ਉਨ੍ਹਾਂ ਆਖਿਆ ਕਿ ਹਰਿਆਣਾ 'ਚ ਵੱਖਰੀ ਕਮੇਟੀ ਦਾ ਮਾਮਲਾ ਭਾਵੇਂ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਪਰ ਉਨ੍ਹਾਂ ਦੀ ਰਾਇ ਮੁਤਾਬਕ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਾਉਣ ਵਿਚ ਅੜਿੱਕਾ ਨਹੀਂ ਬਣੇਗਾ। ਚੋਣਾਂ ਵਾਸਤੇ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਦੀ ਨਿਯੁਕਤੀ ਹੋਣ ਮਗਰੋਂ ਨਵੀਂ ਹਲਕਾਬੰਦੀ ਅਤੇ ਨਵੀਆਂ ਵੋਟਾਂ ਬਣਾਉਣ ਵਿਚ ਸਿਰਫ ਛੇ ਮਹੀਨੇ ਦਾ ਸਮਾਂ ਲੱਗੇਗਾ।

# ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਵੈਬਸਾਈਟ ਖਿਲਾਫ ਸ਼ਿਕਾਇਤ

**ਅੰਮ੍ਰਿਤਸਰ:** ਅਮਰੀਕਾ ਦੇ ਕੈਲੀਫੋਰਨੀਆ ਨਾਲ ਸਬੰਧਤ ਆਨਲਾਈਨ ਵਿਕਰੀ ਕਰਨ ਵਾਲੀ ਜੈਜ਼ਲ ਡਾਟ ਕਾਮ ਵਲੋਂ ਕੁਝ ਵਸਤਾਂ 'ਤੇ ਗੁਰਮੁਖੀ ਦੇ ਅੱਖਰ ਅਤੇ 'ੴ' ਨੂੰ ਤੋੜ ਮਰੋੜ ਕੇ ਲਿਖੇ ਜਾਣ 'ਤੇ ਸਖਤ ਇਤਰਾਜ਼ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਇਸ ਸਬੰਧ ਵਿਚ ਸੂਬੇ ਦੇ ਡੀ.ਜੀ.ਪੀ. ਨੂੰ ਪੱਤਰ ਭੇਜ ਕੇ ਸਬੰਧਤ ਵੈਬਸਾਈਟ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਇਸ ਸਬੰਧ ਵਿਚ ਸਿੱਖ ਭਾਈਚਾਰੇ ਵਲੋਂ ਸ਼ਿਕਾਇਤਾਂ ਪੁੱਜੀਆਂ ਹਨ ਅਤੇ ਸਿੱਖ ਭਾਈਚਾਰੇ ਨੇ ਸਖਤ ਰੋਸ ਪ੍ਰਗਟਾਇਆ ਹੈ। ਉਨ੍ਹਾਂ ਦੱਸਿਆ ਕਿ ਇਸ ਵੈਬਸਾਈਟ ਰਾਹੀਂ ਕੱਪੜੇ, ਟੋਪੀਆਂ, ਚੱਪਲਾਂ, ਬੈਗ, ਮੋਬਾਈਲ ਕਵਰ ਤੇ ਹੋਰ ਵਸਤਾਂ ਦੀ ਆਨਲਾਈਨ ਵਿਕਰੀ ਕੀਤੀ ਜਾਂਦੀ ਹੈ। ਇਨ੍ਹਾਂ ਵਸਤਾਂ ਉਪਰ ਗੁਰਮੁਖੀ ਦੇ ਅੱਖਰ ਅਤੇ ਗੁਰਬਾਣੀ ਨਾਲ ਸਬੰਧਤ ਕੁਝ ਅੰਸ਼ ਤੋੜ ਮਰੋੜ ਕੇ ਲਿਖੇ ਗਏ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਸਬੰਧ ਵਿਚ ਇਸ ਵੈਬਸਾਈਟ ਖਿਲਾਫ ਆਈ.ਪੀ.ਸੀ. ਦੀ ਧਾਰਾ 295-ਏ ਤਹਿਤ ਕੇਸ ਦਰਜ ਕੀਤਾ ਜਾਵੇ। ਇਸ ਦੌਰਾਨ ਸਕੱਤਰ ਮਨਜੀਤ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਸ਼ਿਕਾਇਤ ਡੀਜੀਪੀ ਨੂੰ ਭੇਜ ਦਿੱਤੀ ਗਈ ਹੈ।

# ਸੁਮੇਧ ਸਿੰਘ ਸੈਣੀ ਅਤੇ ਬੇਅਦਬੀ ਕਾਂਡ

**ਵਿਸ਼ਲੇਸ਼ਣ**

***ਪੰਜਾਬ ਦਾ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਆਪਣੇ ਕਾਰਜਕਾਲ ਦੌਰਾਨ ਹਮੇਸ਼ਾ ਵਿਵਾਦ ਵਿਚ ਰਿਹਾ ਹੈ। ਕਦੀ ਇਹ ਵਿਵਾਦ ਖਾੜਕੂ ਲਹਿਰ ਸਮੇਂ ਝੂਠੇ ਪੁਲਿਸ ਮੁਕਾਬਲਿਆਂ ਕਰ ਕੇ ਸੀ ਅਤੇ ਕਦੀ ਭ੍ਰਿਸ਼ਟਾਚਾਰ ਆਧਾਰਤ ਮਾਮਲਿਆਂ ਕਰ ਕੇ ਸੀ। ਪਿਛਲੇ ਕੁਝ ਸਮੇਂ ਤੋਂ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਵਿਵਾਦ ਦਾ ਵਿਸ਼ਾ ਹੈ। ਉਸ ਦਾ ਅਕਸ ਮਿਲਿਆ ਜੁਲਿਆ ਰਿਹਾ ਹੈ। ਕੁਝ ਲੋਕ ਉਸ ਨੂੰ ਕਾਇਦੇ ਕਾਨੂੰਨ ਦਾ ਰਾਖਾ ਮੰਨਦੇ ਹਨ ਅਤੇ ਕੁਝ ਉਸ ਨੂੰ ਮਨੁੱਖੀ ਅਧਿਕਾਰਾਂ ਦਾ ਘਾਤੀ ਕਰਾਰ ਦਿੰਦੇ ਹਨ। ਇਸ ਲੇਖ ਵਿਚ ਲੇਖਕ ਨੇ ਇਕ ਵੱਖਰੇ ਨਜ਼ਰੀਏ ਤੋਂ ਉਸ ਦੇ ਕਿਰਦਾਰ ਦਾ ਵਿਸ਼ਲੇਸ਼ਣ ਕੀਤਾ ਹੈ। -ਸੰਪਾਦਕ***

**ਨਰਿੰਦਰ ਸਿੰਘ ਢਿੱਲੋਂ**
**ਫੋਨ: 403-616-4032**

ਅਕਤੂਬਰ 2015 ਵਿਚ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਕਾਂਡ ਤੋਂ ਬਾਅਦ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਸਮੇਂ ਤੋਂ ਪੰਜਾਬ ਦਾ ਤਤਕਾਲੀ ਡਾਇਰੈਕਟਰ ਜਨਰਲ ਪੁਲਿਸ (ਡੀ.ਜੀ.ਪੀ.) ਸੁਮੇਧ ਸਿੰਘ ਸੈਣੀ ਚਰਚਾ ਵਿਚ ਹੈ। ਬਹੁਤ ਸਾਰੀਆਂ ਸਿਆਸੀ ਪਾਰਟੀਆਂ (ਅਕਾਲੀ ਦਲ ਤੋਂ ਛੁਟ) ਅਤੇ ਧਾਰਮਿਕ ਜਥੇਬੰਦੀਆਂ ਦੇ ਆਗੂ ਉਸ ਨੂੰ ਇਸ ਦੁਖਾਂਤਕ ਕਾਂਡ ਲਈ ਜ਼ਿੰਮੇਵਾਰ ਕਹਿ ਕੇ ਗ੍ਰਿਫਤਾਰ ਕਰਕੇ ਜੇਲ੍ਹ ਭੇਜਣ ਦੀ ਮੰਗ ਕਰਦੇ ਆ ਰਹੇ ਹਨ। ਇਹ ਪੁਲਿਸ ਅਫਸਰ 1982 ਵਿਚ ਆਈ.ਪੀ.ਐਸ. ਅਫਸਰ ਵਜੋਂ ਪੁਲਿਸ ਵਿਚ ਸ਼ਾਮਿਲ ਹੋਇਆ ਸੀ ਅਤੇ ਬਹੁਤ ਸਾਰੇ ਹੇਠਲੇ ਅਹੁਦਿਆਂ 'ਤੇ ਕੰਮ ਕਰਨ ਤੋਂ ਬਾਅਦ ਅਕਾਲੀ-ਭਾਜਪਾ ਸਰਕਾਰ ਵਲੋਂ 2012 ਵਿਚ ਡੀ.ਜੀ.ਪੀ. ਪੰਜਾਬ ਨਿਯੁਕਤ ਕੀਤਾ ਗਿਆ ਸੀ। ਉਸ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਬਹੁਤ ਨਜ਼ਦੀਕੀ ਮੰਨਿਆ ਜਾਂਦਾ ਸੀ ਅਤੇ ਉਸ ਦੀ ਨਿਯੁਕਤੀ 'ਤੇ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਨੇ ਇਤਰਾਜ਼ ਕੀਤਾ ਸੀ ਕਿ ਇਸ ਨਿਯੁਕਤੀ ਬਾਰੇ ਉਨ੍ਹਾਂ ਨਾਲ ਮਸ਼ਵਰਾ ਨਹੀਂ ਕੀਤਾ ਗਿਆ।

ਸੁਮੇਧ ਸਿੰਘ ਸੈਣੀ ਉਤੇ ਪਿਛਲੇ ਸਮੇਂ ਤੋਂ ਬਹੁਤ ਸਾਰੇ ਦੋਸ਼ ਲਗਦੇ ਰਹੇ ਹਨ ਅਤੇ ਕਈ ਦੋਸ਼ਾਂ ਦਾ ਸਾਹਮਣਾ ਉਹ ਅੱਜ ਵੀ ਕਰ ਰਿਹਾ ਹੈ। ਪੰਜਾਬ ਵਿਚ ਅਤਿਵਾਦ ਦੇ ਦੌਰ ਵਿਚ ਸਮੇਂ ਦੀ ਸਰਕਾਰ ਤੇ ਉਚ ਪੁਲਿਸ ਅਫਸਰਾਂ ਨੇ ਵਿਭਾਗ ਵਿਚ ਵਧੀਆ ਕਾਰਗੁਜ਼ਾਰੀ ਲਈ ਉਸ ਦੀ ਪਿੱਠ ਥਾਪੜੀ, ਭਾਰਤ ਸਰਕਾਰ ਨੇ ਉਸ ਨੂੰ ਬਹਾਦਰੀ ਦੇ ਇਨਾਮ ਨਾਲ ਸਨਮਾਨਤ ਕੀਤਾ। ਇਸ ਸਮੇਂ ਦੌਰਾਨ ਹੀ ਉਸ ਉਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਵੀ ਲਗਦੇ ਰਹੇ, ਹੁਣ ਵੀ ਲੱਗ ਰਹੇ ਹਨ। ਮੀਡੀਆ ਵਿਚ ਆਈਆਂ ਖਬਰਾਂ ਮੁਤਾਬਕ, ਉਸ ਤੋਂ ਸੀਨੀਅਰ ਚਾਰ ਅਧਿਕਾਰੀਆਂ ਨੂੰ ਨਜ਼ਰਅੰਦਾਜ਼ ਕਰਕੇ, ਵਿਵਾਦਾਂ ਵਿਚ ਘਿਰੇ ਅਫਸਰ ਨੂੰ ਡੀ.ਜੀ.ਪੀ. ਵਰਗੇ ਵੱਕਾਰੀ ਅਹੁਦੇ 'ਤੇ ਤਾਇਨਾਤ ਕੀਤਾ ਗਿਆ ਅਤੇ ਪੰਜਾਬ ਵਿਚ ਵਧ ਰਹੇ ਜੁਰਮਾਂ ਨੂੰ ਰੋਕਣ ਤੇ ਨਸ਼ਾ ਤਸਕਰੀ 'ਚ ਸ਼ਾਮਿਲ ਵਿਅਕਤੀਆਂ ਨੂੰ ਫੜਨ ਦੀ ਜ਼ਿੰਮੇਵਾਰੀ ਦਿੱਤੀ ਗਈ ਤਾਂ ਕਿ ਰਾਜ ਅੰਦਰ ਕਾਨੂੰਨ ਦੀ ਵਿਵਸਥਾ ਕਾਇਮ ਹੋ ਸਕੇ। ਉਸ ਦੀ ਨਿਯੁਕਤੀ ਨਾਲ ਇਕ ਹੋਰ ਚਰਚਾ ਸ਼ੁਰੂ ਹੋ ਗਈ ਕਿ ਦੋਹਾਂ ਬਾਦਲਾਂ ਦਾ ਬੇਦੋਸ਼ੇ ਲੋਕਾਂ 'ਤੇ ਕਥਿਤ ਜਬਰ ਕਰਨ ਵਾਲੇ ਅਫਸਰ ਨਾਲ ਪਹਿਲਾਂ ਹੀ ਗਠਜੋੜ ਸੀ।

ਸਾਲ 1991 ਵਿਚ ਚੰਡੀਗੜ੍ਹ ਵਿਚ ਸੁਮੇਧ ਸੈਣੀ 'ਤੇ ਜਾਨਲੇਵਾ ਹਮਲਾ ਹੋਇਆ ਸੀ, ਜਿਸ ਵਿਚ ਉਹ ਗੰਭੀਰ ਜ਼ਖਮੀ ਹੋ ਗਿਆ ਸੀ ਅਤੇ ਉਸ ਦੇ ਤਿੰਨ ਅੰਗ ਰੱਖਿਅਕ ਮਾਰੇ ਗਏ ਸਨ। 1997 ਵਿਚ ਜਦੋਂ ਉਹ ਨਿੱਜੀ ਦੌਰੇ 'ਤੇ ਲੰਡਨ ਗਿਆ ਸੀ ਤਾਂ ਉਸ ਨੂੰ ਮਾਰਨ ਲਈ ਬੰਬ ਫਿਟ ਕੀਤਾ ਗਿਆ ਸੀ ਜੋ ਪਤਾ ਲੱਗਣ 'ਤੇ ਉਥੋਂ ਦੀ ਪੁਲਿਸ ਨੇ ਨਕਾਰਾ ਕਰ ਦਿੱਤਾ। ਉਸ ਤੋਂ ਬਾਅਦ ਉਸ ਨੂੰ ਜ਼ੈੱਡ ਪਲੱਸ ਸੁਰੱਖਿਆ ਛਤਰੀ ਦੇ ਦਿਤੀ ਗਈ। ਉਸ ਉਪਰ ਤਿੰਨ ਜਣਿਆਂ ਨੂੰ ਅਗਵਾ ਕਰਨ ਦਾ ਕੇਸ ਵੀ ਚਲਦਾ ਰਿਹਾ ਹੈ।

ਚੰਡੀਗੜ੍ਹ ਵਿਚ ਐਸ.ਐਸ.ਪੀ. ਹੁੰਦਿਆਂ ਉਸ ਵਲੋਂ ਇਕ ਆਰਮੀ ਲੈਫਟੀਨੈਂਟ 'ਤੇ ਕਥਿਤ ਹਮਲੇ ਦਾ ਵਿਵਾਦ ਵੀ ਪੈਦਾ ਹੋਇਆ ਸੀ, ਜਿਸ ਨਾਲ ਫੌਜ ਅਤੇ ਪੁਲਿਸ ਆਹਮੋ-ਸਾਹਮਣੇ ਆ ਗਏ ਸਨ। ਇਸ ਕੇਸ ਨੂੰ ਉਸ ਸਮੇਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਤੇ ਪੁਲਿਸ ਮੁਖੀ ਕੇ. ਪੀ. ਐਸ. ਗਿੱਲ ਨੇ ਦਖਲ ਦੇ ਕੇ ਹੱਲ ਕੀਤਾ ਸੀ। ਇਸੇ ਤਰ੍ਹਾਂ ਬਠਿੰਡਾ ਵਿਚ ਐਸ.ਐਸ.ਪੀ. ਹੁੰਦਿਆਂ ਡੀ.ਸੀ. ਦੇ ਘਰ ਇਕ ਪਾਰਟੀ ਸਮੇਂ ਇਕ ਕਾਰਜਕਾਰੀ ਇੰਜੀਨੀਅਰ ਨਾਲ ਕਥਿਤ ਹੱਥੋਪਾਈ ਦੀ ਚਰਚਾ ਵੀ ਮੀਡੀਆ ਦੀ ਖਬਰ ਬਣੀ ਸੀ।

ਇਸ ਤੋਂ ਬਾਅਦ ਵਿਜੀਲੈਂਸ ਅਤੇ ਐਂਟੀ-ਕੁਰੱਪਸ਼ਨ ਬਿਊਰੋ ਦੇ ਮੁਖੀ ਹੁੰਦਿਆਂ ਉਸ ਦੀ ਬੱਲੇ-ਬੱਲੇ ਉਦੋਂ ਹੋਈ ਜਦੋ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਵੀ ਸਿੱਧੂ ਨੂੰ ਰਿਸ਼ਵਤ ਲੈਂਦਿਆਂ ਗ੍ਰਿਫਤਾਰ ਕਰ ਲਿਆ ਤੇ ਉਸ ਦੇ ਬੈਂਕ ਲਾਕਰ ਵਿਚੋਂ ਕਰੋੜਾਂ ਰੁਪਏ ਬਰਾਮਦ ਕਰ ਲਏ। ਉਸ ਨੇ ਹਾਈਕੋਰਟ ਦੇ ਕੁਝ ਜੱਜਾਂ ਵਲੋਂ ਰਿਸ਼ਵਤਖੋਰੀ ਵਿਚ ਸ਼ਾਮਿਲ ਹੋਣ ਦੀ ਸੂਹ ਮਿਲਣ 'ਤੇ ਉਨ੍ਹਾਂ ਨੂੰ ਫੜਨ ਲਈ ਵੀ ਜਾਲ ਵਿਛਾਇਆ ਸੀ, ਪਰ 2002 ਵਿਚ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ 'ਤੇ ਉਸ ਦੀ ਬਦਲੀ ਕਰ ਦਿੱਤੀ ਗਈ। ਉਸ ਸਮੇਂ ਉਹ ਆਈ.ਜੀ. (ਇੰਟੈਲੀਜੈਂਸ) ਸੀ। ਪਹਿਲਾਂ ਉਸ ਦੇ ਕੈਪਟਨ ਨਾਲ ਬੜੇ ਚੰਗੇ ਸਬੰਧ ਸੁਣੇ ਜਾਂਦੇ ਸਨ ਪਰ ਬਦਲੀ ਹੋਣ ਤੋਂ ਬਾਅਦ ਸਬੰਧ ਵਿਗੜ ਗਏ।

ਸਾਲ 2007 ਵਿਚ ਜਦ ਉਹ ਵਿਜੀਲੈਂਸ ਮੁਖੀ ਸੀ, ਉਸ ਨੇ ਸਾਬਕਾ ਡੀ.ਜੀ.ਪੀ. ਐਸ.ਐਸ. ਵਿਰਕ ਨੂੰ ਕੁਝ ਕਥਿਤ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ, ਪਰ 2017 ਵਿਚ ਵਿਜੀਲੈਂਸ ਬਿਊਰੋ ਨੇ ਇਹ ਕਹਿ ਕੇ ਕਿ ਵਿਰਕ ਵਿਰੁਧ ਕੋਈ ਸਬੂਤ ਨਹੀਂ ਮਿਲੇ, ਕੇਸ ਖਾਰਜ ਕਰਾਉਣ ਲਈ ਅਦਾਲਤ ਤਕ ਪਹੁੰਚ ਕੀਤੀ। ਚਰਚਾ ਹੈ ਕਿ ਇਹ ਵੀ ਉਸ ਸਮੇਂ ਸਰਕਾਰ ਚਲਾ ਰਹੇ ਸਿਆਸੀ ਆਗੂਆਂ ਦੇ 'ਹੁਕਮ' ਉਤੇ ਹੀ ਹੋਇਆ ਸੀ। ਆਪਣੀ ਸਾਰੀ ਨੌਕਰੀ ਦੌਰਾਨ ਐਸ.ਐਸ.ਪੀ. ਤੋਂ ਲੈ ਕੇ ਡੀ.ਜੀ.ਪੀ. ਅਤੇ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੇ ਮੁਖੀ ਹੁੰਦਿਆਂ ਉਸ ਉਤੇ ਕਦੇ ਵੀ ਕੁਰੱਪਸ਼ਨ ਦਾ ਕੋਈ ਦੋਸ਼ ਨਹੀਂ ਲੱਗਾ ਸਗੋਂ ਲੁਧਿਆਣਾ ਸਿਟੀ ਸੈਂਟਰ ਸਬੰਧੀ ਬੇਨਿਯਮੀਆਂ ਦਾ ਕੈਪਟਨ ਅਮਰਿੰਦਰ ਸਿੰਘ ਤੇ ਹੋਰਨਾਂ ਦਾ ਕੇਸ ਪੰਜਾਬ ਸਰਕਾਰ ਵਲੋਂ ਖਾਰਜ ਕਰਨ ਲਈ ਦਿੱਤੀ ਅਰਜ਼ੀ ਤੋਂ ਬਾਅਦ ਸੈਣੀ ਨੇ ਅਦਾਲਤ ਵਿਚ ਅਰਜ਼ੀ ਦਾਖਲ ਕਰਕੇ ਕਿਹਾ ਕਿ ਉਸ ਦਾ ਪੱਖ ਵੀ ਸੁਣਿਆ ਜਾਵੇ। ਉਸ ਅਨੁਸਾਰ, ਇਸ ਕੇਸ ਵਿਚ 1500 ਕਰੋੜ ਰੁਪਏ ਦਾ ਘਪਲਾ ਹੋਇਆ ਹੈ, ਜੋ ਅਕਾਲੀ-ਭਾਜਪਾ ਸਰਕਾਰ ਬੰਦ ਕਰਨਾ ਚਾਹੁੰਦੀ ਸੀ।

ਇਹ ਪਿੱਠਭੂਮੀ ਦੱਸਣ ਤੋਂ ਮੇਰਾ ਭਾਵ ਪਾਠਕਾਂ ਨੂੰ ਸੁਮੇਧ ਸੈਣੀ ਦੀ ਸ਼ਖਸੀਅਤ ਬਾਰੇ ਸੰਖੇਪ ਰੂਪ ਵਿਚ ਜਾਣੂ ਕਰਵਾਉਣਾ ਹੈ। ਇਸ ਅਧਿਕਾਰੀ ਦੇ ਗੁਣ ਅਤੇ ਦੋਸ਼ ਨਾਲ-ਨਾਲ ਹੀ ਚਲਦੇ ਰਹੇ। ਜਿਥੇ ਉਹ ਕਾਨੂੰਨ-ਵਿਵਸਥਾ ਬਾਰੇ ਸੁਚੇਤ ਰਿਹਾ, ਪੰਜਾਬ ਵਿਚ ਅਤਿਵਾਦ ਦੇ ਕਾਲੇ ਦੌਰ ਵਿਚ ਬੰਦੂਕਧਾਰੀਆਂ ਵਲੋਂ ਬੇਦੋਸ਼ੇ ਲੋਕਾਂ ਕੇ ਕਤਲ ਅਤੇ ਵਧੀਕੀਆਂ ਵਿਰੁਧ ਡਟ ਕੇ ਖੜ੍ਹਾ ਰਿਹਾ, ਉਥੇ ਉਸ ਵਲੋਂ ਕੀਤੀਆਂ ਕਥਿਤ ਜ਼ਿਆਦਤੀਆਂ ਵੀ ਚਰਚਾ ਵਿਚ ਰਹੀਆਂ। ਇਸੇ ਕਰ ਕੇ ਉਸ ਦੇ ਹਮਾਇਤੀ ਅਤੇ ਵਿਰੋਧੀ ਵੀ ਵੱਡੀ ਗਿਣਤੀ ਵਿਚ ਹਨ।

ਅਸੀਂ ਸੁਮੇਧ ਸੈਣੀ ਦੀਆਂ ਸਾਰੀਆਂ ਵਿਵਾਦਤ ਗੱਲਾਂ ਨਾਲ ਸਹਿਮ ਨਹੀਂ ਹਾਂ ਪਰ ਕੋਟਕਪੂਰਾ ਅਤੇ ਬਹਿਬਲ ਕਲਾਂ ਘਟਨਾਵਾਂ ਬਾਰੇ ਇਕ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਉਸ ਨੇ ਜਿਹੜੇ ਸਵਾਲ ਉਠਾਏ, ਉਨ੍ਹਾਂ ਉਤੇ ਵਿਚਾਰ ਕਰਨਾ ਬਣਦਾ ਹੈ। ਇੰਟਰਵਿਊ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰਨ ਦੀ ਮੰਗ ਕਰਨ ਵਾਲੇ ਸਰਕਾਰੀ, ਗੈਰ ਸਰਕਾਰੀ ਤੇ ਧਾਰਮਿਕ ਨੇਤਾ ਚੁੱਪ ਹੋ ਗਏ ਅਤੇ ਪੰਜਾਬ ਸਰਕਾਰ ਦੇ ਜੇਲ੍ਹ ਮੰਤਰੀ ਨੇ ਪੱਤਰਕਾਰ ਵਿਰੁਧ ਕਾਰਵਾਈ ਦਾ ਧਮਕੀਨੁਮਾ ਬਿਆਨ ਦਿੱਤਾ। ਪਾਠਕਾਂ ਨੂੰ ਯਾਦ ਹੋਵੇਗਾ ਕਿ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਵੱਡੀ ਪੱਧਰ 'ਤੇ ਮੰਗ ਉਠੀ ਸੀ ਕਿ ਸੁਮੇਧ ਸੈਣੀ ਨੂੰ ਡੀ.ਜੀ.ਪੀ. ਦੇ ਅਹੁਦੇ ਤੋਂ ਹਟਾਇਆ ਜਾਵੇ ਅਤੇ ਜ਼ਿੰਮੇਵਾਰ ਪੁਲਿਸ ਅਫਸਰਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਅਕਾਲੀ-ਭਾਜਪਾ ਸਰਕਾਰ ਨੇ ਸੁਮੇਧ ਸੈਣੀ ਨੂੰ ਹਟਾ ਕੇ ਸੁਰੇਸ਼ ਅਰੋੜਾ ਨੂੰ ਡੀ.ਜੀ.ਪੀ. ਤਾਇਨਾਤ ਕਰ ਦਿੱਤਾ। ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀਕਾਂਡ ਲਈ ਜਸਟਿਸ (ਰਿਟਾ.) ਜੋਰਾ ਸਿੰਘ ਕਮਿਸ਼ਨ ਬਣਾ ਕੇ ਉਸ ਨੂੰ ਜਾਂਚ ਦਾ ਕੰਮ ਸੌਂਪ ਦਿੱਤਾ। ਇਸ ਕਮਿਸ਼ਨ ਨੇ ਜੋ ਰਿਪੋਰਟ ਦਿੱਤੀ, ਸਰਕਾਰ ਨੇ ਉਸ ਨੂੰ ਕੋਈ ਅਹਿਮੀਅਤ ਨਾ ਦਿੱਤੀ ਅਤੇ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣਨ ਪਿਛੋਂ ਜਸਟਿਸ ਰਣਜੀਤ ਸਿੰਘ (ਰਿਟਾ.) ਕਮਿਸ਼ਨ ਬਣਾ ਕੇ ਜਾਂਚ ਕਰਵਾਈ। ਇਹ ਰਿਪੋਰਟ ਵਿਧਾਨ ਸਭਾ ਵਿਚ ਰੱਖੀ ਗਈ ਅਤੇ ਲੰਮੀ ਬਹਿਸ ਹੋਈ। ਇਸ ਰਿਪੋਰਟ ਬਾਰੇ ਜਾਂਚ ਕਰਵਾਉਣ ਲਈ ਜੋ ਕੰਮ ਸੀ.ਬੀ.ਆਈ. ਨੂੰ ਦਿੱਤਾ ਗਿਆ ਸੀ, ਉਹ ਵਾਪਸ ਲੈ ਕੇ ਪੰਜਾਬ ਪੁਲਿਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਸਿਟ) ਬਣਾਉਣ ਦਾ ਫੈਸਲਾ ਹੋਇਆ। ਉਹ ਟੀਮ ਜਾਂਚ ਕਰ ਰਹੀ ਹੈ। ਸੁਮੇਧ ਸੈਣੀ ਨੇ ਇੰਟਰਵਿਊ ਜਾਂਚ ਵਿਚ ਸ਼ਮੂਲੀਅਤ ਤੋਂ ਪਹਿਲਾਂ ਦਿੱਤੀ ਸੀ।


*ਸੁਮੇਧ ਸਿੰਘ ਸੈਣੀ*

ਸੁਮੇਧ ਸੈਣੀ ਨੇ ਪਹਿਲਾ ਸੁਆਲ ਇਹ ਉਠਾਇਆ ਕਿ ਕੋਟਕਪੂਰਾ ਵਿਚ ਸ਼ਾਂਤਮਈ ਲੋਕਾਂ 'ਤੇ ਪੁਲਿਸ ਨੇ ਤਾਕਤ ਨਹੀਂ ਵਰਤੀ। ਉਸ ਨੇ ਕਿਹਾ ਕਿ ਕੋਈ ਵੀ ਸਿਪਾਹੀ ਲੋਕਾਂ ਨਾਲ ਝਗੜਾ ਨਹੀਂ ਚਾਹੁੰਦਾ ਪਰ ਜੇ ਹੋ ਜਾਵੇ ਤਾਂ ਫਿਰ ਨਜਿੱਠਣਾ ਪੈਂਦਾ ਹੈ। ਬੇਅਦਬੀਆਂ ਦੇ ਰੋਸ ਵਜੋਂ ਸੌ ਤੋਂ ਵੱਧ ਥਾਂਵਾਂ 'ਤੇ ਲੋਕਾਂ ਨੇ ਧਰਨੇ ਦਿੱਤੇ ਸਨ, ਜਿਨ੍ਹਾਂ ਵਿਚ ਪੁਲਿਸ ਅਫਸਰਾਂ ਨੇ ਪਹੁੰਚ ਕੇ ਬੜੇ ਪਿਆਰ ਨਾਲ ਲੋਕਾਂ ਨੂੰ ਕਿਹਾ ਸੀ ਕਿ ਤੁਹਾਡਾ ਰੋਸ ਜਾਇਜ਼ ਹੈ ਪਰ ਰਸਤੇ ਅਤੇ ਪੁਲ ਰੋਕਣੇ ਠੀਕ ਨਹੀਂ। ਲੋਕ ਇਹ ਗੱਲ ਮੰਨ ਕੇ ਧਰਨਾ ਚੁੱਕ ਲੈਂਦੇ ਰਹੇ। ਬਰਗਾੜੀ ਵਿਚ ਇੰਜ ਹੀ ਕੀਤਾ ਗਿਆ। ਤਰਨ ਤਾਰਨ, ਲੁਧਿਆਣਾ ਤੇ ਸੰਗਰੂਰ ਵਿਚ ਬੇਅਦਬੀ ਦੀਆਂ ਘਟਨਾਵਾਂ ਵਿਚ ਸਥਾਨਕ ਦੋਸ਼ੀਆਂ ਦੀ ਸ਼ਮੂਲੀਅਤ ਸੀ, ਜਿਸ ਕਰਕੇ ਉਹ ਮਾਮਲੇ ਹੱਲ ਵੀ ਕਰ ਲਏ ਗਏ।

ਉਸ ਨੇ ਕਿਹਾ ਕਿ ਕੋਟਕਪੂਰਾ ਧਰਨੇ ਵਿਚ ਵੀ ਪੁਲਿਸ ਅਫਸਰਾਂ ਨੇ ਪਹੁੰਚ ਕੇ ਇਕ ਹਜ਼ਾਰ ਲੋਕਾਂ ਨੂੰ ਬੜੀ ਨਿਰਮਤਾ ਨਾਲ ਸਮਝਾਇਆ ਅਤੇ ਲੋਕ ਮੰਨ ਵੀ ਗਏ। ਲੋਕਾਂ ਨੂੰ ਪ੍ਰਸ਼ਾਸਨ ਦੀਆਂ ਗੱਡੀਆਂ ਵਿਚ ਬਿਠਾ ਕੇ ਭੇਜਿਆ ਗਿਆ। ਅਗਲੇ ਦਿਨ 14 ਅਕਤੂਬਰ ਨੂੰ ਵੱਡੀ ਗਿਣਤੀ ਵਿਚ ਰੈਡੀਕਲ (ਗਰਮ ਖਿਆਲੀ ਲੋਕ) ਆ ਗਏ। ਫਿਰ ਵੀ ਪੁਲਿਸ ਅਫਸਰ ਢਾਈ ਵਜੇ ਤੋਂ ਸਵੇਰੇ 6-7 ਵਜੇ ਤਕ ਲੋਕਾਂ ਨੂੰ ਪ੍ਰੇਰ ਕੇ ਬਸਾਂ ਵਿਚ ਬਿਠਾ ਕੇ ਭੇਜਦੇ ਰਹੇ; ਲੇਕਿਨ ਲੋਕਾਂ ਦੇ ਇਕ ਹਿੱਸੇ ਨੇ ਪੁਲਿਸ ਨਾਲ ਝਗੜਾ ਸ਼ੁਰੂ ਕਰ ਦਿੱਤਾ। ਮਜਬੂਰੀ ਵੱਸ ਪੁਲਿਸ ਨੂੰ ਤਾਕਤ ਦੀ ਵਰਤੋਂ ਕਰਨੀ ਪਈ। ਇਸ ਝਗੜੇ ਵਿਚ 40 ਪੁਲਿਸ ਮੁਲਾਜ਼ਮ ਜ਼ਖਮੀ ਹੋਏ, ਜਿਨ੍ਹਾਂ ਵਿਚੋਂ ਕੁਝ ਗੰਭੀਰ ਜ਼ਖਮੀ ਸਨ। ਸੁਮੇਧ ਸੈਣੀ ਨੇ ਪੱਤਰਕਾਰਾਂ ਨੂੰ ਪੁੱਛਿਆ ਕਿ ਤੁਸੀਂ ਵੀਡੀਓ ਦੇਖੀ ਹੈ, ਕਿਹੜੇ ਸ਼ਾਂਤਮਈ ਧਰਨੇ 'ਤੇ ਗੋਲੀਆ ਚਲਾਈਆਂ? ਲਾਠੀਚਾਰਜ, ਅੱਥਰੂ ਗੈਸ, ਪਾਣੀ ਦੀ ਵਾਛੜ ਡਿਊਟੀ ਮੈਜਿਸਟਰੇਟ ਦੀ ਲਿਖਤੀ ਪ੍ਰਵਾਨਗੀ ਨਾਲ ਹੀ ਕੀਤੀ ਗਈ। ਉਸ ਨੇ ਕਿਹਾ ਕਿ ਇਸ ਬਾਰੇ ਕਈਆਂ ਨੇ ਝੂਠੀਆਂ ਕਹਾਣੀਆਂ ਬਣਾ ਕੇ ਪੇਸ਼ ਕੀਤੀਆਂ। ਕਿਸੇ ਨੇ ਗੋਲੀ ਚਲਾਉਣ ਦਾ ਦੋਸ਼ ਮੁੱਖ ਮੰਤਰੀ, ਡੀ.ਜੀ.ਪੀ. ਅਤੇ ਆਈ.ਜੀ. ਉਮਰਾਨੰਗਲ 'ਤੇ ਲਾਇਆ, ਜੋ ਸਰਾਸਰ ਝੂਠ ਹੈ।

ਸੁਮੇਧ ਸੈਣੀ ਨੇ ਦੂਜਾ ਪ੍ਰਸ਼ਨ ਇਹ ਉਠਾਇਆ ਹੈ ਕਿ ਜੇ ਰਾਜ ਵਿਚ ਕਾਨੂੰਨ-ਵਿਵਸਥਾ ਬਾਰੇ ਮੁੱਖ ਮੰਤਰੀ ਮੈਨੂੰ ਫੋਨ ਕਰਨ ਤਾਂ ਕੀ ਮੈਂ ਨਾ ਸੁਣਾਂ? ਕੀ ਮੈਂ ਫੋਨ ਬੰਦ ਕਰ ਲੈਂਦਾ? ਕੀ ਰਾਤ ਨੂੰ ਮੁੱਖ ਮੰਤਰੀ ਦਾ ਫੋਨ ਸੁਣਨਾ ਜੁਰਮ ਹੈ? ਉਸ ਨੇ ਦਾਅਵਾ ਕੀਤਾ ਕਿ ਉਸ ਰਾਤ ਉਸ ਨੇ ਕੇਵਲ ਮੁੱਖ ਮੰਤਰੀ ਹੀ ਨਹੀਂ, ਏ.ਡੀ.ਜੀ.ਪੀ. ਰੋਹਿਤ ਚੌਧਰੀ, ਜੋਨਲ ਆਈ.ਜੀ. ਜੋ ਮੌਕੇ 'ਤੇ ਹਾਜ਼ਰ ਸਨ ਤੇ ਹੋਰ ਅਫਸਰਾਂ ਨਾਲ ਵੀ ਗੱਲ ਕੀਤੀ। ਬਾਹਰੋਂ ਫੋਰਸ ਭੇਜਣ ਦੇ ਲਗਦੇ ਦੋਸ਼ ਬਾਰੇ ਉਸ ਦਾ ਦਾਅਵਾ ਸੀ ਕਿ ਹਰ ਥਾਂ ਦੇ ਹਾਲਾਤ ਵੱਖ-ਵੱਖ ਹੁੰਦੇ ਹਨ। ਜਿਥੇ ਫੋਰਸ ਘੱਟ ਹੋਵੇ, ਉਥੇ ਬਾਹਰੋਂ ਫੋਰਸ ਭੇਜੀ ਜਾਂਦੀ ਹੈ।

ਸੁਮੇਧ ਸੈਣੀ ਨੇ ਤੀਜਾ ਪ੍ਰਸ਼ਨ ਇਹ ਉਠਾਇਆ ਹੈ ਕਿ ਜਾਂਚ ਤੋਂ ਪਹਿਲਾਂ ਹੀ ਕੁਝ ਲੋਕਾਂ ਨੇ ਫੈਸਲਾ ਕਰ ਦਿਤਾ ਕਿ ਮੁੱਖ ਮੰਤਰੀ ਅਤੇ ਡੀ.ਜੀ.ਪੀ. ਹੀ ਦੋਸ਼ੀ ਹਨ, ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਜਦੋਂ ਇਕ ਪੱਤਰਕਾਰ ਨੇ ਸਵਾਲ ਕੀਤਾ ਕਿ ਵਿਧਾਨ ਸਭਾ ਵਿਚ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਤੁਹਾਡੇ 'ਤੇ ਦੋਸ਼ ਲਾਏ ਹਨ ਤਾਂ ਸੈਣੀ ਨੇ ਸੁਆਲ ਉਠਾਇਆ ਕਿ ਜਾਂਚ ਹੋਈ ਨਹੀਂ, ਇਹ ਵੀ ਕਿਸੇ ਨੂੰ ਪਤਾ ਨਹੀਂ ਸੀ ਕਿ ਜਾਂਚ ਸੀ.ਬੀ.ਆਈ. ਨੇ ਕਰਨੀ ਹੈ ਜਾਂ 'ਸਿਟ' ਨੇ, ਕਈ ਲੋਕਾਂ ਨੇ ਜੋ ਫਿੱਟ ਬੈਠਦਾ ਸੀ, ਉਹੀ ਨਿਚੋੜ ਕੱਢ ਲਿਆ ਅਤੇ ਝੂਠ ਹੀ ਕਹਾਣੀਆਂ ਬਣਾ ਲਈਆਂ। ਪੁੱਛਣ 'ਤੇ ਉਸ ਨੇ ਕਿਹਾ ਕਿ ਬਹਿਬਲ ਕਲਾਂ ਬਾਰੇ ਉਸ ਕੋਲ ਜਾਣਕਾਰੀ ਨਹੀਂ ਹੈ ਕਿ ਉਥੇ ਕੀ ਹੋਇਆ, ਇਸ ਕਰਕੇ ਉਹ ਚਰਨਜੀਤ ਸ਼ਰਮਾ ਦੀ ਗ੍ਰਿਫਤਾਰੀ 'ਤੇ ਕੋਈ ਟਿਪਣੀ ਨਹੀਂ ਕਰੇਗਾ। ਉਸ ਨੇ ਕਿਹਾ ਕਿ ਉਸ ਦੀ ਹਮਦਰਦੀ ਉਨ੍ਹਾਂ ਪਰਿਵਾਰਾਂ ਨਾਲ ਹੈ ਜਿਨ੍ਹਾਂ ਦੇ ਦੋ ਜੀਅ ਮਾਰੇ ਗਏ ਅਤੇ ਤਿੰਨ ਸਾਲ ਬੀਤ ਜਾਣ 'ਤੇ ਵੀ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ। ਉਸ ਨੇ ਇਹ ਵੀ ਕਿਹਾ ਕਿ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਵੀ ਛੋਟੀ ਨਹੀਂ, ਉਸ ਨੇ ਕੋਟਕਪੂਰਾ ਘਟਨਾ ਦੀ ਤਹਿ ਤੱਕ ਜਾ ਕੇ ਜਾਂਚ ਕੀਤੀ ਹੈ ਤੇ ਬਹਿਬਲ ਕਲਾਂ ਘਟਨਾ ਬਾਰੇ ਅਸਲੀਅਤ ਲੱਭਣ ਲਈ ਕਿਹਾ ਹੈ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਪਰਮਰਾਜ ਉਮਰਾਨੰਗਲ ਦੀ ਗ੍ਰਿਫਤਾਰੀ ਸਿਆਸਤ ਤੋਂ ਪ੍ਰੇਰਿਤ ਹੈ ਕਿਉਂਕਿ ਇਹ ਪਹਿਲਾਂ ਹੀ ਕਿਹਾ ਜਾ ਰਿਹਾ ਸੀ ਕਿ ਉਸ ਨੂੰ ਗ੍ਰਿਫਤਾਰ ਕਰਨਾ ਹੈ।

ਸੁਮੇਧ ਸੈਣੀ ਨੇ ਪੱਤਰਕਾਰਾਂ 'ਤੇ ਸੁਆਲ ਕਰਦਿਆਂ ਪ੍ਰਸ਼ਨ ਉਠਾਇਆ ਕਿ ਕੀ ਅਤਿਵਾਦ, ਖਾਲਿਸਤਾਨੀਆਂ ਜਾਂ ਗਰਮ ਖਿਆਲੀਆਂ ਦੇ ਖਿਲਾਫ ਹੋਣਾ ਕਿਸੇ ਭਾਈਚਾਰੇ ਜਾਂ ਧਰਮ ਦੇ ਖਿਲਾਫ ਹੋਣਾ ਹੈ? ਉਸ ਨੇ ਦੋਸ਼ ਲਾਇਆ ਕਿ ਤਰਨ ਤਾਰਨ ਤੋਂ ਲੈ ਕੇ ਮੁਹਾਲੀ ਤਕ ਰੈਫਰੈਂਡਮ-2020 ਦੇ ਹੋਰਡਿੰਗ ਲੱਗੇ ਹੋਏ ਹਨ ਜੋ ਵੱਖਵਾਦੀਆਂ ਨੇ ਵਿਦੇਸ਼ ਵਿਚ ਰਹਿੰਦੇ ਅਵਤਾਰ ਸਿੰਘ ਪਨੂੰ ਦੇ ਸੱਦੇ 'ਤੇ ਲਾਏ ਹਨ ਪਰ ਉਨ੍ਹਾਂ ਵਿਰੁਧ ਕੋਈ ਐਕਸ਼ਨ ਨਾ ਲੈ ਕੇ ਵੱਖਵਾਦੀਆਂ ਦੀ ਹੌਸਲਾ ਅਫਜ਼ਾਈ ਕੀਤੀ ਜਾ ਰਹੀ ਹੈ, ਜੋ ਫਿਕਰ ਵਾਲੀ ਗੱਲ ਹੈ। ਉਸ ਨੇ ਕਿਹਾ ਕਿ ਪੰਜਾਬ ਬੜਾ ਨਾਜ਼ੁਕ ਸਰਹੱਦੀ ਸੂਬਾ ਹੈ। ਪਹਿਲਾਂ ਵੀ ਪੰਜਾਬ ਵਿਚ ਛੋਟੀਆਂ-ਛੋਟੀਆਂ ਸਿਆਸੀ ਖੇਡਾਂ ਅਤੇ ਝੂਠ ਕਰਕੇ ਹਾਲਾਤ ਕੰਟਰੋਲ ਤੋਂ ਬਾਹਰ ਹੋ ਗਈ ਸੀ ਤੇ ਇਥੇ ਖੂਨ ਵਹਿ ਤੁਰਿਆ ਸੀ। ਬਹਿਬਲ ਕਲਾਂ ਤੇ ਕੋਟਕਪੂਰਾ ਘਟਨਾਵਾਂ ਬਾਰੇ ਜੋ ਨੀਤੀ ਹੈ, ਉਸ ਦੇ ਸਿੱਟੇ ਚੰਗੇ ਨਹੀਂ ਹੋਣਗੇ। ਉਨ੍ਹਾਂ ਸੁਆਲ ਉਠਾਇਆ ਕਿ ਜਿਨ੍ਹਾਂ ਦੀ ਡਿਊਟੀ ਬਣਦੀ ਹੈ ਤੇ ਜਿਨ੍ਹਾਂ ਦੇ ਹੱਥਾਂ ਵਿਚ ਰਾਜ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਬਣਦੀ ਹੈ, ਉਹ ਧਿਆਨ ਕਿਉਂ ਨਹੀਂ ਦੇ ਰਹੇ?


ਸੁਮੇਧ ਸੈਣੀ ਨੇ ਬੜੇ ਹੀ ਧੜੱਲੇ ਭਰੇ ਅੰਦਾਜ਼ ਵਿਚ ਕਿਹਾ ਕਿ 'ਇਥੇ ਸੌ ਸੁਮੇਧ ਸੈਣੀ ਆਏ ਤੇ ਸੌ ਚਲੇ ਗਏ ਪਰ ਸੂਬਾ ਤਾਂ ਇਥੇ ਹੀ ਰਹਿਣਾ ਹੈ, ਇਸ ਤਰ੍ਹਾਂ ਦੀਆਂ ਹਰਕਤਾਂ ਠੀਕ ਨਹੀਂ ਹਨ। ਇਥੇ ਹਿੰਦੂ, ਸਿੱਖ ਏਕਤਾ ਬੜੀ ਜ਼ਰੂਰੀ ਹੈ।' ਇਕ ਪ੍ਰਸ਼ਨ ਦੇ ਉਤਰ ਵਿਚ ਉਸ ਨੇ ਕਿਹਾ ਕਿ ਉਸ ਨੂੰ ਗ੍ਰਿਫਤਾਰ ਕਰਨ ਦੀ ਕੈਪਟਨ ਦੀ ਇੱਛਾ ਹੈ ਪਰ ਹਰ ਗੱਲ ਇੱਛਾ ਨਾਲ ਨਹੀਂ ਹੁੰਦੀ। ਦੇਸ਼ ਵਿਚ ਅਜੇ ਕਾਨੂੰਨ ਹੈ। ਅਖੀਰ ਵਿਚ ਉਸ ਨੇ ਕਿਹਾ ਕਿ ਪਰਮਰਾਜ ਉਮਰਾਨੰਗਲ ਨੈਸ਼ਨਲਿਸਟ ਅਫਸਰ ਹੈ, ਜੋ ਅਤਿਵਾਦ ਦੇ ਖਿਲਾਫ ਵੀ ਲੜਿਆ ਸੀ। ਉਸ ਨੂੰ ਗ੍ਰਿਫਤਾਰ ਕਰਨ ਨਾਲ ਪੁਲਿਸ ਦੇ ਮਨੋਬਲ 'ਤੇ ਮਾੜਾ ਅਸਰ ਪਵੇਗਾ।

ਸੁਮੇਧ ਸਿੰਘ ਸੈਣੀ ਦੀ ਕਾਰਜਸ਼ੈਲੀ ਗਲਤ ਹੈ ਜਾਂ ਠੀਕ, ਇਹ ਬਿਲਕੁਲ ਵੱਖਰਾ ਵਿਸ਼ਾ ਹੈ ਪਰ ਬੇਅਦਬੀ ਕਾਂਡ ਬਾਰੇ ਉਸ ਨੇ ਜੋ ਸੁਆਲ ਉਠਾਏ ਹਨ, ਉਨ੍ਹਾਂ ਉਤੇ ਨਾ ਪੰਜਾਬ ਸਰਕਾਰ, ਨਾ ਹੀ ਬਾਕੀ ਸਿਆਸੀ ਪਾਰਟੀਆਂ ਅਤੇ ਨਾ ਹੀ ਆਪਣੇ ਆਪ ਨੂੰ ਧਾਰਮਿਕ ਕਹਿਣ ਵਾਲੀਆਂ ਜਥੇਬੰਦੀਆਂ ਨੇ ਕੋਈ ਪ੍ਰਤੀਕਰਮ ਦਿੱਤਾ ਹੈ। ਹੁਣ ਇਹ ਸਾਰੇ ਚੁੱਪ ਹਨ ਜਿਸ ਕਰਕੇ ਸਵਾਲ ਉਠਦਾ ਹੈ ਕਿ ਕੀ ਇਹ ਲੋਕ ਬੇਅਦਬੀ ਦੇ ਨਾਂ 'ਤੇ ਲੋਕਾਂ ਨੂੰ ਭੜਕਾ ਕੇ ਆਪਣੇ ਵਿਸ਼ੇਸ਼ ਹਿਤਾਂ ਦੀ ਪੂਰਤੀ ਹੀ ਕਰਨਾ ਚਾਹੁੰਦੇ ਹਨ?

ਮੈਨੂੰ ਲਗਦਾ ਹੈ ਕਿ ਜਿਵੇਂ ਅਕਾਲੀ-ਭਾਜਪਾ ਸਰਕਾਰ ਨੇ ਬੇਅਦਬੀ ਕਾਂਡ ਦੇ ਮਾਮਲੇ ਨੂੰ ਜਾਣ ਬੁੱਝ ਕੇ ਲਮਕਾ ਛਡਿਆ ਸੀ ਕਿ ਇਹ ਮਸਲਾ ਹੌਲੀ-ਹੌਲੀ ਖਤਮ ਹੋ ਜਾਵੇਗਾ, ਇਸੇ ਕਰਕੇ ਉਨ੍ਹਾਂ ਆਪਣੇ ਹੀ ਬਣਾਏ ਜਸਟਿਸ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਨਜ਼ਰਅੰਦਾਜ਼ ਕਰੀ ਰਖਿਆ, ਹੁਣ ਕੈਪਟਨ ਸਰਕਾਰ ਵੀ ਇਸ ਮੁੱਦੇ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਤੱਕ ਲਟਕਾਈ ਰੱਖਣਾ ਚਾਹੁੰਦੀ ਹੈ ਤਾਂ ਕਿ ਇਹ ਮੁੱਦਾ ਅਕਾਲੀਆਂ ਵਿਰੁਧ ਵਰਤ ਕੇ ਫਿਰ ਵੋਟਾਂ ਬਟੋਰੀਆਂ ਜਾ ਸਕਣ। ਇਸ ਨੀਤੀ ਵਿਚ ਅਫਸਰਸ਼ਾਹੀ ਵੀ ਸਰਕਾਰ ਦਾ ਸਾਥ ਦੇ ਰਹੀ ਜਾਪਦੀ ਹੈ। ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ ਪਰ ਜੇ ਪੰਜਾਬ ਸਰਕਾਰ ਬੇਅਦਬੀ ਕਾਂਡ ਦੇ ਦੋਸ਼ੀਆਂ ਵਿਰੁਧ ਫੌਰੀ ਕਾਰਵਾਈ ਨਹੀਂ ਕਰਦੀ ਤਾਂ ਉਸ ਨੂੰ ਵੀ ਖਮਿਆਜ਼ਾ ਭੁਗਤਣਾ ਪਵੇਗਾ। ਇਸ ਮੰਤਵ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਇਹ ਪ੍ਰਭਾਵ ਨਹੀਂ ਜਾਣਾ ਚਾਹੀਦਾ ਕਿ ਉਹ ਕਿਸੇ ਦੋਸ਼ੀ, ਭਾਵੇਂ ਬਾਦਲ ਹੀ ਕਿਉਂ ਨਾ ਹੋਣ, ਦਾ ਬਚਾਅ ਕਰ ਰਹੇ ਹਨ। ਸੁਮੇਧ ਸਿੰਘ ਸੈਣੀ ਨੇ ਬੇਅਦਬੀ ਕਾਂਡ ਬਾਰੇ ਬੜੇ ਗੰਭੀਰ ਸਵਾਲ ਉਠਾਏ ਹਨ, ਇਨ੍ਹਾਂ ਬਾਰੇ ਲੋਕਾਂ ਵਿਚ ਸਥਿਤੀ ਸਪਸ਼ਟ ਹੋਣੀ ਚਾਹੀਦੀ ਹੈ।

# ਰਾਜਨੀਤੀ ਨਿਤਾਣੀ ਨਹੀਂ ਹੋਈ, ਅਗਲੀ ਤਿਆਰੀ ਛੋਹ ਲਵੇਗੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਲੋਕਾਂ ਨੂੰ ਤੇਈ ਮਈ ਦੇ ਦਿਨ ਦੀ ਇਸ ਲਈ ਉਡੀਕ ਸੀ ਕਿ ਉਸ ਦਿਨ ਅਗਲੇ ਪੰਜ ਸਾਲਾਂ ਲਈ ਜਿਸ ਆਗੂ ਨੇ ਦੇਸ਼ ਦੀ ਕਮਾਨ ਸਾਂਭਣੀ ਹੈ, ਉਸ ਦਾ ਫੈਸਲਾ ਸਾਹਮਣੇ ਆਉਣਾ ਸੀ। ਉਹ ਘੜੀ ਆ ਗਈ ਹੈ। ਭਾਜਪਾ ਦੇ ਆਗੂ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ ਨੂੰ ਦੇਸ਼ ਦੇ ਲੋਕਾਂ ਦਾ ਏਡਾ ਵੱਡਾ ਹੁੰਗਾਰਾ ਮਿਲਿਆ ਕਿ ਚੋਣ ਕਿਆਫੇ ਲਾਉਣ ਵਾਲੇ ਵੱਡੇ ਵੱਡੇ ਧਨੰਤਰ ਵੀ ਹੈਰਾਨੀ ਪ੍ਰਗਟ ਕਰਦੇ ਦਿਖਾਈ ਦਿੰਦੇ ਹਨ। ਜੋ ਲੋਕ ਮੰਨਦੇ ਸਨ ਕਿ ਦੋਹਾਂ ਵੱਲ ਆਮ ਲੋਕਾਂ ਦਾ



ਨਰਿੰਦਰ ਮੋਦੀ

ਮੁਹਾਣ ਚੋਖਾ ਹੈ, ਉਹ ਵੀ ਇਸ ਤਰ੍ਹਾਂ ਦੀ ਵੱਡੀ ਜਿੱਤ ਦੀ ਗੱਲ ਕਦੇ ਨਹੀਂ ਸਨ ਕਹਿੰਦੇ।

ਭਾਜਪਾ ਇੱਕ ਪਾਰਟੀ ਵਜੋਂ ਤਿੰਨ ਸੌ ਸੀਟਾਂ ਤੋਂ ਉਪਰ ਚਲੀ ਗਈ ਹੈ ਤੇ ਆਪਣੇ ਗੱਠਜੋੜ ਸਮੇਤ ਸਾਢੇ ਤਿੰਨ ਸੌ ਨੂੰ ਟੱਪਦਿਆਂ ਉਹ ਇਸ ਤਰ੍ਹਾਂ ਦਾ ਰਿਕਾਰਡ ਬਣਾਉਣ ਨੂੰ ਪਹੁੰਚ ਗਈ, ਜੋ ਛੇਤੀ ਕੀਤੇ ਟੁੱਟਣ ਵਾਲਾ ਨਹੀਂ ਜਾਪਦਾ। ਖੁਦ ਭਾਜਪਾ ਦੇ ਕਈ ਆਗੂ ਏਡੀ ਵੱਡੀ ਜਿੱਤ ਤੋਂ



ਰਾਹੁਲ ਗਾਂਧੀ

ਹੈਰਾਨ ਹਨ ਤੇ ਖਾਸ ਕਰ ਕੇ ਭਾਜਪਾ ਵਿਚਲੇ ਮੋਦੀ-ਵਿਰੋਧੀ ਕੁਝ ਆਗੂ ਤਾਂ ਪ੍ਰੇਸ਼ਾਨ ਵੀ ਹੋਣਗੇ।


ਪੰਜ ਸਾਲ ਪਹਿਲਾਂ ਹੋਈ ਜਿੱਤ ਦੇ ਬਾਅਦ ਅਸੀਂ ਇਹ ਲਿਖਿਆ ਸੀ ਕਿ ਨਰਿੰਦਰ ਮੋਦੀ ਆਗੂ ਹੀ ਨਹੀਂ, ਸ਼ੋਅਮੈਨ ਵਜੋਂ ਵੀ ਏਨਾ ਪ੍ਰਭਾਵ ਪਾਊ ਹੈ ਕਿ ਉਸ ਦੀ ਟੱਕਰ ਦਾ ਦੂਜਾ ਪੇਸ਼ਕਾਰ ਭਾਰਤ ਦੇ ਸਿਆਸੀ ਅਖਾੜੇ ਤੋਂ ਲੱਭਣਾ ਔਖਾ ਹੋ ਜਾਂਦਾ ਹੈ। ਉਹ ਤੱਥਾਂ ਤੋਂ ਕੋਰੇ ਭਾਸ਼ਣ ਵੀ ਕਰੀ ਜਾਵੇ ਤਾਂ ਲੋਕ ਉਸ ਦਾ ਹੁੰਗਾਰਾ ਦੇਣ ਲੱਗੇ ਰਹਿੰਦੇ ਹਨ। ਏਦਾਂ ਦੀ ਨੌਬਤ ਕਈ ਵਾਰ ਆ ਚੁਕੀ ਹੈ ਕਿ ਉਸ ਦਾ ਕੀਤਾ ਭਾਸ਼ਣ ਹਕੀਕਤਾਂ ਨਾਲੋਂ ਉਲਟ ਜਾਂ ਹਕੀਕਤਾਂ ਦੀ ਭੰਨ-ਤੋੜ ਵਾਲਾ ਹੋਣ ਦੀ ਗੱਲ ਸ਼ਾਮ ਪੈਣ ਤੱਕ ਸਾਹਮਣੇ ਆ ਜਾਂਦੀ ਸੀ, ਪਰ ਅਗਲੇ ਦਿਨ ਉਸ ਦੇ ਜਲਸੇ ਵਿਚ ਭੀੜ ਪਹਿਲਾਂ ਤੋਂ ਵੀ ਵੱਧ ਦਿਖਾਈ ਦਿੰਦੀ ਸੀ। ਕਈ ਵਾਰੀ ਇਸ ਤਰ੍ਹਾਂ ਜਾਪਦਾ ਹੁੰਦਾ ਸੀ, ਜਿਵੇਂ ਲੋਕ ਸਿਆਸੀ ਆਗੂ ਦਾ ਭਾਸ਼ਣ ਸੁਣਨ ਤੋਂ ਵੱਧ ਦਿਲਚਸਪ ਕਿੱਸੇ ਸੁਣ ਕੇ ਮਨੋਰੰਜਨ ਕਰਨ ਦੀ ਭਾਵਨਾ ਨਾਲ ਉਥੇ ਗਏ ਹੁੰਦੇ ਸਨ। ਸਿੱਟੇ ਵਜੋਂ ਉਹ ਏਦਾਂ ਦਾ ਆਗੂ ਬਣ ਕੇ ਸਾਹਮਣੇ ਆਇਆ ਸੀ, ਜਿਸ ਦੇ ਬਰਾਬਰ ਦੀ ਪ੍ਰਭਾਵ ਪਾਉਣ ਵਾਲੀ ਸ਼ਖਸੀਅਤ ਵਿਰੋਧ ਦੀ ਮੁੱਖ ਧਿਰ ਕਾਂਗਰਸ ਪਾਰਟੀ ਕੋਲ ਤਾਂ ਕੀ, ਹੋਰਨਾਂ ਵਿਚੋਂ ਵੀ ਕਿਸੇ ਪਾਰਟੀ ਕੋਲ ਨਹੀਂ ਸੀ ਲੱਭਦੀ। ਨਤੀਜਾ ਇਸ ਦਾ ਜੋ ਨਿਕਲਿਆ, ਉਹ ਇਸ ਅਖਾਣ ਵਰਗਾ ਹੈ, 'ਲੋਕਾਂ ਦਾ ਨਹੀਂ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੁਰੇ ਪਾਣੀ।' ਨਰਿੰਦਰ ਮੋਦੀ ਨੇ ਇਹੋ ਕੀਤਾ ਹੈ।



ਸੋਨੀਆਂ ਗਾਂਧੀ ਅਤੇ ਡਾ. ਮਨਮੋਹਨ ਸਿੰਘ

ਕਾਂਗਰਸ ਪਾਰਟੀ ਦਾ ਦੁਖਾਂਤ ਇਹ ਹੈ ਕਿ ਉਹ ਨਹਿਰੂ-ਗਾਂਧੀ ਪਰਿਵਾਰ ਤੋਂ ਬਾਹਰ ਕਿਸੇ ਵੀ ਮਾਂ ਦੀ ਕੁੱਖੋਂ ਜੰਮਣ ਵਾਲੇ ਬੱਚੇ ਨੂੰ ਅਕਲਮੰਦ ਮੰਨਣ ਨੂੰ ਤਿਆਰ ਨਹੀਂ। ਰਾਜੀਵ ਗਾਂਧੀ ਨੂੰ ਜਿਸ ਹਾਲਾਤ ਵਿਚ ਕੁਰਸੀ ਮਿਲੀ ਸੀ, ਦੇਸ਼ ਦੇ ਲੋਕਾਂ ਨੂੰ ਪਤਾ ਸੀ ਤੇ ਇਸੇ ਲਈ ਜਦੋਂ ਉਸ ਨੇ ਬੜੇ ਸਿਆਣੇ ਮੰਨੇ ਜਾਂਦੇ ਪ੍ਰਣਬ ਮੁਕਰਜੀ ਨੂੰ ਖੂੰਜੇ ਲਾ ਦਿੱਤਾ ਤਾਂ ਲੋਕ ਚੁੱਪ ਕੀਤੇ ਰਹੇ ਸਨ, ਪਰ ਜਦੋਂ ਸੋਨੀਆ ਗਾਂਧੀ ਨੂੰ ਕੁਰਸੀ ਛੱਡਣ ਦਾ ਫੈਸਲਾ ਲੈਣਾ ਪਿਆ, ਪ੍ਰਣਬ ਮੁਕਰਜੀ ਉਸ ਵਕਤ ਤੱਕ ਫਿਰ ਕਾਂਗਰਸ ਵਿਚ ਵਾਪਸ ਆ ਚੁਕਾ ਸੀ ਤੇ ਉਸ ਦੀ ਪਾਰਟੀ ਵਿਚ ਚੋਖੀ ਇੱਜਤ ਸੀ। ਉਹ ਸ਼ਰਦ ਪਵਾਰ ਅਤੇ ਹੋਰਨਾਂ ਨਾਲ ਉਦੋਂ ਪਾਰਟੀ ਛੱਡ ਕੇ ਨਹੀਂ ਸੀ ਗਿਆ, ਜਦੋਂ ਸੋਨੀਆ ਗਾਂਧੀ ਨੂੰ ਵਿਦੇਸ਼ਣ ਕਹਿ ਕੇ ਉਸ ਨੂੰ ਪਾਰਟੀ ਆਗੂ ਬਣਾਉਣ ਦਾ ਵਿਰੋਧ ਹੋਇਆ ਸੀ। ਪਾਰਟੀ ਨਾਲ ਰਹਿ ਕੇ ਉਹ ਵਫਾਦਾਰੀ ਸਾਬਤ ਕਰ ਚੁਕਾ ਸੀ। ਸੋਨੀਆ ਗਾਂਧੀ ਨੇ ਉਸ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਥਾਂ ਡਾ. ਮਨਮੋਹਨ ਸਿੰਘ ਵਰਗੇ ਗੈਰ ਸਿਆਸੀ ਬੰਦੇ ਨੂੰ ਅੱਗੇ ਇਸ ਲਈ ਕੀਤਾ ਸੀ ਕਿ ਪ੍ਰਣਬ ਮੁਕਰਜੀ ਦੇ ਅੱਗੇ ਆਉਣ ਤੋਂ ਬਾਅਦ ਨਹਿਰੂ-ਗਾਂਧੀ ਪਰਿਵਾਰ ਦੇ ਜਵਾਕ ਰਾਹੁਲ ਗਾਂਧੀ ਲਈ ਫਿਰ ਕੋਈ ਮੌਕਾ ਬਾਕੀ ਨਾ ਰਹਿਣ ਦਾ ਡਰ ਸੀ।

ਡਾ. ਮਨਮੋਹਨ ਸਿੰਘ ਨੂੰ ਉਹ ਮਾਂ-ਪੁੱਤਰ ਕੀ ਸਮਝਦੇ ਸਨ, ਇਹ ਗੱਲ ਉਦੋਂ ਪਤਾ ਲੱਗੀ ਸੀ, ਜਦੋਂ ਇੱਕ ਵਾਰ ਦਿੱਲੀ ਦੇ ਇੱਕ ਸਟੇਡੀਅਮ ਵਿਚ ਹਜ਼ਾਰਾਂ ਲੋਕਾਂ ਸਾਹਮਣੇ ਤਕਰੀਰ ਕਰਦਿਆਂ ਰਾਹੁਲ ਗਾਂਧੀ ਨੇ ਇਹ ਆਖਿਆ ਸੀ ਕਿ ਕਈ ਲੋਕ ਪੁੱਛਦੇ ਹਨ ਕਿ ਤੁਸੀਂ ਪ੍ਰਧਾਨ ਮੰਤਰੀ ਕਦੋਂ ਬਣੋਗੇ, ਪਰ ਮੈਂ ਕਹਿੰਦਾ ਹਾਂ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਕੀ ਹੈ, ਇਹ ਤਾਂ ਮੈਂ ਅੱਜ ਸ਼ਾਮ ਨੂੰ ਬਣ ਸਕਦਾ ਹਾਂ। ਇਹ ਗੱਲ ਕਹਿਣ ਦਾ ਦੂਜਾ ਭਾਵ ਇਹ ਸੀ ਕਿ ਮਨਮੋਹਨ ਸਿੰਘ ਦਾ ਕੀ ਹੈ, ਉਸ ਨੂੰ ਤਾਂ ਮੈਂ ਅੱਜ ਸ਼ਾਮ ਨੂੰ ਉਠਾ ਕੇ ਉਹਦੇ ਵਾਲੀ ਥਾਂ ਕੁਰਸੀ ਉਤੇ ਬਹਿ ਸਕਦਾ ਹਾਂ ਤੇ ਇਸ ਤਕਰੀਰ ਨੇ ਡਾ. ਮਨਮੋਹਨ ਸਿੰਘ ਇਕੱਲੇ ਦੇ ਅਕਸ ਦਾ ਨਹੀਂ, ਕਾਂਗਰਸ ਪਾਰਟੀ ਦਾ ਵੀ ਨੁਕਸਾਨ ਕੀਤਾ ਸੀ। ਇਸ ਦੇ ਬਾਵਜੂਦ ਪਾਰਟੀ ਵਿਚ ਕਿਸੇ ਦੀ ਇਹ ਮੰਨਣ ਦੀ ਹਿੰਮਤ ਨਹੀਂ ਸੀ ਪਈ ਕਿ ਮੁੰਡਾ ਠੀਕ ਨਹੀਂ ਕਰ ਰਿਹਾ।



ਨਵੀਨ ਪਟਨਾਇਕ

ਰਹਿੰਦੀ ਕਸਰ ਕਾਂਗਰਸ ਨਾਲ ਜੁੜੇ ਜਾਂ ਇਸ ਤੋਂ ਵੱਖਰਾ ਪਿੰਡ ਬੰਨ੍ਹਦੇ ਫਿਰਦੇ ਵਿਰੋਧੀ ਪਾਰਟੀਆਂ ਦੇ ਲੀਡਰਾਂ ਦੀ ਹਉਮੈ ਨੇ ਕੱਢ ਦਿੱਤੀ। ਆਖਰੀ ਗੇੜ ਦੀਆਂ ਵੋਟਾਂ ਪੈਣ ਅਤੇ ਐਗਜ਼ਿਟ ਪੋਲ ਵਿਚ ਕੁਝ ਹੱਦ ਤੱਕ ਨਤੀਜੇ ਦੀ ਝਲਕ ਮਿਲ ਚੁੱਕਣ ਪਿੱਛੋਂ ਵੀ ਉਨ੍ਹਾਂ ਦੀ ਹਉਮੈ ਨਹੀਂ ਘਟੀ। ਵਿਰੋਧੀ ਧਿਰਾਂ ਦੀ ਇੱਕ ਮੀਟਿੰਗ ਸੱਦਣੀ ਸੀ ਤਾਂ ਬੀਬੀ ਮਾਇਆਵਤੀ ਨੇ ਇਹ ਗੱਲ ਕਹਿ ਦਿੱਤੀ ਕਿ ਉਥੇ ਤਦੇ ਆਵਾਂਗੀ, ਜੇ ਮੈਨੂੰ ਪ੍ਰਧਾਨ ਮੰਤਰੀ ਲਈ ਉਮੀਦਵਾਰ ਮੰਨੇ ਜਾਣ ਦਾ ਇਰਾਦਾ ਬਾਕੀ ਲੀਡਰ ਬਣਾ ਸਕਦੇ ਹੋਣਗੇ।

ਤੈਲਗੂ ਦੇਸਮ ਵਾਲਾ ਚੰਦਰ ਬਾਬੂ ਨਾਇਡੂ ਕਿਸੇ ਵਕਤ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਪੇਸ਼ਕਸ਼ ਹੋਈ ਤੋਂ ਇਹ ਕਹਿ ਕੇ ਛੱਡ ਆਇਆ ਸੀ ਕਿ ਉਹ ਦਿੱਲੀ ਆ ਕੇ ਆਂਧਰਾ ਵਿਚ ਆਪਣਾ ਆਧਾਰ ਕਿਸੇ ਤਰ੍ਹਾਂ ਦੇ ਖਤਰੇ ਵਿਚ ਨਹੀਂ ਪਾ ਸਕਦਾ, ਪਰ ਇਸ ਵਾਰੀ ਉਸ ਰਾਜ ਵਿਚ ਪਾਰਲੀਮੈਂਟ ਦੇ ਨਾਲ ਵਿਧਾਨ ਸਭਾ ਚੋਣਾਂ ਹੁੰਦੀਆਂ ਹੋਣ ਦੇ ਬਾਵਜੂਦ ਆਪਣੇ ਰਾਜ ਵਿਚ ਕੁਝ ਕੰਮ ਕਰਨ ਦੀ ਥਾਂ ਸਾਰੇ ਦੇਸ਼ ਦੇ ਗੇੜੇ ਲਾਉਂਦਾ ਰਿਹਾ। ਉਸ ਦੇ ਮਨ ਵਿਚ ਇਹ ਗੱਲ ਭਾਰੂ ਹੋਈ ਪਈ ਸੀ ਕਿ ਆਂਧਰਾ ਮੇਰੇ ਕੋਲ ਰਹਿਣਾ ਨਹੀਂ ਤੇ ਇਸ ਮੌਕੇ ਭਾਰਤ ਦੀ ਸਭ ਤੋਂ ਵੱਡੀ ਕੁਰਸੀ ਦਾ ਦਾਅ ਖੇਡ ਲਿਆ ਜਾਵੇ ਤਾਂ ਸ਼ਾਇਦ ਉਥੇ ਹੀ ਗੱਲ ਬਣ ਜਾਂਦੀ ਹੋਵੇ। ਇਹ ਦੌੜ ਕਈਆਂ ਨੂੰ ਲੈ ਬੈਠੀ ਹੈ।

ਉੜੀਸਾ 'ਚ ਜਿਹੜਾ ਨਵੀਨ ਪਟਨਾਇਕ ਪੰਜਵੀਂ ਵਾਰੀ ਆਪਣੇ ਲੋਕਾਂ ਦਾ ਚਹੇਤਾ ਬਣ ਕੇ ਉਭਰਿਆ ਤੇ ਸਰਕਾਰ ਬਣਾਉਣ ਲਈ ਤਿਆਰ ਹੈ, ਉਸ ਨੂੰ ਚੰਦਰ ਬਾਬੂ ਨਾਇਡੂ ਦੇ ਕਾਂਗਰਸ ਤੇ ਭਾਜਪਾ-ਦੋਹਾਂ ਤੋਂ ਬਰਾਬਰ ਫਾਸਲੇ ਉਤੇ ਚੱਲਣ ਅਤੇ ਬਿਹਾਰ ਵਾਲੇ ਨਿਤੀਸ਼ ਕੁਮਾਰ ਦੇ ਮੁੜ-ਮੁੜ ਸਿਆਸੀ ਚੋਲੇ ਬਦਲਣ ਦੇ ਸ਼ੁਗਲ ਤੋਂ ਕੁਝ ਸਬਕ ਸਿੱਖਣਾ ਪੈਣਾ ਹੈ। ਇਹੀ ਗੱਲ ਕੁਝ ਲੋਕ ਮਮਤਾ ਬੈਨਰਜੀ ਨੂੰ ਕਹਿਣਾ ਚਾਹੁੰਦੇ ਹਨ, ਪਰ ਉਹ ਖੁਦ ਏਨੀ ਸਿਆਣੀ ਬਣਦੀ ਹੈ ਕਿ ਸਮਝਾਉਣ ਦੀ ਲੋੜ ਨਹੀਂ।

ਇੱਕ ਹੋਰ ਧਿਰ ਖੱਬੇ ਪੱਖੀਆਂ ਦੀ ਹੈ, ਜਿਨ੍ਹਾਂ ਨੂੰ ਬਹੁਤ ਵੱਡੀ ਸੱਟ ਪੈਣ ਪਿੱਛੋਂ ਵੀ ਕੁਝ ਚਿਰ ਬਾਅਦ ਗੱਲ ਕਰਨੀ ਪੈਣੀ ਹੈ, ਪਰ ਹਾਲ ਦੀ ਘੜੀ ਇਹ ਕਹਿਣ ਵਿਚ ਹਰਜ ਨਹੀਂ ਕਿ ਪਹਿਲੀ ਪਾਰਲੀਮੈਂਟ ਵਿਚ ਭਾਰਤ ਦੀ ਰਾਜਨੀਤੀ ਦਾ ਮੁਹਾਂਦਰਾ ਬਦਲਣ ਦੇ ਸੰਕੇਤ ਦੇਣ ਵਾਲੀ ਇਹ ਧਿਰ ਅੱਜ ਆਪਣੀ ਹੋਂਦ ਕਾਇਮ ਰੱਖਣ ਦੀ ਲੜਾਈ ਲੜ ਰਹੀ ਹੈ। ਇਸ ਦੇ ਏਨਾ ਪਛੜਦੇ ਜਾਣ ਦਾ ਓਨਾ ਨੁਕਸਾਨ ਕਮਿਊਨਿਸਟਾਂ ਨੂੰ ਨਹੀਂ, ਜਿੰਨਾ ਦੇਸ਼ ਨੂੰ ਹੋਵੇਗਾ, ਪਰ ਇਸ ਵਿਚ ਕਿਸੇ ਹੋਰ ਦਾ ਕੋਈ ਕਸੂਰ ਨਹੀਂ ਕੱਢਿਆ ਜਾ ਸਕਦਾ। ਉਨ੍ਹਾਂ ਨੂੰ ਇਸ ਹਾਲਤ ਬਾਰੇ ਖੁਦ ਸੋਚਣ ਤੇ ਲੋਕਾਂ ਅੱਗੇ ਹਕੀਕਤ ਨੂੰ ਪ੍ਰਵਾਨ ਕਰਨ ਦੀ ਲੋੜ ਪੈ ਸਕਦੀ ਹੈ। ਬਾਕੀ ਗੱਲਾਂ ਦਾ ਨਿਬੇੜਾ ਮੋਦੀ ਰਾਜ ਦੇ ਅਗਲੇ ਪੰਜ ਸਾਲ ਆਪੇ ਕਰ ਦੇਣਗੇ।



ਚੰਦਰ ਬਾਬੂ ਨਾਇਡੂ

ਕੁੰਭ ਮੇਲਾ ਬਾਰਾਂ ਸਾਲਾਂ ਪਿੱਛੋਂ ਅਤੇ ਅਰਧ ਕੁੰਭ ਛੇ ਸਾਲਾਂ ਬਾਅਦ ਆਉਂਦਾ ਹੈ। ਭਾਰਤੀ ਲੋਕਤੰਤਰ ਦਾ ਪਾਰਲੀਮੈਂਟ ਵਾਲਾ ਕੁੰਭ ਪੰਜ ਸਾਲਾਂ ਬਾਅਦ ਤੇ ਵਿਧਾਨ ਸਭਾਵਾਂ ਵਾਲਾ ਮੱਧ-ਕੁੰਭ ਥੋੜ੍ਹੇ-ਥੋੜ੍ਹੇ ਚਿਰ ਦੇ ਬਾਅਦ ਕਿਸੇ ਨਾ ਕਿਸੇ ਰਾਜ ਚੱਲਦਾ ਰਹਿੰਦਾ ਹੈ। ਸਾਰੀ ਲੜਾਈ ਖਤਮ ਨਹੀਂ ਹੋ ਗਈ, ਪੈਰ-ਪੈਰ 'ਤੇ ਹੁੰਦੀ ਰਹਿਣੀ ਹੈ। ਇਹ ਮਿੱਥ ਕੇ ਚੱਲਣਾ ਪੈਣਾ ਹੈ ਕਿ ਰਾਜਨੀਤੀ ਨਿਤਾਣੀ ਨਹੀਂ ਹੋ ਗਈ, ਇਹ ਅਗਲੇ ਚੋਣ ਦੰਗਲਾਂ ਦੀ ਤਿਆਰੀ ਵਿਚ ਖੜ੍ਹੇ ਪੈਰ ਜੁੱਟ ਸਕਦੀ ਹੈ।

---

# ਮਹਾਰਾਣੀ ਤੋਂ ਮਹਾਂਰਥੀ ਤੱਕ

ਮਹਾਰਾਣੀ ਅਤੇ ਪਰਨੀਤ ਕੌਰ ਵਿਚੋਂ ਕਿਸੇ ਇਕ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ, ਕਿਉਂਕਿ ਪਟਿਆਲੇ ਵਿਚ ਉਨ੍ਹਾਂ ਦੀ ਇਹੀ ਸ਼ਖਸੀਅਤ ਉਨ੍ਹਾਂ ਨੂੰ ਜਾਣਨ ਵਾਲਿਆਂ ਦੇ ਮਨਾਂ ਵਿਚ ਵਸੀ ਹੋਈ ਹੈ। ਪਰਨੀਤ ਕੌਰ ਅਜਿਹੀ ਸਿਆਸਤਦਾਨ ਹੈ, ਜਿਸ ਨੂੰ ਜਾਣਨ ਵਾਲਿਆਂ ਦੀ ਗਿਣਤੀ ਬਹੁਤ ਹੈ। ਜਿਹੜੇ ਉਨ੍ਹਾਂ ਨੂੰ ਨਹੀਂ ਮਿਲੇ, ਉਨ੍ਹਾਂ ਲਈ ਵੀ ਉਹ ਮਹਾਰਾਣੀ ਦੇ ਬਿੰਬ ਵਜੋਂ ਸਦਾ ਸਾਹਮਣੇ ਹੈ। ਇਹ ਸਭ ਨੂੰ ਪਤਾ ਹੈ ਕਿ ਕਹਿਣ ਨਾਲ ਕੀ ਹੁੰਦਾ ਹੈ, ਕਿਉਂਕਿ ਨਾਂ ਤਾਂ ਉਹੀ ਟਿਕਦੇ ਹਨ, ਜਿਨ੍ਹਾਂ ਵਿਚ ਟਿਕਣਯੋਗ ਸਮਰਥਾ ਹੁੰਦੀ ਹੈ।



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਸਿਧਾਂਤਕੀਆਂ ਦੇ ਝੰਬੇ ਹੋਏ ਕਥਿਤ ਸਿਆਣਿਆਂ ਨੂੰ ਇਤਰਾਜ਼ ਹੋ ਸਕਦਾ ਹੈ ਕਿ ਲੋਕਤੰਤਰ ਵਿਚ ਰਾਜੇ ਮਹਾਰਾਜੇ ਅਖਵਾਉਣ ਦਾ ਹੱਕ ਖੁਸ ਚੁਕਾ ਹੈ। ਪਟਿਆਲੇ ਦੇ ਸ਼ਾਹੀ ਘਰਾਣੇ ਵਿਚ ਜਿਵੇਂ ਰਾਜ ਮਾਤਾ ਮਹਿੰਦਰ ਕੌਰ ਆਖਰੀ ਰਾਜ ਮਾਤਾ ਹੋ ਗਏ ਹਨ, ਉਵੇਂ ਹੀ ਪਰਨੀਤ ਕੌਰ ਆਖਰੀ ਮਹਾਰਾਣੀ ਹੋ ਸਕਦੇ ਹਨ। ਕਾਰਨ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਪਟਿਆਲਾ ਰਿਆਸਤ ਦੇ ਜਨਮ ਤੋਂ ਮਹਾਰਾਜਾ ਹਨ। ਯੋਗੀ ਹਰਿਭਜਨ ਸਿੰਘ ਕਿਹਾ ਕਰਦੇ ਸਨ, ਕੈਪਟਨ ਸਾਹਿਬ ਸਿੱਖਾਂ ਦੇ ਆਖਰੀ ਜਨਮ ਤੋਂ ਮਹਾਰਾਜਾ ਹਨ, ਕਿਉਂਕਿ ਉਨ੍ਹਾਂ ਦਾ ਪਾਲਣ ਪੋਸਣ ਪਟਿਆਲਾ ਰਿਆਸਤ ਦੇ ਹੋਣ ਵਾਲੇ ਮਹਾਰਾਜਾ ਵਜੋਂ ਹੁੰਦਾ ਰਿਹਾ ਸੀ। ਉਨ੍ਹਾਂ ਨਾਲ ਨਿਭਣ ਵਾਲਿਆਂ ਨੂੰ ਇਹ ਸੱਚਾਈ ਧਿਆਨ ਵਿਚ ਰੱਖਣੀ ਚਾਹੀਦੀ ਹੈ। ਇਹ ਗੱਲ ਇਸ ਲਈ ਕਹੀ ਜਾ ਰਹੀ ਹੈ ਤਾਂ ਕਿ ਇਹ ਦੱਸਿਆ ਜਾ ਸਕੇ ਕਿ ਪਟਿਆਲਵੀਆਂ ਦੀ ਨਿਗਾਹ ਵਿਚ ਪਰਨੀਤ ਕੌਰ ਮਹਾਰਾਣੀ ਵਜੋਂ ਹੀ ਵੱਸੇ ਹੋਏ ਹਨ। ਇਹ ਗੱਲ ਜੇ ਉਨ੍ਹਾਂ ਦੇ ਵਿਰੋਧੀਆਂ ਨੂੰ ਚੁਭਦੀ ਵੀ ਹੋਵੇ ਤਾਂ ਵੀ ਇਸ ਵਾਸਤੇ ਪਰਨੀਤ ਕੌਰ ਨੂੰ ਜਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

ਪੰਜਾਬੀ ਸਭਿਆਚਾਰ ਵਿਚ ਸੁਭਾ ਜਾਂ ਵਿਹਾਰ ਨੂੰ ਲੈ ਕੇ ਅੱਲ ਪਾ ਲੈਣ ਦੀ ਪਰੰਪਰਾ ਚੱਲਦੀ ਆ ਰਹੀ ਹੈ। ਮਹਾਰਾਣੀ ਨੂੰ ਅੱਲ ਸਮਝ ਕੇ ਇਸ ਨਾਲ ਨਿਭਣ ਦੀ ਜਾਚ ਵਿਰੋਧੀਆਂ ਨੂੰ ਸਿੱਖ ਲੈਣੀ ਚਾਹੀਦੀ ਹੈ। ਇਸ ਸੱਚਾਈ ਦਾ ਜੇ ਚੋਣਾਂ ਵਿਚ ਪਰਨੀਤ ਕੌਰ ਨੂੰ ਲਾਭ ਮਿਲਿਆ ਹੈ ਤਾਂ ਵੀ ਇਸ ਨੂੰ ਲੋਕਤੰਤਰੀ ਭਾਵਨਾ ਵਿਚ ਹੀ ਲਏ ਜਾਣ ਦੀ ਲੋੜ ਹੈ, ਕਿਉਂਕਿ ਇਸ 'ਤੇ ਮੋਹਰ ਲੋਕਾਂ ਨੇ ਲਾ ਦਿੱਤੀ ਹੈ।

ਪਟਿਆਲਾ ਦੇ ਲੋਕਾਂ ਨੇ ਚੋਣਾਂ ਵਿਚ ਜਿਸ ਤਰ੍ਹਾਂ ਸ਼ਾਹੀ ਘਰਾਣੇ ਦਾ ਸਾਥ ਦਿੱਤਾ ਹੈ, ਉਸੇ ਤਰ੍ਹਾਂ ਮਹਾਰਾਜੇ (ਅਮਰਿੰਦਰ ਸਿੰਘ) ਅਤੇ ਮਹਾਰਾਣੀ (ਪਰਨੀਤ ਕੌਰ) ਨੇ ਪਟਿਆਲਾ ਵੱਲ ਕਦੇ ਪਿੱਠ ਨਹੀਂ ਕੀਤੀ। ਮਹਾਰਾਣੀ ਦਾ ਮਾਤਰੀ-ਬਿੰਬ, ਉਨ੍ਹਾਂ ਦੇ ਪਟਿਆਲਵੀਆਂ ਨਾਲ ਵਿਹਾਰ ਵਿਚੋਂ ਲਗਾਤਾਰ ਝਲਕਦਾ ਰਿਹਾ ਹੈ। ਇਸੇ ਕਰਕੇ ਵਰਤਮਾਨ ਹਾਲਾਤ ਵਿਚ ਵੀ ਉਨ੍ਹਾਂ ਨੂੰ ਵੱਡੀ ਜਿੱਤ ਪ੍ਰਾਪਤ ਹੋਈ ਹੈ।

ਸਿਆਸਤ ਵਿਚ ਨਾਰੀ ਹਿੱਸੇਦਾਰੀ ਦੀ ਸਿਆਸਤ ਤਾਂ ਹੁੰਦੀ ਰਹੀ ਹੈ, ਪਰ ਨਾਰੀ-ਸਸ਼ਕਤੀਕਰਣ ਲਈ ਪਹਿਰੇਦਾਰੀ ਦੀਆਂ ਸੰਭਾਵਨਾਵਾਂ ਮੱਧਮ ਹੀ ਰਹੀਆਂ ਹਨ। ਮਿਲੇ ਮੌਕਿਆਂ ਰਾਹੀਂ ਸ਼ਾਇਦ ਨਾਰੀ ਵਰਗ ਨੇ ਵੀ



ਮਹਾਰਾਣੀ ਪਰਨੀਤ ਕੌਰ

ਸਿਹਤਮੰਦ ਪਿਰਤਾਂ ਨਹੀਂ ਪਾਈਆਂ। ਪੰਚਾਇਤਾਂ ਵਿਚ ਨਾਰੀ ਪ੍ਰਤੀਨਿਧਾਂ ਦੀ ਭੂਮਿਕਾ ਨਾਲ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ, ਪਰ ਪਰਨੀਤ ਕੌਰ ਦੀ ਭੂਮਿਕਾ ਨਾਲ ਇਹ ਗੱਲ ਸਾਹਮਣੇ ਆ ਗਈ ਹੈ ਕਿ ਸਿਆਸਤ ਵਿਚ ਸਹਿਜ ਦੀ ਕਿਰਦੀ ਸਾਖ ਨੂੰ ਬਚਾਉਣ ਵਾਸਤੇ ਬੀਬੀਆਂ ਹੀ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

ਚੋਣਾਂ ਲੰਘ ਗਈਆਂ ਹਨ ਅਤੇ ਮਹਾਰਾਣੀ ਨੇ ਆਪਣੇ ਭਾਸ਼ਣਾਂ ਵਿਚ ਕੌੜੇ ਬੋਲਾਂ ਦੀ ਵਰਤੋਂ ਨਹੀਂ ਕੀਤੀ। ਉਥੇ ਵੀ ਨਹੀਂ ਕੀਤੀ, ਜਿਥੇ ਅਜਿਹਾ ਹੋ ਸਕਣ ਦਾ ਮਾਹੌਲ ਜਾਣ ਬੁੱਝ ਕੇ ਪੈਦਾ ਕੀਤਾ ਗਿਆ। ਸੁਭਾਅ ਅਤੇ ਪਹੁੰਚ ਵਿਚ ਜੋ ਲੋਕ ਸ਼ਾਹੀ ਪਰਿਵਾਰ ਵਿਚੋਂ ਹੋਣ ਨੂੰ ਗੁਨਾਹ ਵਾਂਗ ਪ੍ਰਚਾਰਦੇ ਰਹੇ ਹਨ, ਉਨ੍ਹਾਂ ਦੇ ਨਿਘਾਰ ਨੂੰ ਵੀ ਜਿਸ ਤਰ੍ਹਾਂ ਪਰਨੀਤ ਕੌਰ ਨੇ ਅੱਖੋਂ ਪਰੋਖੇ ਰੱਖਿਆ ਹੈ, ਇਸ ਨੂੰ ਭਰੇ ਹੋਏ ਭਾਂਡੇ ਅਤੇ ਖਾਲੀ ਭਾਂਡੇ ਦੀ ਮਿਸਾਲ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

ਪਟਿਆਲੇ ਦਾ ਲੰਮੇ ਸਮੇਂ ਤੋਂ ਵਸਨੀਕ ਹੋਣ ਕਰਕੇ ਸਿਆਸਤ ਵਿਚ ਸ਼ਾਹੀ ਖਾਨਦਾਨ ਦੀ ਭੂਮਿਕਾ ਨੂੰ ਮੈਂ ਨੇੜਿਓਂ ਵੇਖਦਾ ਆ ਰਿਹਾ ਹਾਂ। ਪਰਨੀਤ ਕੌਰ ਇਸ ਵਿਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਸਨ ਅਤੇ ਬਹੁਤ ਦੇਰ ਨਾਲ ਚੋਣ ਪਿੜ ਵਿਚ ਪਰਵੇਸ਼ ਕੀਤੇ ਸਨ। ਉਹ ਕੇਂਦਰ ਵਿਚ ਵਿਦੇਸ਼ ਮੰਤਰੀ ਵੀ ਰਹਿ ਚੁਕੇ ਹਨ ਅਤੇ ਸੱਤਾ ਨੂੰ ਸੇਵਾ ਵਾਸਤੇ ਵਰਤਣ ਲਈ ਜਿੰਨਾ ਉਹ ਤਤਪਰ ਰਹੇ, ਓਨਾ ਉਨ੍ਹਾਂ ਨੇ ਇਸ ਦਾ ਸਿਆਸੀ ਲਾਹਾ ਨਹੀਂ ਲਿਆ। ਸਿਆਸੀ ਲਾਹਾ ਲੈਣ ਲਈ ਪ੍ਰਚਾਰ ਦੀ ਕੀ ਭੂਮਿਕਾ ਰਹਿੰਦੀ ਹੈ, ਇਹ ਵਰਤਮਾਨ ਚੋਣ ਨਤੀਜਿਆਂ ਨਾਲ ਸਾਹਮਣੇ ਆ ਗਿਆ ਹੈ। ਸ਼ਾਹੀ ਘਰਾਣੇ ਦੀ ਨੂੰਹ ਹੋ ਜਾਣ ਨਾਲ ਉਹ ਕਿਸੇ ਨਾ ਕਿਸੇ ਰੂਪ ਵਿਚ ਸੱਤਾ ਦੀ ਸਿਆਸਤ ਦਾ ਹਿੱਸਾ ਹੋ ਗਏ ਸਨ। ਸੱਤਾ ਸਹਾਇਕ ਵਜੋਂ ਵੀ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ ਹੈ, ਕਿਉਂਕਿ ਉਹ ਰਾਜ ਮਾਤਾ ਮਹਿੰਦਰ ਕੌਰ ਨੂੰ ਸੱਤਾ ਨਾਲ ਨਿਭਦਿਆਂ ਵੇਖਦੇ ਰਹੇ ਸਨ ਅਤੇ ਆਪਣੇ ਪਤੀ ਦੇ ਸੱਤਾ ਸੰਘਰਸ਼ ਦੇ ਚਸ਼ਮਦੀਦ ਗਵਾਹ ਹਨ। ਸੱਤਾ ਵਿਚ ਆ ਕੇ ਜਿੰਨਾ ਸਮਾਂ ਉਹ ਲੋਕਾਂ ਨੂੰ ਦਿੰਦੇ ਰਹੇ ਹਨ, ਉਹ ਪ੍ਰਚਲਿਤ ਸਿਆਸੀ ਸਭਿਆਚਾਰ ਵਿਚ ਆਮ ਨਹੀਂ ਹੈ।

ਪਟਿਆਲੇ ਵਿਚ ਜੇ ਕਿਸੇ ਸਿਆਸਤਦਾਨ ਦਾ ਦਫਤਰ ਨਿਰੰਤਰ ਚੱਲਦਾ ਰਿਹਾ ਹੈ ਤਾਂ ਉਹ ਸ਼ਾਹੀ ਪਤੀ-ਪਤਨੀ ਦਾ ਦਫਤਰ ਹੀ ਹੈ। ਹਰ ਲੋੜਵੰਦ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਦਦ ਵਾਸਤੇ ਸਟਾਫ ਹਾਜ਼ਰ ਰਹਿੰਦਾ ਹੈ ਅਤੇ ਜਿੰਮੇਵਾਰੀਆਂ ਦੀ ਤਾਇਨਾਤੀ ਦੀ ਨਿਗਹਬਾਨੀ ਕੀਤੀ ਜਾਂਦੀ ਹੈ। ਮੇਰਾ ਯਕੀਨ ਹੈ ਕਿ ਜੇ ਸਿਆਸਤਦਾਨ ਦੀ ਪਹੁੰਚ ਆਮ ਬੰਦੇ ਲਈ ਯਕੀਨੀ ਬਣ ਜਾਵੇ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਹੋਣ ਵਾਲੇ ਰਾਹ ਪੈ ਸਕਦੀਆਂ ਹਨ। ਸੱਤਾਵਾਨ, ਸੱਤਾ ਕੇਂਦਰ ਹੁੰਦਾ ਹੈ ਅਤੇ ਸੱਤਾ ਕੇਂਦਰ ਤੱਕ ਪਹੁੰਚਣ ਦਾ ਰਸਤਾ ਸੱਤਾਵਾਨ ਦਾ ਦਫਤਰ ਹੁੰਦਾ ਹੈ। ਜਾਗਦੇ ਹੋਏ ਦਫਤਰ ਹੀ ਸੱਤਾਵਾਨ ਦੀ ਸਾਖ ਬਚਾ ਸਕਦੇ ਹਨ। ਸੋਚੋ, ਜੇ ਸੱਤਾਵਾਨ ਤੱਕ ਪਹੁੰਚਣ ਦਾ ਪ੍ਰਾਪਤ ਰਸਤਾ ਹੀ ਆਪਣੀ ਭੂਮਿਕਾ ਨਾ ਨਿਭਾ ਸਕੇ ਤਾਂ ਇਸ ਦਾ ਖਮਿਆਜ਼ਾ ਚੋਣਾਂ ਵੇਲੇ ਭੁਗਤਣਾ ਪੈ ਸਕਦਾ ਹੈ। ਪਰਨੀਤ ਕੌਰ ਇਸ ਇਮਤਿਹਾਨ ਵਿਚੋਂ ਪਾਸ ਹੋ ਗਏ ਹਨ। ਮੇਰੇ ਨਜ਼ਦੀਕ ਇਹ ਸਥਿਤੀ ਸਿਆਸੀ ਪ੍ਰਸੰਗ ਵਿਚ ਮਹਾਰਾਣੀ ਤੋਂ ਮਹਾਂਰਥੀ ਹੋ ਜਾਣ ਵਰਗੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਜੂਨ 2019*

# ਮੋਦੀ ਦੀ ਜਿੱਤ ਦੇ ਅਰਥ

ਭਾਰਤ ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਬਣਨੀ ਤਾਂ ਤਕਰੀਬਨ ਤੈਅ ਹੀ ਸੀ ਕਿਉਂਕਿ ਜਿਸ ਤਰ੍ਹਾਂ ਦੀ ਇਕਮੁੱਠ ਲੜਾਈ ਦੀ ਵਿਰੋਧੀ ਧਿਰ ਤੋਂ ਆਸ ਕੀਤੀ ਜਾ ਰਹੀ ਸੀ, ਉਹ ਸੰਭਵ ਹੀ ਨਹੀਂ ਹੋ ਸਕੀ। ਉਂਜ ਭਾਜਪਾ ਦਾ ਇਕੱਲਿਆਂ 303 ਸੀਟਾਂ ਉਤੇ ਜਿੱਤ ਹਾਸਲ ਕਰਨਾ ਬਹੁਤਿਆਂ ਲਈ ਹੈਰਾਨੀ ਅਤੇ ਅਚੰਭੇ ਦਾ ਕਾਰਨ ਬਣਿਆ ਹੈ। ਭਾਜਪਾ ਦੀ ਇਸ ਜਿੱਤ ਲਈ ਹਰ ਸ਼ਖਸ ਅਤੇ ਸੰਸਥਾ ਆਪੋ-ਆਪਣੇ ਅਧਿਐਨ ਤੇ ਵਿਸ਼ਲੇਸ਼ਣ ਪੇਸ਼ ਕਰ ਰਹੇ ਹਨ ਤੇ ਇਨ੍ਹਾਂ ਅਧਿਐਨਾਂ ਤੇ ਵਿਸ਼ਲੇਸ਼ਣਾਂ ਦੇ ਹੱਕ ਵਿਚ ਦਲੀਲਾਂ ਘੜੀਆਂ ਜਾ ਰਹੀਆਂ ਹਨ। ਫਿਲਹਾਲ, ਭਾਜਪਾ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੀ ਉਸ ਸੋਚ ਤੇ ਖਿਆਲ ਵੱਲ ਬੁੱਧੀਜੀਵੀਆਂ ਨੇ ਬਹੁਤਾ ਧਿਆਨ ਨਹੀਂ ਧਰਿਆ ਹੈ, ਜਿਸ ਕਾਰਨ ਇਸ ਜਿੱਤ ਲਈ ਰਾਹ ਖੁੱਲ੍ਹੇ ਹਨ। ਆਰ. ਐਸ. ਐਸ. ਦਾ ਦਾਈਆ ਸੀ ਕਿ ਜੇ ਭਾਰਤ ਦੀ ਬਹੁਗਿਣਤੀ ਹਿੰਦੂ ਵਸੋਂ ਨੂੰ ਨਾਲ ਤੋਰ ਲਿਆ ਜਾਵੇ ਤਾਂ ਹਿੰਦੂ ਰਾਸ਼ਟਰ ਦੀ ਕਾਇਮੀ ਲਈ ਰਾਹ ਮੋਕਲਾ ਕੀਤਾ ਜਾ ਸਕਦਾ ਹੈ। ਪਿਛਲੇ ਨੌਂ ਦਹਾਕਿਆਂ ਤੋਂ ਇਹ ਜਥੇਬੰਦੀ ਲਗਾਤਾਰ ਆਪਣੀਆਂ ਸਾਖਾਵਾਂ ਰਾਹੀਂ ਹਿੰਦੂ ਵਸੋਂ ਨੂੰ ਆਪਣੇ ਗੌਰਵ ਬਾਰੇ ਚੇਤੰਨ ਕਰ ਰਹੀ ਹੈ ਅਤੇ ਹੁਣ ਜਦੋਂ ਇਸ ਨੂੰ ਨਰਿੰਦਰ ਮੋਦੀ ਦੇ ਰੂਪ ਵਿਚ ਮਾਰਖੋਰਾ ਲੀਡਰ ਮਿਲਿਆ ਤਾਂ ਇਸ ਨੇ ਬੜੀ ਆਸਾਨੀ ਨਾਲ ਆਪਣਾ ਟੀਚਾ ਪਾਰ ਕਰ ਲਿਆ। ਮੋਦੀ ਨੇ ਆਪਣੀ ਵਿਸ਼ੇਸ਼ ਭਾਸ਼ਣ ਕਲਾ ਰਾਹੀਂ ਇਸ ਵਸੋਂ ਨੂੰ ਜਚਾ ਦਿੱਤਾ ਕਿ ਉਹ ਉਨ੍ਹਾਂ ਅਤੇ ਦੇਸ਼ ਦੀ ਗੌਰਵ ਬਹਾਲੀ ਲਈ ਦਿਨ-ਰਾਤ ਇਕ ਕਰ ਰਿਹਾ ਹੈ।

ਐਤਕੀਂ ਭਾਜਪਾ ਨੂੰ ਆਪਣੀ ਪੰਜ ਸਾਲਾਂ ਦੀ ਕਾਰਗੁਜ਼ਾਰੀ ਦੇ ਆਧਾਰ ਉਤੇ ਚੋਣਾਂ ਜਿੱਤਣੀਆਂ ਮੁਸ਼ਕਿਲ ਲਗਦੀਆਂ ਸਨ। ਵਿਰੋਧੀ ਧਿਰ ਦੇ ਵੱਖ-ਵੱਖ ਧੜੇ ਵੱਖ-ਵੱਖ ਮੁੱਦਿਆਂ ਨੂੰ ਚੋਣ ਏਜੰਡੇ ਵਿਚ ਸ਼ਾਮਲ ਕਰ ਰਹੇ ਸਨ, ਪਰ ਫਰਵਰੀ ਵਿਚ ਜੰਮੂ ਕਸ਼ਮੀਰ ਅੰਦਰ ਪੁਲਵਾਮਾ ਵਿਚ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਦੇਸ਼ ਵਿਚ ਚੋਣ ਪ੍ਰਚਾਰ ਦਾ ਮੁਹਾਣ ਹੀ ਬਦਲ ਗਿਆ। ਰਾਤੋ-ਰਾਤ ਰਾਸ਼ਟਰੀ ਸੁਰੱਖਿਆ ਦਾ ਮਸਲਾ ਮੁੱਖ ਮੁੱਦਾ ਬਣ ਗਿਆ ਅਤੇ ਮੋਦੀ ਨੇ ਇਸ ਇਕ ਮਸਲੇ ਨੂੰ ਜਿਸ ਤਰ੍ਹਾਂ ਦੇਸ਼ ਭਰ ਵਿਚ ਪ੍ਰਚਾਰਿਆ, ਉਸ ਨੇ ਉਹ ਮਿਸਾਲੀ ਧਰੁਵੀਕਰਨ ਕਰ ਦਿੱਤਾ ਜਿਸ ਲਈ ਆਰ. ਐਸ. ਐਸ. ਮੁੱਢ ਤੋਂ ਹੀ ਘਾਤ ਲਾ ਕੇ ਬੈਠੀ ਹੋਈ ਸੀ। ਇਸ ਧਰੁਵੀਕਰਨ ਨਾਲ ਭਾਜਪਾ ਨੇ ਉਤਰੀ ਸੂਬਿਆਂ ਵਿਚ ਬਹੁਤੇ ਹਲਕਿਆਂ ਤੋਂ ਤਾਂ ਸੀਟਾਂ ਜਿੱਤੀਆਂ ਹੀ, ਪੱਛਮੀ ਬੰਗਾਲ ਵਰਗੇ ਸੂਬਿਆਂ ਵਿਚ ਵੀ ਤਕੜੀ ਹਾਜ਼ਰੀ ਲੁਆਈ। ਪਿਛੇ ਜਿਹੇ ਜਿਨ੍ਹਾਂ ਤਿੰਨ ਸੂਬਿਆਂ-ਮੱਧ ਪ੍ਰਦੇਸ਼, ਰਾਜਸਥਾਨ ਤੇ ਛਤੀਸਗੜ੍ਹ, ਜਿਥੇ ਕਾਂਗਰਸ ਨੇ ਵਿਧਾਨ ਸਭਾ ਚੋਣਾਂ ਜਿੱਤੀਆਂ ਸਨ, ਤੋਂ ਕਾਂਗਰਸ ਨੂੰ ਵੱਡੀਆਂ ਆਸਾਂ ਸਨ, ਉਥੇ ਇਸ ਧਰੁਵੀਕਰਨ ਨੇ ਕਾਂਗਰਸ ਨੂੰ ਬੁਰੀ ਤਰ੍ਹਾਂ ਮਧੋਲ ਕੇ ਰੱਖ ਦਿੱਤਾ। ਇਸ ਧਰੁਵੀਕਰਨ ਦੀ ਮਾਰ ਇੰਨੀ ਤਿੱਖੀ ਤੇ ਜ਼ੋਰਦਾਰ ਸੀ ਕਿ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਦਾ ਗਠਜੋੜ ਵੀ ਬੇਅਸਰ ਹੋ ਕੇ ਰਹਿ ਗਿਆ।

ਪੰਜਾਬ ਬਾਰੇ ਇਹ ਵਿਸ਼ਲੇਸ਼ਣ ਸਾਹਮਣੇ ਆਇਆ ਕਿ ਇਸ ਨੇ ਹਰ ਵਾਰ ਵਾਂਗ ਵੱਖਰਾ ਰਾਹ ਅਪਨਾਇਆ ਅਤੇ ਮੋਦੀ ਦਾ ਅਸਰ ਨਹੀਂ ਕਬੂਲਿਆ ਪਰ ਰਤਾ ਕੁ ਗਹੁ ਨਾਲ ਘੋਖੀਏ ਤਾਂ ਇਹ ਵਿਸ਼ਲੇਸ਼ਣ ਵੀ ਅੱਧਾ-ਅਧੂਰਾ ਜਾਪਦਾ ਹੈ। ਪੰਜਾਬ ਵਿਚ ਭਾਜਪਾ ਨੇ ਤਿੰਨ ਹਲਕਿਆਂ-ਗੁਰਦਾਸਪੁਰ, ਹੁਸ਼ਿਆਰਪੁਰ ਤੇ ਅੰਮ੍ਰਿਤਸਰ ਵਿਚ ਚੋਣ ਲੜੀ। ਦੋ ਹਲਕਿਆਂ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਤੋਂ ਇਸ ਨੇ ਜਿੱਤ ਦਰਜ ਕੀਤੀ। ਇਨ੍ਹਾਂ ਹਲਕਿਆਂ ਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਬਹੁਗਿਣਤੀ ਹਿੰਦੂ ਵੋਟਰ ਪਾਰਟੀ ਦੇ ਹੱਕ ਵਿਚ ਭੁਗਤਿਆ ਹੈ। ਇਸ ਤੱਥ ਨੇ ਪੰਜਾਬ ਦੀ ਸਿਆਸਤ ਉਤੇ ਆਉਣ ਵਾਲੇ ਸਮੇਂ ਵਿਚ ਜ਼ਰੂਰ ਅਸਰਅੰਦਾਜ਼ ਹੋਣਾ ਹੈ। ਪੰਜਾਬ ਦੀ ਨਾਬਰੀ ਜੱਗ ਜਾਹਰ ਹੈ ਅਤੇ ਆਰ. ਐਸ. ਐਸ. ਇਸ ਨਾਬਰੀ ਉਤੇ ਕਾਠੀ ਪਾਉਣ ਲਈ ਆਪਣੇ ਢੰਗ ਨਾਲ ਲੱਗੀ ਹੋਈ ਹੈ। ਇਸ ਦਾ ਕੰਮ ਕਰਨ ਦਾ ਢੰਗ ਉਹੀ ਹੈ, ਚੁੱਪ-ਚੁਪੀਤੇ ਹਰ ਖੇਤਰ ਵਿਚ ਹੇਠਲੇ ਪੱਧਰ ਉਤੇ ਜਾ ਕੇ ਲਾਮਬੰਦੀ। ਇਉਂ ਪੰਜਾਬ ਵਿਚ ਵੀ ਧਰੁਵੀਕਰਨ ਹੋਇਆ ਹੈ, ਪਰ ਅਜੇ ਉਭਰ ਕੇ ਸਾਹਮਣੇ ਨਹੀਂ ਆਇਆ ਹੈ। ਨਾਲੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਹਾਰ ਅਤੇ ਕਾਂਗਰਸ ਦੀ ਜਿੱਤ ਦੇ ਕਾਰਨ ਹੋਰ ਹਨ। ਵਧੇਰੇ ਧਿਆਨ ਮੰਗਦਾ ਨੁਕਤਾ ਇਹ ਹੈ ਕਿ ਜਿਹੜਾ ਪੰਜਾਬ ਕਿਸੇ ਵੀ ਪਾਰਟੀ ਦੇ ਏਜੰਡੇ ਉਤੇ ਨਹੀਂ ਹੈ, ਉਹ ਆਰ. ਐਸ. ਐਸ. ਦੇ ਏਜੰਡੇ ਵਿਚ ਸ਼ਾਮਿਲ ਹੋ ਚੁਕਾ ਹੈ ਅਤੇ ਇਸ ਦੀਆਂ ਅੰਦਰਗਤੀ ਹੋ ਰਹੀਆਂ ਸਰਗਰਮੀਆਂ ਇਸ ਤੱਥ ਦਾ ਸਬੂਤ ਹਨ।

ਜਾਹਰ ਹੈ ਕਿ ਇੰਨੀ ਵੱਡੀ ਜਿੱਤ ਤੋਂ ਬਾਅਦ ਆਉਂਦੇ ਪੰਜ ਸਾਲਾਂ ਦੌਰਾਨ ਦੇਸ਼ ਦਾ ਸਰੂਪ ਉਹ ਨਹੀਂ ਰਹਿਣਾ, ਜੋ ਅੱਜ ਹੈ। ਇਹ ਅੱਜ ਦਾ ਕੌੜਾ ਸੱਚ ਹੈ। ਪਿਛਲੇ ਪੰਜ ਸਾਲਾਂ ਦੌਰਾਨ ਹੀ ਬਹੁਤ ਕੁਝ ਬਦਲ ਚੁਕਾ ਹੈ। ਮੋਦੀ ਦੀ ਜਿੱਤ ਤੋਂ ਬਾਅਦ ਘੱਟ ਗਿਣਤੀ ਫਿਰਕੇ ਨਾਲ ਸਬੰਧਤ ਲੋਕਾਂ ਉਤੇ ਹਮਲੇ ਸ਼ੁਰੂ ਵੀ ਹੋ ਗਏ ਹਨ ਅਤੇ ਖੌਫ ਵਾਲਾ ਮਾਹੌਲ ਬਣ ਰਿਹਾ ਹੈ। ਸਿਆਸਤ ਦਾ ਮੁਹਾਵਰਾ ਮੁੱਢੋਂ-ਸੁੱਢੋਂ ਬਦਲ ਰਿਹਾ ਹੈ। ਪ੍ਰਕਾਸ਼ ਸਿੰਘ ਬਾਦਲ ਵਰਗੇ ਲੀਡਰ ਪਹਿਲਾਂ ਹੀ ਬਿਨਾ ਸ਼ਰਤ ਇਸ ਪਾਲੇ ਅੰਦਰ ਖੜ੍ਹੇ ਹਨ। ਬਾਕੀ ਕਿਲ੍ਹੇ ਢਹਿਣ ਦੀ ਮਿਸਾਲ ਪੱਛਮੀ ਬੰਗਾਲ ਪੇਸ਼ ਕਰ ਰਿਹਾ ਹੈ। ਇਸ ਸੂਬੇ ਨੇ ਕਦੀ ਫਿਰਕਾਪ੍ਰਸਤੀ ਨੂੰ ਮੂੰਹ ਨਹੀਂ ਲਾਇਆ ਸੀ, ਪਰ ਹੁਣ ਕਮਿਊਨਿਸਟ ਪਾਰਟੀਆਂ ਅਤੇ ਤ੍ਰਿਣਮੂਲ ਕਾਂਗਰਸ ਨਾਲ ਜੁੜੇ ਕਾਰਕੁਨ ਤੇ ਆਗੂ ਭਾਜਪਾ ਨਾਲ ਰਲ ਰਹੇ ਹਨ। ਇਹੀ ਅਸਲ ਵਿਚ ਭਾਰਤ ਦੀ ਸਿਆਸਤ ਵਿਚ ਹੋ ਰਹੀ ਤਬਦੀਲੀ ਹੈ, ਜਿਸ ਬਾਰੇ ਸੁਚੇਤ ਹੋਣ ਦੀ ਲੋੜ ਹੈ। ਇਸ ਸਿਆਸਤ ਦੀ ਪੈੜਚਾਲ ਕਿਤੇ ਬਹੁਤ ਤਿੱਖੀ, ਕਿਤੇ ਥੋੜ੍ਹੀ ਮੱਧਮ ਅਤੇ ਕਿਤੇ ਬਿਲਕੁਲ ਚੁਪ-ਚੁਪੀਤੀ ਹੈ। ਫਿਲਹਾਲ ਇਸ ਪੈੜਚਾਲ ਦਾ ਕੋਈ ਤੋੜ ਕਿਤੇ ਨਜ਼ਰੀਂ ਨਹੀਂ ਪੈ ਰਿਹਾ, ਪਰ ਇਤਿਹਾਸ ਗਵਾਹ ਹੈ ਕਿ ਅਜਿਹੇ ਔਖੇ ਵਕਤਾਂ ਵਿਚ ਹੀ ਮਰਜੀਵੜੇ ਉਠਦੇ ਹਨ ਅਤੇ ਸਹੀ ਦਿਸ਼ਾ ਵੱਲ ਰਾਹ ਮੋਕਲੇ ਕਰਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸੈਕੂਲਰ ਸੋਚ ਉਖਾੜੀ?

ਵੋਟਾਂ ਮੁੱਕੀਆਂ ਨਾਲ ਹੀ ਮੁੱਕ ਗਏ ਨੇ, ਹੁੰਦੇ ਯਾਰਾਂ 'ਚ ਜਾਭਾਂ ਦੇ ਭੇੜ ਮੀਆਂ।
ਆਈ ਖਬਰ ਨੂੰ ਬਿਨਾ ਹੀ ਪਰਖਣੇ ਤੋਂ, ਵਟਸ ਐਪ 'ਤੇ ਦਿੰਦੇ ਸੀ ਰੇੜ੍ਹ ਮੀਆਂ।
ਪੀ. ਐਮ. ਅਹੁਦੇ ਦੀ ਝਾਕ ਵਿਚ ਲੜਨ ਵਾਲੇ, ਭਗਵੀਂ ਲਹਿਰ ਨੇ ਦਿੱਤੇ ਖਦੇੜ ਮੀਆਂ।
ਗਾਂਧੀ ਫੈਮਿਲੀ ਬੈਠ ਗਈ ਸਹਿਮ ਕੇ ਤੇ ਦੇਖੋ ਸਮੇਂ ਦੇ ਕੈਸੇ ਨੇ ਗੇੜ ਮੀਆਂ।
ਰਹੇ ਬਾਲਦੇ ਨਫਰਤ ਦੀ ਜੋ ਅੱਗ ਪਹਿਲੋਂ, ਉਹੀ ਲਏ ਨੇ ਫੇਰ ਸਹੇੜ ਮੀਆਂ।
ਦੇਸ਼ ਵਾਸੀਆਂ ਆਪਣੇ ਆਪ ਦੇਖੋ, ਸੋਚ ਸੈਕੂਲਰ ਲਈ ਉਖੇੜ ਮੀਆਂ!

# ਲੋਕ ਸਭਾ ਚੋਣਾਂ ਪਿਛੋਂ ਪੰਜਾਬ ਦੀ ਸਿਆਸਤ

***ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਨਤੀਜੇ ਸਮੁੱਚੇ ਦੇਸ਼ ਨਾਲੋਂ ਵੱਖਰੇ ਰਹੇ ਹਨ। ਪਹਿਲਾਂ ਵੀ ਤਕਰੀਬਨ ਅਜਿਹਾ ਹੀ ਹੁੰਦਾ ਰਿਹਾ ਹੈ। ਗਹੁ ਨਾਲ ਵਿਚਾਰੀਏ ਤਾਂ ਇਸ ਦੇ ਇਕ ਨਹੀਂ, ਅਨੇਕ ਕਾਰਨ ਹਨ। ਉਂਜ, ਇਨ੍ਹਾਂ ਨਤੀਜਿਆਂ ਨਾਲ ਪੰਜਾਬ ਦੀ ਸਿਆਸਤ ਵਿਚੋਂ ਤੀਜੀ ਧਿਰ ਦਾ ਦਮ ਟੁੱਟ ਗਿਆ ਜਾਪਦਾ ਹੈ ਅਤੇ ਸਿਆਸਤ ਫਿਰ ਦੋ-ਧਿਰੀ ਢਾਂਚੇ ਵੱਲ ਵਧ ਗਈ ਦਿਸਦੀ ਹੈ। ਇਸ ਪੱਖ ਤੋਂ ਪੰਜਾਬ ਦੀ ਸਿਆਸਤ ਵਿਚ ਇਹ ਪਿਛਲਮੋੜਾ ਹੀ ਮੰਨਿਆ ਜਾਵੇਗਾ। ਤੀਜੀ ਧਿਰ ਦੀ ਆਮਦ ਵਿਚੋਂ ਸੂਬੇ ਵਿਚ ਨਵੀਂ ਸਿਆਸਤ ਦੀ ਆਸ ਬੱਝੀ ਸੀ ਜੋ ਫਿਲਹਾਲ ਪਿੱਛਾਂਹ ਛੁੱਟ ਗਈ ਹੈ। ਇਸ ਸਮੁੱਚੇ ਹਾਲਾਤ ਬਾਰੇ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੇ ਟਿੱਪਣੀ ਆਪਣੇ ਇਸ ਲੇਖ ਅੰਦਰ ਕੀਤੀ ਹੈ। -ਸੰਪਾਦਕ***

**ਜਗਤਾਰ ਸਿੰਘ**
ਫੋਨ: +91-97797-11201

ਪੰਜਾਬ ਦੀ ਧਾਰਮਿਕ-ਸਿਆਸੀ ਅਤੇ ਵੋਟ ਸਿਆਸਤ ਹਮੇਸ਼ਾ ਬਾਕੀ ਮੁਲਕ ਤੋਂ ਉਲਟ ਰਹੀ ਹੈ। ਇਸ ਪੱਖੋਂ ਹਾਲੀਆ ਲੋਕ ਸਭਾ ਚੋਣਾਂ ਵੀ ਵੱਖਰੀਆਂ ਨਹੀਂ। ਇਹ ਸਰਹੱਦੀ ਸੂਬਾ ਨਾ ਸਿਰਫ ਮੁਲਕ ਦੇ ਰੁਝਾਨ ਦੇ ਉਲਟ ਭੁਗਤਿਆ ਹੈ ਬਲਕਿ ਨਤੀਜੇ ਦਰਸਾ ਰਹੇ ਹਨ ਕਿ ਚੋਣਾਂ ਨੂੰ ਲੈ ਕੇ ਪੰਜਾਬ ਵਿਚ ਪਹਿਲੀ ਵਾਰੀ ਤਿੱਖੀ ਵਰਗ ਵੰਡ ਵੀ ਹੋਈ ਹੈ। ਇਸ ਨੇ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਤ ਕਰਨਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਸ ਦੀ ਪਤਨੀ ਹਰਸਿਮਰਤ ਕੌਰ ਬਾਦਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਭਖਵੇਂ ਮੁੱਦੇ ਦੇ ਬਾਵਜੂਦ ਜਿੱਤ ਗਏ ਹਨ। ਸੁਖਬੀਰ ਫਿਰੋਜ਼ਪੁਰ ਤੋਂ ਸੂਬੇ ਵਿਚੋਂ ਸਭ ਤੋਂ ਵੱਡੇ ਫਰਕ ਨਾਲ ਜਿੱਤਿਆ ਹੈ ਜਦੋਂ ਕਿ ਹਰਸਿਮਰਤ ਬਠਿੰਡੇ ਤੋਂ ਮਸਾਂ ਹੀ ਆਪਣੀ ਸੀਟ ਬਚਾ ਸਕੀ ਹੈ। ਬਾਕੀ ਸੀਟਾਂ ਉਤੇ ਉਨ੍ਹਾਂ ਦੀ ਪਾਰਟੀ ਪੂਰੀ ਤਰ੍ਹਾਂ ਹੂੰਝੀ ਗਈ ਹੈ। ਕਈ ਥਾਵਾਂ ਉਤੇ ਤਾਂ ਇਹ ਦੂਜਾ ਸਥਾਨ ਵੀ ਹਾਸਲ ਨਹੀਂ ਕਰ ਸਕੀ। ਅਕਾਲੀ ਦਲ ਦੀ ਸਹਿਯੋਗੀ ਪਾਰਟੀ ਭਾਜਪਾ ਨੇ ਤਿੰਨਾਂ ਵਿਚੋਂ ਦੋ ਸੀਟਾਂ ਜਿੱਤ ਕੇ ਬਿਹਤਰ ਕਾਰਗੁਜ਼ਾਰੀ ਦਿਖਾਈ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਖਿਲਾਫ ਸਥਾਪਤੀ ਵਿਰੋਧੀ ਸੁਰਾਂ ਵੀ ਸੁਣਨ ਨੂੰ ਮਿਲਦੀਆਂ ਰਹੀਆਂ, ਫਿਰ ਵੀ ਕਾਂਗਰਸ ਨੇ ਸੂਬੇ ਦੀਆਂ 13 ਵਿਚੋਂ 8 ਸੀਟਾਂ ਜਿੱਤ ਲਈਆਂ। ਬਾਦਲ ਪਰਿਵਾਰ ਨੇ ਕਾਂਗਰਸ ਵਲੋਂ ਉਠਾਏ ਬੇਅਦਬੀ ਦੇ ਮਾਮਲੇ ਨੂੰ ਖੁੰਢਾ ਕਰਨ ਲਈ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਅਤੇ ਦਿੱਲੀ ਕਤਲੇਆਮ ਦਾ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ। ਪੂਰੇ ਚੋਣ ਪ੍ਰਚਾਰ ਦੌਰਾਨ ਇਹੀ ਦੋਵੇਂ ਮੁੱਦੇ ਭਾਰੂ ਰਹੇ। ਅਮਰਿੰਦਰ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਨੂੰ ਵੀ ਅਕਾਲੀ-ਭਾਜਪਾ ਗਠਜੋੜ ਨੇ ਉਭਾਰਨ ਦੀ ਕੋਸ਼ਿਸ਼ ਕੀਤੀ ਪਰ ਇਸ ਦਾ ਅਸਰ ਬਹੁਤ ਘੱਟ ਦਿਖਾਈ ਦਿੱਤਾ।

ਚੋਣਾਂ ਦੌਰਾਨ ਸੂਬੇ ਵਿਚ ਤਿੱਖੀ ਵਰਗ ਵੰਡ ਸਾਹਮਣੇ ਆਈ। ਮੋਟੇ ਤੌਰ ਉਤੇ ਸਿੱਖ ਇਨ੍ਹਾਂ ਚੋਣਾਂ ਵਿਚ, ਸਾਕਾ ਨੀਲਾ ਤਾਰਾ ਵਿਚ ਕਾਂਗਰਸ ਪਾਰਟੀ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਕਰ ਕੇ ਇਸ ਪਾਰਟੀ ਵੱਲ ਭੁਗਤੇ ਹਨ। ਇਹ ਤਬਦੀਲੀ ਆਪਣੇ ਆਪ ਵਿਚ ਅਹਿਮ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਹੀ ਸਿੱਖਾਂ ਦੇ ਸਿਆਸੀ ਸਰੋਕਾਰਾਂ ਤੇ ਹਿੱਤਾਂ ਦੀ ਪੂਰਤੀ ਲਈ ਕੀਤੀ ਗਈ ਸੀ ਅਤੇ ਹੁਣ ਸਿੱਖਾਂ ਨੇ ਇਸ ਤੋਂ ਮੂੰਹ ਮੋੜ ਲਿਆ ਹੈ।

ਇਹ ਕਾਂਗਰਸ ਪਾਰਟੀ ਹੀ ਸੀ ਜਿਹੜੀ ਦਹਾਕਿਆਂ ਤੱਕ ਪੰਜਾਬ ਵਿਚ ਹਿੰਦੂ ਸਰੋਕਾਰਾਂ ਦੀ ਆਵਾਜ਼ ਬਣਦੀ ਰਹੀ ਹੈ। ਭਾਜਪਾ ਦੇ ਪਹਿਲੇ ਰੂਪ ਜਨਸੰਘ ਦਾ ਪੰਜਾਬ ਵਿਚ ਕੋਈ ਬਹੁਤਾ ਆਧਾਰ ਨਹੀਂ ਸੀ। ਕਾਂਗਰਸ ਵਿਚਲਾ ਇਕ ਵਿਸ਼ੇਸ਼ ਧੜਾ ਫਿਰਕੂ ਹਿੱਤਾਂ ਦੀ ਗੱਲ ਕਰਦਾ ਸੀ ਜਿਸ ਨੇ ਪੰਜਾਬ ਨੂੰ ਬੋਲੀ ਦੇ ਆਧਾਰ ਉਤੇ ਮੁੜ ਵਿਉਂਤਣ ਲਈ ਲੱਗੇ ਪੰਜਾਬੀ ਸੂਬਾ ਮੋਰਚੇ ਦੌਰਾਨ ਫਿਰਕੂ ਹਿੱਤਾਂ ਨੂੰ ਪੂਰੇ ਜ਼ੋਰ ਸ਼ੋਰ ਨਾਲ ਉਭਾਰਿਆ।

ਸੂਬੇ ਦੀ ਹਿੰਦੂ ਵਸੋਂ ਇਨ੍ਹਾਂ ਚੋਣਾਂ ਵਿਚ ਮੋਟੇ ਤੌਰ ਉਤੇ ਮੋਦੀ ਕਾਰਨ ਅਕਾਲੀ ਦਲ ਦੇ ਹੱਕ ਵਿਚ ਭੁਗਤੀ ਹੈ। ਲੋਕਾਂ ਦੇ ਮਨਾਂ ਵਿਚ ਇਹ ਸਾਰਾ ਕੁਝ ਚੋਣਾਂ ਤੋਂ ਤਕਰੀਬਨ ਹਫਤਾ ਪਹਿਲਾਂ ਹੀ ਰਿੱਝਣਾ-ਪੱਕਣਾ ਸ਼ੁਰੂ ਹੋ ਗਿਆ ਸੀ। ਇਸ ਦੀ ਸਪਸ਼ਟ ਮਿਸਾਲ ਹੈ ਕਿ ਗੁਰਦਾਸਪੁਰ ਲੋਕ ਸਭਾ ਹਲਕੇ ਵਿਚ ਹਿੰਦੂ ਬਹੁਗਿਣਤੀ ਵਾਲੇ ਵਿਧਾਨ ਸਭਾ ਹਲਕਿਆਂ ਵਿਚ ਭਾਜਪਾ ਜਿੱਤੀ ਹੈ ਅਤੇ ਸਿੱਖ ਬਹੁਗਿਣਤੀ ਵਾਲੇ ਹਲਕਿਆਂ ਵਿਚ ਕਾਂਗਰਸ ਨੂੰ ਵੱਧ ਵੋਟਾਂ ਪਈਆਂ ਹਨ। ਇਹੀ ਹਾਲ ਸ੍ਰੀ ਅਨੰਦਪੁਰ ਸਾਹਿਬ ਹਲਕੇ ਅਤੇ ਮਾੜੇ ਮੋਟੇ ਫਰਕ ਨੂੰ ਛੱਡ ਕੇ ਪੂਰੇ ਪੰਜਾਬ ਵਿਚ ਵਾਪਰਿਆ ਹੈ।

ਨਤੀਜਿਆਂ ਤੋਂ ਬਾਅਦ ਸੁਖਬੀਰ ਬਾਦਲ ਨੇ ਇਕ ਅੰਗਰੇਜ਼ੀ ਅਖਬਾਰ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਉਨ੍ਹਾਂ ਦੀ ਪਾਰਟੀ ਹੁਣ ਪੰਜਾਬੀ ਪਾਰਟੀ ਵਜੋਂ ਵਿਚਰੇਗੀ। ਇਹ ਐਲਾਨ ਅਹਿਮ ਹੈ ਕਿਉਂਕਿ ਅਕਾਲੀ ਲੀਡਰਸ਼ਿਪ ਲਗਾਤਾਰ ਇਹ ਦਾਅਵਾ ਕਰਦੀ ਰਹੀ ਹੈ ਕਿ ਅਕਾਲੀ ਦਲ ਸਿੱਖ ਪਾਰਟੀ ਹੈ। ਇਸ ਚੋਣ ਵਿਚ ਵੋਟਾਂ ਦੇ ਰੁਝਾਨ ਨੇ ਵੀ ਇਹ ਸਿੱਧ ਕਰ ਦਿੱਤਾ ਹੈ ਕਿ ਅਕਾਲੀ ਦਲ ਦਾ ਸਰੂਪ ਹੁਣ ਬਦਲ ਗਿਆ ਹੈ।

ਤੀਜੇ ਬਦਲ ਦੇ ਪ੍ਰਸੰਗ ਵਿਚ ਵੀ ਇਨ੍ਹਾਂ ਚੋਣਾਂ ਦਾ ਇਕ ਪੱਖ ਵਿਚਾਰਨ ਯੋਗ ਹੈ। ਆਮ ਆਦਮੀ ਪਾਰਟੀ ਪਹਿਲਾਂ 2014 ਤੇ ਫਿਰ 2017 ਵਿਚ ਤੀਜੇ ਬਦਲ ਵਜੋਂ ਉਭਰੀ ਪਰ ਲੋਕਾਂ ਦੀਆਂ ਆਸਾਂ ਉਤੇ ਪੂਰੀ ਨਹੀਂ ਉਤਰੀ। ਇਸ ਨੇ ਭਾਵੇਂ ਸੂਬੇ ਵਿਚ ਇਕ ਸੀਟ ਜਿੱਤ ਲਈ ਹੈ ਪਰ ਸੂਬੇ ਵਿਚ ਇਸ ਦਾ ਡਿੱਗਿਆ ਵੋਟ ਹਿੱਸਾ ਅਤੇ ਦਿੱਲੀ ਵਿਚੋਂ ਇਸ ਦਾ ਕਿਲਾ ਹੀ ਪੁੱਟੇ ਜਾਣ ਨੇ ਇਸ ਦੇ ਮੁੜ ਉਭਰ ਸਕਣ ਉਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। 'ਆਪ' ਤੋਂ ਬਿਨਾ ਕੁਝ ਹੋਰ ਨਿੱਕੇ ਮੋਟੇ ਧੜਿਆਂ ਅਤੇ ਆਗੂਆਂ ਨੇ ਚੌਥਾ ਫਰੰਟ ਉਭਾਰਨ ਦੀ ਕੋਸ਼ਿਸ਼ ਕੀਤੀ। ਇਹ ਤਜਰਬਾ ਬੁਰੀ ਤਰ੍ਹਾਂ ਫੇਲ੍ਹ ਹੋਇਆ। ਪੰਜਾਬ ਨੇ ਇਕ ਵਾਰੀ ਮੁੜ ਦੋ ਧਿਰੀ ਰਾਜਨੀਤੀ ਵੱਲ ਮੋੜਾ ਕੱਟ ਲਿਆ ਹੈ।

ਚੋਣਾਂ ਵਿਚ ਦੋ ਹੋਰ ਮਹੱਤਵਪੂਰਨ ਮੁੱਦੇ ਵੀ ਉਭਾਰਨ ਦੀ ਕੋਸ਼ਿਸ਼ ਹੋਈ ਪਰ ਲੋਕਾਂ ਨੇ ਇਨ੍ਹਾਂ ਨੂੰ ਬਹੁਤਾ ਹੁੰਗਾਰਾ ਨਹੀਂ ਭਰਿਆ। ਇਹ ਮੁੱਦੇ ਸਨ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖੁਦਕਸ਼ੀਆਂ ਅਤੇ ਖਾੜਕੂਵਾਦ ਦੌਰਾਨ ਸਿੱਖ ਨੌਜਵਾਨਾਂ ਦਾ ਝੂਠੇ ਪੁਲਿਸ ਮੁਕਾਬਲਿਆਂ ਵਿਚ ਕਤਲ ਤੇ ਵੱਡੀ ਗਿਣਤੀ ਵਿਚ ਲਾਪਤਾ ਹੋਣਾ। ਇਨ੍ਹਾਂ ਦੋਹਾਂ ਵਿਚੋਂ ਕੋਈ ਵੀ ਮੁੱਦਾ ਸੂਬੇ ਵਿਚ ਚੋਣ ਬਿਰਤਾਂਤ ਦਾ ਹਿੱਸਾ ਨਹੀਂ ਬਣਿਆ।

ਇਨ੍ਹਾਂ ਚੋਣਾਂ ਨੇ ਕੈਪਟਨ ਅਮਰਿੰਦਰ ਸਿੰਘ ਦੇ ਰਾਜਸੀ ਭਵਿਖ ਬਾਰੇ ਅਟਕਲਾਂ ਦਾ ਵੀ ਖਾਤਮਾ ਕਰ ਦਿੱਤਾ ਕਿਉਂਕਿ ਪੰਜਾਬ ਕਾਂਗਰਸੀ ਸਰਕਾਰ ਵਾਲਾ ਇਕੋ ਇਕ ਸੂਬਾ ਹੈ ਜਿਥੇ ਇਨ੍ਹਾਂ ਚੋਣਾਂ ਵਿਚ ਪਾਰਟੀ ਦੀ ਕਾਰਗੁਜ਼ਾਰੀ ਬਿਹਤਰ ਰਹੀ ਹੈ। ਇਸ ਤੋਂ ਬਿਨਾ ਕੈਪਟਨ ਅਮਰਿੰਦਰ ਸਿੰਘ ਦੀ ਸਿਫਾਰਸ਼ ਵਾਲੇ ਉਮੀਦਵਾਰਾਂ ਵਿਚੋਂ ਬਹੁਤੇ ਜਿੱਤ ਗਏ ਹਨ। ਨਤੀਜਿਆਂ ਨੇ ਉਨ੍ਹਾਂ ਦੋ ਮੰਤਰੀਆਂ ਦੀਆਂ ਮੁੱਖ ਮੰਤਰੀ ਬਣਨ ਦੀਆਂ ਆਸਾਂ ਉਤੇ ਹਾਲ ਦੀ ਘੜੀ ਪਾਣੀ ਫੇਰ ਦਿੱਤਾ ਹੈ ਜਿਹੜੇ ਚੋਣਾਂ ਤੋਂ ਬਾਅਦ ਸੂਬੇ ਦੀ ਲੀਡਰਸ਼ਿਪ ਵਿਚ ਤਬਦੀਲੀ ਦੀ ਸੂਰਤ ਵਿਚ ਮੁੱਖ ਮੰਤਰੀ ਦੀ ਕੁਰਸੀ ਉਤੇ ਅੱਖ ਲਾਈ ਬੈਠੇ ਸਨ। ਨਵਜੋਤ ਸਿੰਘ ਸਿੱਧੂ ਨੇ ਤਾਂ ਇਸ ਖੇਡ ਵਿਚ ਆਪਣੇ ਆਪ ਨੂੰ ਹੀ ਬੁਰੀ ਤਰ੍ਹਾਂ ਜ਼ਖਮੀ ਕਰ ਲਿਆ ਹੈ। ਉਸ ਨੇ ਚੋਣਾਂ ਤੋਂ ਦੋ ਦਿਨ ਪਹਿਲਾਂ ਬਠਿੰਡਾ ਵਿਚ ਰੈਲੀ ਦੌਰਾਨ ਲੋਕਾਂ ਨੂੰ ਸੱਦਾ ਦਿੱਤਾ ਸੀ ਕਿ ਵਿਰੋਧੀਆਂ ਨਾਲ ਮਿਲ ਕੇ ਰਾਜਨੀਤੀ ਕਰਨ ਵਾਲਿਆਂ ਨੂੰ ਕਰਾਰੀ ਹਾਰ ਦਿੱਤੀ ਜਾਵੇ। ਇਹ ਗੁੱਝਾ ਤੀਰ ਕੈਪਟਨ ਅਮਰਿੰਦਰ ਸਿੰਘ ਵੱਲ ਸੀ ਕਿਉਂਕਿ ਕੁਝ ਲੋਕਾਂ ਦੇ ਮਨਾਂ ਵਿਚ ਇਹ ਪ੍ਰਭਾਵ ਬਣਿਆ ਹੋਇਆ ਹੈ ਕਿ ਅਮਰਿੰਦਰ ਸਿੰਘ ਬਾਦਲ ਪਰਿਵਾਰ ਲਈ ਨਰਮ ਗੋਸ਼ਾ ਰੱਖਦੇ ਹਨ।

ਮਨਪ੍ਰੀਤ ਸਿੰਘ ਬਾਦਲ ਦੂਜਾ ਮੰਤਰੀ ਹੈ ਜਿਸ ਨੇ ਮੁੱਖ ਮੰਤਰੀ ਦੀ ਕੁਰਸੀ ਉਤੇ ਅੱਖ ਲਾਈ ਹੋਈ ਸੀ, ਭਾਵੇਂ ਉਸ ਨੇ ਆਪਣੀ ਸੁਰ ਸਦਾ ਨੀਵੀਂ ਰੱਖੀ ਹੈ। ਉਸ ਨੇ ਵਿਧਾਨ ਸਭਾ ਚੋਣ ਬਠਿੰਡਾ ਸ਼ਹਿਰੀ ਹਲਕੇ ਤੋਂ ਤਕਰੀਬਨ 20 ਹਜ਼ਾਰ ਵੋਟਾਂ ਦੇ ਫਰਕ ਨਾਲ ਜਿੱਤੀ ਸੀ ਅਤੇ 2014 ਵਿਚ ਉਸ ਨੂੰ ਇਥੋਂ ਹਰਸਿਮਰਤ ਤੋਂ ਤਕਰੀਬਨ 30 ਹਜ਼ਾਰ ਵੋਟਾਂ ਵੱਧ ਮਿਲੀਆਂ ਸਨ। ਹੁਣ ਇਸ ਸੀਟ ਤੋਂ ਉਹੀ ਹਰਸਿਮਰਤ ਦੇ ਜਿੱਤਣ ਦਾ ਕਾਰਨ ਬਣੇ ਹਨ। ਮਨਪ੍ਰੀਤ ਉਨ੍ਹਾਂ ਪੰਜ ਮੰਤਰੀਆਂ ਵਿਚੋਂ ਹਨ ਜਿਹੜੇ ਆਪਣੇ ਹਲਕਿਆਂ ਵਿਚ ਪਾਰਟੀ ਨੂੰ ਨਹੀਂ ਜਿਤਾ ਸਕੇ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਮੁਖਲਫਤ ਤੋਂ ਵੱਧ ਲੋਕ ਕਈ ਮੰਤਰੀਆਂ ਅਤੇ ਵਿਧਾਇਕਾਂ ਦੇ ਵੱਧ ਖਿਲਾਫ ਸਨ ਜਿਸ ਨੇ ਪਾਰਟੀ ਨੂੰ ਨੁਕਸਾਨ ਪਹੁੰਚਾਇਆ। ਫਿਰੋਜ਼ਪੁਰ ਤੋਂ ਸੁਖਬੀਰ ਦੀ ਸੌਖੀ ਜਿੱਤ ਨੂੰ ਭਾਂਪਦਿਆਂ ਕਾਂਗਰਸ ਲਈ ਬਠਿੰਡਾ ਸੀਟ ਜਿੱਤਣੀ ਸਿਆਸੀ ਤੌਰ ਉਤੇ ਲਾਜ਼ਮੀ ਸਮਝੀ ਜਾ ਰਹੀ ਸੀ ਪਰ ਬਠਿੰਡਾ ਸ਼ਹਿਰੀ ਵਿਧਾਨ ਸਭਾ ਦੇ ਖਰਾਬ ਨਤੀਜੇ ਕਾਰਨ ਪਾਰਟੀ ਇਹ ਸੀਟ ਹਾਰ ਗਈ।

ਇਨ੍ਹਾਂ ਚੋਣਾਂ ਵਿਚ ਇਕ ਆਮ ਵਿਚਾਰ ਇਹ ਸੀ ਕਿ ਅਕਾਲੀ ਦਲ ਦਾ ਮੁੜ ਉਭਾਰ ਫਿਰੋਜ਼ਪੁਰ ਤੇ ਬਠਿੰਡਾ ਹਲਕਿਆਂ ਦੇ ਚੋਣ ਨਤੀਜਿਆਂ ਉਤੇ ਨਿਰਭਰ ਕਰੇਗਾ ਅਤੇ ਬਾਦਲ ਪਰਿਵਾਰ ਨੇ ਇਹ ਦੋਵੇਂ ਜਿੱਤ ਲਈਆਂ ਹਨ। ਉਂਜ, ਪਾਰਟੀ ਦੇ ਮੁੱਖ ਆਧਾਰ ਰਹੇ ਸਿੱਖ ਵੋਟਰ ਦਾ ਕਾਂਗਰਸ ਵੱਲ ਖਿਸਕ ਜਾਣ ਨੇ ਇਸ ਦੇ ਮੁੜ ਉਭਾਰ ਉਤੇ ਫਿਰ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ।

ਇਹ ਵੀ ਸਚਾਈ ਹੈ ਕਿ 1966 ਤੋਂ ਬਾਅਦ ਪਹਿਲੀ ਵਾਰ, ਅਕਾਲੀ ਦਲ ਨੇ ਐਤਕੀਂ ਚੋਣ ਮੈਨੀਫੈਸਟੋ ਜਾਰੀ ਨਹੀਂ ਕੀਤਾ। ਇਹ ਭਾਵੇਂ ਰਸਮੀ ਕਾਰਵਾਈ ਹੀ ਕਿਉਂ ਨਾ ਹੋਵੇ, ਫਿਰ ਵੀ ਇਹ ਦਸਤਾਵੇਜ਼ ਪਾਰਟੀ ਦੀ ਵਿਚਾਰਧਾਰਾ ਅਤੇ ਏਜੰਡੇ ਨੂੰ ਤਾਂ ਦਰਸਾਉਂਦਾ ਹੀ ਹੈ। ਇਸ ਵਾਰੀ ਅਕਾਲੀ ਦਲ ਨੇ ਆਪਣੀ ਇਹ ਸ਼ਾਨਦਾਰ ਰਵਾਇਤ ਤਿਆਗ ਦਿੱਤੀ। ਇਸ ਦਾ ਕਾਰਨ ਇਹ ਜਾਪਦਾ ਹੈ ਕਿ ਹੁਣ ਇਸ ਪਾਰਟੀ ਨੇ ਸਿੱਖਾਂ ਵਰਗੀ ਤਾਕਤਵਰ ਘੱਟ ਗਿਣਤੀ ਦੀ ਨੁਮਾਇੰਦਗੀ ਕਰਨ ਤੋਂ ਆਪਣਾ ਹੱਥ ਪਿੱਛੇ ਖਿੱਚ ਲਿਆ ਹੈ।

ਅਕਾਲੀ ਦਲ ਦੀ ਲੀਡਰਸ਼ਿਪ ਨੂੰ ਇਸ ਪੱਖ ਤੋਂ ਆਤਮ ਪੜਚੋਲ ਕਰਨ ਦੀ ਲੋੜ ਹੈ ਕਿਉਂਕਿ ਪਾਰਟੀ ਉਮੀਦਵਾਰਾਂ ਕੋਲ ਲੋਕਾਂ ਨੂੰ ਦੱਸਣ ਲਈ ਕੁਝ ਵੀ ਨਹੀਂ ਸੀ। ਬਾਦਲ ਪਰਿਵਾਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਦੇ ਨਾਂ ਉਤੇ ਵੋਟਾਂ ਮੰਗਦਾ ਰਿਹਾ। ਇਹ ਪਾਰਟੀ ਦਹਾਕਿਆਂ ਤੱਕ ਪੰਜਾਬ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੀ ਰਹੀ ਹੈ। ਇਨ੍ਹਾਂ ਮੰਗਾਂ ਬਾਰੇ ਮੋਦੀ ਸਰਕਾਰ ਦਾ ਰਵੱਈਆ ਨਾਂਹ ਪੱਖੀ ਹੀ ਰਿਹਾ। ਬਾਦਲ ਪਰਿਵਾਰ ਨੂੰ ਲੋਕਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਭਾਜਪਾ ਦੇ ਏਜੰਡੇ ਲਈ ਲੜਨ ਬਦਲੇ ਪੰਜਾਬ ਨੂੰ ਕੀ ਹਾਸਲ ਹੋਇਆ। ਅਕਾਲੀ ਦਲ ਨੂੰ ਵਜ਼ੀਰੀ ਮਿਲ ਜਾਣੀ ਵੱਖਰਾ ਮੁੱਦਾ ਹੈ।

ਵਰਨਣ ਯੋਗ ਹੈ ਕਿ ਅਕਾਲੀ ਦਲ ਨੇ ਫਰਵਰੀ 1996 ਵਿਚ ਹੋਈ ਮੋਗਾ ਕਾਨਫਰੰਸ ਵਿਚ ਪੰਜਾਬੀਅਤ ਦਾ ਨਾਅਰਾ ਦਿੱਤਾ ਸੀ ਅਤੇ ਇਸ ਨੇ ਕਦੇ ਵੀ ਸਿੱਖ ਵੋਟ ਨੂੰ ਇਸ ਤੋਂ ਦੂਰ ਨਹੀਂ ਸੀ ਕੀਤਾ। ਹੁਣ ਸੁਖਬੀਰ ਉਸ ਵੇਲੇ ਇਸ ਦੇ ਪੰਜਾਬੀ ਸਰੂਪ ਦੀ ਗੱਲ ਕਰ ਰਿਹਾ ਹੈ ਜਦੋਂ ਲੋਕ ਸਭਾ ਚੋਣਾਂ ਵਿਚ ਸਿੱਖ ਵੋਟ ਇਸ ਤੋਂ ਕਿਨਾਰਾ ਕਰ ਗਿਆ ਹੈ। ਅੱਜ ਦੇ ਅਕਾਲੀ ਦਲ ਨੇ ਸਿੱਖ ਏਜੰਡੇ ਨੂੰ ਲੈ ਕੇ ਚੱਲਣ ਵਾਲੀ ਸਿਆਸੀ ਪਾਰਟੀ ਲਈ ਥਾਂ ਵਿਹਲੀ ਕਰ ਦਿੱਤੀ ਹੈ। ਆਮ ਤੌਰ ਉਤੇ ਇਸ ਨੂੰ ਪੰਥਕ ਥਾਂ ਕਹਿ ਲਿਆ ਜਾਂਦਾ ਹੈ। ਇਥੇ ਸਮੱਸਿਆ ਇਹ ਹੈ ਕਿ ਇਹ ਥਾਂ ਪਿਛਲੇ ਕੁਝ ਸਮੇਂ ਤੋਂ ਖਾਲੀ ਪਈ ਹੈ ਪਰ ਕੋਈ ਭਰੋਸੇਮੰਦ ਆਗੂ ਇਸ ਨੂੰ ਭਰਨ ਲਈ ਉਭਰ ਨਹੀਂ ਰਿਹਾ।

ਅਕਾਲੀ ਦਲ ਦਾ ਆਪਣੇ ਮੂਲ ਸਰੂਪ ਅਤੇ ਸਰੋਕਾਰਾਂ ਤੋਂ ਲਾਂਭੇ ਜਾਣ ਦਾ ਇਕ ਹੋਰ ਅਹਿਮ ਪੱਖ ਵੀ ਹੈ, ਉਹ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ। ਪੰਜਾਬ ਗੁਰਦੁਆਰਾ ਐਕਟ ਤਹਿਤ ਬਣੀ ਸ਼੍ਰੋਮਣੀ ਕਮੇਟੀ ਨਿਰੋਲ ਸਿੱਖ ਵਰਤਾਰਾ ਹੈ ਅਤੇ ਸਿੱਖ ਸਿਆਸੀ ਪਾਰਟੀ ਹੋਣ ਨਾਤੇ ਇਸ ਨੂੰ ਅਕਾਲੀ ਦਲ ਹੀ ਕਾਬਜ਼ ਰਿਹਾ ਹੈ। ਹੁਣ ਇਹ ਦਾਅਵਾ ਛੱਡਣ ਤੋਂ ਬਾਅਦ ਕੀ ਅਕਾਲੀ ਦਲ ਸ਼੍ਰੋਮਣੀ ਕਮੇਟੀ ਦੀ ਅਗਲੀ ਚੋਣ ਨਹੀਂ ਲੜੇਗਾ?

ਇਸ ਪ੍ਰਸੰਗ ਵਿਚ ਇਕ ਹੋਰ ਸੰਭਾਵਨਾ ਵੀ ਹੋ ਸਕਦੀ ਹੈ। ਸ਼੍ਰੋਮਣੀ ਕਮੇਟੀ ਉਤੇ ਕੰਟਰੋਲ ਕਰਨ ਲਈ ਰਾਸ਼ਟਰੀਆ ਸਿੱਖ ਸੰਗਤ, ਅਕਾਲੀ ਦਲ ਦੀ ਟਿਕਟ ਉਤੇ ਆਪਣੇ ਬੰਦਿਆਂ ਨੂੰ ਇਹ ਚੋਣ ਲੜਾ ਸਕਦੀ ਹੈ। ਇਸ ਮੁੱਦੇ ਦੇ ਬਹੁਤ ਸਾਰੇ ਪੱਖ ਹਨ। ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ

(ਬਾਕੀ ਅਗਲੇ ਸਫੇ 'ਤੇ)

# ਹਿੰਦੂਤਵੀ ਤਾਕਤਾਂ ਦੀ ਜਿੱਤ ਅਤੇ ਭਾਰਤ ਦਾ ਭਵਿਖ

ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਇਹ ਭੁਲੇਖਾ ਦੂਰ ਕਰ ਦਿੱਤਾ ਕਿ ਵੋਟ ਜ਼ਰੀਏ ਲੋਕ ਰਾਇ ਭਗਵੇਂ ਰੱਥ ਦਾ ਮੂਹਾਣ ਮੋੜ ਸਕਦੀ ਹੈ। ਸਿਆਸੀ ਵਿਸ਼ਲੇਸ਼ਕਾਂ ਦੇ ਅੰਦਾਜ਼ੇ ਗਲਤ ਸਾਬਤ ਹੋਏ ਕਿ ਹਿੰਦੂਤਵ ਤਾਕਤਾਂ ਨੂੰ ਇਸ ਵਾਰ ਬਹੁਮਤ ਨਹੀਂ ਮਿਲੇਗਾ। ਦਲੀਲ ਇਹ ਸੀ ਕਿ ਮੋਦੀ ਰਾਜ ਦੇ ਸਤਾਏ ਵੋਟਰ ਭਾਜਪਾ ਨੂੰ ਜਿਤਾਉਣ ਲਈ 2014 ਵਾਲਾ ਉਤਸ਼ਾਹ ਨਹੀਂ ਦਿਖਾਉਣਗੇ। ਹੋਇਆ ਐਨ ਉਲਟ। ਭਾਜਪਾ ਤੇ ਐਨ.ਡੀ.ਏ. 353 ਸੀਟਾਂ ਲੈ ਕੇ 2014 ਵਾਲਾ ਅੰਕੜਾ ਵੀ ਪਾਰ ਕਰ ਗਏ ਅਤੇ ਵਿਰੋਧੀ ਧਿਰ 90 ਸੀਟਾਂ ਹੀ ਜਿੱਤ ਸਕੀ।

ਦਰਅਸਲ, ਇਹ ਲੋਕ ਸਭਾ ਦੀ ਚੋਣ ਨਾ ਹੋ ਕੇ ਅਮਰੀਕੀ ਰਾਸ਼ਟਰਪਤੀ ਦੀ ਤਰਜ਼ 'ਤੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਲੜੀ ਗਈ। ਜਿਸ ਮੋਦੀ ਨੂੰ ਪਿਛਲੇ ਦਿਨੀਂ ਮਸ਼ਹੂਰ ਰਸਾਲੇ 'ਟਾਈਮਜ਼' ਨੇ 'ਡਿਵਾਈਡਰ ਇਨ-ਚੀਫ ਆਫ ਇੰਡੀਆ' (ਪਾੜਾ ਪਾਉਣ ਵਾਲਿਆਂ ਦਾ ਸਰਦਾਰ) ਕਰਾਰ ਦਿੱਤਾ ਸੀ, ਆਰ.ਐਸ.ਐਸ. ਦੇ ਫੈਲਾਏ ਹਿੰਦੂ ਰਾਸ਼ਟਰਵਾਦ ਦੇ ਕੀਲੇ ਵੋਟਰਾਂ

**ਬੂਟਾ ਸਿੰਘ**
ਫੋਨ: +91-94634-74342

ਲਈ ਉਹ 'ਹਿੰਦੂ ਗੌਰਵ' ਦਾ ਚਿੰਨ੍ਹ ਹੈ। ਉਹ ਮੋਦੀ ਦੁਆਲੇ ਸਿਰਜੇ ਮਜ਼ਬੂਤ ਆਗੂ ਦੇ ਆਭਾ ਮੰਡਲ ਵਿਚ ਹੀ ਮੁਲਕ ਨੂੰ ਮਹਿਫੂਜ਼ ਸਮਝ ਰਹੇ ਹਨ। ਉਨ੍ਹਾਂ ਨੂੰ ਜਚ ਗਿਆ ਹੈ ਕਿ ਮੋਦੀ ਦੀ ਮਜ਼ਬੂਤ ਅਗਵਾਈ ਹੇਠ ਹੀ ਮੁਲਕ 'ਵਿਸ਼ਵ ਗੁਰੂ' ਬਣ ਸਕਦਾ ਹੈ, ਕਿਉਂਕਿ ਉਸ ਨੇ ਪ੍ਰਧਾਨ ਮੰਤਰੀ ਬਣ ਕੇ ਦੁਨੀਆ ਵਿਚ ਮੁਲਕ ਦਾ ਮਾਣ-ਸਨਮਾਨ ਵਧਾਇਆ ਹੈ।

ਇਸ ਸੋਚ ਅਨੁਸਾਰ, ਵਿਕਾਸ ਤੇ ਤਰੱਕੀ ਲਈ ਕਾਂਗਰਸ ਦੇ 'ਘੱਟ ਗਿਣਤੀਆਂ ਨੂੰ ਖੁਸ਼ ਕਰਨ' ਦੇ ਰਾਜਸੀ ਸਭਿਆਚਾਰ ਤੋਂ ਮੁਕੰਮਲ ਨਿਜਾਤ ਪਾਉਣੀ ਅਤੇ ਮੁਲਕ ਨੂੰ 'ਕਾਂਗਰਸ ਮੁਕਤ' ਕਰਨਾ ਜ਼ਰੂਰੀ ਹੈ। ਕਿਸੇ ਵੀ ਤਰ੍ਹਾਂ ਦੀ ਅਸਹਿਮਤੀ ਅਤੇ ਆਲੋਚਨਾ ਤੋਂ ਮੁਕਤ ਹਿੰਦੂ ਰਾਸ਼ਟਰ ਦੀ ਮਨੂਵਾਦੀ ਦ੍ਰਿਸ਼ਟੀ ਵਸੋਂ ਦਾ ਪੰਜਵਾਂ ਹਿੱਸਾ ਮੁਸਲਮਾਨਾਂ, ਈਸਾਈਆਂ ਆਦਿ ਨੂੰ ਰਾਸ਼ਟਰ ਦਾ ਹਿੱਸਾ ਨਹੀਂ ਮੰਨਦੀ। ਹਾਲੀਆ ਚੋਣ ਫਤਵੇ ਅਤੇ ਮੋਦੀ ਰਾਜ ਵਲੋਂ ਰਾਜ (ਸਟੇਟ) ਦੇ ਢਾਂਚੇ ਦੇ ਕੀਤੇ ਭਗਵੇਂਕਰਨ ਦੀ ਮਦਦ ਨਾਲ ਹੁਣ ਆਰ.ਐਸ.ਐਸ. ਲਈ ਹਿੰਦੂ ਰਾਸ਼ਟਰ ਲਈ ਕੰਮ ਕਰਨਾ ਹੋਰ ਵੀ ਸੌਖਾ ਹੋ ਗਿਆ ਹੈ। ਚੋਣ ਨਤੀਜਿਆਂ ਬਾਰੇ ਆਪਣੀਆਂ ਸੰਪਾਦਕੀ ਟਿੱਪਣੀਆਂ ਵਿਚ ਦੀ ਵਾਸ਼ਿੰਗਟਨ ਪੋਸਟ, ਦਿ ਗਾਰਡੀਅਨ ਆਦਿ ਆਲਮੀ ਅਖਬਾਰਾਂ ਨੇ ਇਸ ਖਤਰੇ ਨੂੰ ਸਪਸ਼ਟ ਤੌਰ 'ਤੇ ਨੋਟ ਕੀਤਾ ਹੈ।


ਬਿਨਾ ਸ਼ੱਕ, ਸਭ ਤੋਂ ਵੱਧ ਸਮਾਂ ਸੱਤਾਧਾਰੀ ਰਹੀ ਹੋਣ ਕਾਰਨ ਕਾਂਗਰਸ ਪਾਰਟੀ ਅਤੇ ਇਸ ਦੇ ਕੁਨਬਾਪ੍ਰਸਤ ਸਿਆਸੀ ਸਭਿਆਚਾਰ ਦਾ ਮੁਲਕ ਨੂੰ ਮੌਜੂਦਾ ਸੰਕਟ ਤੇ ਬਰਬਾਦੀ ਦੇ ਮੂੰਹ ਧੱਕਣ ਵਿਚ ਸਭ ਤੋਂ ਵਧੇਰੇ ਹਿੱਸਾ ਹੈ; ਲੇਕਿਨ ਸੰਘ ਵਲੋਂ ਤੱਥਾਂ ਨੂੰ ਚਲਾਕੀ ਨਾਲ ਤੋੜ-ਮਰੋੜ ਕੇ ਕਾਂਗਰਸ ਦੇ ਰਾਜ ਵਿਰੁਧ ਨਫਰਤ ਅਤੇ ਗੁੱਸੇ ਨੂੰ ਆਪਣੇ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾਉਣ ਲਈ ਵਰਤਿਆ ਗਿਆ। ਸੰਘ ਦੀ ਪ੍ਰਚਾਰ ਮਸ਼ੀਨਰੀ ਇਸ ਅਖੌਤੀ ਲੋਕਤੰਤਰ ਦੇ ਵਿਦੇਸ਼ੀ-ਦੇਸੀ ਕਾਰਪੋਰੇਟ ਸਰਮਾਏ ਅਤੇ ਹੋਰ ਧਨਾਢ ਜਮਾਤਾਂ ਪੱਖੀ ਹੋਣ ਦੀ ਹਕੀਕਤ ਉਪਰ ਪਰਦਾ ਪਾਉਂਦੀ ਹੈ, ਜਿਥੇ ਕੋਈ ਵੀ ਹਾਕਮ ਜਮਾਤੀ ਪਾਰਟੀ ਲੋਕਾਂ ਨੂੰ ਲੁੱਟਣ ਤੇ ਕੁੱਟਣ ਵਿਚ ਪਿੱਛੇ ਨਹੀਂ। ਮੋਦੀ ਰਾਜ ਦੀ ਦੂਜੀ ਪਾਰੀ ਦਰਅਸਲ ਲੰਗੋਟੀਏ ਕਾਰਪੋਰੇਟ ਸਰਮਾਏਦਾਰਾਂ ਦਾ ਮੁਲਕ ਦੇ ਵਸੀਲਿਆਂ ਉਪਰ ਮਨਮਰਜ਼ੀ ਦਾ ਕਬਜ਼ਾ ਕਰਾਉਣ ਦਾ ਸੰਵਿਧਾਨਕ ਲਾਇਸੈਂਸ ਨਵਿਆਉਣ ਦੇ ਤੁਲ ਹੈ।

ਉਦਾਰਵਾਦੀ ਚਿੰਤਕਾਂ ਦੀ ਉਮੀਦ ਦੇ ਉਲਟ ਪੂਰਾ ਤਾਣ ਲਗਾ ਕੇ ਵੀ ਕਾਂਗਰਸ ਅਤੇ ਇਸ ਦੇ ਭਾਈਵਾਲ ਸੰਘ ਦੀ ਚੋਣ ਮਸ਼ੀਨਰੀ ਦਾ ਸਿਰਜਿਆ ਇਹ ਬਿਰਤਾਂਤ ਤੋੜ ਨਹੀਂ ਸਕੇ ਕਿ ਮੋਦੀ ਅਤੇ ਭਾਜਪਾ ਦਾ ਕੋਈ ਬਦਲ ਨਹੀਂ ਹੈ। ਆਰ.ਐਸ.ਐਸ. ਦਾ ਵਿਆਪਕ ਜਥੇਬੰਦਕ ਤਾਣਾ-ਬਾਣਾ, ਬੂਥ ਪੱਧਰੀ ਯੋਜਨਾਬੰਦੀ 'ਤੇ ਆਧਾਰਿਤ ਸਰਗਰਮ ਸਥਾਨਕ ਟੀਮਾਂ ਅਤੇ ਟਰੋਲ ਆਰਮੀ ਦੇ ਰੂਪ ਵਿਚ ਵਿਆਪਕ ਆਈ.ਟੀ. ਸੈਨਾ ਸੋਸ਼ਲ ਮੀਡੀਆ ਪਲੇਟਫਾਰਮਾਂ (ਵੱਟਸਐਪ, ਫੇਸਬੁੱਕ, ਟਵਿੱਟਰ ਆਦਿ) ਅਤੇ ਹੋਰ ਮੀਡੀਆ ਰਾਹੀਂ 2014 ਤੋਂ ਲੈ ਕੇ ਸਿਲਸਿਲੇਵਾਰ ਤਰੀਕੇ ਨਾਲ ਭਾਜਪਾ ਦੀ ਚੋਣ ਯੁੱਧਨੀਤੀ ਲਈ ਕੰਮ ਕਰ ਰਹੇ ਸਨ। ਆਖਿਰ ਵਿਚ ਆਰ.ਐਸ.ਐਸ. ਪੱਖੀ ਬਾਲੀਵੁੱਡ ਸਿਤਾਰੇ ਵੀ ਪ੍ਰਚਾਰ ਮੁਹਿੰਮ ਵਿਚ ਸ਼ਾਮਲ ਕੀਤੇ ਗਏ।

'ਮੋਦੀ ਹਟਾਓ' ਦੇ ਨਾਅਰੇ ਤਹਿਤ ਕਾਂਗਰਸ ਅਤੇ ਹੋਰ ਪਾਰਟੀਆਂ ਦਾ ਸਮਾਂਤਰ ਬਿਰਤਾਂਤ ਅਤੇ ਰਾਹੁਲ ਗਾਂਧੀ ਨੂੰ ਸਟਾਰ ਪ੍ਰਚਾਰਕ ਬਣਾ ਕੇ ਮੋਦੀ ਉਪਰ ਸੇਧਿਆ ਨਿਸ਼ਾਨਾ ਅਵਾਮ ਨੂੰ ਪ੍ਰਭਾਵਿਤ ਨਹੀਂ ਕਰ ਸਕਿਆ। ਆਰ.ਐਸ.ਐਸ. ਦਾ ਹਿੰਦੂ ਰਾਸ਼ਟਰ ਦਾ ਏਜੰਡਾ, ਮੋਦੀ ਸਰਕਾਰ ਦੀ ਘੁਟਾਲਿਆਂ ਵਾਲੀ ਨਖਿਧ ਆਰਥਿਕ ਕਾਰਗੁਜ਼ਾਰੀ, ਕਾਰਪੋਰੇਟ ਲੰਗੋਟੀਏ ਯਾਰਾਂ ਦੀ ਸੇਵਾ ਆਦਿ ਮੁੱਦਿਆਂ ਦੇ ਆਧਾਰ 'ਤੇ ਮੋਦੀ-ਅਮਿਤ ਸ਼ਾਹ ਦੀ ਚੋਣ ਯੁੱਧਨੀਤੀ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਨੂੰ ਵੋਟਰਾਂ ਨੇ ਹੁੰਗਾਰਾ ਨਹੀਂ ਦਿੱਤਾ। ਕਾਂਗਰਸ ਦਾ ਲੋਕ-ਭਰਮਾਊ ਚੋਣ ਮੈਨੀਫੈਸਟੋ ਵੀ ਵੋਟਰਾਂ ਦਾ ਭਰੋਸਾ ਨਹੀਂ ਜਿੱਤ ਸਕਿਆ। ਕਾਂਗਰਸ ਪਾਟੋਧਾੜ ਦਾ ਸ਼ਿਕਾਰ ਵਿਰੋਧੀ ਧਿਰ ਨੂੰ ਇਕਜੁੱਟ ਕਰਕੇ ਇਕਜੁੱਟ ਬਦਲ ਖੜ੍ਹਾ ਨਹੀਂ ਕਰ ਸਕੀ ਅਤੇ ਨਾ ਹੀ ਮੋਦੀ ਦੇ ਮੁਕਾਬਲੇ ਮਜ਼ਬੂਤ ਲੀਡਰਸ਼ਿਪ ਪੇਸ਼ ਕਰ ਸਕੀ। ਬਸਪਾ, ਸਮਾਜਵਾਦੀ ਪਾਰਟੀ ਤੇ ਰਾਸ਼ਟਰੀ ਲੋਕ ਦਲ ਦਾ ਗੱਠਜੋੜ ਵੀ ਸੰਘ ਦੀ ਚੋਣ ਯੁੱਧਨੀਤੀ ਨੂੰ ਮਾਤ ਦੇਣ ਵਿਚ ਅਸਫਲ ਰਿਹਾ। ਇਸ ਗੱਠਜੋੜ ਦਾ ਮੁਸਲਿਮ, ਦਲਿਤ ਤੇ ਓਬੀਸੀ ਦਾ ਵੋਟ ਗਣਿਤ ਸੰਘ ਵਲੋਂ ਜਾਤੀ, ਜਮਾਤੀ ਵੰਡਾਂ ਤੋਂ ਪਾਰ ਜਾ ਕੇ ਉਭਾਰੀ ਹਿੰਦੂ ਪਛਾਣ ਦੇ ਫਾਰਮੂਲੇ ਨੇ ਬੁਰੀ ਤਰ੍ਹਾਂ ਫੇਲ੍ਹ ਕਰ ਦਿੱਤਾ।

ਪਾਰਲੀਮੈਂਟਰੀ ਖੱਬੀ ਧਿਰ ਦੀ ਕਾਰਗੁਜ਼ਾਰੀ ਵੀ ਪੂਰੀ ਤਰ੍ਹਾਂ ਨਖਿਧ ਰਹੀ। ਬਦਲਵੀਂ ਸਿਆਸਤ ਦੀ ਦਾਅਵੇਦਾਰ ਝਾੜੂ ਪਾਰਟੀ ਨੂੰ ਵੀ ਵੋਟਰਾਂ ਨੇ ਬੁਰੀ ਤਰ੍ਹਾਂ ਦੁਰਕਾਰ ਦਿੱਤਾ ਜੋ ਸੱਤਾਧਾਰੀ ਹੋਣ ਦੇ ਬਾਵਜੂਦ ਦਿੱਲੀ ਵਿਚ ਇਕ ਵੀ ਸੀਟ ਨਹੀਂ ਜਿੱਤ ਸਕੀ। ਸਿਰਫ ਕੇਰਲਾ ਅਤੇ ਪੰਜਾਬ ਹੀ ਦੋ ਐਸੇ ਰਾਜ ਹਨ ਜੋ ਭਗਵੇਂ ਰੱਥ ਲਈ 'ਸਪੀਡ ਬਰੇਕਰ' ਬਣੇ। ਉਂਜ, ਇਥੇ ਭਗਵੇਂ ਕੈਂਪ ਦੇ ਵਿਆਪਕ ਪੱਧਰ 'ਤੇ ਫੈਲ ਨਾ ਸਕਣ ਅਤੇ ਆਪਣਾ ਚੋਣ ਆਧਾਰ ਵਧਾ ਨਾ ਸਕਣ ਦੇ ਖਾਸ ਸਥਾਨਕ ਸਿਆਸੀ ਤੇ ਸਭਿਆਚਾਰਕ ਕਾਰਨ ਹਨ।

ਇਸ ਵਾਰ ਮੋਦੀ-ਅਮਿਤ ਸ਼ਾਹ ਨੇ ਕਥਿਤ ਵਿਕਾਸ ਅਤੇ ਰੁਜ਼ਗਾਰ ਦੀ ਗੱਲ ਹੀ ਨਹੀਂ ਕੀਤੀ। ਸੰਘ ਦੇ ਥਿੰਕ ਟੈਂਕ ਨੂੰ ਪਤਾ ਸੀ ਕਿ 2014 ਦੇ ਇਨ੍ਹਾਂ ਚੋਣ ਜੁਮਲਿਆਂ ਦੀ ਚਰਚਾ ਛਿੜਨ ਨਾਲ ਜਵਾਬਦੇਹ ਹੋਣਾ ਪਵੇਗਾ। ਇਸ ਕਰਕੇ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ 'ਰਾਸ਼ਟਰੀ ਸੁਰੱਖਿਆ' ਨੂੰ ਐਨਾ ਪ੍ਰਚਾਰਿਆ ਗਿਆ ਕਿ ਖੇਤੀ ਸੰਕਟ, ਕਿਸਾਨ ਖੁਦਕੁਸ਼ੀਆਂ, ਭਿਆਨਕ ਬੇਰੁਜ਼ਗਾਰੀ, ਸਿੱਖਿਆ, ਸਿਹਤ ਸੇਵਾਵਾਂ ਆਦਿ ਅਸਲ ਮੁੱਦੇ ਪੂਰੀ ਤਰ੍ਹਾਂ ਘੱਟੇ ਰੋਲ ਦਿੱਤੇ ਗਏ। ਦਹਿਸ਼ਤਗਰਦੀ, ਪੁਲਵਾਮਾ ਵਿਚ ਮਾਰੇ ਗਏ ਸੈਨਿਕਾਂ, ਬਾਲਾਕੋਟ ਸਰਜੀਕਲ ਸਟਰਾਈਟ ('ਘਰ ਮੇਂ ਘੁਸ ਕਰ ਮਾਰਾ'), ਨਿਊਕਲੀਅਰ ਤਾਕਤ ਦੀ ਮਜ਼ਬੂਤੀ, ਰਾਸ਼ਟਰੀ ਸੁਰੱਖਿਆ ਅਤੇ ਮਜ਼ਬੂਤ ਆਗੂ ਦੇ ਨਾਂ 'ਤੇ ਵੋਟਾਂ ਮੰਗੀਆਂ ਗਈਆਂ।



> *ਹਿੰਦੂਤਵ ਦਾ ਕੁਲ ਆਲਮ ਦੇ ਘੋਰ ਸੱਜੇਪੱਖੀ ਕੈਂਪ ਦੇ ਹਿਤਾਂ ਨਾਲ ਪੂਰਾ ਸੁਮੇਲ ਹੈ। ਆਰ.ਐਸ.ਐਸ. ਬਰਾਬਰੀ, ਜਮਹੂਰੀਅਤ, ਸਮਾਜਵਾਦ, ਭਾਵ ਸਾਂਝੀਵਾਲਤਾ ਦੀ ਹਰ ਵੰਨਗੀ ਦੀ ਘੋਰ ਦੁਸ਼ਮਣ ਤਾਕਤ ਹੈ। ਦੂਜੇ ਪਾਸੇ, ਸਮਾਜਵਾਦੀ ਮੁੱਲਾਂ ਨੂੰ ਖਤਮ ਕਰਕੇ ਸਰਮਾਏਦਾਰੀ ਪ੍ਰਬੰਧ ਨੂੰ ਸਦੀਵੀ ਬਣਾਉਣਾ ਅਤੇ ਕਲਿਆਣਕਾਰੀ ਆਰਥਕ ਮਾਡਲ ਦਾ ਭੋਗ ਪਾ ਕੇ ਖੁੱਲ੍ਹੀ ਮੰਡੀ ਦਾ ਬੋਲਬਾਲਾ ਸਥਾਪਤ ਕਰਨ ਦੇ ਨਾਲ-ਨਾਲ ਨਸਲੀ-ਸਭਿਆਚਾਰਕ ਧੌਂਸ ਦੁਆਰਾ ਹਾਸ਼ੀਏ ਉਪਰਲੇ ਤਮਾਮ ਹਿੱਸਿਆਂ ਨੂੰ ਦਰੜ ਕੇ ਰੱਖਣਾ ਸਾਮਰਾਜਵਾਦੀ ਸਰਮਾਏਦਾਰੀ ਦਾ ਆਲਮੀ ਪੱਧਰ 'ਤੇ ਮੁੱਖ ਏਜੰਡਾ ਹੈ। ਹਿੰਦੁਸਤਾਨ ਵਿਚ ਇਹੀ ਏਜੰਡਾ ਮਨੂਵਾਦੀ ਉਚ ਜਾਤੀ ਹਿੰਦੂ ਕੁਲੀਨ ਵਰਗ ਦਾ ਹੈ।*

ਐਤਕੀਂ ਭਗਵਾਂ ਰਥ ਐਨਾ ਹੂੰਝਾ ਫੇਰੂ ਸੀ ਕਿ ਪਾਰਲੀਮੈਂਟਰੀ ਖੱਬਿਆਂ ਦੇ ਸਾਬਕਾ ਗੜ੍ਹ ਬੰਗਾਲ, ਜਿਥੇ ਸੀ.ਪੀ.ਐਮ. ਅਤੇ 'ਖੱਬੇ ਮੋਰਚੇ' ਨੇ ਸਾਢੇ ਤਿੰਨ ਦਹਾਕੇ ਰਾਜ ਕੀਤਾ, ਵਿਚ ਵੀ ਭਾਜਪਾ ਦਾ ਵੋਟ ਸ਼ੇਅਰ 40.23 ਫੀਸਦੀ ਹੋ ਗਿਆ ਹੈ। ਸੀ.ਪੀ.ਐਮ. ਦੀ 'ਦਾਅਪੇਚਕ ਲਾਈਨ' ਦਾ ਸਿੱਟਾ ਇਹ ਹੈ ਕਿ ਬੰਗਾਲੀ ਸਮਾਜ ਦਾ ਚੋਖਾ ਹਿੱਸਾ ਜੋ ਕਿਸੇ ਸਮੇਂ ਸੀ.ਪੀ.ਐਮ. ਦਾ ਸਿਆਸੀ ਆਧਾਰ ਹੁੰਦਾ ਸੀ, ਉਹ ਤ੍ਰਿਣਮੂਲ ਕਾਂਗਰਸ ਦੇ ਵਿਰੋਧ ਵਿਚੋਂ ਭਾਜਪਾ ਨਾਲ ਜਾ ਰਲਿਆ ਹੈ। ਆਮ ਚੋਣਾਂ ਵਿਚ ਬੰਗਾਲ ਵਿਚ ਸੀ.ਪੀ.ਐਮ. ਦਾ ਵੋਟ ਸ਼ੇਅਰ 33.3% (2009) ਤੋਂ ਖੁਰ ਕੇ 2019 ਵਿਚ ਸਿਰਫ 6.28 ਫੀਸਦੀ ਰਹਿ ਗਿਆ ਹੈ।

2014 ਵਿਚ ਇਥੇ ਭਾਜਪਾ ਨੂੰ ਕੇਵਲ ਦੋ ਸੀਟਾਂ ਮਿਲੀਆਂ ਸਨ ਅਤੇ ਇਸ ਵਾਰ ਇਹ 18 ਸੀਟਾਂ ਜਿੱਤ ਗਈ ਹੈ। 1964 ਤੋਂ ਬਾਅਦ ਇਹ ਪਹਿਲੀ ਦਫਾ ਹੋਇਆ ਹੈ ਕਿ ਸੀ.ਪੀ.ਐਮ. ਨੂੰ ਬੰਗਾਲ ਵਿਚ ਲੋਕ ਸਭਾ ਦੀ ਇਕ ਵੀ ਸੀਟ ਨਹੀਂ ਮਿਲੀ ਅਤੇ ਇਕ ਤੋਂ ਸਿਵਾਏ 40 ਸੀਟਾਂ ਉਪਰ ਜ਼ਮਾਨਤਾਂ ਜ਼ਬਤ ਹੋ ਗਈਆਂ। ਪਾਰਲੀਮੈਂਟਰੀ ਖੱਬੇ ਪੂਰੇ ਮੁਲਕ ਵਿਚ ਕੁਲ ਪੰਜ ਸੀਟਾਂ ਹੀ ਜਿੱਤ ਸਕੇ ਜੋ ਇਸ ਦਾ ਸੂਚਕ ਹੈ ਕਿ ਇਸ ਪ੍ਰਬੰਧ ਨੂੰ ਹੁਣ ਪਾਰਲੀਮੈਂਟਰੀ ਕਮਿਊਨਿਸਟਾਂ ਦੇ ਕਥਿਤ ਤੀਸਰੇ ਬਦਲ ਦੀ ਲੋੜ ਨਹੀਂ, ਇਹ ਪੂਰੀ ਤਰ੍ਹਾਂ ਗ਼ੈਰ ਪ੍ਰਸੰਗਿਕ ਹੋ ਚੁੱਕਾ ਹੈ। ਇਨ੍ਹਾਂ ਦੀ ਕਾਂਗਰਸ ਨੂੰ ਧਰਮ ਨਿਰਪੱਖ ਮੰਨ ਕੇ ਹਮਾਇਤ ਦੇਣ ਰਾਹੀਂ ਭਾਜਪਾ ਨੂੰ ਸੱਤਾ ਵਿਚ ਆਉਣ ਤੋਂ ਰੋਕਣ ਦੀ ਦੀਵਾਲੀਆ ਸਿਆਸਤ ਹਿੰਦੂਤਵ ਲਈ ਉਲਟਾ ਵਰਦਾਨ ਹੀ ਬਣੀ ਹੈ। ਇਹ ਹਿੰਦੂਤਵ ਫਾਸ਼ੀਵਾਦ ਦਾ ਮੁਕਾਬਲਾ ਵਿਆਪਕ ਲੋਕ ਲਾਮਬੰਦੀ ਨਾਲ ਕਰਨ ਦੀ ਬਜਾਏ ਚੋਣ ਗੱਠਜੋੜ ਬਣਾ ਕੇ ਕਰਨਾ ਚਾਹੁੰਦੇ ਹਨ।

ਭਾਜਪਾ/ਆਰ.ਐਸ.ਐਸ. ਦੇ ਉਚਜਾਤੀ ਹਿੰਦੂਤਵ ਏਜੰਡੇ ਨੂੰ ਮਿਲੀ ਐਨੀ ਵਿਆਪਕ ਹਮਾਇਤ ਅਤੇ ਕਥਿਤ ਉਦਾਰਵਾਦੀ ਸਿਆਸੀ ਰੁਝਾਨ ਦੀ ਦੁਰਦਸ਼ਾ ਦਾ ਠੋਸ ਆਧਾਰ ਕੀ ਹੈ?

ਫਾਸ਼ੀਵਾਦ ਹਮੇਸ਼ਾ ਚੋਣਾਂ ਜਿੱਤ ਕੇ ਸੱਤਾ ਵਿਚ ਆਉਂਦਾ ਹੈ। ਆਲਮੀ ਪੱਧਰ 'ਤੇ ਅਮਰੀਕਾ, ਯੂਰਪ ਤੋਂ ਲੈ ਕੇ ਏਸ਼ੀਆ ਦੇ ਮੁਲਕਾਂ ਵਿਚ ਇਸ ਵਕਤ ਘੋਰ ਸੱਜੇਪੱਖੀ ਤਾਕਤਾਂ ਦਾ ਬੋਲਬਾਲਾ ਹੈ। ਜਦੋਂ ਰਵਾਇਤੀ ਪਾਰਲੀਮੈਂਟਰੀ ਤਰੀਕੇ ਵੱਡੀ ਸਰਮਾਏਦਾਰੀ ਦੇ ਮੁਨਾਫੇ ਨਹੀਂ ਵਧਾਉਂਦੇ ਤਾਂ ਅੰਨ੍ਹੇ ਰਾਸ਼ਟਰਵਾਦ ਦੀ ਮਦਦ ਨਾਲ ਘੋਰ ਸੱਜੇਪੱਖੀਆਂ ਨੂੰ ਸੱਤਾ ਸੌਂਪੀ ਜਾਂਦੀ ਹੈ। ਭਾਜਪਾ ਨਵਉਦਾਰਵਾਦੀ ਆਰਥਿਕਤਾ ਅਤੇ ਹਿੰਦੂ ਰਾਸ਼ਟਰਵਾਦ ਦਾ ਖਾਸ ਮਿਸ਼ਰਨ ਹੈ ਜੋ ਵਿਦੇਸ਼ੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਅਤੇ ਉਚਜਾਤੀ ਹਿੰਦੂ ਕੁਲੀਨ ਵਰਗ ਦੋਨਾਂ ਨੂੰ ਬਾਖੂਬੀ ਰਾਸ ਆਉਂਦਾ ਹੈ।

ਹਿੰਦੂਤਵ ਦਾ ਕੁਲ ਆਲਮ ਦੇ ਘੋਰ ਸੱਜੇਪੱਖੀ ਕੈਂਪ ਦੇ ਹਿਤਾਂ ਨਾਲ ਪੂਰਾ ਸੁਮੇਲ ਹੈ। ਆਰ.ਐਸ.ਐਸ. ਬਰਾਬਰੀ, ਜਮਹੂਰੀਅਤ, ਸਮਾਜਵਾਦ, ਭਾਵ ਸਾਂਝੀਵਾਲਤਾ ਦੀ ਹਰ ਵੰਨਗੀ ਦੀ ਘੋਰ ਦੁਸ਼ਮਣ ਤਾਕਤ ਹੈ। ਦੂਜੇ ਪਾਸੇ, ਸਮਾਜਵਾਦੀ ਮੁੱਲਾਂ ਨੂੰ ਖਤਮ ਕਰਕੇ ਸਰਮਾਏਦਾਰੀ ਪ੍ਰਬੰਧ ਨੂੰ ਸਦੀਵੀ ਬਣਾਉਣਾ ਅਤੇ ਕਲਿਆਣਕਾਰੀ ਆਰਥਕ ਮਾਡਲ ਦਾ ਭੋਗ ਪਾ ਕੇ ਖੁੱਲ੍ਹੀ ਮੰਡੀ ਦਾ ਬੋਲਬਾਲਾ ਸਥਾਪਤ ਕਰਨ ਦੇ ਨਾਲ-ਨਾਲ ਨਸਲੀ-ਸਭਿਆਚਾਰਕ ਧੌਂਸ ਦੁਆਰਾ ਹਾਸ਼ੀਏ ਉਪਰਲੇ ਤਮਾਮ ਹਿੱਸਿਆਂ ਨੂੰ ਦਰੜ ਕੇ ਰੱਖਣਾ ਸਾਮਰਾਜਵਾਦੀ ਸਰਮਾਏਦਾਰੀ ਦਾ ਆਲਮੀ ਪੱਧਰ 'ਤੇ ਮੁੱਖ ਏਜੰਡਾ ਹੈ। ਹਿੰਦੁਸਤਾਨ ਵਿਚ ਇਹੀ ਏਜੰਡਾ ਮਨੂਵਾਦੀ ਉਚ ਜਾਤੀ ਹਿੰਦੂ ਕੁਲੀਨ ਵਰਗ ਦਾ ਹੈ।

ਕਾਰਪੋਰੇਟ ਸਰਮਾਏਦਾਰੀ ਦੀ ਭਰੋਸੇਯੋਗ ਦਲਾਲ ਕਾਂਗਰਸ ਵੀ ਸਮੇਂ-ਸਮੇਂ 'ਤੇ ਧਰਮ ਨਿਰਪੱਖਤਾ ਦਾ ਮਖੌਟਾ ਲਾਹ ਕੇ ਆਪਣਾ ਬਹੁਗਿਣਤੀ ਹਿੰਦੂਪੱਖੀ ਝੁਕਾਅ ਉਜਾਗਰ ਕਰਦੀ ਆ ਰਹੀ ਹੈ। ਸਿੱਖ ਅਤੇ ਮੁਸਲਿਮ ਘੱਟ ਗਿਣਤੀਆਂ, ਆਦਿਵਾਸੀਆਂ ਅਤੇ ਦਲਿਤਾਂ ਦੇ ਜ਼ਿਆਦਾਤਰ ਕਤਲੇਆਮ ਇਸੇ ਦੇ ਰਾਜ ਵਿਚ ਕੀਤੇ ਗਏ। 2014 ਤੋਂ ਲੈ ਕੇ ਕਾਂਗਰਸ ਖਾਸ ਤੌਰ 'ਤੇ 'ਨਰਮ ਹਿੰਦੂਤਵ' ਨੂੰ ਅਮਲ ਵਿਚ ਲਿਆ ਰਹੀ ਹੈ। ਪਿੱਛੇ ਜਿਹੇ ਵਿਧਾਨ ਸਭਾ ਚੋਣਾਂ ਮੌਕੇ ਹਿੰਦੂ ਮੰਦਰਾਂ ਵਿਚ ਮੱਥਾ ਟੇਕ ਕੇ ਹਿੰਦੂਆਂ ਨੂੰ ਸੰਦੇਸ਼ ਦਿੰਦਿਆਂ ਰਾਹੁਲ ਗਾਂਧੀ ਨੇ ਹੁੱਬ ਕੇ ਕਿਹਾ ਸੀ ਕਿ ਉਹ 'ਜਨੇਊਧਾਰੀ ਬ੍ਰਾਹਮਣ' ਹੈ। ਮੱਧ ਪ੍ਰਦੇਸ, ਰਾਜਸਥਾਨ ਆਦਿ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਮੈਨੀਫੈਸਟੋ ਵਿਚ ਪਿੰਡ ਪਿੰਡ ਗਊਸ਼ਾਲਾ ਬਣਾਉਣਾ ਮੁੱਖ ਵਾਅਦਾ ਸੀ।

ਦੂਜੇ ਪਾਸੇ, ਆਰ.ਐਸ.ਐਸ. ਨੇ ਹਿੰਦੂ ਦੇ ਰੂਪ ਵਿਚ 'ਅਸਲੀ' ਭਾਰਤੀ ਦਾ ਬਿਰਤਾਂਤ ਖੜ੍ਹਾ ਕਰਕੇ ਉਚ ਜਾਤੀ ਬਹੁਗਿਣਤੀ ਵਿਚ ਇਹ ਭਾਵਨਾ ਮਜ਼ਬੂਤ ਕਰ ਦਿੱਤੀ ਹੈ ਕਿ ਧਾਰਮਿਕ ਘੱਟ ਗਿਣਤੀਆਂ, ਦਲਿਤ ਆਦਿ ਰਾਸ਼ਟਰ ਉਪਰ ਬੋਝ ਹਨ ਅਤੇ ਇਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਰਿਆਇਤਾਂ, ਆਰਥਿਕ ਜਾਂ ਸੰਵਿਧਾਨਕ, 'ਰਾਸ਼ਟਰ' ਦੀ ਤਰੱਕੀ ਵਿਚ ਰੁਕਾਵਟ ਹਨ; ਕਿ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰਾਸ਼ਟਰੀ ਏਕਤਾ ਨੂੰ ਕਮਜ਼ੋਰ ਕਰਦਾ ਹੈ; ਕਿ ਇਨ੍ਹਾਂ ਨੂੰ ਬਹੁਗਿਣਤੀ ਦੀ ਧੌਂਸ ਅਤੇ ਦਹਿਸ਼ਤ ਰਾਹੀਂ ਥਾਂ ਸਿਰ ਕਰਨ ਲਈ ਮਜ਼ਬੂਤ ਇਰਾਦੇ ਵਾਲੇ ਮੋਦੀ ਨੂੰ ਜਿਤਾਉਣਾ ਅਤੇ ਹਾਸ਼ੀਆਗ੍ਰਸਤ ਹਿੱਸਿਆਂ ਨੂੰ 'ਖੁਸ਼ ਕਰਨ' ਵਾਲੇ ਕੈਂਪ ਨੂੰ ਹਰਾਉਣਾ ਜ਼ਰੂਰੀ ਹੈ।

ਭਾਜਪਾ ਵਲੋਂ 2014 ਤੋਂ ਲੈ ਕੇ ਮੋਦੀ ਦੀ ਮੌਨ ਸਹਿਮਤੀ ਹੇਠ ਹਜੂਮੀ ਕਤਲਾਂ ਦੀ ਮੁਹਿੰਮ, ਮੁਸਲਮਾਨਾਂ ਅਤੇ ਦਲਿਤਾਂ ਦਾ ਦਮਨ ਅਤੇ ਔਰਤਾਂ ਉਪਰ ਬੰਦਸ਼ਾਂ, ਜਾਤ ਆਧਾਰਿਤ ਰਿਜ਼ਰਵੇਸ਼ਨ ਨੂੰ ਖਤਮ ਕਰਨ ਦੇ ਇਸ਼ਾਰੇ, ਕਸ਼ਮੀਰੀਆਂ ਅਤੇ ਮਾਓਵਾਦੀ ਹਮਾਇਤੀ ਆਦਿਵਾਸੀਆਂ ਦੇ ਘਾਣ ਵਿਚ ਬੇਤਹਾਸ਼ਾ ਤੇਜ਼ੀ ਅਤੇ ਐਸ.ਸੀ.ਐਸ.ਟੀ. ਐਕਟ, ਫਾਰੈਸਟ ਰਾਈਟਸ ਐਕਟ ਨੂੰ ਖੋਰਾ ਲਾਉਣਾ ਇਹ ਸਭ ਬਹੁਗਿਣਤੀ ਕੁਲੀਨਾਂ ਲਈ ਸੰਦੇਸ਼ ਸਨ। ਇਸੇ ਲਈ ਪੜ੍ਹੇ-ਲਿਖੇ ਪ੍ਰੋਫੈਸ਼ਨਲਾਂ, ਸ਼ਹਿਰੀ ਵਰਗ ਅਤੇ ਪਿੰਡਾਂ ਦੇ ਕੁਲੀਨ ਵਰਗ ਵਿਚ ਭਾਜਪਾ ਮਕਬੂਲ ਹੋਈ ਹੈ। ਜਦ ਉਨ੍ਹਾਂ ਅੱਗੇ ਹਿੰਦੂਤਵ ਦੀ ਆਹਲਾ ਟੀਮ ਚੁਣਨ ਦੀ ਚੋਣ (ਆਪਸ਼ਨ) ਮੌਜੂਦ ਹੈ, ਉਹ ਕਥਿਤ ਧਰਮ ਨਿਰਪੱਖਤਾ 'ਬੀ ਟੀਮ' ('ਨਰਮ ਹਿੰਦੂਤਵ') ਨੂੰ ਕਿਉਂ ਚੁਣਨਗੇ!

ਰਸਮੀਂ ਖੋਖਲੀ ਜਮਹੂਰੀਅਤ ਤਾਨਾਸ਼ਾਹ ਅਤੇ ਫਾਸ਼ੀਵਾਦੀ ਤਾਕਤਾਂ ਨੂੰ ਸੱਤਾ ਵਿਚ ਲਿਆਉਣ ਦਾ ਸਾਧਨ ਬਣਦੀ ਹੈ। ਮਹਿਜ਼ ਚੋਣਾਂ ਕਰਵਾਏ ਜਾਣ ਦੀ ਰਸਮੀਂ ਕਵਾਇਦ ਨੂੰ ਹੀ ਜਮਹੂਰੀਅਤ ਸਮਝਣ ਵਾਲੇ ਇਹ ਭੁੱਲਦੇ ਹਨ ਕਿ ਮੂਲ ਢਾਂਚਾ ਬਦਲੇ ਬਗ਼ੈਰ ਜਮਹੂਰੀਕਰਨ ਅਤੇ ਜਮਹੂਰੀ ਹੱਕਾਂ ਦੀ ਪਾਏਦਾਰ ਸੋਝੀ ਸੰਭਵ ਨਹੀਂ। ਸਮਤਲ ਚੋਣ ਮੈਦਾਨ ਲਈ ਸਮਾਜੀ-ਆਰਥਿਕ ਬਰਾਬਰੀ ਲਾਜ਼ਮੀ ਸ਼ਰਤ ਹੈ। ਇਕੱਲਾ ਵੋਟ ਅਧਿਕਾਰ ਸੱਤਾ ਵਿਚ ਨਿਤਾਣਿਆਂ ਦੀ ਹਿੱਸੇਦਾਰੀ ਤੇ ਪੁੱਗਤ ਦਾ ਸਾਧਨ ਨਹੀਂ ਬਣ ਸਕਦਾ। ਧਨਾਢ ਤੇ ਲੱਠਮਾਰ ਹਿੱਸੇ ਸਾਧਨਾਂ ਦੇ ਜ਼ੋਰ ਅਤੇ ਕੂੜ ਪ੍ਰਚਾਰ ਦੇ ਜ਼ੋਰ ਮੌਜ ਨਾਲ ਹੀ ਚੋਣ ਅਮਲ ਨੂੰ ਅਗਵਾ ਕਰ ਲੈਂਦੇ ਹਨ। ਸੰਗੀਨ ਜਰਾਇਮ ਪੇਸ਼ਾ ਅਨਸਰ ਬੇਰੋਕ-ਟੋਕ 'ਚੁਣੇ ਹੋਏ ਨੁਮਾਇੰਦੇ' ਬਣ ਕੇ ਪਾਰਲੀਮੈਂਟ ਵਿਚ ਜਾ ਬਿਰਾਜਦੇ ਹਨ। ਗਾਂਧੀ ਦਾ ਮਖੌਲ ਉਡਾਉਣ ਅਤੇ ਗੌਡਸੇ ਦੀ ਜੈ-ਜੈਕਾਰ ਕਰਨ ਵਾਲੀ ਹਿੰਦੂਤਵ ਦਹਿਸ਼ਤਗਰਦ ਪ੍ਰੱਗਿਆ ਸਿੰਘ ਠਾਕੁਰ ਸਮੇਤ 17ਵੀਂ ਲੋਕ ਸਭਾ ਲਈ 'ਚੁਣੇ ਗਏ' 43ਫੀ ਸਦੀ ਸ਼ਖਸਾਂ ਉਪਰ ਸੰਗੀਨ ਜੁਰਮਾਂ ਦੇ ਮੁਕੱਦਮੇ ਦਰਜ ਹਨ।

ਮੋਦੀ ਅਤੇ ਅਮਿਤ ਸ਼ਾਹ ਦੀ ਗੁਜਰਾਤ ਕਤਲੇਆਮ ਵਿਚ ਭੂਮਿਕਾ ਜੱਗ ਜ਼ਾਹਰ ਹੈ। ਹੇਮਾ ਮਾਲਿਨੀ, ਸੰਨੀ ਦਿਓਲ ਵਰਗੇ ਗ਼ੈਰ ਰਾਜਨੀਤਕ ਕਿਰਦਾਰਾਂ ਦਾ ਲੱਖਾਂ ਵੋਟਾਂ ਦੇ ਫਰਕ ਨਾਲ ਜਿੱਤਣਾ ਅਤੇ ਪੰਜਾਬ ਵਿਚ ਬੁਰੀ ਤਰ੍ਹਾਂ ਬਦਨਾਮ ਬਾਦਲਾਂ ਅਤੇ ਕੈਪਟਨ ਦੇ ਟੱਬਰਾਂ ਦਾ ਤਾਕਤ ਅਤੇ ਪੈਸੇ ਦੇ ਜ਼ੋਰ ਜਿੱਤਣਾ ਇਹੀ ਦੱਸਦਾ ਹੈ। ਕਨ੍ਹੱਈਆ ਕੁਮਾਰ, ਪਰਮਜੀਤ ਕੌਰ ਖਾਲੜਾ ਵਰਗੇ ਉਮੀਦਵਾਰ ਜੇ ਜਿੱਤ ਵੀ ਜਾਣ ਤਾਂ ਇਸ ਪ੍ਰਬੰਧ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦੇ। ਉਨ੍ਹਾਂ ਦੇ ਸੁਹਿਰਦ ਯਤਨ ਵੀ ਸਟੇਟ ਦੇ ਨੀਤੀ ਫੈਸਲੇ ਨਹੀਂ ਬਦਲ ਸਕਦੇ, ਥੋੜ੍ਹੀ ਰਾਹਤ ਜਾਂ ਇੱਕਾ-ਦੁੱਕਾ ਸੁਧਾਰ ਹੀ ਉਨ੍ਹਾਂ ਦੀ ਸੀਮਾ ਹੈ। ਤੇਜਾ ਸਿੰਘ ਸੁਤੰਤਰ ਵਰਗੇ ਕੁਰਬਾਨੀ ਅਤੇ ਜੁਝਾਰੂਪਣ ਦੇ ਸਿਰਮੌਰ ਮੁਜੱਸਮੇ ਵੀ ਪਾਰਲੀਮੈਂਟ ਵਿਚ ਜਾ ਕੇ ਤਾਨਾਸ਼ਾਹ ਰਾਜ ਦੇ ਲੋਹ-ਕਵੱਚ ਵਿਚ ਚਿੱਬ ਨਹੀਂ ਪਾ ਸਕੇ।

ਪੱਖਪਾਤੀ ਅਦਾਲਤੀ ਪ੍ਰਣਾਲੀ ਵਲੋਂ ਪ੍ਰੱਗਿਆ ਸਿੰਘ ਨੂੰ ਕੈਂਸਰ ਦੇ ਇਲਾਜ ਦੇ ਬਹਾਨੇ ਜ਼ਮਾਨਤ ਦੇ ਕੇ ਚੋਣ ਲੜਨ ਅਤੇ ਵੋਟਾਂ ਦੀ ਗਿਣਤੀ ਦੇ ਬਹਾਨੇ ਪੇਸ਼ੀ ਤੋਂ ਛੋਟ ਦੀ ਇਜਾਜ਼ਤ ਦਿੱਤੀ ਗਈ। ਮੋਦੀ ਨੇ ਕੇਦਾਰਨਾਥ ਗੁਫਾ ਵਿਚ ਜਾ ਕੇ ਸਮਾਧੀ ਦਾ ਨਾਟਕ ਕੀਤਾ ਅਤੇ ਇਥੋਂ ਹਿੰਦੂ ਵੋਟਰਾਂ ਨੂੰ ਸੰਦੇਸ਼ ਦੇਣ ਲਈ ਮੌਨ ਚੋਣ ਪ੍ਰਚਾਰ ਕੀਤਾ ਲੇਕਿਨ ਕਠਪੁਤਲੀ ਚੋਣ ਕਮਿਸ਼ਨ ਨੇ ਚੂੰ ਤਕ ਨਹੀਂ ਕੀਤੀ। ਚੋਣ ਕਮਿਸ਼ਨ, ਜੁਡੀਸ਼ਰੀ ਆਦਿ ਰਾਜਕੀ ਸੰਸਥਾਵਾਂ ਸੱਤਾਧਾਰੀ ਧਿਰ ਦੇ ਪੈਰਾਂ ਵਿਚ ਇਸ ਕਦਰ ਵਿਛੀਆਂ ਹੋਈਆਂ ਹਨ ਕਿ ਈ.ਵੀ.ਐਮ. ਦੀ ਕਾਰਗੁਜ਼ਾਰੀ ਗੰਭੀਰ ਇਲਜ਼ਾਮਾਂ ਵਿਚ ਘਿਰੀ ਹੋਣ ਦੇ ਬਾਵਜੂਦ ਇਨ੍ਹਾਂ ਮਸ਼ੀਨਾਂ ਉਪਰ ਰੋਕ ਨਹੀਂ ਲਗਾਈ ਗਈ। 19 ਲੱਖ ਤੋਂ ਵੱਧ ਈ.ਵੀ.ਐਮ. ਗਾਇਬ ਹਨ, ਫਿਰ ਵੀ ਚੋਣਾਂ ਈ.ਵੀ.ਐਮ. ਨਾਲ ਕਰਵਾਈਆਂ ਗਈਆਂ। ਇਹ ਸ਼ੱਕ ਬੇਬੁਨਿਆਦ ਨਹੀਂ ਕਿ ਖਾਸ ਉਮੀਦਵਾਰਾਂ ਨੂੰ ਜਿਤਾਉਣ ਲਈ ਬਾਕੀ ਭ੍ਰਿਸ਼ਟ ਤਰੀਕਿਆਂ ਦੇ ਨਾਲ ਈ.ਵੀ.ਐਮ. ਜ਼ਰੀਏ ਧੋਖਾਧੜੀ ਵੀ ਕੁਝ ਨਾ ਕੁਝ ਭੂਮਿਕਾ ਨਿਭਾਉਂਦੀ ਹੈ। ਹਾਲਾਂਕਿ ਰਾਸ਼ਟਰਵਾਦੀ ਜਨੂੰਨ ਅਤੇ ਫਿਰਕੂ ਪਾਲਾਬੰਦੀ ਦੇ ਹਥਿਆਰਾਂ ਦੇ ਹੁੰਦਿਆਂ ਸੱਤਾਧਾਰੀ ਧਿਰ ਨੂੰ ਇਸ ਦੀ ਬਹੁਤੀ ਲੋੜ ਨਹੀਂ।

ਮੋਦੀ ਸਰਕਾਰ ਬਣਨ ਨਾਲ ਹਿੰਦੂਤਵ ਫਾਸ਼ੀਵਾਦ ਅਗਲੇ ਹਮਲਿਆਂ ਦੀ ਤਿਆਰੀ ਵਿਚ ਹੈ। ਹਕੀਕਤ ਵਿਚ ਉਸ ਭਾਸ਼ਨ ਤੋਂ ਉਲਟ ਵਾਪਰੇਗਾ ਜੋ ਮੋਦੀ ਨੇ 23 ਮਈ ਸ਼ਾਮ ਨੂੰ ਜਿੱਤ ਤੋਂ ਬਾਅਦ 'ਸਭ ਦਾ ਸਾਥ' ਦਾ ਦੰਭੀ ਇਕਰਾਰ ਕਰਦਿਆਂ ਪਰੋਸਿਆ। ਉਂਜ, ਅਜਿੱਤ ਜਾਪਦੇ ਫਾਸ਼ੀਵਾਦੀ ਰਾਜਾਂ ਦੀ ਉਮਰ ਲੰਮੀ ਨਹੀਂ ਹੁੰਦੀ, ਜਦਕਿ ਇਨ੍ਹਾਂ ਦੀ ਥੋੜ੍ਹਚਿਰੀ ਅਉਧ ਵੀ ਸਟੇਟ ਨੂੰ 'ਅੰਦਰਲੇ ਦੁਸ਼ਮਣਾਂ' ਦੀ ਨਸਲਕੁਸ਼ੀ ਕਰਨ ਵਾਲਾ ਖੌਫਨਾਕ ਸੰਦ ਬਣਾ ਦਿੰਦੀ ਹੈ।

---

## ਲੋਕ ਸਭਾ ਚੋਣਾਂ ਪਿਛੋਂ ਪੰਜਾਬ ਦੀ ਸਿਆਸਤ

*(ਪਿਛਲੇ ਸਫੇ ਦੀ ਬਾਕੀ)*

ਵਰਗੇ ਸਿੱਖ ਅਦਾਰਿਆਂ ਦੇ ਵਕਾਰ ਨੂੰ ਪਹਿਲਾਂ ਦੀ ਕਾਫੀ ਢਾਹ ਲੱਗ ਚੁੱਕੀ ਹੈ। ਸੰਘ ਪਰਿਵਾਰ ਦੇ ਦਬਾਅ ਹੇਠ ਨਾਨਕਸ਼ਾਹੀ ਕੈਲੰਡਰ ਬਦਲ ਦਿੱਤਾ ਗਿਆ। ਭਾਜਪਾ ਪਹਿਲੇ ਦਿਨ ਤੋਂ ਹੀ ਇਸ ਦਾ ਵਿਰੋਧ ਕਰ ਰਹੀ ਸੀ। ਇਨ੍ਹਾਂ ਸ਼ਕਤੀਆਂ ਦਾ ਅਗਲਾ ਨਿਸ਼ਾਨਾ ਦਹਾਕਿਆਂ ਤੋਂ ਚਲੀ ਆ ਰਹੀ ਪੰਥ ਪ੍ਰਵਾਨ ਸਿੱਖ ਰਹਿਤ ਮਰਯਾਦਾ ਬਦਲ ਕੇ ਸਿੱਖ ਡੇਰੇਦਾਰਾਂ ਵਲੋਂ ਅਪਣਾਈ ਜਾ ਰਹੀ ਮਰਯਾਦਾ ਲਾਗੂ ਕਰਵਾਉਣਾ ਹੈ। ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦਾ ਮੂਲ ਢਾਂਚਾ ਪਹਿਲਾਂ ਹੀ ਤਬਦੀਲ ਕੀਤਾ ਜਾਣਾ ਸ਼ੁਰੂ ਹੋ ਚੁੱਕਿਆ ਹੈ।

ਪਹਿਲਾਂ ਪੰਜਾਬ ਵਿਚ ਅਕਾਲੀ ਦਲ, ਭਾਜਪਾ ਦਾ ਏਜੰਡਾ ਤੈਅ ਕਰਦਾ ਸੀ ਪਰ ਹੁਣ ਭਾਜਪਾ ਅਕਾਲੀ ਦਲ ਦਾ ਏਜੰਡਾ ਮਿੱਥਣ ਲੱਗ ਪਈ ਹੈ। ਪੰਜਾਬ ਦੇ ਭਾਜਪਾ ਆਗੂਆਂ ਦਾ ਕੇਂਦਰੀ ਲੀਡਰਸ਼ਿਪ ਨਾਲ ਇਹ ਗਿਲਾ ਰਿਹਾ ਹੈ ਕਿ ਉਹ ਸੂਬੇ ਵਿਚ ਪਾਰਟੀ ਹਿੱਤਾਂ ਨੂੰ ਪਹਿਲ ਦੇਣ ਦੀ ਥਾਂ ਅਕਾਲੀ ਦਲ ਦੀ ਪਿਛਲੱਗ ਬਣੀ ਰਹੀ ਹੈ ਪਰ ਹੁਣ ਅਕਾਲੀ ਦਲ ਭਾਜਪਾ ਦਾ ਪਿਛਲੱਗ ਬਣ ਗਿਆ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਆਪਣੀ ਸਰਕਾਰ, ਮੰਤਰੀਆਂ ਅਤੇ ਵਿਧਾਇਕਾਂ ਉਤੇ ਲੱਗ ਰਹੇ ਭ੍ਰਿਸ਼ਟਾਚਾਰ, ਕੁਰੱਖਤ ਅਤੇ ਹੈਂਕੜਬਾਜ਼ ਹੋਣ ਦੇ ਦੋਸ਼ਾਂ ਨੂੰ ਧੋਣ ਲਈ ਕੀ ਕਾਰਵਾਈ ਕਰਦੇ ਹਨ ਭਾਵੇਂ ਅਕਾਲੀ ਦਲ ਚੋਣਾਂ ਵਿਚ ਇਨ੍ਹਾਂ ਮੁੱਦਿਆਂ ਉਤੇ ਸਿਆਸੀ ਲਾਹਾ ਲੈਣ ਵਿਚ ਕਾਮਯਾਬ ਨਹੀਂ ਹੋਇਆ।

# ਭਾਰਤ-ਪਾਕਿਸਤਾਨ ਵਪਾਰ ਮੁੜ ਲੀਹੇ ਪੈਣ ਦੀ ਉਮੀਦ

**ਅੰਮ੍ਰਿਤਸਰ :** ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਮਿਲੀ ਸ਼ਾਨਦਾਰ ਜਿੱਤ 'ਤੇ ਨਰਿੰਦਰ ਮੋਦੀ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਵਧਾਈ ਦੇਣ ਬਾਅਦ ਇਥੋਂ ਦੇ ਵਪਾਰੀਆਂ ਤੇ ਹੋਰਨਾਂ ਨੂੰ ਆਸ ਬੱਝੀ ਹੈ ਕਿ ਅਟਾਰੀ ਸਰਹੱਦ ਰਸਤੇ ਹੁੰਦਾ ਦੁਵੱਲਾ ਵਪਾਰ ਮੁੜ ਸ਼ੁਰੂ ਹੋ ਸਕੇਗਾ। ਪੁਲਵਾਮਾ ਹਮਲੇ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਪਾਕਿਸਤਾਨ ਖਿਲਾਫ ਕੀਤੀ ਕਾਰਵਾਈ ਤਹਿਤ ਪਾਕਿਸਤਾਨ ਤੋਂ ਹੁੰਦੀ ਦਰਾਮਦ ਉੱਤੇ ਦੋ ਸੌ ਫੀਸਦ ਕਸਟਮ ਡਿਊਟੀ ਕਰ ਦਿੱਤੀ ਗਈ ਸੀ, ਜਿਸ ਕਾਰਨ ਵਪਾਰ ਠੱਪ ਹੋ ਗਿਆ ਹੈ।

ਵਪਾਰ ਬੰਦ ਹੋਣ ਨਾਲ ਜਿੱਥੇ ਵਪਾਰੀ ਵਰਗ ਪ੍ਰਭਾਵਿਤ ਹੋਇਆ ਹੈ, ਉਥੇ ਵਪਾਰ ਨਾਲ ਜੁੜੇ ਟਰਾਂਸਪੋਟਰ ਅਤੇ ਕੁਲੀ ਵੀ ਪ੍ਰਭਾਵਿਤ ਹੋਏ ਹਨ। ਇਨ੍ਹਾਂ ਸਾਰਿਆਂ ਦਾ ਕੰਮ ਲਗਭਗ ਠੱਪ ਹੈ ਅਤੇ ਰੋਜ਼ੀ-ਰੋਟੀ ਦੇ ਲਾਲੇ ਪੈ ਗਏ ਹਨ। ਦੁਵੱਲੇ ਵਪਾਰ ਤਹਿਤ ਪਹਿਲਾਂ ਲਗਭਗ ਦੋਵੇਂ ਪਾਸੇ ਦੋ ਸੌ ਤੋਂ ਵੱਧ ਟਰੱਕਾਂ ਦੀ ਆਵਾਜਾਈ ਸੀ, ਜੋ ਹੁਣ ਘੱਟ ਗਈ ਹੈ ਅਤੇ ਹੁਣ ਲਗਭਗ 4 ਤੋਂ 5 ਟਰੱਕ ਮਾਲ ਹੀ ਆ ਜਾ ਰਿਹਾ ਹੈ। ਪਾਕਿਸਤਾਨ ਤੋਂ ਸੀਮਿੰਟ ਦੀ ਦਰਾਮਦ ਕਰਨ ਵਾਲੇ ਵਪਾਰੀ ਵਿਕਰਾਂਤ ਅਰੋੜਾ ਨੇ ਦੱਸਿਆ ਕਿ ਸਰਕਾਰ ਵਲੋਂ 14 ਫਰਵਰੀ ਨੂੰ ਆਦੇਸ਼ ਜਾਰੀ ਕਰਕੇ 200 ਫੀਸਦ ਕਸਟਮ ਡਿਊਟੀ ਕਰ ਦਿੱਤੀ ਗਈ ਸੀ। ਉਸ ਨੇ ਇਨ੍ਹਾਂ ਆਦੇਸ਼ਾਂ ਤੋਂ ਕੁੱਝ ਦਿਨ ਪਹਿਲਾਂ ਹੀ ਪਾਕਿਸਤਾਨ ਤੋਂ ਸੀਮਿੰਟ ਮੰਗਵਾਇਆ ਸੀ, ਜੋ ਕਸਟਮ ਡਿਊਟੀ ਵੱਧ ਜਾਣ ਕਾਰਨ ਅਟਾਰੀ ਸਰਹੱਦ 'ਤੇ ਫਸਿਆ ਹੋਇਆ ਹੈ। ਉਸ ਮੁਤਾਬਕ ਕਸਟਮ ਡਿਊਟੀ ਵਿਚ ਵਾਧਾ ਹੋਣ ਕਾਰਨ ਇਸ ਵੇਲੇ ਅਟਾਰੀ ਸਰਹੱਦ ਉੱਤੇ ਆਈ.ਸੀ.ਪੀ. 'ਤੇ ਲਗਭਗ 2.70 ਕਰੋੜ ਰੁਪਏ ਮੁੱਲ ਦੀਆਂ 90 ਹਜ਼ਾਰ ਸੀਮਿੰਟ ਦੀਆਂ ਬੋਰੀਆਂ ਪਈਆਂ ਹਨ। ਇਸੇ ਤਰ੍ਹਾਂ ਛੇ ਹਜ਼ਾਰ ਬੋਰੀ ਖਜੂਰਾਂ, 15 ਟਰੱਕ ਜਿਪਸਮ ਤੇ ਕੁੱਝ ਟਰੱਕ ਜੀਰੇ ਦੇ ਵੀ ਰੁਕੇ ਹੋਏ ਹਨ।

ਦਰਾਮਦਕਾਰ ਗੌਰਵ ਗੁਪਤਾ ਨੇ ਆਖਿਆ ਕਿ ਦੁਵੱਲਾ ਵਪਾਰ ਬੰਦ ਹੋਣ ਨਾਲ ਕਈ ਵਸਤਾਂ ਦੀਆਂ ਕੀਮਤਾਂ ਸਥਾਨਕ ਬਾਜ਼ਾਰ ਵਿਚ ਵੱਧ ਗਈਆਂ ਹਨ, ਇਸ ਵਿਚ ਸੀਮਿੰਟ, ਪਾਕਿਸਤਾਨੀ ਨਮਕ, ਜੀਰਾ, ਜਿਪਸਮ ਤੇ ਹੋਰ ਸ਼ਾਮਲ ਹਨ। ਕੁਲੀ ਗੁਰਸਾਹਿਬ ਸਿੰਘ ਨੇ ਦੱਸਿਆ ਕਿ ਸੈਂਕੜਿਆਂ ਦੀ ਗਿਣਤੀ ਵਿਚ ਇਥੇ ਕੰਮ ਕਰਦੇ ਕੁਲੀ ਬੇਰੁਜ਼ਗਾਰ ਹੋ ਗਏ ਹਨ। ਲਗਭਗ 1400 ਕੁਲੀ ਰਜਿਸਟਰਡ ਹਨ, ਜੋ ਕਿ ਦੁਵੱਲੇ ਵਪਾਰ ਤਹਿਤ ਆਉਣ ਜਾਣ ਵਾਲੇ ਮਾਲ ਦੀ ਢੋਆ ਢੁਆਈ ਕਰਕੇ ਆਪਣੇ ਪਰਿਵਾਰ ਦਾ ਪੇਟ ਪਾਲ ਰਹੇ ਸਨ। ਉਸ ਮੁਤਾਬਕ ਅਟਾਰੀ ਨਾਲ ਲੱਗਦੇ ਵਧੇਰੇ ਪਿੰਡਾਂ ਦੇ ਲੋਕਾਂ ਨੂੰ ਦੁਵੱਲੇ ਵਪਾਰ ਕਾਰਨ ਹੀ ਰੁਜ਼ਗਾਰ ਮਿਲਿਆ ਹੋਇਆ ਸੀ। ਟਰੱਕ ਯੂਨੀਅਨ ਦੇ ਆਗੂ ਸੁਬੇਗ ਸਿੰਘ ਨੇ ਵੀ ਉਮੀਦ ਪ੍ਰਗਟਾਈ ਹੈ ਕਿ ਜਲਦੀ ਦੋਵਾਂ ਦੇਸ਼ਾਂ ਵਿਚਾਲੇ ਰਿਸ਼ਤੇ ਆਮ ਵਾਂਗ ਹੋਣ ਅਤੇ ਦੁਵੱਲਾ ਵਪਾਰ ਮੁੜ ਤੋਂ ਚਾਲੂ ਹੋ ਸਕੇ।

# ਲਹਿੰਦੇ ਪੰਜਾਬ ਦੀ ਇਕ ਹੋਰ ਵੰਡ ਵਿਰੁੱਧ ਰੋਸ ਮੁਜ਼ਾਹਰੇ

**ਲਾਹੌਰ:** ਪੰਜਾਬ ਦੀ ਇਕ ਹੋਰ ਤਜਵੀਜ਼ਸ਼ੁਦਾ ਵੰਡ ਵਿਰੁੱਧ ਪੰਜਾਬੀ ਕਾਰਕੁਨਾਂ ਨੇ 'ਪੰਜਾਬੀ ਪ੍ਰਚਾਰ' ਦੇ ਬੈਨਰ ਥੱਲੇ ਲਾਹੌਰ ਪ੍ਰੈੱਸ ਕਲੱਬ ਦੇ ਸਾਹਮਣੇ ਰੋਸ ਮੁਜ਼ਾਹਰਾ ਕੀਤਾ। ਰੋਸ ਮੁਜ਼ਾਹਰੇ ਵਿਚ ਪਾਕਿਸਤਾਨ ਪੰਜਾਬੀ ਅਦਬੀ ਬੋਰਡ, ਦਿਲ ਦਰਿਆ ਪਾਕਿਸਤਾਨ, ਪੰਜਾਬੀ ਅਦਬੀ ਬੈਠਕ, ਪੰਜਾਬੀ ਖੋਜ ਘਰ, ਲੋਕਾਈ, ਪੰਜਾਬੀ ਅਦਬੀ ਸੰਗਤ, ਸਾਡਾ ਪੰਜਾਬ ਅਤੇ ਪਾਕਿਸਤਾਨ ਮਜ਼ਦੂਰ ਕਿਸਾਨ ਪਾਰਟੀ (ਪੰਜਾਬ) ਦੇ ਮੈਂਬਰ ਵੀ ਸ਼ਾਮਲ ਹੋਏ।




'ਡਾਅਨ' ਦੀ ਰਿਪੋਰਟ ਅਨੁਸਾਰ ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬੀ ਪ੍ਰਚਾਰ ਸੰਸਥਾ ਦੇ ਪ੍ਰਧਾਨ ਅਹਿਮਦ ਰਜ਼ਾ ਨੇ ਕਿਹਾ ਕਿ ਕੁਝ ਰਾਜਸੀ ਸ਼ਕਤੀਆਂ ਦੀ ਪੰਜਾਬ ਨੂੰ ਪ੍ਰਸ਼ਾਸਕੀ ਪੱਧਰ ਦੇ ਆਧਾਰ 'ਤੇ ਵੰਡਣ ਦੀ ਯੋਜਨਾ ਹੈ, ਜਿਥੋਂ ਤੱਕ ਪ੍ਰਸ਼ਾਸਨ ਦਾ ਸਬੰਧ ਹੈ, ਪੰਜਾਬ ਦਾ ਪ੍ਰਸ਼ਾਸਨ ਦੂਜੇ ਸੂਬਿਆਂ ਦੇ ਮੁਕਾਬਲੇ ਬਿਹਤਰ ਹੈ। ਉਨ੍ਹਾਂ ਕਿਹਾ ਕਿ ਸੂਬਿਆਂ ਵਿਚ ਸਾਧਨਾਂ ਦੀ ਬਰਾਬਰ ਵੰਡ ਕਰਨ ਦੀ ਥਾਂ ਪੰਜਾਬ ਨੂੰ ਵੰਡਣ ਦੀ ਇਹ ਗੰਭੀਰ ਸਾਜ਼ਿਸ਼ ਹੈ। ਕਵੀ ਮੁਸ਼ਤਾਕ ਸੂਫੀ ਨੇ ਕਿਹਾ ਕਿ ਪੰਜਾਬ ਦੀ ਭਾਸ਼ਾ ਨੂੰ ਵੰਡਣ ਲਈ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀ ਕਿਸੇ ਵੀ ਸਾਜ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਸਰਕਾਰ ਨੂੰ ਲੋਕਾਂ ਦੀਆਂ ਮੁਸ਼ਕਲਾਂ ਵਧਾਉਣ ਦੀ ਥਾਂ ਸਾਧਨ ਵਧਾਉਣੇ ਚਾਹੀਦੇ ਹਨ। ਕਵੀ ਬਾਬਾ ਨਜ਼ਮੀ ਨੇ ਕਿਹਾ ਕਿ ਪੰਜਾਬ ਆਪਣੀ ਕੌਮੀ ਪੱਧਰ ਦੇ ਬਰਾਬਰ ਪਛਾਣ ਰੱਖਦਾ ਹੈ ਅਤੇ ਇਸ ਪਛਾਣ ਨੂੰ ਖਤਮ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਮਾਤ ਭੂਮੀ ਦੀ ਤਰ੍ਹਾਂ ਹੈ ਅਤੇ ਇਸ ਦੀ ਵੰਡ ਦੀ ਕਿਸੇ ਵੀ ਕੀਮਤ ਉਤੇ ਆਗਿਆ ਨਹੀਂ ਦਿੱਤੀ ਜਾਵੇਗੀ। ਜੇ ਸਿੰਧ, ਪਖਤੂਨਵਾ ਅਤੇ ਬਲੋਚਿਸਤਾਨ ਨੂੰ ਉਥੋਂ ਦੇ ਵਾਸੀ ਪਵਿੱਤਰ ਧਰਤੀ ਦਾ ਦਰਜਾ ਦਿੰਦੇ ਹਨ ਤਾਂ ਫਿਰ ਪੰਜਾਬ ਨੂੰ ਇਹ ਦਰਜਾ ਕਿਉਂ ਨਹੀਂ ਦਿੱਤਾ ਜਾ ਸਕਦਾ। ਪ੍ਰੋਫੈਸਰ ਜਮੀਲ ਪਾਲ ਨੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿਰਫ ਪੰਜਾਬ ਵਿਚ ਪ੍ਰਸ਼ਾਸਨਿਕ ਕੁਸ਼ਲਤਾ ਦਾ ਬਹਾਨਾ ਬਣਾ ਕੇ ਵੰਡ ਦਾ ਆਧਾਰ ਬਣਾਉਣਾ ਮੰਦਭਾਗਾ ਹੈ ਅਤੇ ਦੂਜੇ ਸੂਬਿਆਂ ਵਿਚ ਵੀ ਅਜਿਹੀਆਂ ਹੀ ਸਮੱਸਿਆਵਾਂ ਹਨ ਤੇ ਸੰਘੀ ਸਰਕਾਰ ਨੂੰ ਸੂਬੇ ਨੂੰ ਵਧੇਰੇ ਸਾਧਨ ਮੁਹੱਈਆ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਨੇ ਲਾਹੌਰ ਅਤੇ ਦੱਖਣੀ ਪੰਜਾਬ ਵਿਚਲੀ ਦੂਰੀ ਨੂੰ ਸੂਬੇ ਦੀ ਵੰਡ ਦਾ ਆਧਾਰ ਬਣਾਉਣ ਦੇ ਤਰਕ ਨੂੰ ਰੱਦ ਕਰਦਿਆਂ ਕਿਹਾ ਕਿ ਕਰਾਚੀ ਅਤੇ ਘੋਟਕੀ ਵਿਚ ਵੀ ਲੰਬਾ ਫਾਸਲਾ ਹੈ।

# ਪਾਕਿਸਤਾਨ ਸਰਕਾਰ ਕਰਤਾਰਪੁਰ ਲਾਂਘੇ ਲਈ ਦੇਵੇਗੀ 54 ਕਰੋੜ

ਇਸਲਾਮਾਬਾਦ: ਪਾਕਿਸਤਾਨ ਦੀ ਸੰਘੀ ਜਾਂਚ ਏਜੰਸੀ (ਐਫ.ਆਈ.ਏ.) ਨੂੰ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਵਿਖੇ ਇਮੀਗ੍ਰੇਸ਼ਨ ਸਬੰਧੀ ਸੇਵਾਵਾਂ ਦੇਣ ਲਈ ਪਾਕਿਸਤਾਨ ਸਰਕਾਰ ਵਲੋਂ 53 ਕਰੋੜ 94 ਲੱਖ 15 ਹਜ਼ਾਰ 623 ਰੁਪਏ (ਭਾਰਤੀ ਕਰੰਸੀ ਮੁਤਾਬਿਕ 24.82 ਕਰੋੜ ਰੁਪਏ) ਦੇ ਫੰਡ ਨਵੰਬਰ 2019 ਤੋਂ ਪਹਿਲਾਂ-ਪਹਿਲਾਂ ਜਾਰੀ ਕੀਤੇ ਜਾਣਗੇ।

ਪਾਕਿ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਪੱਤਰ ਨੰਬਰ 2/ 23/ 2018 ਐਮ.ਐਮ.ਸੀ. 'ਚ ਸਕੱਤਰ ਮੇਜਰ (ਸੇਵਾ ਮੁਕਤ) ਆਜ਼ਮ ਸੁਲੇਮਾਨ ਖਾਨ ਵਲੋਂ ਉਕਤ ਸੂਚਨਾ ਇਸਲਾਮਾਬਾਦ ਸਥਿਤ ਪਾਕਿ ਦੇ ਵਿਦੇਸ਼ ਮੰਤਰਾਲੇ, ਸਥਾਪਨਾ ਵਿਭਾਗ ਅਤੇ ਵਿੱਤ ਮੰਤਰਾਲੇ ਦੇ ਸਕੱਤਰਾਂ ਲਈ ਜਾਰੀ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਐਫ.ਆਈ.ਏ. ਵਲੋਂ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਭਾਰਤ ਤੋਂ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ (ਕਰਤਾਰਪੁਰ ਸਾਹਿਬ) ਦੇ ਦਰਸ਼ਨਾਂ ਲਈ ਜਾਣ ਵਾਲੇ ਯਾਤਰੀਆਂ ਦੀ ਇਮੀਗ੍ਰੇਸ਼ਨ ਸਬੰਧੀ ਜਾਂਚ ਹਿੱਤ ਉਸਾਰੇ ਜਾ ਰਹੇ ਟਰਮੀਨਲ 'ਚ ਕੰਪਿਊਟਰ, ਕੈਮਰੇ, ਪਾਸਪੋਰਟ ਸਕੈਨਰ, ਪ੍ਰਿੰਟਰ, ਯੂ.ਪੀ.ਐਸ., ਏਅਰ ਕੰਡੀਸ਼ਨਰ, ਕੰਧ ਤੇ ਛੱਤ ਵਾਲੇ ਪੱਖੇ, ਜਨਰੇਟਰ, ਮਾਈਕ੍ਰੋਵੇਵ ਓਵਨ, ਸਾਫ ਪਾਣੀ ਵਾਲੇ ਕੂਲਰਾਂ ਸਮੇਤ ਐਫ.ਆਈ.ਏ. ਦੇ ਡਿਪਟੀ ਡਾਇਰੈਕਟਰ, ਸਹਾਇਕ ਡਾਇਰੈਕਟਰ, ਸਿਸਟਮ ਇੰਚਾਰਜ, ਇੰਸਪੈਕਟਰ, ਸਬ-ਇੰਸਪੈਕਟਰ, ਸਟੈਨੋ ਟਾਈਪਿਸਟ, ਟੈਕਨੀਕਲ ਸਹਾਇਕ, ਸਹਾਇਕ ਸਬ-ਇੰਸਪੈਕਟਰ, ਹੈੱਡ ਕਾਂਸਟੇਬਲ, ਕਾਂਸਟੇਬਲਾਂ ਤੇ ਹੋਰਨਾਂ ਕਰਮਚਾਰੀਆਂ ਦੀਆਂ ਤਨਖਾਹਾਂ ਆਦਿ ਲਈ 60 ਕਰੋੜ 94 ਲੱਖ 64 ਹਜ਼ਾਰ 958 ਰੁਪਏ (ਭਾਰਤੀ ਕਰੰਸੀ ਮੁਤਾਬਿਕ 28.05 ਕਰੋੜ) ਦੀ ਮੰਗ ਗਈ ਕੀਤੀ ਸੀ, ਜਦਕਿ ਪਾਕਿ ਸਰਕਾਰ ਵਲੋਂ 24.82 ਕਰੋੜ ਰੁਪਏ ਦੇਣੇ ਹੀ ਮਨਜ਼ੂਰ ਕੀਤੇ ਗਏ ਹਨ। ਇਸੇ ਪ੍ਰਕਾਰ ਐਫ.ਆਈ.ਏ. ਵਲੋਂ ਇਮੀਗ੍ਰੇਸ਼ਨ ਸਬੰਧੀ ਸੇਵਾਵਾਂ ਦੇਣ ਲਈ 284 ਨਵੇਂ ਕਰਮਚਾਰੀਆਂ ਦੀ ਨਿਯੁਕਤੀ ਦੀ ਮੰਗ ਰੱਖੀ ਗਈ ਸੀ, ਪਰ ਸਰਕਾਰ ਨੇ 217 ਕਰਮਚਾਰੀਆਂ ਦੀ ਨਿਯੁਕਤੀ ਦੀ ਹੀ ਮਨਜ਼ੂਰੀ ਦਿੱਤੀ ਹੈ।

ਪਾਕਿ ਦੀ ਫਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ (ਐਫ.ਡਬਲਿਊ.ਓ.) ਨੇ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਪ੍ਰਾਜੈਕਟ ਲਈ ਹੋਰ 622 ਏਕੜ ਜ਼ਮੀਨ ਹਾਸਲ ਕਰਨ ਦੀ ਯੋਜਨਾ ਬਣਾਈ ਹੈ। ਐਫ.ਡਬਲਿਊ.ਓ. 'ਡਿਵੈਲਪਮੈਂਟ ਆਫ ਕਰਤਾਰਪੁਰ ਕੋਰੀਡੋਰ' ਪ੍ਰਾਜੈਕਟ ਅਧੀਨ ਉਸਾਰੇ ਜਾ ਰਹੇ ਲਾਂਘੇ ਲਈ ਪਹਿਲਾਂ ਵੀ ਨਾਲ ਲਗਦੇ ਪਿੰਡਾਂ ਦੀ ਕਾਫੀ ਜ਼ਮੀਨ ਹਾਸਲ ਕਰ ਚੁੱਕਾ ਹੈ। ਉਕਤ ਭੂਮੀ 'ਚੋਂ 408 ਏਕੜ ਜ਼ਮੀਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅਤੇ 214 ਏਕੜ ਜ਼ਮੀਨ ਸੜਕਾਂ ਦੇ ਨਿਰਮਾਣ, ਪਾਰਕਿੰਗ ਤੇ ਬਾਰਡਰ ਟਰਮੀਨਲ ਲਈ ਵਰਤੋਂ 'ਚ ਲਿਆਂਦੀ ਜਾਵੇਗੀ। ਜਦਕਿ ਉਕਤ ਜ਼ਮੀਨ ਦੇ ਇਲਾਵਾ ਅਜੇ 871 ਏਕੜ ਜ਼ਮੀਨ ਭਵਿੱਖ ਦੇ ਹੋਰਨਾਂ ਪ੍ਰਾਜੈਕਟਾਂ ਲਈ ਲੋੜੀਂਦੀ ਹੈ।

# ਏਅਰ ਇੰਡੀਆ ਦੀਆਂ ਦਿੱਲੀ-ਅੰਮ੍ਰਿਤਸਰ ਉਡਾਣਾਂ ਦੀ ਗਿਣਤੀ ਵਧੇਗੀ

**ਨਵੀਂ ਦਿੱਲੀ:** ਕੌਮੀ ਹਵਾਬਾਜ਼ੀ ਕੰਪਨੀ ਏਅਰ ਇੰਡੀਆ ਨੇ ਘਰੇਲੂ ਤੇ ਕੌਮਾਂਤਰੀ ਮਾਰਗਾਂ 'ਤੇ ਨਵੀਆਂ ਉਡਾਣਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਏਅਰ ਇੰਡੀਆ ਨੇ ਕਿਹਾ ਕਿ ਮੁੰਬਈ-ਦੁਬਈ-ਮੁੰਬਈ ਮਾਰਗ 'ਤੇ ਪਹਿਲੀ ਜੂਨ ਤੋਂ ਹਫਤੇ ਵਿਚ 3,500 ਹੋਰ ਸੀਟਾਂ ਦੀ ਪੇਸ਼ਕਸ਼ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਦੋ ਜੂਨ ਤੋਂ ਦਿੱਲੀ-ਦੁਬਈ-ਦਿੱਲੀ ਮਾਰਗ 'ਤੇ ਹਫਤੇ ਵਿਚ 3,500 ਹੋਰ ਸੀਟਾਂ ਦੀ ਪੇਸ਼ਕਸ਼ ਕੀਤੀ ਜਾਵੇਗੀ। ਏਅਰ ਇੰਡੀਆ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਏਅਰਲਾਈਨ ਦਿੱਲੀ ਤੇ ਮੁੰਬਈ ਤੋਂ ਦੁਬਈ ਦੀ ਯਾਤਰਾ ਲਈ ਕਿਫਾਇਤੀ ਸ਼੍ਰੇਣੀ ਵਿਚ 7,777 ਰੁਪਏ (ਸਾਰੇ ਟੈਕਸ ਸਣੇ) ਦੇ ਕਿਰਾਏ ਦੀ ਪੇਸ਼ਕਸ਼ ਕਰੇਗੀ।

ਇਸ ਤਹਿਤ 31 ਜੁਲਾਈ, 2019 ਤੱਕ ਯਾਤਰਾ ਕੀਤੀ ਜਾ ਸਕਦੀ ਹੈ। ਏਅਰਲਾਈਨ ਨੇ ਕਿਹਾ ਹੈ ਕਿ ਘਰੇਲੂ ਮਾਰਗਾਂ ਵਿਚ ਭੋਪਾਲ-ਪੁਣੇ-ਭੋਪਾਲ ਰੂਟ ਤੇ ਵਾਰਾਨਸੀ-ਚੇਨੱਈ-ਵਾਰਾਨਸੀ ਮਾਰਗ 'ਤੇ ਪੰਜ ਜੂਨ ਤੋਂ ਨਵੀਆਂ ਉਡਾਣਾਂ ਸ਼ੁਰੂ ਕੀਤੀਆਂ ਜਾਣਗੀਆਂ।

ਬਿਆਨ ਵਿਚ ਕਿਹਾ ਗਿਆ ਹੈ ਕਿ ਦਿੱਲੀ-ਭੋਪਾਲ-ਦਿੱਲੀ ਮਾਰਗ 'ਤੇ ਹਫਤੇ 'ਚ ਉਡਾਣਾਂ ਦੀ ਗਿਣਤੀ 14 ਤੋਂ ਵਧਾ ਕੇ ਵੀਹ ਕੀਤੀ ਜਾਵੇਗੀ। ਇਸੇ ਤਰ੍ਹਾਂ ਦਿੱਲੀ-ਰਾਇਪੁਰ-ਦਿੱਲੀ ਮਾਰਗ 'ਤੇ ਹਫਤੇ 'ਚ ਮੌਜੂਦਾ ਸਮੇਂ ਆਉਂਦੀਆਂ ਉਡਾਣਾਂ ਦੀ ਗਿਣਤੀ ਸੱਤ ਤੋਂ ਵਧਾ ਕੇ 14 ਕੀਤੀ ਜਾਵੇਗੀ।

## ਅਦਾਲਤ ਨੇ ਸ਼ਰੀਫ ਤੋਂ ਪੁੱਛਗਿੱਛ ਦੀ ਇਜਾਜ਼ਤ ਦਿੱਤੀ

**ਇਸਲਾਮਾਬਾਦ:** ਪਾਕਿਸਤਾਨ ਦੀ ਇਕ ਅਦਾਲਤ ਨੇ ਦੇਸ਼ ਦੀ ਭ੍ਰਿਸ਼ਟਾਚਾਰ ਵਿਰੋਧੀ ਸੰਸਥਾ ਨੂੰ ਜੇਲ੍ਹ ਵਿਚ ਬੰਦ ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੋਂ ਪੁੱਛਗਿੱਛ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

# ਸਰਕਾਰੀ ਨੀਤੀਆਂ ਨੇ ਕੱਖੋਂ ਹੌਲੇ ਕੀਤੇ ਬਦਲਵੀਂ ਖੇਤੀ ਦੇ ਰਾਹ ਪਏ ਕਿਸਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਭਾਵੇਂ ਪਾਣੀ ਬਚਾਉਣ ਅਤੇ ਕਿਸਾਨਾਂ ਨੂੰ ਰਵਾਇਤੀ ਫਸਲੀ ਚੱਕਰ 'ਚੋਂ ਕੱਢਣ ਲਈ ਠੋਸ ਉਪਰਾਲੇ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਇਸ ਦੇ ਬਾਵਜੂਦ ਝੋਨੇ ਹੇਠਲਾ ਰਕਬਾ ਲਗਾਤਾਰ ਵਧ ਰਿਹਾ ਹੈ। ਅਜਿਹੇ ਹਾਲਾਤ ਵਿਚ ਲਗਾਤਾਰ ਡਿੱਗ ਰਿਹਾ ਧਰਤੀ ਹੇਠਲੇ ਪਾਣੀ ਦਾ ਪੱਧਰ ਗੰਭੀਰ ਚਿੰਤਾ ਦਾ ਵਿਸ਼ਾ ਹੈ। ਪਾਣੀ ਬਚਾਉਣ ਦੇ ਮਕਸਦ ਨੂੰ ਲੈ ਕੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੰਜਾਬ ਸਰਕਾਰ ਵੱਲੋਂ 13 ਜੂਨ ਤੋਂ ਪਹਿਲਾਂ ਝੋਨੇ ਲਗਾਉਣ 'ਤੇ ਪਾਬੰਦੀ ਲਗਾਈ ਗਈ ਹੈ ਪਰ ਕਿਸਾਨ ਜਥੇਬੰਦੀਆਂ ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰ ਰਹੀਆਂ ਹਨ।

ਪੰਜਾਬ ਸਰਕਾਰ ਦੇ 13 ਜੂਨ ਤੋਂ ਝੋਨਾ ਲਗਾਉਣ ਨਾਲ ਪਾਣੀ ਦੀ ਬੱਚਤ ਹੋਣ ਦੇ ਤਰਕ ਨਾਲ ਕਿਸਾਨ ਜਥੇਬੰਦੀਆਂ ਸਹਿਮਤ ਨਹੀਂ ਹਨ। ਪੰਜਾਬ 'ਚ ਨਰਮੇ ਦੇ ਦਿਨ ਹੁਣ ਲੱਦ ਗਏ ਹਨ ਜਿਸ ਲਈ ਕਿਸਾਨ ਕਸੂਰਵਾਰ ਨਹੀਂ ਹਨ। ਇਥੇ ਖੇਤੀ ਦੀ ਕੋਈ ਠੋਸ ਸਰਕਾਰੀ ਨੀਤੀ ਨਹੀਂ ਹੈ। ਨਰਮਾ-ਕਪਾਹ ਸਿਰਫ ਸਿਆਸੀ ਚਰਖੇ 'ਤੇ ਚੜ੍ਹਨ ਜੋਗਾ ਰਹਿ ਗਿਆ ਹੈ। ਖੇਤੀ ਮਹਿਕਮਾ ਸਿਰਫ ਅੰਕੜੇ ਦਾ ਜਾਦੂ ਦਿਖਾ ਰਿਹਾ ਹੈ। ਪੰਜਾਬ 'ਚ ਨਰਮਾ ਮਰ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਖਦੇ ਹਨ ਕਿ ਨਰਮੇ ਨੂੰ ਨਰਮ ਨਹੀਂ ਪੈਣ ਦੇਣਾ। ਕੈਪਟਨ ਅਮਰਿੰਦਰ ਸਿੰਘ ਜਦੋਂ ਨਰਮਾ ਪੱਟੀ 'ਚ ਆਉਂਦੇ ਹਨ, ਭਾਸ਼ਣ 'ਚ ਨਰਮੇ ਦੀਆਂ ਢੇਰੀਆਂ ਦੀ ਗੱਲ ਕਰਦੇ ਹਨ। ਜ਼ਿਲ੍ਹਾ ਖੇਤੀ ਅਫਸਰ ਸਿਰਫ ਸਰਕਾਰੀ ਬੀਨ ਵਜਾਉਂਦੇ ਹਨ ਪਰ ਕਿਸਾਨ ਨਰਮੇ ਨਾਲੋਂ ਟੁੱਟ ਰਿਹਾ ਹੈ।

ਕੋਈ ਵੇਲਾ ਸੀ ਜਦੋਂ ਪੰਜਾਬ 'ਚ ਨਰਮਾ ਕਿਸਾਨੀ ਦੇ ਹੱਡਾਂ 'ਚ ਸੀ। ਕੁਦਰਤ ਦੀ ਮਾਰ ਤੇ ਉਪਰੋਂ ਸਰਕਾਰ ਦਾ ਧਿਰਕਾਰ, ਇਹੋ ਵਜ੍ਹਾ ਹੈ ਕਿ ਕਿਸਾਨੀ ਨਰਮੇ ਤੋਂ ਦੂਰ ਹੋਣਾ ਸ਼ੁਰੂ ਹੋ ਗਈ। ਜਦੋਂ ਤੋਂ ਕਿਸਾਨ ਦਾ ਨਰਮੇ ਤੋਂ ਮੋਹ ਭੰਗ ਹੋਇਆ ਹੈ, ਕੁਦਰਤ ਨੂੰ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਧਰਤੀ ਹੇਠਲਾ ਪਾਣੀ ਡੂੰਘਾ ਹੋਇਆ ਹੈ, ਵੱਡੀ ਮਾਰ ਰੁਜ਼ਗਾਰ ਦੀ ਪਈ ਕਿਉਂਕਿ ਨਰਮਾ ਵੱਡਾ ਰੁਜ਼ਗਾਰ ਵੀ ਪੈਦਾ ਕਰਦਾ ਸੀ। ਕਿਸਾਨ ਕਦੇ ਨਰਮੇ ਦੀ ਫਸਲ ਦਾ ਸ਼ੁਦਾਈ ਸੀ, ਹੁਣ ਉਹ ਮਜਬੂਰੀ 'ਚ ਨਰਮੇ ਦੀ ਕਾਸ਼ਤ ਕਰਦਾ ਹੈ। ਪੰਜਾਬ 'ਚ ਸਭ ਤੋਂ ਵੱਧ ਬਠਿੰਡਾ, ਮਾਨਸਾ, ਮੁਕਤਸਰ ਤੇ ਫਾਜ਼ਿਲਕਾ ਵਿਚ ਕਰੀਬ 95 ਫੀਸਦੀ ਨਰਮਾ ਹੁੰਦਾ ਸੀ। ਪਿਛਲੇ ਵਰ੍ਹੇ ਰਕਬਾ ਘੱਟ ਕੇ 2.74 ਲੱਖ ਹੈਕਟੇਅਰ 'ਤੇ ਆ ਗਿਆ। ਉਸ ਤੋਂ ਪਹਿਲਾਂ 2.91 ਲੱਖ ਹੈਕਟੇਅਰ ਰਕਬਾ ਸੀ। ਕਦੇ ਪੰਜਾਬ ਵਿਚ ਸੱਤ ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਂਦ ਸੀ। ਜਦੋਂ ਦਾ ਬੀਟੀ ਨਰਮਾ ਆਇਆ ਤਾਂ ਉਦੋਂ ਠੁੰਮ੍ਹਣਾ ਮਿਲਿਆ ਸੀ। 2015-16 ਵਿਚ ਨਰਮੇ ਦੇ ਖੇਤ ਚਿੱਟੀ ਮੱਖੀ ਨੇ ਤਬਾਹ ਕਰ ਦਿੱਤੇ। ਇਵੇਂ ਮਿੱਲੀ ਬੱਗ ਦਾ ਹੱਲਾ ਕਿਸਾਨੀ ਨੂੰ ਝੱਲਣਾ ਪਿਆ। ਹੁਣ ਦੋ ਤਿੰਨ ਵਰ੍ਹਿਆਂ ਤੋਂ ਕਿਧਰੋਂ ਕੋਈ ਖਤਰਾ ਨਹੀਂ। ਐਤਕੀਂ ਤਾਂ ਨਰਮੇ ਦਾ ਭਾਅ ਵੀ 6300 ਰੁਪਏ ਪ੍ਰਤੀ ਕੁਇੰਟਲ ਤੱਕ ਚਲਾ ਗਿਆ। ਫਿਰ ਵੀ ਕਿਸਾਨ ਨਰਮੇ ਦੀ ਖੇਤੀ ਵੱਲ ਮੂੰਹ ਨਹੀਂ ਕਰ ਰਿਹਾ। ਚੋਣਾਂ ਵੇਲੇ ਨਰਮੇ ਵਾਲੀ ਕਿਸਾਨੀ ਦਾ ਚੇਤਾ ਆਉਂਦਾ ਹੈ, ਨੀਤੀ ਕੋਈ ਨਹੀਂ ਬਣਦੀ।



ਖੇਤੀ ਮਹਿਕਮੇ ਦੇ ਡਾਇਰੈਕਟਰ ਸੁਤੰਤਰ ਐਰੀ ਆਖਦੇ ਹਨ ਕਿ 3.39 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਂਦ ਹੋ ਚੁੱਕੀ ਹੈ ਅਤੇ ਚਾਰ ਲੱਖ ਦਾ ਟੀਚਾ ਦੋ ਹਫਤਿਆਂ ਵਿਚ ਪੂਰਾ ਹੋਣ ਦਾ ਅਨੁਮਾਨ ਹੈ। ਖੇਤੀ ਮਹਿਕਮੇ ਦੇ ਇਹ ਅਟਕਲ ਪੱਚੂ ਹਨ। ਖੇਤੀ ਮਹਿਕਮੇ ਉਹ ਪੈਮਾਨਾ ਦੱਸੇ ਜਿਸ ਨਾਲ ਰਕਬਾ ਕੱਢਿਆ ਜਾ ਰਿਹਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਖੇਤੀ ਅਫਸਰ ਅੱਜ ਤੱਕ ਕਿਸਾਨੀ ਦਾ ਭਰੋਸਾ ਨਹੀਂ ਜਿੱਤ ਸਕੇ। ਬਠਿੰਡਾ ਖਿੱਤੇ ਵਿਚ ਤਾਂ ਖੇਤੀ ਅਫਸਰਾਂ ਨੂੰ ਬੀਜ ਤੇ ਕੀਟਨਾਸ਼ਕ ਕੰਪਨੀਆਂ ਤੋਂ ਹੀ ਵਿਹਲ ਨਹੀਂ ਮਿਲਦੀ।

ਨਰਮਾ ਪੱਟੀ ਦੇ ਕਿੰਨੇ ਜ਼ਿਲ੍ਹਾ ਖੇਤੀ ਅਫਸਰ ਹਨ ਜੋ ਹਫਤੇ 'ਚੋਂ ਚਾਰ ਪੰਜ ਦਿਨ ਫੀਲਡ ਵਿਚ ਕਿਸਾਨਾਂ ਦੇ ਖੇਤਾਂ ਵਿਚ ਨਜ਼ਰ ਪੈਂਦੇ ਹਨ। ਨਰਮਾ ਪੱਟੀ ਵਿਚ ਐਤਕੀਂ ਬਾਰਸ਼ ਨੇ ਨਰਮਾ ਕਰੰਡ ਕਰ ਦਿੱਤਾ ਹੈ ਜਿਸ ਨਾਲ ਰਕਬਾ ਫਿਰ ਘਟੇਗਾ। ਪੰਜਾਬ ਖੇਤੀ 'ਵਰਸਿਟੀ ਕਿਸਾਨਾਂ ਨੂੰ ਬਾਸਮਤੀ ਦਾ ਰਕਬਾ ਨਾ ਵਧਾਉਣ ਦੀ ਅਪੀਲ ਕਰ ਰਹੀ ਹੈ ਜਦੋਂ ਕਿ ਕਿਸਾਨ ਅਣਸੁਣੀ ਕਰ ਰਹੇ ਹਨ। ਨਰਮੇ ਕਪਾਹ ਲਈ ਢੁਕਵਾਂ ਸਮਾਂ 15 ਅਪਰੈਲ ਤੋਂ 15 ਮਈ ਤੱਕ ਦਾ ਹੈ ਪਰ ਕਿਸਾਨਾਂ ਨੂੰ ਨਹਿਰੀ ਪਾਣੀ ਮਈ ਮਹੀਨੇ ਵਿਚ ਮਿਲਿਆ ਹੈ। ਪਾਵਰਕੌਮ ਨੇ ਬਿਜਲੀ ਸਪਲਾਈ ਐਤਕੀਂ ਬਹੁਤ ਦਿੱਤੀ ਪਰ ਧਰਤੀ ਹੇਠਲਾ ਪਾਣੀ ਨਰਮੇ ਲਈ ਮੁਆਫਕ ਨਹੀਂ ਹੈ। ਕੇਂਦਰ ਨੇ ਵੀ ਖੇਤੀ ਪ੍ਰਧਾਨ ਸੂਬਿਆਂ ਨੂੰ ਕਣਕ ਝੋਨੇ ਦੀ ਖੇਤੀ ਤੋਂ ਖ਼ਬਰਦਾਰ ਕੀਤਾ ਹੈ। ਕਦੋਂ ਤੱਕ ਸਰਕਾਰਾਂ ਡੰਗ ਟਪਾਈ ਕਰਨਗੀਆਂ। ਪੰਜਾਬ ਸਰਕਾਰ ਨੇ ਪਿਛਲੇ ਵਰ੍ਹਿਆਂ ਵਿਚ ਵੋਟਾਂ ਖਾਤਰ ਨਰਮਾ ਪੱਟੀ ਵਿਚ ਥੋਕ ਵਿਚ ਟਿਊਬਵੈਲ ਕੁਨੈਕਸ਼ਨ ਵੰਡੇ ਹਨ ਜਿਸ ਨਾਲ ਖੇਤੀ ਵਿਭਿੰਨਤਾ ਨੂੰ ਵੱਡੀ ਮਾਰ ਪਈ ਹੈ। ਜੇ ਇਹੀ ਹਾਲਾਤ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਮਾਲਵੇ 'ਚੋਂ ਕਪਾਹੀ ਦੇ ਫੁੱਲ ਕਿਤੇ ਨਹੀਂ ਲੱਭਣੇ।

ਮੁਕਤਸਰ ਦੇ ਹਰਿਆਣਾ ਨਾਲ ਲੱਗਦੇ ਕਸਬੇ ਲੰਬੀ ਤੋਂ ਲੈ ਕੇ ਅਤੇ ਅਬੋਹਰ ਤੇ ਫਾਜ਼ਿਲਕਾ ਖੇਤਰ ਦੇ ਰਾਜਸਥਾਨ ਨਾਲ ਲੱਗਦੀ ਕਰੀਬ 150 ਕਿਲੋਮੀਟਰ ਪੱਟੀ ਦੀ ਕਿੰਨੂਆਂ ਦੇ ਬਾਗਾਂ ਨੇ ਨੁਹਾਰ ਬਦਲ ਦਿੱਤੀ ਸੀ। ਪਿੰਡ ਬਾਦਲ ਤੋਂ ਲੈ ਕੇ ਦਾਨੇਵਾਲਾ, ਕਿੱਲਿਆਂਵਾਲੀ, ਮੌਜਗੜ੍ਹ, ਪੱਤਰੇਵਾਲਾ, ਕੱਲਰ ਖੇੜਾ, ਦੌਲਤ ਪੁਰਾ, ਟਾਹਲੀਵਾਲਾ ਜੱਟਾਂ 'ਚ ਬਾਗ ਹੀ ਬਾਗ ਦਿਖਾਈ ਦਿੰਦੇ ਹਨ। ਇਸੇ ਕਾਰਨ ਬਾਦਲ, ਟਾਹਲੀ ਵਾਲਾ ਜੱਟਾਂ ਅਤੇ ਅਬੋਹਰ ਖੇਤਰ ਨੂੰ 'ਸਿਟਰਸ ਸਟੇਟ' ਦਾ ਦਰਜਾ ਦਿੱਤਾ ਗਿਆ ਹੈ। ਕਿਸਾਨਾਂ ਨੇ ਰਵਾਇਤੀ ਫਸਲਾਂ ਛੱਡ ਕੇ ਕਿੰਨੂ ਦੇ ਨਾਲ ਮਾਲਟਾ, ਆੜੂ, ਬੱਗੂਗੋਸ਼ਾ, ਬੇਰ, ਸਟ੍ਰਾਅਬੈਰੀ, ਖਰਬੂਜ਼ੇ, ਮਤੀਰੇ ਤੇ ਸਬਜ਼ੀਆਂ ਵਗੈਰਾ ਦੀ ਖੇਤੀ ਸ਼ੁਰੂ ਕੀਤੀ ਪਰ ਜਿਵੇਂ-ਜਿਵੇਂ ਉਪਜ ਵਧਦੀ ਗਈ ਤਾਂ ਸਮੱਸਿਆਵਾਂ ਵੀ ਵਧਦੀਆਂ ਗਈਆਂ। ਕੁਝ ਕੁਦਰਤੀ ਤੇ ਕੁਝ ਮਨੁੱਖੀ ਗਲਤੀਆਂ ਨੇ ਅੱਜ ਬਾਗਾਂ ਦੀ ਹੋਂਦ ਤੇ ਬਾਗਬਾਨਾਂ ਦੀਆਂ ਉਮੀਦਾਂ ਨੂੰ ਖਤਮ ਕਰਨ ਦੇ ਕੰਢੇ ਪਹੁੰਚਾ ਦਿੱਤਾ ਹੈ।

# ਵਿਵਾਦਾਂ ਵਿਚ ਘਿਰੀ ਐਨੀਮੇਟਿਡ ਫਿਲਮ 'ਦਾਸਤਾਨ-ਏ-ਮੀਰੀ ਪੀਰੀ'

**ਅੰਮ੍ਰਿਤਸਰ:** ਸਿੱਖ ਧਾਰਮਿਕ ਐਨੀਮੇਟਿਡ ਫਿਲਮ 'ਦਾਸਤਾਨ-ਏ-ਮੀਰੀ ਪੀਰੀ' ਰਿਲੀਜ਼ ਹੋਣ ਤੋਂ ਪਹਿਲਾਂ ਹੀ ਵਿਵਾਦ ਵਿਚ ਘਿਰ ਗਈ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਸਬੰਧੀ ਆਈਆਂ ਸ਼ਿਕਾਇਤਾਂ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਉੱਚ ਪੱਧਰੀ ਕਮੇਟੀ ਬਣਾ ਕੇ ਇਸ ਦੀ ਘੋਖ ਕੀਤੀ ਜਾਵੇ। ਉਨ੍ਹਾਂ ਫਿਲਮਸਾਜ਼ਾਂ ਨੂੰ ਕਮੇਟੀ ਦੀ ਰਿਪੋਰਟ ਆਉਣ ਤੱਕ ਫਿਲਮ ਰਿਲੀਜ਼ ਨਾ ਕਰਨ ਲਈ ਆਖਿਆ ਹੈ। ਇਹ ਫਿਲਮ 5 ਜੂਨ ਨੂੰ ਰਿਲੀਜ਼ ਕੀਤੀ ਜਾਣੀ ਹੈ ਤੇ ਇਸ ਦਾ ਟਾਈਟਲ ਟਰੈਕ ਸੋਸ਼ਲ ਮੀਡੀਆ 'ਤੇ ਦਿਖਾਇਆ ਜਾ ਰਿਹਾ ਹੈ।




ਸ਼ਿਕਾਇਤਾਂ ਵਿਚ ਦੋਸ਼ ਲਾਇਆ ਗਿਆ ਹੈ ਕਿ ਫਿਲਮ ਦੇ ਨਿਰਮਾਤਾ ਵੱਲੋਂ ਐਨੀਮੇਟਿਡ ਫਿਲਮ ਵਿਚ ਛੇਵੇਂ ਗੁਰੂ ਨੂੰ ਦਿਖਾਇਆ ਹੈ, ਜੋ ਸਿੱਖ ਮਰਿਆਦਾ ਦੀ ਉਲੰਘਣਾ ਹੈ। ਇਸ ਸਬੰਧੀ ਅਕਾਲ ਤਖਤ ਦੇ ਸਕੱਤਰੇਤ ਤੋਂ ਨਿੱਜੀ ਸਹਾਇਕ ਜਸਪਾਲ ਸਿੰਘ ਵੱਲੋਂ ਜਾਰੀ ਕੀਤੇ ਗਏ ਬਿਆਨ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਫਿਲਮਸਾਜ਼ਾਂ ਨੂੰ ਆਖਿਆ ਕਿ ਫਿਲਮ ਰਿਲੀਜ਼ ਕਰਨ ਤੋਂ ਪਹਿਲਾਂ ਇਸ ਦੀ ਮਨਜ਼ੂਰੀ ਲੈਣ। ਉਨ੍ਹਾਂ ਕਿਹਾ ਕਿ ਫਿਲਮ ਸਬੰਧੀ ਵੱਡੀ ਪੱਧਰ 'ਤੇ ਸ਼ਿਕਾਇਤਾਂ ਆਈਆਂ ਹਨ, ਜਿਸ ਦੇ ਆਧਾਰ 'ਤੇ ਫਿਲਮ ਦੇ ਨਿਰਮਾਤਾ ਨਿਰਦੇਸ਼ਕ ਨੂੰ ਫਿਲਹਾਲ ਫਿਲਮ ਰਿਲੀਜ਼ ਨਾ ਕਰਨ ਬਾਰੇ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਵੀ ਆਖਿਆ ਕਿ ਉਹ ਇਕ ਉੱਚ ਪੱਧਰੀ ਜਾਂਚ ਟੀਮ ਬਣਾਉਣ, ਜੋ ਇਸ ਫਿਲਮ ਨੂੰ ਹਰ ਪੱਖ ਤੋਂ ਘੋਖਣ ਮਗਰੋਂ ਇਕ ਰਿਪੋਰਟ ਅਕਾਲ ਤਖਤ 'ਤੇ ਦੇਵੇ। ਰਿਪੋਰਟ ਨੂੰ ਦੇਖਣ ਮਗਰੋਂ ਹੀ ਫਿਲਮ ਨੂੰ ਮਾਨਤਾ ਸਬੰਧੀ ਕੋਈ ਅਗਲੀ ਕਾਰਵਾਈ ਹੋਵੇਗੀ। ਉਨ੍ਹਾਂ ਪ੍ਰਬੰਧਕਾਂ ਨੂੰ ਸੁਚੇਤ ਕੀਤਾ ਕਿ ਫਿਲਮ ਮਾਨਤਾ ਮਿਲਣ ਤੋਂ ਪਹਿਲਾਂ ਰਿਲੀਜ਼ ਨਾ ਕੀਤੀ ਜਾਵੇ। ਜੇਕਰ ਉਹ ਰਿਲੀਜ਼ ਕਰਦੇ ਹਨ ਅਤੇ ਕਿਸੇ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਣਗੇ।

# ਪੰਜਾਬੀ ਬੱਚੀਆਂ ਨੇ ਜਿੱਤਿਆ ਬਿਊਟੀ ਖਿਤਾਬ

**ਕੈਲਮਜ਼ੂ, ਮਿਸ਼ੀਗਨ (ਡੀ. ਐਸ. ਮਾਂਗਟ):** ਮਿਸ਼ੀਗਨ ਦੇ ਪੈਂਟੀਆਕ ਸ਼ਹਿਰ ਵਿਚ ਪਿਛਲੇ ਹਫਤੇ ਕਰਵਾਏ ਗਏ ਇਕ 'ਪ੍ਰੀ-ਟੀਨ ਮਿਸ਼ੀਗਨ ਇੰਟਰਨੈਸ਼ਨਲ ਬਿਊਟੀ ਪੀਜੈਂਟ' ਮੁਕਾਬਲੇ ਵਿਚ ਦੋ ਪੰਜਾਬੀ ਨੰਨੀਆਂ ਬੱਚੀਆਂ-ਸਮਰ ਕੌਰ ਤੇ ਸਾਨਾ ਕੌਰ ਨੇ ਜਿੱਤ ਕੇ ਇਹ ਖਿਤਾਬ ਆਪਣੇ ਨਾਂ ਕਰ ਲਿਆ ਹੈ। ਸਮਰ ਕੌਰ ਤੇ ਸਾਨਾ ਕੌਰ ਸਕੀਆਂ ਭੈਣਾਂ ਹਨ।



ਇਹ ਪ੍ਰੋਗਰਾਮ ਸ਼ੇਅਰ ਆਈ ਕਲਾਉਡ ਡਾਟ ਕਾਮ ਦੀ ਕਰਤਾ-ਧਰਤਾ ਅਮਾਂਡਾ ਲੀ ਵਲੋਂ ਹਰ ਸਾਲ ਵਾਂਗ 17 ਤੋਂ 22 ਮਈ ਤੱਕ ਫਲੈਟਸਟਾਰ ਆਡੋਟੋਰੀਅਮ ਵਿਚ ਕਰਵਾਇਆ ਗਿਆ, ਜਿਸ ਵਿਚ ਵੱਖ ਵੱਖ ਸ਼ਹਿਰਾਂ ਤੋਂ ਕਰੀਬ 40 ਬੱਚੀਆਂ ਨੇ ਹਿੱਸਾ ਲਿਆ। ਇਹ ਦੋਵੇਂ ਬੱਚੀਆਂ ਅਜੇ ਸਿਰਫ 10 ਅਤੇ 8 ਸਾਲ ਦੀਆਂ ਹਨ ਅਤੇ ਪੋਰਟੇਜ ਦੇ ਨਾਰਥ ਬ੍ਰਿਜ ਐਲੀਮੈਂਟਰੀ ਸਕੂਲ ਵਿਚ ਪੰਜਵੀਂ ਤੇ ਤੀਜੀ ਜਮਾਤ ਵਿਚ ਪੜ੍ਹਦੀਆਂ ਹਨ। ਇਨ੍ਹਾਂ ਦੇ ਮਾਤਾ-ਪਿਤਾ ਗੁਰਦੀਪ ਸਿੰਘ ਤੇ ਜਸਪ੍ਰੀਤ ਕੌਰ ਇਕ ਰੋਬੋਟ ਮੈਨੂਫੈਕਚਰਿੰਗ ਦਾ ਕਾਰੋਬਾਰ ਚਲਾਉਂਦੇ ਹਨ।

ਇਸ ਤੋਂ ਇਲਾਵਾ ਪਿਛਲੇ ਮਹੀਨੇ ਹੀ ਇਨ੍ਹਾਂ ਬੱਚੀਆਂ ਨੇ ਬਰਾਂਚ ਜਿਮਨਾਸਟਿਕਸ ਸੈਂਟਰ ਤੋਂ ਟਰੇਨਿੰਗ ਲੈ ਕੇ ਇਕ ਜਿਮਨਾਸਟਿਕਸ ਮੁਕਾਬਲਾ ਵੀ ਜਿੱਤਿਆ ਸੀ। ਇਸ ਦੇ ਨਾਲ ਉਹ ਘੋੜ ਸਵਾਰੀ (ਹੌਰਸ ਰਾਈਡਿੰਗ) ਦਾ ਵੀ ਸ਼ੌਕ ਰੱਖਦੀਆਂ ਹਨ ਤੇ ਐਵਰ ਸਟਰਾਈਡ ਸਕੂਲ ਤੋਂ ਟਰੇਨਿੰਗ ਲੈਂਦੀਆਂ ਹਨ। ਛੁੱਟੀ ਵਾਲੇ ਦਿਨ ਇਹ ਦੋਵੇਂ ਭੈਣਾਂ ਆਪਣੇ ਮਾਤਾ-ਪਿਤਾ ਨਾਲ ਰੋਬੋਟ ਕੰਮ ਵਿਚ ਹੱਥ ਵਟਾਉਂਦੀਆਂ ਹਨ। ਅਜਿਹਾ ਅੱਜ ਕੱਲ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ।

ਸਮਰ-ਸਾਨਾ ਵਲੋਂ ਬਿਊਟੀ ਪੀਜੈਂਟ ਜਿੱਤਣ ਪਿਛੋਂ ਉਨ੍ਹਾਂ ਦੇ ਮਾਤਾ-ਪਿਤਾ ਨੇ ਖੁਸ਼ੀ ਮਨਾਉਂਦਿਆਂ ਕਿਹਾ ਕਿ ਬੱਚੀਆਂ ਨੇ ਕੇਵਲ ਸਾਡਾ ਹੀ ਸਿਰ ਉਚਾ ਨਹੀਂ ਕੀਤਾ, ਸਗੋਂ ਪੰਜਾਬੀ ਭਾਈਚਾਰੇ ਦਾ ਨਾਂ ਵੀ ਰੌਸ਼ਨ ਕੀਤਾ ਹੈ। ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਪੰਜਾਬੀ ਭਾਈਚਾਰੇ ਨੂੰ ਵੀ ਇਹੋ ਜਿਹੇ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ ਤਾਂ ਕਿ ਨਵੀਂ ਪੀੜ੍ਹੀ ਦੇ ਬੱਚਿਆਂ ਵਿਚ ਉਤਸ਼ਾਹ ਪੈਦਾ ਹੋ ਸਕੇ।

ਸਮਰ-ਸਾਨਾ ਦਾ ਪ੍ਰਬੰਧਕਾਂ ਵਲੋਂ ਕਰਾਊਨ, ਸਰਟੀਫਿਕੇਟ ਅਤੇ ਬੁੱਕੇ ਦੇ ਕੇ ਸਨਮਾਨ ਕੀਤਾ ਗਿਆ, ਜੋ ਪਿਛਲੇ ਸਾਲ ਦੀ ਪੀਜੈਂਟ ਜਿੱਤਣ ਵਾਲੀ ਕੁਈਨ ਵਲੋਂ ਭੇਟ ਕੀਤਾ ਗਿਆ।

# ਸੁਪਰੀਮ ਕੋਰਟ ਦੇ ਚਾਰ ਨਵੇਂ ਜੱਜਾਂ ਨੇ ਹਲਫ ਲਿਆ

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਰੰਜਨ ਗੋਗੋਈ ਨੇ ਸੁਪਰੀਮ ਕੋਰਟ ਦੇ ਚਾਰ ਨਵੇਂ ਜੱਜਾਂ ਨੂੰ ਹਲਫ ਦਿਵਾਇਆ। ਇਨ੍ਹਾਂ ਨਵੀਆਂ ਨਿਯੁਕਤੀਆਂ ਨਾਲ ਸਿਖਰਲੀ ਅਦਾਲਤ ਵਿਚ ਨਫਰੀ ਪੂਰੀ ਹੋਣ ਦੇ ਨਾਲ ਕੁੱਲ ਜੱਜਾਂ ਦੀ ਗਿਣਤੀ 31 ਹੋ ਗਈ ਹੈ। ਚੀਫ ਜਸਟਿਸ ਗੋਗੋਈ ਨੇ ਜਸਟਿਸ ਬੀ.ਆਰ.ਗਵਈ, ਜਸਟਿਸ ਸੂਰਿਆ ਕਾਂਤ, ਜਸਟਿਸ ਅਨਿਰੁੱਧ ਬੋਸ ਤੇ ਜਸਟਿਸ ਏ.ਐਸ.ਬੋਪੰਨਾ ਨੂੰ, ਸਿਖਰਲੀ ਅਦਾਲਤ ਦੇ ਹੋਰਨਾਂ ਜੱਜਾਂ ਦੀ ਮੌਜੂਦਗੀ ਵਿਚ, ਕੋਰਟ ਨੰਬਰ ਇਕ ਵਿਚ ਅਹੁਦੇ ਦੀ ਸਹੁੰ ਚੁਕਾਈ।

ਸੁਪਰੀਮ ਕੋਰਟ ਦੀ 31 ਜੱਜਾਂ ਦੀ ਨਫਰੀ ਵਿਚ ਤਿੰਨ ਮਹਿਲਾ ਜੱਜ- ਜਸਟਿਸ ਆਰ. ਭਾਨੂਮਤੀ, ਜਸਟਿਸ ਇੰਦੂ ਮਲਹੋਤਰਾ ਤੇ ਜਸਟਿਸ ਇੰਦਰਾ ਬੈਨਰਜੀ ਵੀ ਸ਼ਾਮਲ ਹਨ। ਜਸਟਿਸ ਮਲਹੋਤਰਾ ਤੇ ਬੈਨਰਜੀ, ਚੀਫ ਜਸਟਿਸ ਰੰਜਨ ਗੋਗੋਈ ਨੂੰ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਕਲੀਨ ਚਿੱਟ ਦੇਣ ਵਾਲੀ ਸੁਪਰੀਮ ਕੋਰਟ ਦੀ ਜਸਟਿਸ ਐਸ.ਏ.ਬੋਬੜੇ ਦੀ ਅਗਵਾਈ ਵਾਲੀ ਅੰਦਰੂਨੀ ਜਾਂਚ ਕਮੇਟੀ ਵਿਚ ਸ਼ਾਮਲ ਸਨ। ਸਿਖਰਲੀ ਅਦਾਲਤ, ਜੋ ਪਹਿਲਾਂ ਚੀਫ ਜਸਟਿਸ ਸਮੇਤ 27 ਜੱਜਾਂ ਨਾਲ ਕੰਮ ਚਲਾ ਰਹੀ ਸੀ, ਦੀ ਕੁੱਲ ਨਫਰੀ ਹੁਣ ਪੂਰੀ ਹੋ ਗਈ ਹੈ। ਸਾਲ 2008 ਵਿਚ ਸੰਸਦ ਨੇ ਸੁਪਰੀਮ ਕੋਰਟ ਦੇ ਜੱਜਾਂ ਦੀ ਗਿਣਤੀ 26 ਤੋਂ ਵਧਾ ਕੇ 31 ਕੀਤੀ ਸੀ। ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਜੱਜਾਂ ਦੀ ਨਿਯੁਕਤੀ ਸਬੰਧੀ ਵਾਰੰਟ 'ਤੇ ਸਹੀ ਪਾ ਦਿੱਤੀ ਸੀ। ਨਵੀਂ ਨਿਯੁਕਤੀ ਤੋਂ ਪਹਿਲਾਂ ਜਸਟਿਸ ਗਵਈ, ਜਸਟਿਸ ਕਾਂਤ, ਜਸਟਿਸ ਬੋਸ ਤੇ ਜਸਟਿਸ ਬੋਪੰਨਾ ਕ੍ਰਮਵਾਰ ਬੰਬੇ ਹਾਈ ਕੋਰਟ, ਹਿਮਾਚਲ ਪ੍ਰਦੇਸ਼ ਹਾਈ ਕੋਰਟ, ਝਾਰਖੰਡ ਹਾਈ ਕੋਰਟ ਤੇ ਗੁਹਾਟੀ ਹਾਈ ਕੋਰਟ 'ਚ ਚੀਫ ਜਸਟਿਸ ਵਜੋਂ ਸੇਵਾਵਾਂ ਨਿਭਾ ਰਹੇ ਸਨ।

# ਚਾਰ ਸਾਲਾ ਵਿਦਿਆਰਥਣ ਨਾਲ ਵੈਨ ਕੰਡਕਟਰ ਵੱਲੋਂ ਜਬਰ ਜਨਾਹ

**ਧੂਰੀ:** ਸ਼ਹਿਰ ਦੇ ਰਜਵਾਹੇ ਕੰਢੇ ਸਥਿਤ ਇਕ ਨਿੱਜੀ ਸਕੂਲ ਵਿਚ ਪੜ੍ਹਦੀ ਚਾਰ ਸਾਲਾ ਬੱਚੀ ਨਾਲ ਸਕੂਲ ਦੇ ਵੈਨ ਕੰਡਕਟਰ ਨੇ ਜਬਰ ਜਨਾਹ ਕੀਤਾ। ਮੁਲਜ਼ਮ ਕੰਡਕਟਰ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਪੀੜਤ ਬੱਚੀ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਦਰਜ ਕੀਤੇ ਗਏ ਕੇਸ ਅਨੁਸਾਰ ਉਸ ਦੀ ਪਤਨੀ ਲੰਘੇ ਦਿਨ ਸਨਿਚਰਵਾਰ ਨੂੰ ਆਪਣੀ ਬੱਚੀ ਨਾਲ ਸਕੂਲ ਵਿਚ ਸਵੇਰੇ 11 ਵਜੇ ਮਾਪੇ-ਅਧਿਆਪਕ ਮੀਟਿੰਗ 'ਤੇ ਗਈ ਸੀ। ਉਥੇ ਉਹ ਕਰੀਬ 1 ਵਜੇ ਤੱਕ ਰਹੇ ਸੀ। ਜਦ ਉਹ ਘਰ ਵਾਪਸ ਆਏ ਤਾਂ ਬੱਚੀ ਨੇ ਆਪਣੀ ਮਾਂ ਨੂੰ ਪੇਟ 'ਚ ਦਰਦ ਹੋਣ ਦੀ ਗੱਲ ਕਹੀ।

ਉਹ ਬੱਚੀ ਨੂੰ ਇਲਾਜ ਲਈ ਸਿਵਲ ਹਸਪਤਾਲ ਲੈ ਗਏ ਸੀ, ਜਿਥੇ ਡਾਕਟਰ ਵੱਲੋਂ ਦਵਾਈ ਦੇਣ ਮਗਰੋਂ ਵਾਪਸ ਘਰ ਆ ਗਏ। ਮੁੜ ਲੜਕੀ ਦੇ ਪੇਟ ਦਰਦ ਹੋਣ 'ਤੇ ਪਰਿਵਾਰ ਵੱਲੋਂ ਪੁੱਛਣ ਉਤੇ ਬੱਚੀ ਨੇ ਆਪਣੇ ਵਾਪਰੀ ਘਟਨਾ ਦੱਸੀ। ਪੀੜਤ ਬੱਚੀ ਦੇ ਦੱਸਣ ਮੁਤਾਬਕ ਮੀਟਿੰਗ ਦੌਰਾਨ ਸਕੂਲ ਦਾ ਕੰਡਕਟਰ ਉਸ ਨੂੰ ਰੈਸਟ ਰੂਮ ਵਿਚ ਲੈ ਗਿਆ ਸੀ, ਜਿਥੇ ਉਸ ਨੇ ਉਸ ਨਾਲ ਗਲਤ ਕੰਮ ਕੀਤਾ। ਪੀੜਤਾ ਦੇ ਮਾਪਿਆਂ ਵੱਲੋਂ ਲੜਕੀ ਨੂੰ ਮੁੜ ਤੋਂ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿਥੇ ਪੁਲਿਸ ਵੱਲੋਂ ਪੀੜਤਾ ਦੇ ਪਿਤਾ ਦੇ ਬਿਆਨਾਂ ਮਗਰੋਂ ਮੁਲਜ਼ਮ ਕੰਡਕਟਰ ਕਮਲ ਖਿਲਾਫ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਭਾਰਤ ਨੇ ਇਰਾਨ ਤੋਂ ਕੱਚਾ ਤੇਲ ਖਰੀਦਣਾ ਬੰਦ ਕੀਤਾ

**ਵਾਸ਼ਿੰਗਟਨ:** ਅਮਰੀਕਾ ਦੀਆਂ ਪਾਬੰਦੀਆਂ ਤੋਂ ਮਿਲੀ ਛੋਟ ਦੀ ਮਿਆਦ ਇਸ ਮਹੀਨੇ ਦੇ ਸ਼ੁਰੂ 'ਚ ਖਤਮ ਹੋਣ ਪਿਛੋਂ ਭਾਰਤ ਨੇ ਇਰਾਨ ਤੋਂ ਕੱਚਾ ਤੇਲ ਖਰੀਦਣਾ ਬੰਦ ਕਰ ਦਿੱਤਾ ਹੈ। ਅਮਰੀਕਾ 'ਚ ਭਾਰਤ ਦੇ ਦੂਤ ਨੇ ਇਹ ਜਾਣਕਾਰੀ ਦਿੱਤੀ। ਇਸ ਕਦਮ ਪਿਛੋਂ ਭਾਰਤ ਉਨ੍ਹਾਂ ਦੇਸ਼ਾਂ ਦੀ ਸੂਚੀ 'ਚ ਸ਼ਾਮਲ ਹੋ ਗਿਆ ਹੈ ਜਿਸ ਨੇ ਇਰਾਨ ਤੋਂ ਕੱਚਾ ਤੇਲ ਖਰੀਦਣਾ ਬੰਦ ਕੀਤਾ ਹੈ। ਭਾਰਤ ਨੇ ਦੱਸਿਆ ਕਿ ਉਸ ਨੇ ਵੈਨੇਜ਼ੁਏਲਾ ਤੋਂ ਵੀ ਕੱਚੇ ਤੇਲ ਦੀ ਖਰੀਦ ਬੰਦ ਕਰ ਦਿੱਤੀ ਹੈ। ਅਮਰੀਕਾ ਨੇ ਇਰਾਨ ਨਾਲ ਪਰਮਾਣੂ ਸਮਝੌਤੇ ਤੋਂ ਖੁਦ ਨੂੰ ਵੱਖ ਕਰਨ ਤੋਂ ਬਾਅਦ ਉਸ ਖਿਲਾਫ ਕਈ ਵਿੱਤੀ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਸੀ। ਹਾਲਾਂਕਿ ਉਸ ਨੇ ਅੱਠ ਦੇਸ਼ਾਂ ਨੂੰ ਇਰਾਨ ਤੋਂ ਕੱਚਾ ਤੇਲ ਖਰੀਦਣ ਲਈ ਪਾਬੰਦੀਆਂ ਤੋਂ ਛੋਟ ਦਿੱਤੀ ਸੀ। ਇਸ ਛੋਟ ਦੀ ਮਿਆਦ ਮਈ ਮਹੀਨੇ ਦੀ ਸ਼ੁਰੂਆਤ 'ਚ ਖਤਮ ਹੋ ਗਈ।

## ਅਮਰੀਕੀ ਸਰਹੱਦ ਟਪਾਉਂਦਾ ਪੰਜਾਬੀ ਕਾਬੂ

**ਨਿਊ ਯਾਰਕ:** ਇਥੇ ਇਕ ਭਾਰਤੀ 'ਤੇ ਗੈਰ ਕਾਨੂੰਨੀ ਪਰਵਾਸੀਆਂ ਨੂੰ ਕੈਨੇਡਾ ਤੋਂ ਅਮਰੀਕਾ ਭੇਜਣ ਦਾ ਦੋਸ਼ ਲੱਗਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜਸਵੰਤ ਸਿੰਘ (30) ਨੂੰ ਸਰਹੱਦੀ ਗਸ਼ਤ ਏਜੰਟ ਵੱਲੋਂ ਕਸਟਮ ਤੇ ਸਰਹੱਦ ਰੱਖਿਆ ਏਜੰਸੀ ਦੀ ਮਦਦ ਨਾਲ ਫੜਿਆ ਗਿਆ ਹੈ। ਸੰਘੀ ਵਕੀਲ ਨੇ ਦੱਸਿਆ ਕਿ ਜਸਵੰਤ ਸਿੰਘ 'ਤੇ 2200 ਡਾਲਰ ਲੈ ਕੇ ਦੋ ਗੈਰ ਕਾਨੂੰਨੀ ਪਰਵਾਸੀਆਂ ਨੂੰ ਅਮਰੀਕਾ ਭੇਜਣ ਦਾ ਦੋਸ਼ ਹੈ। ਉਨ੍ਹਾਂ ਦੱਸਿਆ ਕਿ ਹੈਲੀਕਾਪਟਰ ਰਾਹੀਂ ਗਸ਼ਤ ਕਰ ਰਹੇ ਸਰਹੱਦ ਸੁਰੱਖਿਆ ਏਜੰਸੀ ਨੇ ਸੇਂਟ ਲਾਰੈਂਸ ਨਦੀ ਰਾਹੀਂ ਸੈਂਕੜੇ ਲੋਕਾਂ ਤੇ ਇਕ ਵਾਹਨ ਨੂੰ ਅਮਰੀਕਾ ਅੰਦਰ ਦਾਖਲ ਹੁੰਦੇ ਦੇਖਿਆ ਤਾਂ ਉਨ੍ਹਾਂ ਤੁਰਤ ਕਾਰਵਾਈ ਕਰਦਿਆਂ ਵਾਹਨ ਨੂੰ ਰੋਕ ਦੇ ਜਸਵੰਤ ਸਿੰਘ ਨੂੰ ਫੜ ਲਿਆ।

## ਨੇਪਾਲ ਪੁਲਿਸ ਨਾਲ ਮੁਕਾਬਲੇ 'ਚ ਸੱਤ ਭਾਰਤੀ ਗ੍ਰਿਫਤਾਰ

**ਕਾਠਮੰਡੂ:** ਨੇਪਾਲ ਪੁਲਿਸ ਨਾਲ ਇਕ ਮੰਦਰ ਨੇੜੇ ਹੋਏ ਮੁਕਾਬਲੇ ਮਗਰੋਂ ਸੱਤ ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਫੜੇ ਗਏ ਬਿਹਾਰ ਦੇ ਸਮਸਤੀਪੁਰ ਜ਼ਿਲ੍ਹੇ ਨਾਲ ਸਬੰਧਤ ਹਨ। ਇਹ ਸਾਰੇ ਬਿਹਾਰ ਦੇ ਜਨਕਪੁਰ ਨੇੜੇ ਕੁੰਡਾ ਮੰਦਰ ਵਿਚ ਲੁੱਟ ਦੇ ਇਰਾਦੇ ਨਾਲ ਇਕੱਠੇ ਹੋਏ ਸਨ। ਪੁਲਿਸ ਨੇ ਇਨ੍ਹਾਂ ਕੋਲੋਂ ਅਸਲਾ ਵੀ ਬਰਾਮਦ ਕੀਤਾ ਹੈ।

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

**ਪੰਜਾਬੀ ਢਾਬਾ**

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

ਫੋਨ: 317-750-1900

# ਲੈਨਸਿੰਗ ਵਿਚ ਸਜਿਆ ਮਹਾਨ ਨਗਰ ਕੀਰਤਨ

**ਲੈਨਸਿੰਗ, ਮਿਸ਼ੀਗਨ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ ਦੀਆਂ ਸੰਗਤਾਂ ਦੇ ਉਦਮ ਨਾਲ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਾਲਾਨਾ ਮਹਾਨ ਨਗਰ ਕੀਰਤਨ ਲੰਘੀ 11 ਮਈ ਨੂੰ ਸਜਾਇਆ ਗਿਆ, ਜਿਸ ਵਿਚ ਮਿਸ਼ੀਗਨ ਦੇ ਵੱਖ ਵੱਖ ਸ਼ਹਿਰਾਂ-ਡਿਟਰਾਇਟ, ਗਰੈਂਡ ਰੈਪਿਡਜ਼, ਮਸਕੀਗਨ, ਜੈਕਸਨ, ਫਲਿੰਟ, ਸਾਗੀਨਾਅ, ਕੈਲਮਜ਼ੂ, ਬੈਟਲ ਕਰੀਕ ਤੇ ਬੈਂਟਨ ਹਾਰਬਰ ਤੋਂ ਇਲਾਵਾ ਸ਼ਿਕਾਗੋ, ਕਰਾਊਨ ਪੁਆਇੰਟ, ਇੰਡੀਅਨਐਪੋਲਿਸ, ਸਾਊਥਬੈਂਡ, ਮਿਲਵਾਕੀ ਅਤੇ ਹੋਰ ਦੂਰ-ਨੇੜੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਇੰਡੀਆਨਾ ਤੇ ਮਿਸ਼ੀਗਨ, ਖਾਸ ਕਰ ਡਿਟਰਾਇਟ ਏਰੀਏ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਪਹੁੰਚੀਆਂ ਹੋਈਆਂ ਸਨ। ਮੌਸਮ ਖੁਸ਼ਗਵਾਰ ਹੋਣ ਕਰਕੇ ਇਸ ਵਾਰ ਸੰਗਤਾਂ ਦੀ ਗਿਣਤੀ ਪਿਛਲੇ ਸਾਲਾਂ ਨਾਲੋਂ ਕਿਤੇ ਵੱਧ ਸੀ।







ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦੇ ਭੋਗ ਉਪਰੰਤ ਸੰਗਤਾਂ ਅਡੈਡੋ ਰਿਵਰਫਰੰਟ ਪਾਰਕ ਵਿਚ ਇਕੱਤਰ ਹੋਈਆਂ ਜਿੱਥੋਂ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਜੋ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਨਾਲ ਅਰੰਭ ਹੋਇਆ। ਸਭ ਤੋਂ ਅੱਗੇ ਪੰਜ ਪਿਆਰੇ ਆਪਣੇ ਰਵਾਇਤੀ ਬਾਣੇ ਵਿਚ ਚੱਲ ਰਹੇ ਸਨ। ਗੁਰੂ ਮਹਾਰਾਜ ਦੀ ਸਵਾਰੀ ਦੇ ਪਿਛੇ ਪਿਛੇ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਚੱਲ ਰਹੀਆਂ ਸਨ।









ਨਗਰ ਕੀਰਤਨ ਆਪਣੇ ਮਿਥੇ ਹੋਏ ਰੂਟ 'ਤੇ ਚਲਦਾ ਵਾਪਸ ਅਡੈਡੋ ਰਿਵਰਫਰੰਟ ਪਾਰਕ ਆ ਕੇ ਸਮਾਪਤ ਹੋਇਆ ਜਿਥੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਧਨਵੰਤ ਸਿੰਘ ਤੇ ਭਾਈ ਸ਼ਰਨਜੀਤ ਸਿੰਘ ਅਤੇ ਫਲਿੰਟ ਤੋਂ ਭਾਈ ਖੇਮ ਸਿੰਘ ਤੇ ਭਾਈ ਗੁਰਜੀਤ ਸਿੰਘ ਦੇ ਜਥੇ ਤੋਂ ਇਲਾਵਾ ਪੰਥ ਪ੍ਰਸਿਧ ਕੀਰਤਨੀਏ, ਕਥਾਵਾਚਕ ਅਤੇ ਭਾਈ ਹਰਮੇਲ ਸਿੰਘ ਖੁਸ਼ਦਿਲ ਦੇ ਢਾਡੀ ਜਥੇ ਨੇ ਸੰਗਤਾਂ ਨੂੰ ਬੀਰ ਰਸੀ ਵਾਰਾਂ ਰਾਹੀਂ ਸਿੱਖ ਇਤਿਹਾਸ ਸਰਵਣ ਕਰਵਾਇਆ।

ਨਗਰ ਕੀਰਤਨ ਤੋਂ ਬਾਅਦ ਲਾਈ ਗਈ ਸਟੇਜ ਤੋਂ ਵਿਸ਼ੇਸ਼ ਮਹਿਮਾਨ ਭਾਰਤੀ ਕੌਂਸਲ ਜਨਰਲ, ਸ਼ਿਕਾਗੋ ਸੁਧਾਕਰ ਦਲੇਲਾ ਨੇ ਸਿੱਖ ਭਾਈਚਾਰੇ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਭਾਰਤੀ ਕੌਂਸਲਖਾਨੇ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਦਾ ਜ਼ਿਕਰ ਕਰਦਿਆਂ ਭਾਰਤੀਆਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਸਿੱਖ ਭਾਈਚਾਰੇ ਦੇ ਮਿਹਨਤੀ ਸੁਭਾਅ ਦੀ ਤਾਰੀਫ ਕਰਦਿਆਂ ਉਨ੍ਹਾਂ ਵਲੋਂ ਅਮਰੀਕਾ ਵਿਚ ਮਾਰੀਆਂ ਮੱਲਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਮਿਸ਼ੀਗਨ ਸਟੇਟ ਦੇ ਸੈਨੇਟਰ ਰਿਕ ਜੌਹਨ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਸਿੱਖ ਭਾਈਚਾਰੇ ਵਲੋਂ ਮਿਸ਼ੀਗਨ ਦੇ ਵਿਕਾਸ ਵਿਚ ਪਾਏ ਗਏ ਯੋਗਦਾਨ ਦੀ ਉਚੇਚੀ ਪ੍ਰਸ਼ੰਸਾ ਕੀਤੀ।







ਇਸ ਮੌਕੇ ਪ੍ਰਬੰਧਕਾਂ ਨੇ ਸੰਗਤਾਂ ਨੂੰ ਦੱਸਿਆ ਕਿ ਗੁਰੂ ਘਰ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਕੰਮ ਜਲਦ ਹੀ ਸ਼ੁਰੂ ਹੋਣ ਵਾਲਾ ਹੈ। 10,000 ਸਕੁਏਅਰ ਫੁੱਟ ਤੋਂ ਵੱਧ ਜਗ੍ਹਾ ਵਾਲੀ ਇਸ ਇਮਾਰਤ ਲਈ ਉਨ੍ਹਾਂ ਸਮੂਹ ਸੰਗਤਾਂ ਨੂੰ ਆਪਣੀ ਕਿਰਤ ਕਮਾਈ ਵਿਚੋਂ ਵੱਧ ਤੋਂ ਵੱਧ ਦਸਵੰਧ ਕੱਢਣ ਦੀ ਅਪੀਲ ਕੀਤੀ। ਪ੍ਰਬੰਧਕਾਂ ਨੇ ਦੂਰੋਂ-ਨੇੜਿਓਂ ਆਈਆਂ ਸੰਗਤਾਂ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਦਾ ਧੰਨਵਾਦ ਕੀਤਾ।

ਇਕ ਸਭਿਆਚਾਰਕ ਪ੍ਰੋਗਰਾਮ ਵੀ ਹੋਇਆ ਜਿਸ ਵਿਚ ਗਾਇਕ ਗਿੱਲ ਹਰਦੀਪ ਅਤੇ ਮੱਖਣ ਬਰਾੜ ਨੇ ਆਪਣੇ ਸਭਿਆਚਾਰਕ ਗੀਤਾਂ ਰਾਹੀਂ ਸੰਗਤਾਂ ਦਾ ਭਰਪੂਰ ਮਨੋਰੰਜਨ ਕੀਤਾ। ਮੰਚ ਸੰਚਾਲਨ ਮੱਖਣ ਬਰਾੜ ਤੇ ਹਰਵਿੰਦਰ ਰਿਆੜ ਨੇ ਕੀਤਾ। ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਨੇ ਗਿੱਧੇ-ਭੰਗੜੇ ਦੇ ਜੌਹਰ ਦਿਖਾਏ। ਇਸ ਮੌਕੇ ਸੂਟਾਂ, ਗਹਿਣਿਆਂ, ਮਹਿੰਦੀ ਅਤੇ ਹੋਰ ਚੀਜ਼ਾਂ ਦੇ ਕਾਫੀ ਸਟਾਲ ਲੱਗੇ ਹੋਏ ਸਨ ਜਿਥੇ ਖਾਸ ਕਰ ਬੀਬੀਆਂ ਦੀ ਕਾਫੀ ਭੀੜ ਲੱਗੀ ਰਹੀ। ਬੱਚੇ ਪਾਰਕ ਵਿਚ ਲੱਗੀਆਂ ਕਈ ਤਰ੍ਹਾਂ ਦੀਆਂ ਖੇਡਾਂ ਦਾ ਪੂਰਾ ਅਨੰਦ ਮਾਣ ਰਹੇ ਸਨ।

ਪਾਰਕ ਵਿਚ ਲਾਏ ਗਏ ਲੰਗਰ ਤੋਂ ਸੰਗਤਾਂ ਨੇ ਭਾਂਤ ਸੁਭਾਂਤੇ ਭੋਜਨ-ਪਦਾਰਥਾਂ ਦਾ ਅਨੰਦ ਮਾਣਿਆ। ਸੰਗਤਾਂ ਦੇ ਤਾਜ਼ਾ ਜਲੇਬੀਆਂ, ਮਿਠਾਈਆਂ, ਚਾਹ-ਪਕੌੜਿਆਂ, ਕੌਫੀ, ਛੋਲੇ-ਭਠੂਰਿਆਂ, ਟਿੱਕੀਆਂ ਤੇ ਗੋਲ-ਗੱਪਿਆਂ ਅਤੇ ਗੰਨੇ ਦੇ ਰਸ ਦਾ ਭਰਪੂਰ ਅਨੰਦ ਮਾਣਿਆ।

ਨਗਰ ਕੀਰਤਨ ਸਜਾਉਣ ਲਈ ਪ੍ਰਬੰਧਕ ਕਮੇਟੀ ਦੇ ਮੈਂਬਰਾਂ-ਲਾਡੀ ਮੁਲਤਾਨੀ, ਗੁਰਵਿੰਦਰ ਸਿੰਘ, ਬਲਬੀਰ ਸਿੰਘ, ਕੁਲਬੀਰ ਸਿੰਘ, ਕਸ਼ਮੀਰ ਸਿੰਘ, ਸੁਖਜਿੰਦਰ ਸਿੰਘ, ਬਖਸ਼ੀਸ਼ ਸਿੰਘ, ਜਸਵੰਤ ਸਿੰਘ, ਕਰਨੈਲ ਸਿੰਘ, ਕੁਲਦੀਪ ਸਿੰਘ, ਕੁਲਵਿੰਦਰ ਸਿੰਘ, ਕੁਲਵੰਤ ਸਿੰਘ, ਗੁਰਦੇਵ ਸਿੰਘ, ਰਾਜਿੰਦਰ ਸਿੰਘ ਤੇ ਜਸਵਿੰਦਰ ਸਿੰਘ ਨੇ ਤਨਦੇਹੀ ਨਾਲ ਸੇਵਾ ਨਿਭਾਈ।



# ਸੰਗੀਤ ਦੀ ਦੁਨੀਆਂ-ਪੂਰਨ ਸਿੰਘ ਪਾਂਧੀ

## ਪੁਸਤਕ ਚਰਚਾ



ਡਾ. ਗੁਰਨਾਮ ਕੌਰ, ਕੈਨੇਡਾ

ਪੂਰਨ ਸਿੰਘ ਪਾਂਧੀ ਇੱਕ ਜਾਣਿਆ ਪਛਾਣਿਆ ਨਾਂ ਹੈ। 'ਸੰਗੀਤ ਦੀ ਦੁਨੀਆਂ' ਤੋਂ ਪਹਿਲਾਂ ਵੀ ਉਨ੍ਹਾਂ ਦੀਆਂ ਨੌਂ ਕੁ ਕਿਤਾਬਾਂ ਪਾਠਕਾਂ ਦੀ ਨਜ਼ਰ ਹੋ ਚੁਕੀਆਂ ਹਨ ਅਤੇ ਇਹ ਕੋਈ ਥੋੜ੍ਹੀ ਜਿਹੀ ਗਿਣਤੀ ਨਹੀਂ ਹੈ। ਗਿਣਤੀ ਨਾਲੋਂ ਵੀ ਉਨ੍ਹਾਂ ਦੀ ਲੇਖਣੀ ਦੀ ਗੁਣਾਤਮਕਤਾ ਪਾਠਕ ਦਾ ਧਿਆਨ ਆਪਣੇ ਵੱਲ ਮੱਲੋ ਮੱਲੀ ਖਿੱਚਦੀ ਹੈ। ਇਹ 287 ਪੰਨਿਆ ਦੀ ਕਿਤਾਬ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਪੜ੍ਹੇ ਜਾਣ ਲਈ ਹਰ ਤਰ੍ਹਾਂ ਨਾਲ ਆਕਰਸ਼ਕ ਹੈ।

ਮੈਂ ਮਹਿਸੂਸ ਕੀਤਾ ਕਿ ਇਸ ਪੁਸਤਕ ਦੀ ਜਾਣ-ਪਛਾਣ ਕਰਾਉਣੀ ਲਾਹੇਵੰਦ ਹੋਵੇਗੀ, ਕਿਉਂਕਿ ਕੀਰਤਨ ਤੇ ਆਮ ਪੰਜਾਬੀ ਗਾਇਕੀ ਸੁਣਦਿਆਂ ਕਈ ਵਾਰ ਅਹਿਸਾਸ ਹੋਇਆ ਹੈ ਕਿ ਕਈ ਰਾਗੀ ਜਾਂ ਗਾਇਕ ਬਿਨਾ ਕਿਸੇ ਗਿਆਨ ਦੇ ਕੱਚਘਰੜ ਕੀਰਤਨ ਕਰਦੇ ਹਨ, ਸੁਰ ਅਤੇ ਤਾਲ ਵਿਚ ਗਾਇਨ ਨਹੀਂ ਕਰ ਰਹੇ ਹੁੰਦੇ। ਇਹ ਪੁਸਤਕ ਰਾਗੀਆਂ ਅਤੇ ਗਾਇਕਾਂ-ਦੋਹਾਂ ਤਰ੍ਹਾਂ ਦੇ ਕਲਾਕਾਰਾਂ ਲਈ ਹੀ ਕਾਫੀ ਲਾਹੇਵੰਦ ਹੋ ਸਕਦੀ ਹੈ। ਪੁਸਤਕ ਵਿਚ ਸੁਰਾਂ ਦੇ ਗਿਆਨ ਦੇ ਨਾਲ ਗਾਇਕੀ ਦੇ ਅਭਿਆਸ 'ਤੇ ਜ਼ੋਰ ਦਿੰਦਿਆਂ ਇਹ ਵੀ ਅਗਵਾਈ ਕੀਤੀ ਗਈ ਹੈ ਕਿ ਇਸ ਕਲਾ ਵਿਚ ਨਿਖਾਰ ਅਤੇ ਪਰਪੱਕਤਾ ਕਿਵੇਂ ਲਿਆਂਦੀ ਜਾ ਸਕਦੀ ਹੈ?

ਪੁਸਤਕ ਪੜ੍ਹਦਿਆਂ ਮੈਂ ਮਹਿਸੂਸ ਕੀਤਾ ਕਿ ਸ. ਪਾਂਧੀ ਨੇ ਬੜੀ ਸੌਖੀ ਬੋਲੀ ਵਿਚ ਸੰਗੀਤ ਤੇ ਸੁਰਾਂ ਦੀ ਵੱਡਮੁੱਲੀ ਜਾਣਕਾਰੀ ਦਿੱਤੀ ਹੈ, ਜੋ ਸੰਗੀਤ ਦੇ ਖੇਤਰ ਵਿਚ ਕੰਮ ਕਰਨ ਵਾਲਿਆਂ ਲਈ ਬਹੁਤ ਲਾਭਕਾਰੀ ਹੋ ਸਕਦੀ ਹੈ। ਸਭ ਤੋਂ ਪਹਿਲਾਂ ਤਾਂ, ਜਿਵੇਂ ਸ. ਪਾਂਧੀ ਨੇ ਸਮਰਪਿਤ ਕੀਤੀ ਹੈ, ਬੰਦੇ ਦਾ ਮਨ ਵੈਸੇ ਹੀ ਸਤਿਕਾਰ ਨਾਲ ਝੁਕ ਜਾਂਦਾ ਹੈ। ਲਿਖਿਆ ਹੈ, "ਉਚੇ ਵਿਚਾਰ, ਸੁੱਚੇ ਵਿਹਾਰ, ਉੱਤਮ ਕਿਰਦਾਰ, ਪਵਿੱਤਰ ਤੇ ਬੇਦਾਗ ਜੀਵਨ ਵਾਲੇ; ਸਾਦੀ, ਸੰਜਮੀ ਤੇ ਸੰਤੋਖੀ ਬਿਰਤੀ ਵਾਲੇ; ਦ੍ਰਿੜ ਲਗਨ ਤੇ ਸਖਤ ਰਿਆਜ਼-ਅਭਿਆਸ ਤੇ ਸਮਰਪਤੀ ਭਾਵਨਾ ਵਾਲੇ ਗਾਇਕਾਂ ਅਤੇ ਕੀਰਤਨ ਦੀ ਸਰਸ਼ਾਰੀ ਤੇ ਖੁਮਾਰੀ ਤਰੰਗਾਂ ਪੈਦਾ ਕਰਦੀ, ਮਿੱਠੀ ਤੇ ਮਧੁਰ ਮਾਹੌਲ ਦੀ ਉਸਾਰੀ ਕਰਦੀ ਗਾਇਕੀ ਨੂੰ।"

ਸਮਰਪਣ ਦੇ ਇਨ੍ਹਾਂ ਚੰਦ ਸ਼ਬਦਾਂ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਪੁਸਤਕ ਲਿਖਦਿਆਂ ਸ. ਪਾਂਧੀ ਦੇ ਮਨ ਵਿਚ ਉਨ੍ਹਾਂ ਸਭ ਦਾ ਸਤਿਕਾਰ ਅਤੇ ਧਿਆਨ ਹੈ, ਜੋ ਗਾਇਕੀ ਦੀ ਕਿਸੇ ਵੀ ਵਿਧਾ ਨਾਲ ਜੁੜੇ ਹੋਏ ਹਨ। ਇਸ ਤੋਂ ਸਪਸ਼ਟ ਹੈ ਕਿ ਗਾਇਕੀ ਦੀ ਕਲਾ ਨਾਲ ਜੁੜੇ ਇਨਸਾਨ, ਭਾਵੇਂ ਉਹ ਕੀਰਤਨੀਆ ਹੈ ਜਾਂ ਗਾਇਕ, ਉਸ ਤੋਂ ਕਿਸ ਕਿਸਮ ਦੇ ਕਿਰਦਾਰ, ਲਗਨ, ਬਿਰਤੀ ਅਤੇ ਭਾਵਨਾ ਦੀ ਤਵੱਕੋ ਕੀਤੀ ਜਾਂਦੀ ਹੈ। ਸੰਗੀਤ ਦੀ ਕਿਸੇ ਵੀ ਵਿਧਾ ਨਾਲ ਜੁੜੇ ਹੋਏ ਇਨਸਾਨ ਵਿਚ ਇਹ ਸਦਗੁਣ ਹੋਣੇ ਜ਼ਰੂਰੀ ਵੀ ਹਨ, ਕਿਉਂਕਿ ਇਹ ਗੁਣ ਜਿੱਥੇ ਉਸ ਦੀ ਕਲਾ ਵਿਚ ਪਰਪੱਕਤਾ ਅਤੇ ਨਿਖਾਰ ਲਿਆਉਂਦੇ ਹਨ, ਉਥੇ ਉਸ ਦੀ ਸ਼ਖਸੀਅਤ ਨੂੰ ਵੀ ਉਚਾ ਸਥਾਨ ਬਖਸ਼ਦੇ ਹਨ; ਉਸ ਦੀ ਕਲਾ ਲਈ ਜਿੱਥੇ ਸੁਣਨ ਵਾਲਿਆਂ ਵਿਚ ਸ਼ਰਧਾ, ਪਿਆਰ ਅਤੇ ਸਤਿਕਾਰ ਜਗਾਉਂਦੇ ਹਨ, ਉਥੇ ਉਸ ਦੇ ਵਿਅਕਤੀਗਤ ਸਤਿਕਾਰ ਅਤੇ ਮਕਬੂਲੀਅਤ ਦੀ ਵਜ੍ਹਾ ਵੀ ਬਣਦੇ ਹਨ।

ਪੁਸਤਕ ਦੇ ਪਹਿਲੇ 32 ਪੰਨੇ ਵੱਖ ਵੱਖ ਵਿਦਵਾਨਾਂ ਵੱਲੋਂ ਸ. ਪਾਂਧੀ ਦੀ ਲਿਖਣ ਸ਼ੈਲੀ ਅਤੇ ਉਨ੍ਹਾਂ ਦੀ ਸ਼ਖਸੀਅਤ ਬਾਰੇ ਜਾਣਕਾਰੀ ਮੁਹੱਈਆ ਕਰਾਉਂਦੇ ਹਨ ਅਤੇ ਬਾਕੀ ਸਾਰੀ ਪੁਸਤਕ ਸੰਗੀਤ ਬਾਰੇ ਗਿਆਨ ਦਿੰਦੀ ਹੈ। ਲੇਖਕ ਨੇ ਅਸਲ ਵਿਚ "ਸੰਗੀਤ ਦੀ ਦੁਨੀਆਂ ਹੈ ਕੀ?" ਦੀ ਜਾਣ-ਪਛਾਣ ਕਰਾਉਂਦਿਆਂ ਦੱਸਿਆ ਹੈ ਕਿ ਸਾਰੀ ਕਾਇਨਾਤ ਵਿਚ ਹੀ ਸੰਗੀਤ ਵਿਆਪਕ ਹੈ, "ਕਾਦਰ ਕਰੀਮ ਦੀ ਬੇਅੰਤ ਰਚਨਾ ਵਿਚ ਗੀਤ-ਸੰਗੀਤ ਦੀ ਗੂੰਜ ਅਤੇ ਝੂਮਦੀ ਲੈਅ ਦਾ ਪਸਾਰਾ ਹੈ। ਇਸ ਵਿਆਪਕ ਪਸਾਰੇ ਵਿਚ ਧਰਤੀ ਦਾ ਹਰ ਮਨੁੱਖ ਗੁਣਗੁਣਾਉਂਦੀ ਸੁੰਦਰਤਾ, ਸੰਗੀਤ ਦਾ ਮਤਵਾਲਾ ਹੈ। ਸੰਗੀਤ ਮਨੁੱਖੀ ਮਨ ਦੀਆਂ ਸੂਖਮ ਤਾਰਾਂ ਅਤੇ ਤਰਬਾਂ ਵਿਚ ਤਰੰਗਾਂ ਪੈਦਾ ਕਰਦਾ; ਥੱਕੇ, ਉਦਾਸ ਤੇ ਨਿਰਾਸ਼ ਮਨ ਨੂੰ ਆਪਣੀ ਬੁੱਕਲ ਵਿਚ ਆਸਰਾ ਦਿੰਦਾ; ਉਸ ਨੂੰ ਪਿਆਰਦਾ, ਦੁਲਾਰਦਾ, ਤਾਜ਼ਗੀ, ਖੁਸ਼ੀ ਤੇ ਖੇੜਾ ਪ੍ਰਦਾਨ ਕਰਦਾ ਹੈ।"

ਸੰਗੀਤ ਦੇ ਨਿਕਾਸ ਅਤੇ ਵਿਕਾਸ ਬਾਰੇ ਗੱਲ ਕਰਦਿਆਂ ਲੇਖਕ ਦਾ ਮੰਨਣਾ ਹੈ, "ਜੀਵਨ ਦੇ ਹਰ ਖੇਤਰ ਵਿਚ ਜਿਵੇਂ ਜਿਵੇਂ ਨਿਖਾਰ, ਸੁਹੱਪਣ ਤੇ ਸੁਹਜ ਦਾ ਪਸਾਰਾ ਹੁੰਦਾ ਗਿਆ, ਉਸੇ ਅਨੁਪਾਤ ਅਨੁਸਾਰ ਸੰਗੀਤ ਦੀ ਦੁਨੀਆਂ ਵਿਚ ਕ੍ਰਾਂਤੀ ਆਉਂਦੀ ਗਈ।" ਲੇਖਕ ਦਾ ਇਹ ਵੀ ਮੰਨਣਾ ਹੈ ਕਿ ਜਿਸ ਤਰ੍ਹਾਂ ਹਰ ਕਲਾ ਦਾ ਕੋਈ ਨਾ ਕੋਈ ਵਿਧੀ ਵਿਧਾਨ ਹੁੰਦਾ ਹੈ, ਉਸੇ ਤਰ੍ਹਾਂ ਸੰਗੀਤ ਦਾ ਵੀ ਵਿਧੀ ਵਿਧਾਨ ਹੈ ਅਤੇ ਸੂਖਮ ਕਲਾ ਹੋਣ ਦੇ ਨਾਤੇ ਉਸ ਦਾ ਵਿਧਾਨ ਤੇ ਉਸ ਦੀਆਂ ਧਾਰਾਵਾਂ ਓਨੀਆਂ ਹੀ ਸੂਖਮ, ਬਿਖਮ ਤੇ ਬਾਰੀਕ ਹਨ। ਸੰਗੀਤ ਦੇ ਚਿੰਤਕਾਂ ਅਤੇ ਮਾਹਿਰਾਂ ਵਲੋਂ ਮਨੁੱਖੀ ਮਨ ਦੀਆਂ ਮੂਲ ਪ੍ਰਵਿਰਤੀਆਂ ਨਾਲ ਇਸ ਦਾ ਸਬੰਧ ਜੋੜ ਕੇ ਸੰਗੀਤ ਦੀ ਹਰ ਲਿਰਿਕ ਤੇ ਹਰ ਹੇਕ ਦੀ ਸੀਮਾ ਤੇ ਸਮਰੱਥਾ ਨਿਸ਼ਚਿਤ ਕੀਤੀ ਗਈ। ਗਾਇਕੀ ਦਾ ਵਿਧਾਨ ਸਥਾਪਤ ਕੀਤਾ ਗਿਆ। ਲੇਖਕ ਅਨੁਸਾਰ ਭਾਰਤੀ ਸੰਗੀਤ ਦਾ ਜੋ ਵਿਧਾਨ ਹੋਂਦ ਵਿਚ ਆਇਆ, ਉਹ ਬਹੁਤ ਵਿਚਿੱਤਰ, ਸੂਖਮ ਤੇ ਬਿਖਮ ਹੈ, ਜਿਸ ਦਾ ਮਨੋਵਿਗਿਆਨ ਨਾਲ ਸਿੱਧਾ ਸਬੰਧ ਹੈ।

ਲੇਖਕ ਦਾ ਵਿਚਾਰ ਹੈ ਕਿ ਦੁਨੀਆਂ ਵਿਚ ਸਭਿਅਤਾ ਅਤੇ ਸਭਿਆਚਾਰ ਦੇ ਵਿਕਾਸ ਨਾਲ ਵੱਖ ਵੱਖ ਕਬੀਲਿਆਂ ਵਿਚ ਆਪਣੇ ਆਪਣੇ ਢੰਗ ਨਾਲ ਸੰਗੀਤ ਦਾ ਵਿਕਾਸ ਹੋਇਆ ਤੇ ਇਸੇ ਨਾਲ ਪੰਜਾਬ ਦੀ ਗੱਲ ਕੀਤੀ ਗਈ ਹੈ ਕਿ ਗੀਤ-ਸੰਗੀਤ ਪੰਜਾਬੀਆਂ ਦੇ ਖੂਨ ਵਿਚ ਸਮਾਇਆ ਹੋਇਆ ਹੈ ਅਤੇ ਪੰਜਾਬੀਆਂ ਦੇ ਗੀਤਾਂ ਵਿਚ, ਧੁਨਾਂ ਤੇ ਹੇਕਾਂ ਵਿਚ ਜੰਮਣ ਤੇ ਮੌਤ ਤੱਕ ਦਾ ਗੂੜ੍ਹਾ ਰਿਸ਼ਤਾ ਹੈ।

ਗੁਰੂ ਸਾਹਿਬਾਨ ਦੀ ਪੰਜਾਬ ਨੂੰ ਦੇਣ ਦੀ ਗੱਲ ਕੀਤੀ ਹੈ, "ਗੁਰੂ ਸਾਹਿਬਾਨ ਦੀ ਆਮਦ ਨਾਲ ਇਸ ਲਹਿਰ ਦਾ ਰੰਗ ਹੋਰ ਗੂੜ੍ਹਾ ਹੋ ਗਿਆ। ਜੀਵਨ ਦੀ ਹਰ ਉਮਰ ਤੇ ਅਵਸਥਾ ਨਾਲ ਕੀਰਤਨ ਦਾ ਨਾਤਾ ਜੁੜ ਗਿਆ। ਪੰਜਾਬ ਦੀ ਧਰਤੀ ਦਾ ਕਣ ਕਣ ਕੀਰਤਨ ਦੀਆਂ ਮਨਮੋਹਕ ਧੁਨਾਂ ਨਾਲ ਗੂੰਜ ਉਠਿਆ। ਕਲਾਸੀਕਲ ਧੁਨਾਂ ਦੀਆਂ ਚਹੁੰ ਕੂੰਟਾਂ ਵਿਚ ਗੂੰਜਾਂ ਪੈਣ ਲੱਗੀਆਂ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਲਾਸੀਕਲ ਰਾਗਾਂ ਵਿਚ ਰਚੀ ਗਈ। ਵਿਸ਼ਵ ਦੇ ਪੂਰੇ ਇਤਿਹਾਸ ਵਿਚ ਇਹ ਇਕ ਅਨੋਖਾ ਤੇ ਅਨੂਪਮ ਕਾਰਨਾਮਾ। ਗਾਇਕੀ ਦਾ ਇਹ ਮਹਾਂ ਕੁੰਭ।"

'ਸੁਰੀਲੀਆਂ ਰੂਹਾਂ, ਸੁਰੀਲੇ ਕਰਤਵ' ਸਿਰਲੇਖ ਹੇਠ ਲੇਖਕ ਨੇ ਦਸਿਆ ਹੈ, "ਹਰ ਕਲਾਕਾਰ ਨੇ ਆਪਣੀ ਕਲਾ ਸਾਕਾਰ ਕਰਨ ਤੋਂ ਪਹਿਲਾਂ ਕਲਾ ਨਾਲ ਇੱਕ ਸੁਰ ਹੋਣਾ ਹੁੰਦਾ ਹੈ।" ਇਸ ਤੱਥ ਦੀ ਪ੍ਰੋੜਤਾ ਵਿਚ ਲੇਖਕ ਨੇ ਮਹਾਂ ਪੁਰਸ਼ਾਂ ਦੇ ਜੀਵਨ ਵਿਚੋਂ ਮਿਸਾਲਾਂ ਲੈ ਕੇ ਇਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। 'ਘਟ ਘਟ ਵਾਜਹਿ ਨਾਦ' ਵਿਚ ਗੁਰਬਾਣੀ ਵਿਚੋਂ ਮਿਸਾਲਾਂ ਲੈ ਕੇ ਸਮਝਾਇਆ ਹੈ ਕਿ "ਸਮੁੱਚੀ ਕਾਇਨਾਤ ਵਿਚ ਨਾਦ ਦੀ ਨਿਰੰਤਰ ਗੂੰਜ ਹੈ। ਨਾਦ, ਚੇਤਨਾ, ਗਿਆਨ ਤੇ ਪ੍ਰਕਾਸ਼ ਪ੍ਰਿਥਵੀ ਦੀ ਜਿੰਦਜਾਨ ਹਨ।" 'ਸੰਗੀਤ ਤੇ ਉਸ ਦਾ ਪ੍ਰਭਾਵ' ਦੱਸਦਿਆਂ ਲੇਖਕ ਨੇ ਜ਼ਿਕਰ ਕੀਤਾ ਹੈ ਕਿ "ਪ੍ਰਕਿਰਤੀ ਦੀ ਹਰ ਰਚਨਾ ਵਿਚ ਕੁਦਰਤ ਨੇ ਸੰਗੀਤ ਦੇ ਸੂਖਮ ਤੱਤਾਂ ਦੀ ਹੋਂਦ ਸਥਾਪਤ ਕੀਤੀ ਹੈ। ਸ੍ਰਿਸ਼ਟੀ ਦੇ ਬੇਅੰਤ ਤੱਤਾਂ ਦੀ ਸਿਰਜਣਾ ਵਿਚ ਰਿਦਮ, ਲੈਅ ਤੇ ਨਾਦ ਹੈ।...ਹਰ ਪਾਸੇ ਗੀਤ ਸੰਗੀਤ ਦੀਆਂ ਧੁਨਾਂ ਦਾ ਪਸਾਰਾ ਹੈ। ਮਿਰਗਾਂ, ਮੱਛੀਆਂ ਤੇ ਪੰਖੇਰੂਆਂ ਨੂੰ ਕੁਦਰਤ ਨੇ ਜ਼ਬਾਨ ਤੇ ਅਵਾਜ਼ ਦਿੱਤੀ ਹੈ। ਆਪਣੀ ਆਪਣੀ ਭਾਸ਼ਾ ਵਿਚ ਉਹ ਗਾ ਰਹੇ ਹਨ। ਗਾਇਕੀ ਦੀ ਇਹ ਸੱਦ ਬਾਬੇ ਨਾਨਕ ਨੇ ਸੁਣੀ ਅਤੇ ਫੁਰਮਾਨ ਕੀਤਾ: ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ॥ ਜੋ ਬੋਲਤ ਹੈ ਮਿਰਗ ਮੀਨ ਪੰਖੇਰੂ ਸੁ ਬਿਨ ਹਰਿ ਜਾਪਤ ਹੈ ਨਹੀਂ ਹੋਰ॥" ਸ. ਪਾਂਧੀ ਦਾ ਮੰਨਣਾ ਹੈ ਕਿ ਮਨੁੱਖ ਦੇ ਕੁਦਰਤ ਨਾਲ ਸੰਪਰਕ ਨੇ ਹੀ ਕੋਮਲ ਕਲਾਵਾਂ ਨੂੰ ਜਨਮ ਦਿੱਤਾ ਹੋਵੇਗਾ।

'ਸੁਰ ਸਾਧਨਾ ਅਤੇ ਰਿਆਜ਼' ਦੀ ਗੱਲ ਕਰਦਿਆਂ ਲੇਖਕ ਨੇ ਯਾਦ ਕਰਾਇਆ ਹੈ ਕਿ ਹੋਰ ਖੇਤਰਾਂ ਵਾਂਗ ਸੰਗੀਤ ਦੇ ਖੇਤਰ ਵਿਚ ਵੀ ਰਿਆਜ਼ ਅਤੇ ਮਿਹਨਤ ਬਹੁਤ ਜ਼ਰੂਰੀ ਹੈ ਕਿਉਂਕਿ "ਅਭਿਆਸ ਹਰ ਰਚਨਾ ਨੂੰ ਗਤੀਸ਼ੀਲ ਕਰਦਾ, ਸ਼ਕਤੀ ਪ੍ਰਦਾਨ ਕਰਦਾ ਤੇ ਰਚਨਾ ਦੀ ਉਮਰ ਲੰਮੀ ਕਰਦਾ ਹੈ। ਰਚਨਾ ਚਾਹੇ ਕੁਦਰਤ ਦੀ ਸਾਜੀ ਹੈ ਜਾਂ ਮਨੁੱਖ ਦੀ ਕਿਰਤ; ਹਰ ਰਚਨਾ ਨੂੰ ਪਿਆਰ, ਪਲੋਸਣ ਤੇ ਲਾਡ ਕਰਨ ਦੀ ਅਹਿਮ ਲੋੜ ਹੈ।"

ਅਜੋਕੀ ਗਾਇਕੀ ਅਤੇ ਗੁਰਬਾਣੀ ਕੀਰਤਨ ਦੀ ਗੱਲ ਕਰਦਿਆਂ ਲੇਖਕ ਦਾ ਮੰਨਣਾ ਹੈ ਕਿ,



ਪੂਰਨ ਸਿੰਘ ਪਾਂਧੀ

"ਅਜੋਕੀ ਗਾਇਕੀ ਵਿਚ ਨਵੀਨਤਾ ਤੇ ਨਿਖਾਰ ਦੀ ਥਾਂ ਸਿਥਲਤਾ ਤੇ ਕਮਜ਼ੋਰੀ ਦੇਖਣ ਨੂੰ ਮਿਲਦੀ ਹੈ, ਜਦੋਂ ਕਿ ਪ੍ਰਾਚੀਨ ਭਾਰਤੀ ਸੰਗੀਤ ਵਿਚ ਬੇਹੱਦ ਬਾਰੀਕੀਆਂ ਤੇ ਬੁਲੰਦੀਆਂ ਦੀ ਅਮੀਰ ਵਿਰਾਸਤ ਹੈ, ਪਰ ਇਸ ਖੇਤਰ ਵਿਚ ਰਿਆਜ-ਅਭਿਆਸ ਤੋਂ ਕੋਰੇ, ਬੇਕਦਰ ਤੇ ਲਾਪ੍ਰਵਾਹ ਪੁਰਸ਼ਾਂ ਨੇ ਮਹਾਨ ਗਾਇਕੀ ਦਾ ਮਿਆਰ ਨੀਵਾਂ ਕੀਤਾ ਹੈ।" ਗਾਇਕੀ ਨੂੰ ਮਿੱਠੀ ਅਤੇ ਸੁਰੀਲੀ ਬਣਾਉਣ ਲਈ "ਸਪਤਕ ਦੀਆਂ ਸਾਰੀਆਂ ਸ਼ੁੱਧ ਤੇ ਕੋਮਲ ਸੁਰਾਂ ਦੀ ਸਾਧਨਾ ਬਗੈਰ, ਅਵਾਜ਼ ਦੇ ਸਾਰੇ ਦੁਆਰ ਨਹੀਂ ਖੁੱਲ੍ਹਦੇ। ਹਰ ਅਣਵਰਤੀ ਸੁਰ ਬੇਲਚਕ, ਫਿੱਕੀ ਤੇ ਪ੍ਰਭਾਵ ਰਹਿਤ ਹੁੰਦੀ ਹੈ। ਬੇਨਾਗਾ ਰਿਆਜ਼ ਤੇ ਅਭਿਆਸ ਦੁਆਰਾ ਅਵਾਜ਼ ਮਿੱਠੀ, ਮਧੁਰ ਤੇ ਕੋਮਲ ਹੁੰਦੀ ਹੈ ਅਤੇ ਉਸ ਦਾ ਸਰਸ਼ਾਰੀ ਪ੍ਰਭਾਵ ਪੈਂਦਾ ਹੈ।"

'ਮੂਲ ਪ੍ਰਵਿਰਤੀਆਂ ਅਤੇ ਰਾਗ-ਵਿਧਾਨ' ਬਾਰੇ ਦੱਸਦਿਆਂ ਉਨ੍ਹਾਂ ਜਪੁ ਜੀ ਵਿਚੋਂ ਮਿਸਾਲ ਦਿੱਤੀ ਹੈ, "ਗੁਰੂ ਨਾਨਕ ਨੇ ਮਨੁੱਖੀ ਅੰਤਹਿਕਰਣ ਵਿਚ ਅਨਘੜੀਆਂ ਤੇ ਬੇਸੇਧ ਪਈਆਂ ਚਾਰ ਵਸਤਾਂ ਦੇ ਨਾਂ ਅੰਕਿਤ ਕੀਤੇ ਹਨ: ਸੁਰਤ, ਮੱਤ, ਮਨ, ਬੁੱਧ। ਇਨ੍ਹਾਂ ਨੂੰ ਘੜਨ, ਸੁਆਰਨ ਤੇ ਸੁੰਦਰ ਬਣਾਉਣ 'ਤੇ ਜ਼ੋਰ ਦਿੱਤਾ ਹੈ।"

ਲੇਖਕ ਨੇ ਸੰਗੀਤ ਦੀ ਵਿਆਖਿਆ ਕੀਤੀ ਹੈ ਕਿ "ਅਨੰਦ ਅਤੇ ਵਿਸਮਾਦੀ ਅਵਸਥਾ ਦਾ ਨਾਮ ਸੰਗੀਤ ਹੈ। ਸੰਗੀਤ ਸਰਵ ਵਿਆਪਕ ਤੇ ਇੱਕ ਰਸ ਜੀਵਨ ਦੀ ਰੌਅ ਦਾ ਪ੍ਰੇਰਨਾ ਸਰੋਤ ਹੈ। ਸਾਰੇ ਬ੍ਰਹਿਮੰਡ ਵਿਚ ਇੱਕ ਰਸ ਵਿਆਪਕ ਸੰਗੀਤਕ ਨਾਦ ਦਾ ਪਸਾਰਾ ਹੈ। ਸੰਗੀਤ ਰਾਹੀਂ 'ਸਤ ਚਿਤ ਅਨੰਦ' ਦੀ ਪ੍ਰਾਪਤੀ ਮੰਨੀ ਜਾਂਦੀ ਹੈ।" ਇਸ ਦੇ ਨਾਲ ਹੀ ਸੰਸਕ੍ਰਿਤ ਵਿਚ ਦਿੱਤੀ ਵਿਆਖਿਆ ਅਨੁਸਾਰ ਸੰਗੀਤ ਨੂੰ 'ਗੀਤ, ਨ੍ਰਿਤ ਤੇ ਵਾਦਨ' ਦਾ ਸੁਮੇਲ ਮੰਨਿਆ ਹੈ। ਅੱਗੇ ਨਾਦ ਦੀਆਂ ਕਿਸਮਾਂ, ਉੱਤਰੀ ਅਤੇ ਦੱਖਣੀ ਭਾਰਤ ਦੀਆਂ ਸੰਗੀਤ ਪੱਧਤੀਆਂ ਦੀ ਜਾਣਕਾਰੀ ਸੁਰਾਂ ਸਮੇਤ ਦਿੱਤੀ ਹੈ। ਇਸ ਤਰ੍ਹਾਂ ਸੰਗੀਤ ਦੇ ਵੱਖ ਵੱਖ ਅੰਗਾਂ-ਸੁਰਾਂ, ਰਾਗ, ਨਾਦ, ਇਸ ਵਿਚ ਵਰਤੇ ਜਾਂਦੇ ਸ਼ਬਦਾਂ ਦੀ ਵਿਆਖਿਆ ਦੇ ਨਾਲ ਨਾਲ ਤਾਲ ਅਤੇ ਠੇਕੇ ਕੀ ਹੁੰਦੇ ਹਨ? ਦੀ ਜਾਣਕਾਰੀ ਦਿੰਦਿਆਂ ਸੰਗੀਤ ਦੇ ਮੁੱਢਲੇ ਸਰੋਤਾਂ ਤੋਂ ਵੀ ਪਾਠਕਾਂ ਨੂੰ ਜਾਣੂ ਕਰਵਾਇਆ ਹੈ। ਜਿੱਥੇ ਸੰਗੀਤ ਦੀਆਂ ਗਾਇਨ ਸ਼ੈਲੀਆਂ ਦਾ ਗਿਆਨ ਮੁਹੱਈਆ ਕਰਾਇਆ ਹੈ, ਉਥੇ ਹੀ ਦੋਹਾਂ ਪੰਜਾਬਾਂ ਦੇ ਗਾਇਕਾਂ, ਫਿਲਮ ਜਗਤ ਦੇ ਸਥਾਪਤ ਗਾਇਕਾਂ ਅਤੇ ਗੁਰਬਾਣੀ ਦੇ ਸਤਿਕਾਰਤ ਕੀਰਤਨੀਏ ਸਿੰਘਾਂ, ਜਿਨ੍ਹਾਂ ਨੇ ਬੰਦਿਸ਼ਾਂ ਵਿਚ ਕੀਰਤਨ ਕੀਤਾ ਹੈ, ਦੀ ਵੀ ਚਰਚਾ ਕੀਤੀ ਹੈ। 'ਗਾਇਨ ਸ਼ੈਲੀ ਪੜਤਾਲ' ਕੀ ਹੁੰਦੀ ਹੈ, ਦੀ ਵਿਅਖਿਆ ਤੋਂ ਲੈ ਕੇ ਪੁਰਾਣੇ ਗਾਇਕਾਂ-ਅਮੀਰ ਖੁਸਰੋ ਤੋਂ ਸ਼ੁਰੂ ਕਰਕੇ ਪਦਮ ਸ਼੍ਰੀ ਉਸਤਾਦ ਸੋਹਣ ਸਿੰਘ ਤੱਕ ਦੀਆਂ ਜੀਵਨੀਆਂ ਅਤੇ ਸੰਗੀਤ ਨੂੰ ਉਨ੍ਹਾਂ ਦੀ ਦੇਣ ਦੀ ਵੀ ਭਰਪੂਰ ਚਰਚਾ ਕੀਤੀ ਹੈ।

'ਗਾਇਕੀ ਦਾ ਸਫਰ' ਵਿਚ ਵੱਖ ਵੱਖ ਵਿਦਵਾਨਾਂ ਵੱਲੋਂ ਕੀਤੀ ਗਈ ਇਸ ਦੀ ਕਾਲ ਵੰਡ ਜਿਵੇਂ ਅਤੀ ਪ੍ਰਾਚੀਨ ਕਾਲ, ਪ੍ਰਾਚੀਨ ਕਾਲ, ਮੱਧ ਕਾਲ ਅਤੇ ਆਧੁਨਿਕ ਕਾਲ ਜਾਂ ਕੁੱਝ ਹੋਰਾਂ ਵੱਲੋਂ ਪੂਰਵ ਪੱਥਰ ਕਾਲ, ਉੱਤਰ ਪੱਥਰ ਕਾਲ, ਤਾਮਰ ਕਾਲ ਅਤੇ ਲੋਹ ਕਾਲ ਆਦਿ ਬਾਰੇ ਸਮੇਤ ਇਨ੍ਹਾਂ ਵੇਲਿਆਂ ਦੇ ਹੋ ਚੁਕੇ ਸੰਗੀਤਕਾਰਾਂ, ਕਵੀਆਂ, ਭਗਤੀ ਲਹਿਰ ਦੇ ਭਗਤ-ਚਿੰਤਕਾਂ, ਸੂਫੀ ਚਿੰਤਕਾਂ ਬਾਰੇ ਵੀ ਚੰਗੀ ਜਾਣਕਾਰੀ ਦਿੱਤੀ ਹੈ। 'ਭਾਰਤੀ ਸੰਗੀਤ ਦੇ ਘਰਾਣੇ' ਪਾਠ ਵਿਚ ਜਿੱਥੇ ਗਵਾਲੀਅਰ ਘਰਾਣਾ, ਕਿਰਾਨਾ ਘਰਾਣਾ, ਆਗਰਾ ਘਰਾਣਾ, ਜੈਪੁਰ ਘਰਾਣਾ, ਸਾਹਸਵਾਨ ਘਰਾਣਾ, ਪਟਿਆਲਾ ਘਰਾਣਾ, ਕੱਵਾਲ ਬੱਚਿਆਂ ਦਾ ਘਰਾਣਾ, ਪੰਜਾਬ ਘਰਾਣਾ, ਮੇਵਾਤੀ ਘਰਾਣਾ, ਭਿੰਡੀ ਬਾਜ਼ਾਰ, ਰਾਮਪੁਰ ਘਰਾਣਾ, ਇੰਦੌਰ ਘਰਾਣਾ, ਦਿੱਲੀ ਘਰਾਣਾ, ਕਪੂਰਥਲਾ ਘਰਾਣਾ, ਤਲਵੰਡੀ ਘਰਾਣਾ, ਸ਼ਾਮ ਚੌਰਾਸੀ ਘਰਾਣਾ ਆਦਿ ਅਤੇ ਇਨ੍ਹਾਂ ਦੇ ਯੋਗਦਾਨੀਆਂ ਦੀ ਗੱਲ ਕੀਤੀ ਹੈ, ਉਥੇ ਨਾਲ ਹੀ ਵੱਖ ਵੱਖ ਟਕਸਾਲਾਂ ਦੇ ਯੋਗਦਾਨ ਜਿਵੇਂ ਜਵੱਦੀ ਟਕਸਾਲ, ਦਾਉਧਰ ਦੀ ਟਕਸਾਲ ਅਤੇ ਗਿਆਨੀ ਸ਼ੇਰ ਸਿੰਘ ਦਾ ਜ਼ਿਕਰ ਵੀ ਵਿਸਤਾਰ ਵਿਚ ਕੀਤਾ ਹੈ। ਵੱਖ ਵੱਖ ਸੰਗੀਤ ਘਰਾਣਿਆਂ ਦੀ ਗੱਲ ਕਰਦਿਆਂ ਸਿੱਟਾ ਕੱਢਿਆ ਹੈ ਕਿ "ਪੰਜਾਬ ਵਿਚ ਦੁਆਬਾ ਸੰਗੀਤ ਨਾਲ ਭਰਿਆ ਹੋਇਆ ਹੈ। ਇਸ ਜਰਖੇਜ ਜ਼ਮੀਨ ਵਿਚ ਬੇਅੰਤ ਗੁਣੀ, ਗਿਆਨੀ, ਰਾਗੀ, ਢਾਡੀ ਤੇ ਮਹਾਨ ਸੰਗੀਤਕਾਰ ਹੋਏ ਹਨ। ਇਨ੍ਹਾਂ ਦਾ ਵਿਸਥਾਰ ਬਹੁਤ ਲੰਮਾ ਹੈ। ਇਨ੍ਹਾਂ ਵਿਚੋਂ ਹਰਿਵੱਲਭ ਸੰਗੀਤ ਸੰਮੇਲਨ ਦਾ ਖਾਸ ਸਥਾਨ ਹੈ।" ਲੇਖਕ ਨੇ ਹਰਿਵੱਲਭ ਸੰਗੀਤ ਮੇਲੇ ਦੀ ਸੰਖੇਪ ਜਾਣਕਾਰੀ ਮੁਹੱਈਆ ਕਰਵਾਈ ਹੈ।


ਪੁਸਤਕ ਵਿਚ 'ਗੁਰੂ ਕਾਲ' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਰਾਗਾਂ ਦੀ ਗੱਲ ਕਰਦਿਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸੰਗੀਤ ਸਬੰਧੀ ਸੰਖੇਪ ਝਾਤ ਪੁਆਈ ਗਈ ਹੈ ਅਤੇ 'ਦਸਮ ਗ੍ਰੰਥ' ਵਿਚਲੀਆਂ ਰਚਨਾਵਾਂ ਵਿਚ ਆਏ ਅਲੰਕਾਰਾਂ ਬਾਰੇ ਵੀ ਦੱਸਿਆ ਗਿਆ ਹੈ। 'ਗੁਰਬਾਣੀ ਅਤੇ ਲੋਕ ਸੰਗੀਤ' ਵਿਚ ਵਿਦਵਾਨਾਂ ਦੇ ਹਵਾਲੇ ਨਾਲ ਲੋਕ-ਕਾਵਿ, ਲੋਕ-ਧੁਨਾਂ ਤੇ ਲੋਕ ਸੰਗੀਤ ਦੀ ਵਰਤੋਂ ਬਾਰੇ ਦੱਸਿਆ ਹੈ ਅਤੇ ਇਸ ਦ੍ਰਿਸ਼ਟੀ ਤੋਂ ਗੁਰਬਾਣੀ ਵਿਚ ਆਏ ਸ਼ਬਦ ਜਿਵੇਂ ਘਰੁ, ਰਹਾਉ, ਆਰਤੀ, ਬਾਰਾਂਮਾਹ, ਬਾਵਨ ਅੱਖਰੀ, ਬਿਰਹੜੇ, ਮੰਗਲ, ਕਾਫੀ, ਡੱਖਣੇ, ਅੰਜਲੀਆਂ, ਅਲਾਹੁਣੀਆਂ, ਘੋੜੀਆਂ, ਛੰਤ, ਸੱਦ, ਕਰਹਲੇ, ਵਣਜਾਰੇ, ਪਹਿਰੇ, ਵਾਰ ਆਦਿ ਦਾ ਸੰਖੇਪ ਵੇਰਵਾ, ਵਾਰਾਂ ਨੂੰ ਕਿਸ ਧੁਨੀ 'ਤੇ ਗਾਉਣਾ ਹੈ ਆਦਿ ਦੀ ਜਾਣਕਾਰੀ ਦਿੱਤੀ ਹੈ।

ਲੇਖਕ ਨੇ 'ਗੁਰੂ ਗ੍ਰੰਥ ਸਾਹਿਬ ਦੀ ਬਾਣੀ: ਰਾਗਾਂ ਦਾ ਵੇਰਵਾ' ਦੇ ਨਾਲ ਨਾਲ ਗੁਰੂ ਕਾਲ ਦੇ ਰਾਗੀਆਂ ਅਤੇ ਰਬਾਬੀਆਂ ਬਾਰੇ ਵੀ ਗਿਆਨ ਮੁਹੱਈਆ ਕਰਾਉਂਦਿਆਂ ਰਬਾਬੀਆਂ ਦੀ ਕੀਰਤਨ ਕਲਾ ਦੀ ਗੱਲ ਕੀਤੀ ਹੈ। 'ਸਿੱਖ ਰਾਗੀਆਂ ਦੀ ਕੀਰਤਨ ਕਲਾ' ਦਾ ਜ਼ਿਕਰ ਕਰਦਿਆਂ ਪੁਰਾਤਨ ਰਾਗੀਆਂ ਵਿਚੋਂ ਰਾਗੀ ਮਨਸ਼ਾ ਸਿੰਘ ਤੋਂ ਲੈ ਕੇ ਭਾਈ ਸਮੁੰਦ ਸਿੰਘ, ਸੰਤ ਸੁਜਾਨ ਸਿੰਘ, ਭਾਈ ਬਹਾਦਰ ਸਿੰਘ, ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਖਾਲਸਾ, ਭਾਈ ਬਖਸ਼ੀਸ਼ ਸਿੰਘ, ਭਾਈ ਬਲਬੀਰ ਸਿੰਘ, ਭਾਈ ਹਰਜੋਤ ਸਿੰਘ ਜ਼ਖਮੀ ਅਤੇ ਪਦਮਸ਼੍ਰੀ ਭਾਈ ਨਿਰਮਲ ਸਿੰਘ ਖਾਲਸਾ ਦੀ ਕੀਰਤਨ ਸ਼ੈਲੀ 'ਤੇ ਭਰਵਾਂ ਚਾਨਣਾ ਪਾਇਆ ਹੈ।

ਅਖੀਰ ਵਿਚ 'ਅਜੋਕਾ ਕੀਰਤਨ ਅਤੇ ਗਾਇਕੀ' ਦੀ ਗੱਲ ਕਰਦਿਆਂ ਲੇਖਕ ਦਾ ਨਿਰਣਾ ਹੈ ਕਿ "ਗਾਇਕੀ ਦੀ ਇਹ ਅਮੀਰੀ ਹਰਿਮੰਦਰ ਸਾਹਿਬ ਵਿਚ 1947 ਤਕ ਚੜ੍ਹਦੀ ਕਲਾ ਵਿਚ ਰਹੀ। ਪਾਕਿਸਤਾਨ ਬਣਨ ਨਾਲ ਬਹੁਤ ਸਾਰੇ ਮੁਸਲਿਮ ਰਬਾਬੀ ਭਾਰਤ ਛੱਡ ਕੇ ਪਾਕਿਸਤਾਨ ਚਲੇ ਗਏ। ਰਬਾਬੀਆਂ ਦਾ ਵਿਹੜਾ ਖਾਲੀ ਹੁੰਦਾ ਗਿਆ। ਫਿਰ ਸਮੇਂ ਨਾਲ ਪੰਥ ਦੀ ਮਰਿਆਦਾ ਵਿਚ ਤਬਦੀਲੀ ਆਉਂਦੀ ਗਈ, ਰਬਾਬੀ ਘਟਦੇ ਗਏ। ਰਬਾਬੀਆਂ ਦੀ ਗੈਰਹਾਜ਼ਰੀ ਵਿਚ ਰਾਗੀਆਂ ਵਿਚ ਮੁਕਾਬਲੇ ਦੀ ਭਾਵਨਾ ਮੁਰਝਾ ਗਈ ਅਤੇ ਕੀਰਤਨ ਵਿਚ ਕਲਾਸੀਕਲ ਬੰਦਿਸ਼ਾਂ ਦਾ ਤੇਜ ਪ੍ਰਤਾਪ ਘਟਦਾ ਗਿਆ। ਹੁਣ ਕੀਰਤਨ ਦੀ ਮਰਿਆਦਾ ਓਵੇਂ ਕਾਇਮ ਹੈ, ਗਾਇਕੀ ਅਲੋਪ ਹੈ।"

ਅਜੋਕੀ ਗਾਇਕੀ ਦਾ ਨਿਚੋੜ ਚੰਦ ਸ਼ਬਦਾਂ ਵਿਚ ਕੱਢਦਿਆਂ ਜਾਇਜ ਸ਼ਿਕਵਾ ਕੀਤਾ ਹੈ ਕਿ ਅਜੋਕੀ 'ਲੱਚਰ-ਗਾਇਕੀ' ਨੇ ਸੱਭਿਆਚਾਰ ਦੀ ਸੁੱਚਮਤਾ, ਕਵਿਤਾ ਦੀ ਸੂਖਮਤਾ ਤੇ ਸੰਗੀਤ ਦੀ ਕੋਮਲਤਾ ਵਿਚ ਘੋਰ ਗਿਰਾਵਟ ਪੈਦਾ ਕੀਤੀ ਹੈ। ਇਸ ਨਾਲ ਭਾਈਚਾਰਕ ਸਾਂਝ ਤੇ ਸ਼ਿਸ਼ਟਾਚਾਰ ਨੂੰ ਵੀ ਖੋਰਾ ਲੱਗਾ ਹੈ।

ਪੁਸਤਕ ਪੜ੍ਹਨ ਤੋਂ ਬਾਅਦ ਮੇਰਾ ਵਿਚਾਰ ਹੈ ਕਿ ਸੰਗੀਤ ਪ੍ਰੇਮੀਆਂ, ਗੁਰਬਾਣੀ ਦਾ ਕੀਰਤਨ ਕਰਨ ਵਾਲਿਆਂ ਅਤੇ ਪੰਜਾਬੀ ਦੇ ਅਜੋਕੇ ਹਰ ਤਰ੍ਹਾਂ ਦੇ ਗਾਇਕਾਂ ਦੇ ਨਾਲ ਨਾਲ ਆਮ ਪਾਠਕਾਂ ਨੂੰ ਵੀ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ ਕਿਉਂਕਿ ਸੰਗੀਤ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਇਹ ਸਾਨੂੰ ਆਪਣੇ ਵਿਰਸੇ ਨਾਲ ਵੀ ਜੋੜਦੀ ਹੈ। ਪੂਰਨ ਸਿੰਘ ਪਾਂਧੀ ਨੇ ਜਿੰਨੀ ਸੰਜੀਦਗੀ ਅਤੇ ਸੰਜਮ ਨਾਲ ਇਸ ਪੁਸਤਕ ਰਾਹੀਂ ਸੰਗੀਤ ਬਾਰੇ ਭਰਪੂਰ ਗਿਆਨ ਦਿੱਤਾ ਹੈ, ਉਹ ਸੱਚਮੁੱਚ ਸਤਿਕਾਰ ਅਤੇ ਵਧਾਈ ਦੇ ਪਾਤਰ ਹਨ।



# ਮੋਨਾਲੀਜ਼ਾ ਦੀ ਮੁਸਕਰਾਹਟ ਵਾਲਾ ਲਿਓਨਾਰਦੋ ਵਿੰਸੀ

**ਕਲਾ ਪਰਿਕਰਮਾ**

ਕਲਾ ਜਗਤ ਲਈ ਸਾਲ 2019 ਦੇ ਮਹੱਤਵ ਦੀ ਜੇਕਰ ਗੱਲ ਕਰੀਏ ਤਾਂ ਦੁਨੀਆ ਭਰ ਦੀਆਂ ਕਲਾ ਸੰਸਥਾਵਾਂ ਵਿਚ ਇਸ ਸਾਲ ਨੂੰ ਕੁਝ ਵੱਖਰੇ ਢੰਗ ਨਾਲ ਮਨਾਉਣ ਦੀ ਦੌੜ ਲੱਗੀ ਦਿਸ ਰਹੀ ਹੈ। ਇਕ ਅਜਿਹੇ ਕਲਾਕਾਰ ਨੂੰ ਮੌਤ ਦੇ ਪੰਜ ਸੌ ਸਾਲ ਬਾਅਦ ਵੀ ਪੂਰੀ ਸ਼ਿੱਦਤ ਨਾਲ ਯਾਦ ਕੀਤਾ ਜਾ ਰਿਹਾ ਹੈ, ਜਿਸ ਵਲੋਂ ਬਣਾਏ ਗਏ ਚਿੱਤਰਾਂ ਦੀ ਗਿਣਤੀ ਦੋ ਦਰਜਨ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ ਹੈ ਪਰ ਉਸ ਦੀ ਦੇਣ ਪਿਛਲੇ ਪੰਜ ਸੌ ਸਾਲਾਂ

**ਐਸ.ਕੇ. ਸਿੰਘ**

ਵਿਚ ਰੱਤੀ ਭਰ ਵੀ ਘਟੀ ਨਹੀਂ ਬਲਕਿ ਲਗਾਤਾਰ ਵਧੀ ਹੈ। ਸਹੀ ਮਾਅਨਿਆਂ ਵਿਚ 'ਦ ਵਿੰਸੀ ਕਿੰਗ ਆਫ਼ ਦ ਆਰਟ ਹੈ'। ਦ ਵਿੰਸੀ ਦੀਆਂ ਪੇਂਟਿੰਗਜ਼ ਬੜੀ ਮੁਸ਼ਕਿਲ ਨਾਲ ਵੀਹ ਦੇ ਕਰੀਬ ਹਨ ਪਰ ਉਸ ਦੀ ਇਕ ਕ੍ਰਿਤੀ 'ਮੋਨਾਲੀਜ਼ਾ' ਪੂਰੀ ਦੁਨੀਆ ਵਿਚ ਨਾਰੀ ਸੁੰਦਰਤਾ ਦੇ ਪ੍ਰਤੀਕ ਦੇ ਤੌਰ 'ਤੇ ਦੇਖੀ, ਜਾਣੀ ਜਾਂਦੀ ਹੈ।

ਲਿਓਨਾਰਦੋ ਦ ਵਿੰਸੀ ਅਨੋਖੀ ਪ੍ਰਤਿਭਾ ਦੇ ਧਨੀ ਬੇਹੱਦ ਵਿਲੱਖਣ ਕਲਾਕਾਰ ਸਨ। ਉਨ੍ਹਾਂ ਦਾ ਬਣਾਇਆ ਗਿਆ ਮੋਨਾਲੀਜ਼ਾ ਦਾ ਚਿੱਤਰ, ਦੁਨੀਆ ਭਰ ਵਿਚ ਕਲਾ ਵਿਦਿਆਰਥੀਆਂ ਤੇ ਖੋਜ ਕਰਨ ਵਾਲਿਆਂ ਲਈ ਪਿਛਲੇ ਪੰਜ ਸੌ ਸਾਲਾਂ ਤੋਂ ਡੂੰਘੇ ਅਧਿਐਨ ਦਾ ਵਿਸ਼ਾ ਹੈ। ਆਪਣੇ ਜੀਵਨ ਦੇ ਸ਼ੁਰੂਆਤੀ ਸਮੇਂ ਵਿਚ ਹੀ ਲਿਓਨਾਰਦੋ ਨੇ ਗਣਿਤ, ਵਿਗਿਆਨ ਚਿੱਤਰਕਾਰੀ ਅਤੇ ਸੰਗੀਤ ਤੱਕ ਵਿਚ ਆਪਣੀ ਅਸਾਧਾਰਨ ਯੋਗਤਾ ਦੀ ਪਛਾਣ ਬਣਾਈ। ਸਿਰਫ਼ 13-14 ਸਾਲਾਂ ਦੀ ਉਮਰ ਵਿਚ ਹੀ ਇਸ ਅੱਲ੍ਹੜ ਨੇ ਆਪਣੀ ਵਿਲੱਖਣ ਪ੍ਰਤਿਭਾ ਨਾਲ ਇਟਲੀ ਨੂੰ ਕਾਇਲ ਕਰ ਦਿੱਤਾ ਸੀ। ਜਦੋਂ ਉਹ 1466 ਵਿਚ ਫਲੋਰੈਂਸ ਦੇ ਪ੍ਰਸਿਧ ਕਲਾਕਾਰ ਵੈਰੋਕੀਓ ਦੇ ਸਾਥ ਨਾਲ ਕਲਾ ਦੀ ਰਸਮੀ ਸਿੱਖਿਆ ਦੀ ਸ਼ੁਰੂਆਤ ਹੀ ਕਰ ਰਹੇ ਸਨ, ਉਦੋਂ ਸ਼ਾਇਦ ਉਹ ਇਸ ਤਰ੍ਹਾਂ ਦੇ ਇਕਲੌਤੇ ਕਲਾਕਾਰ ਵੀ ਸਨ, ਜਿਨ੍ਹਾਂ ਨੇ ਕਲਾ ਅਤੇ ਵਿਗਿਆਨ ਦੋਵਾਂ ਖੇਤਰਾਂ ਵਿਚ ਬਰਾਬਰ ਦੀ ਮੁਹਾਰਤ ਹਾਸਲ ਕਰ ਲਈ ਸੀ।

ਆਪਣੀ ਉਮਰ ਦੇ 30ਵੇਂ ਸਾਲ ਵਿਚ ਮਿਲਾਨ ਦੇ ਡਿਊਕ ਨੂੰ ਲਿਖੀ ਆਪਣੀ ਅਰਜ਼ੀ ਵਿਚ ਉਨ੍ਹਾਂ ਨੇ ਆਪਣੀ ਯੋਗਤਾ ਬਾਰੇ ਲਿਖਿਆ ਸੀ ਕਿ ਉਹ ਯੁੱਧ ਲਈ ਜਿਥੇ ਪੁਲ, ਬੰਬ, ਤੋਪ ਤੇ ਮਜ਼ਬੂਤ ਵਾਹਨ ਬਣਾ ਸਕਦੇ ਹਨ, ਉਥੇ ਸ਼ਾਂਤੀਕਾਲ ਵਿਚ ਭਵਨ ਨਿਰਮਾਣ ਤੋਂ ਲੈ ਕੇ ਮੂਰਤੀਆਂ ਅਤੇ ਚਿੱਤਰ ਵੀ ਬਣਾ ਸਕਦੇ ਹਨ। ਉਨ੍ਹਾਂ ਦੀਆਂ ਵੱਖ-ਵੱਖ ਨੋਟਬੁਕਾਂ ਵਿਚ ਵਾਹੀਆਂ ਜੋ ਕਿਰਤਾਂ ਮਿਲਦੀਆਂ ਹਨ, ਉਨ੍ਹਾਂ ਵਿਚੋਂ ਹਵਾ ਵਿਚ ਉਡਣ ਵਾਲੇ ਆਧੁਨਿਕ ਹੈਲੀਕਾਪਟਰ ਵਰਗੇ ਯੰਤਰ ਜਾਂ ਜਹਾਜ਼ ਦੀ ਵੀ ਕਲਪਨਾ ਮੌਜੂਦ ਹੈ। ਮਨੁੱਖ, ਪਸ਼ੂ ਅਤੇ ਹੋਰ ਜੀਵ-ਜੰਤੂਆਂ ਦੇ ਸਰੀਰ ਦੇ ਅੰਦਰ ਦੇ ਬਨਾਵਟ ਦਾ ਸੂਖਮ ਤੰਤਰ ਅਧਿਐਨ ਦੇ ਰੇਖਾਂਕਿਤ ਵੀ ਸ਼ਾਮਿਲ ਹੈ। ਹਾਲਾਂਕਿ ਇਕ ਕਲਾਕਾਰ ਦੇ ਨਾਤੇ ਉਨ੍ਹਾਂ ਦੀ ਚਿੱਤਰ ਰਚਨਾ ਸ਼ੈਲੀ ਵਿਚ ਕਦੀ ਕੋਈ ਵਿਸ਼ੇਸ਼ ਬਦਲਾਓ ਦੇਖਣ ਨੂੰ ਨਹੀਂ ਮਿਲਿਆ ਪਰ ਉਨ੍ਹਾਂ ਦੇ ਚਿੱਤਰ ਇਸ ਗੱਲ ਦੇ ਸਬੂਤ ਹਨ ਕਿ ਆਪਣੀ ਅਨੋਖੀ ਪ੍ਰਤਿਭਾ ਨਾਲ ਮਨੁੱਖ ਤੇ ਹੋਰ ਪ੍ਰਾਣੀਆਂ ਦੀ ਸਰੀਰਕ ਰਚਨਾ ਤੋਂ ਲੈ ਕੇ ਕੁਦਰਤੀ ਤੇ ਫੁੱਲ-ਬੂਟਿਆਂ ਦੀ ਰਚਨਾ ਜਾਂ ਉਨ੍ਹਾਂ ਦੀ ਬਨਾਵਟ ਤੱਕ ਦਾ ਉਨ੍ਹਾਂ ਨੇ ਬਹੁਤ ਡੂੰਘਾਈ ਨਾਲ ਅਧਿਐਨ ਕੀਤਾ।


ਲਿਓਨਾਰਦੋ ਦ ਵਿੰਸੀ ਦਾ ਚਿੱਤਰ


ਲਿਓਨਾਰਦੋ ਦ ਵਿੰਸੀ ਦਾ ਸੰਸਾਰ ਪ੍ਰਸਿੱਧ ਚਿੱਤਰ 'ਮੋਨਾਲੀਜ਼ਾ'

ਸ੍ਰਿਸ਼ਟੀ ਦੀ ਰਚਨਾ ਨੂੰ ਜਾਣਨ, ਸਮਝਣ ਦੇ ਸਾਧਨ ਦੇ ਰੂਪ ਵਿਚ ਉਹ ਅੱਖੀਂ ਦੇਖੇ ਨੂੰ ਸਭ ਤੋਂ ਮਹੱਤਵ ਦਿੰਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਕਲਾਕਾਰ ਸਭ ਤੋਂ ਮਹਾਨ ਵਿਗਿਆਨੀ ਸਿਰਫ ਇਸ ਲਈ ਨਹੀਂ ਹੈ ਕਿ ਉਹ ਕਿਸੇ ਵੀ ਚੀਜ਼ ਦਾ ਡੂੰਘਾਈ ਨਾਲ ਅਧਿਐਨ ਤੇ ਨਿਰਖ-ਪਰਖ ਕਰ ਸਕਦੇ ਹਨ, ਬਲਕਿ ਉਹ ਦੇਖੀ ਹੋਈ ਚੀਜ਼ ਨੂੰ ਚਿੱਤਰ ਦੇ ਰੂਪ ਵਿਚ ਦਰਸ਼ਕ ਸਾਹਮਣੇ ਵੀ ਲਿਆ ਸਕਦੇ ਹਨ। ਉਨ੍ਹਾਂ ਦੇ ਬਣਾਏ ਚਿੱਤਰਾਂ ਵਿਚੋਂ ਸਭ ਤੋਂ ਵੱਧ ਪ੍ਰਸਿਧੀ ਮੋਨਾਲੀਜ਼ਾ ਨਾਮੀ ਕਲਾਕ੍ਰਿਤ ਨੂੰ ਦਿੱਤੀ ਜਾਂਦੀ ਹੈ, ਉਥੇ 'ਆਖਰੀ ਭੋਜ' ਸਿਰਲੇਖ ਦਾ ਉਨ੍ਹਾਂ ਦਾ ਬਣਾਇਆ ਮਿਲਾਨ ਦੇ ਮਾਰੀਆ ਦੇਲ ਗ੍ਰਾਤਸੀ ਨਾਮੀ ਗਿਰਜਾਘਰ ਦਾ ਕੰਧ ਚਿੱਤਰ ਕਲਾ ਦੀ ਵਧੀਆ ਉਦਾਹਰਨ ਸਮਝਿਆ ਜਾਂਦਾ ਹੈ। ਇਸ ਮਿਊਰਲ ਦੇ ਨਿਰਮਾਣ ਦੌਰਾਨ ਜੂਡਾਸ, ਈਸਾ ਤੇ ਹੋਰ ਚਰਿਤਰਾਂ ਦੇ ਚਿਹਰਿਆਂ ਨੂੰ ਤੁਲਨਾਤਮਿਕ ਭਾਵ ਦੇਣ ਲਈ ਸਕੈੱਚ ਬੁੱਕ ਲੈ ਕੇ ਮਿਲਾਨ ਦੀਆਂ ਬਸਤੀਆਂ ਵਿਚ ਉਹ ਸਾਲਾਂ ਤੱਕ ਘੁੰਮਦੇ ਰਹੇ ਸਨ।

ਕਰੀਬ ਦੋ ਸਾਲ ਦੀ ਮਿਹਨਤ ਅਤੇ ਖੋਜ ਪਿਛੋਂ ਅਖੀਰ ਉਨ੍ਹਾਂ ਨੂੰ ਇਕ ਯਹੂਦੀ ਨੌਜਵਾਨ ਦਾ ਚਿਹਰਾ ਇਸ ਲਿਹਾਜ਼ ਨਾਲ ਸਭ ਤੋਂ ਵਧੀਆ ਲੱਗਾ ਕਿ ਉਸ ਨੂੰ ਮਾਡਲ ਬਣਾ ਕੇ ਈਸਾ ਦਾ ਚਿੱਤਰ ਚਿਤਰਿਆ ਜਾਵੇ। ਇਸੇ ਤਰ੍ਹਾਂ ਜਿਥੋਂ ਤੱਕ ਮੋਨਾਲੀਜ਼ਾ ਨਾਮੀ ਚਿੱਤਰ ਦੀ ਗੱਲ ਹੈ ਤਾਂ ਸਮਝਿਆ ਜਾਂਦਾ ਹੈ ਕਿ ਇਹ ਫਰਾਂਚੈਸਕੋ ਦੇਲ ਜੋਕਾਂਦਾ ਦੀ ਪਤਨੀ ਲੀਜ਼ਾ ਨੂੰ ਸਾਹਮਣੇ ਬਿਠਾ ਕੇ ਬਣਾਇਆ ਗਿਆ ਚਿੱਤਰ ਹੈ; ਹਾਲਾਂਕਿ ਇਨ੍ਹਾਂ ਪਿਛਲੇ ਪੰਜ ਸਾਲਾਂ ਵਿਚ ਇਸ ਗੱਲ 'ਤੇ ਵੱਖ-ਵੱਖ ਖੋਜ ਤੇ ਦਾਅਵੇ ਵੀ ਸਾਹਮਣੇ ਆਉਂਦੇ ਰਹੇ ਹਨ ਕਿ ਅਸਲ 'ਚ ਇਹ ਔਰਤ ਕੌਣ ਸੀ? ਕੁਝ ਦਾਅਵਿਆਂ ਵਿਚ ਤਾਂ ਇਥੋਂ ਤੱਕ ਵੀ ਕਿਹਾ ਗਿਆ ਕਿ ਅਸਲ ਵਿਚ ਮੋਨਾਲੀਜ਼ਾ ਉਨ੍ਹਾਂ ਦੀ ਸਿਰਫ ਕਲਪਨਾ ਦੀ ਦੇਣ ਸੀ ਪਰ ਉਸ ਦੌਰ ਦੀ ਚਿੱਤਰ ਨਿਰਮਾਣ ਪਰੰਪਰਾ ਨੂੰ ਦੇਖ ਕੇ ਤਾਂ ਇਹੀ ਮੰਨਣਾ ਠੀਕ ਲਗਦਾ ਹੈ ਕਿ ਉਹ ਜੋਕਾਂਦਾ ਦੀ ਪਤਨੀ ਲੀਜ਼ਾ ਦਾ ਹੀ ਚਿੱਤਰ ਹੈ।

ਮੰਨਿਆ ਜਾਂਦਾ ਹੈ ਕਿ ਇਸ ਚਿੱਤਰ ਨੂੰ ਬਣਾਉਣ ਵਿਚ ਉਨ੍ਹਾਂ ਨੇ ਤਕਰੀਬਨ ਤਿੰਨ ਸਾਲਾਂ ਦਾ ਸਮਾਂ ਲਗਾਇਆ ਸੀ। ਉਂਜ ਕੁਝ ਦਾਅਵੇ ਤਾਂ ਇਹ ਵੀ ਕੀਤੇ ਗਏ ਹਨ ਕਿ ਇਸ ਚਿੱਤਰ ਨੂੰ ਬਣਾਉਣ ਦੀ ਸ਼ੁਰੂਆਤ ਉਨ੍ਹਾਂ ਨੇ 1503 ਵਿਚ ਕੀਤੀ, ਜਦੋਂ ਉਨ੍ਹਾਂ ਦੀ ਉਮਰ 51 ਸਾਲ ਸੀ ਅਤੇ 1519 ਵਿਚ ਜਦੋਂ ਉਨ੍ਹਾਂ ਦੀ ਮੌਤ ਹੋਈ, ਉਦੋਂ ਵੀ ਇਹ ਚਿੱਤਰ ਅਧੂਰਾ ਹੀ ਸੀ। ਇਸ ਕਲਾਕਾਰ ਦਾ ਜਨਮ ਵਰਤਮਾਨ ਇਟਲੀ (ਤਤਕਾਲੀ ਰਿਪਬਲਿਕਸ ਆਫ ਫਲੋਰੈਂਸ) ਦੇ ਵਿੰਸੀ ਨਾਮੀ ਕਸਬੇ ਵਿਚ 15 ਅਪਰੈਲ, 1452 ਵਿਚ ਹੋਇਆ ਅਤੇ 67 ਸਾਲ ਦੀ ਉਮਰ ਵਿਚ 2 ਮਈ, 1519 ਵਿਚ ਫਰਾਂਸ ਵਿਚ ਉਨ੍ਹਾਂ ਦੀ ਮੌਤ ਹੋਈ। ਉਨ੍ਹਾਂ ਦੇ ਪਿਤਾ ਦਾ ਨਾਂ ਪਿਅਰੋ ਫਰੂਸੋਸੀਨੋ ਦ ਵਿੰਸੀ ਅਤੇ ਮਾਤਾ ਦਾ ਨਾਂ ਕੈਟਰੀਨਾ ਸੀ। ਉਨ੍ਹਾਂ ਦੇ ਬਚਪਨ, ਭਾਵ ਸ਼ੁਰੂਆਤੀ ਦਿਨਾਂ ਨੂੰ ਲੈ ਕੇ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ ਪਰ ਸਮਝਿਆ ਜਾਂਦਾ ਹੈ ਕਿ ਸ਼ੁਰੂਆਤੀ ਪੰਜ ਸਾਲ ਉਨ੍ਹਾਂ ਨੇ ਆਪਣੀ ਮਾਤਾ ਦੇ ਨਾਲ ਬਿਤਾਏ। 1457 ਤੋਂ ਬਾਅਦ ਉਹ ਆਪਣੇ ਦਾਦਾ-ਦਾਦੀ ਕੋਲ ਰਹਿਣ ਵਿੰਸੀ ਸ਼ਹਿਰ ਵਿਚ ਆ ਗਏ। ਉਨ੍ਹਾਂ ਦੇ ਪਿਤਾ ਨੇ ਇਕ ਤੋਂ ਵੱਧ ਵਿਆਹ ਕੀਤੇ ਸਨ ਜਿਸ ਤੋਂ ਲਿਓਨਾਰਦੋ ਦੇ 12 ਮਤਰੇਏ ਭਰਾ-ਭੈਣ ਸਨ। ਆਪਣੀ ਸ਼ੁਰੂਆਤੀ ਸਿੱਖਿਆ ਦੀ ਲੜੀ ਵਿਚ ਉਨ੍ਹਾਂ ਨੇ ਲਾਤੀਨੀ, ਜਿਆਮਿਤੀ ਅਤੇ ਗਣਿਤ ਦੀ ਪੜ੍ਹਾਈ ਕੀਤੀ, ਉਸ ਤੋਂ ਬਾਅਦ ਸੰਨ 1466 ਵਿਚ ਤਕਰੀਬਨ 14 ਸਾਲ ਦੀ ਉਮਰ ਵਿਚ ਫਲੋਰੈਂਸ ਦੇ ਪ੍ਰਸਿਧ ਕਲਾਕਾਰ ਵੈਰੋਕੀਆ ਦੀ ਸ਼ਾਗਿਰਦੀ ਵਿਚ ਮੂਰਤੀਕਲਾ ਅਤੇ ਚਿੱਤਰਕਲਾ ਸਿੱਖਣੀ ਸ਼ੁਰੂ ਕੀਤੀ। ਇਥੇ ਸ਼ੁਰੂਆਤ ਵਿਚ ਉਨ੍ਹਾਂ ਦੀ ਭੂਮਿਕਾ ਸਟੂਡੀਓ ਸਹਾਇਕ ਦੀ ਸੀ। ਦਸ ਸਾਲ ਇਥੇ ਬਿਤਾਉਣ ਤੋਂ ਬਾਅਦ 1476 ਤੋਂ ਲੈ ਕੇ ਆਪਣੀ ਮੌਤ ਤੋਂ ਪਹਿਲਾਂ, ਭਾਵ 1519 ਤੱਕ ਇਸ ਪ੍ਰਤਿਭਾਸ਼ਾਲੀ ਚਿੱਤਰਕਾਰ, ਮੂਰਤੀਕਾਰ, ਵਾਸਤੂ ਵਿਦਵਾਨ, ਵਿਗਿਆਨੀ ਤੇ ਸੰਗੀਤਕਾਰ ਨੇ ਅਨੇਕਾਂ ਵਰਣਨਯੋਗ ਰਚਨਾਵਾਂ ਕੀਤੀਆਂ।

ਪਿਛਲੇ ਦਿਨੀਂ ਲਿਓਨਾਰਦੋ ਨੂੰ ਲੈ ਕੇ ਜੋ ਕੁਝ ਮਹੱਤਵਪੂਰਨ ਖੋਜ ਸਾਹਮਣੇ ਆਈ ਹੈ, ਉਸ ਵਿਚ ਇਕ ਵਿਚ ਜਿਥੇ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਅੱਖਾਂ ਦੇ ਭੈਂਗੇਪਨ ਦੇ ਸ਼ਿਕਾਰ ਸਨ, ਉਥੇ ਇਕ ਹੋਰ ਖੋਜ ਵਿਚ ਇਹ ਵੀ ਗੱਲ ਸਾਹਮਣੇ ਆਈ ਹੈ ਕਿ ਆਪਣੇ ਅਖੀਰਲੇ ਦਿਨਾਂ ਵਿਚ ਉਨ੍ਹਾਂ ਦੇ ਸੱਜੇ ਹੱਥ ਵਿਚ ਕੁਝ ਨਾੜੀਆਂ ਸਬੰਧੀ ਪਰੇਸ਼ਾਨੀਆਂ ਵੀ ਰਹਿਣ ਲੱਗੀਆਂ ਸਨ। ਵੱਡੀ ਗਿਣਤੀ ਵਿਚ ਉਨ੍ਹਾਂ ਦੇ ਅਧੂਰੇ ਚਿੱਤਰਾਂ ਦੀ ਇਕ ਵੱਡੀ ਵਜ੍ਹਾ ਇਸ ਨੂੰ ਵੀ ਮੰਨਿਆ ਜਾਂਦਾ ਹੈ। ਫਿਲਹਾਲ ਇਸ ਸਭ ਦੇ ਬਾਵਜੂਦ ਆਪਣੀ ਮੌਤ ਦੇ ਪੰਜ ਸੌ ਸਾਲਾਂ ਬਾਅਦ ਵੀ ਕਲਾ ਜਗਤ ਲਈ ਉਨ੍ਹਾਂ ਦੀ ਪ੍ਰਸੰਗਿਕਤਾ ਬਣੀ ਰਹਿਣੀ, ਉਨ੍ਹਾਂ ਨੂੰ ਇਕ ਮਹਾਨ ਵਿਅਕਤੀ ਦੇ ਨਾਲ-ਨਾਲ ਸੰਸਾਰ ਮਾਨਵਤਾ ਦਾ ਵਧੀਆ ਨਾਗਰਿਕ ਵੀ ਬਣਾਉਂਦੀ ਹੈ।


ਲਿਓਨਾਰਦੋ ਦ ਵਿੰਸੀ ਦਾ ਸਕੈੱਚ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਜੂਨ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-380



*ਖਾਣ ਨੂੰ ਬੜੇ ਸਵਾਦੀ ਲਗਦੇ, ਤਲੇ ਤੇਲ ਵਿਚ ਖਾਣੇ।*
*ਜਦ 'ਬਾਡੀ' ਵਿਚ ਗੜਬੜ ਹੋਵੇ ਫਿਰ ਡਾਕਟਰ ਹੀ ਜਾਣੇ!*

## ਕੈਪਸ਼ਨ ਮੁਕਾਬਲਾ-378



ਰੰਗ-ਬਰੰਗੀਆਂ ਪੱਗਾਂ-ਚੁੰਨੀਆਂ
ਕੀ ਕਹਿਣਾ ਗਲ ਦੀ ਗਾਨੀ ਦਾ।
ਹਾਸਿਆਂ ਦਾ ਰੰਗ ਗੂੜ੍ਹਾ ਲਗਦੈ
ਰੰਗ ਅਸਲੀ ਦਿਸੇ ਜਵਾਨੀ ਦਾ।
ਸਮਿਆਂ ਨਾਲ ਸਬੰਬੀਂ ਮੇਲੇ
ਸਦਾ ਨਾ ਕੋਈ ਹੱਸੇ ਖੇਲੇ।
ਕੈਮਰੇ ਬੜੀ ਕਮਾਲ ਕਰੀ ਏ
ਫੜ ਲਿਆ ਸਭ ਕੁਝ ਚੰਗੇ ਵੇਲੇ।
*-ਗੁਰਦੇਵ ਸਿੰਘ*
*ਕੈਨਸਸ, ਮਿਜ਼ੌਰੀ।*

---

ਹਾਰ ਸ਼ਿੰਗਾਰ ਮੁਟਿਆਰਾਂ ਲਾ ਕੇ
ਲਵਲੀ ਪੋਜ਼ ਬਣਾਇਆ।
ਜੁਆਨਾਂ ਨੇ ਵੀ ਤੁਰਲੇ ਛੱਡ ਕੇ
ਅਸਲੀ ਪੰਜਾਬ ਦਿਖਾਇਆ।
ਗੱਭਰੂ ਤੇ ਮੁਟਿਆਰਾਂ ਜੀਵਣ
ਜਿਨ੍ਹਾਂ ਵਿਰਸਾ ਨਹੀਂ ਭੁਲਾਇਆ।
*-ਜਗਮੀਤ ਸਿੰਘ ਪੰਧੇਰ*

---

ਗਾਨੀਆਂ, ਝੁਮਕੇ, ਮੱਥੇ ਟਿੱਕੇ
ਪੰਜਾਬਣਾਂ ਦਾ ਸ਼ੌਕ, ਗਰੂਰ, ਨਖਰਾ।
ਮੇਲੇ, ਮਿਲਣੀਆਂ ਦਾ ਚਾਅ
ਵਿਰਸਾ ਸਾਂਭਣ ਦਾ ਸਰੂਰ ਵੱਖਰਾ।
ਯਾਦਾਂ ਦੀ ਪਟਾਰੀ ਚੁੱਕ
ਖੁਸ਼ੀ ਨਾਲ ਜਿਉਣਾ ਜ਼ਰੂਰ ਵੱਖਰਾ।
*-ਦਵਿੰਦਰ ਕੌਰ*

---

ਨਣਦ ਭਾਬੀ ਨੇ ਕਰ ਹਾਰ-ਸ਼ਿੰਗਾਰ
ਵਿੱਢੀ ਮੇਲੇ ਦੀ ਤਿਆਰੀ।
ਨੀ ਭਾਬੀ ਉਹ ਸੋਹਣਾ ਲਗਦਾ
ਜਿਹਦੇ ਹੱਥ ਛਿੰਝ ਦੀ ਸਰਦਾਰੀ।
ਉਹਦੀ ਬਾਂਹੀਆਂ ਵੇਖ ਮੇਲਾ ਭੁੱਲਿਆ
ਲਗਦਾ ਕੋਈ ਹਿਰਨ ਸ਼ਿਕਾਰੀ।

ਉਹੀ ਹੈ ਮੇਰੀਆਂ ਸੱਧਰਾਂ ਦਾ ਮਾਲੀ
ਮੈਂ ਜਿੰਦ ਉਹਦੇ ਤੋਂ ਵਾਰੀ।
ਹਾੜੇ ਭਾਬੀ ਹੁਣ ਵੀਰੇ ਨੂੰ ਮਨਾਈਂ
ਮੈਂ ਦੱਸੀ ਤੈਨੂੰ ਹਕੀਕਤ ਸਾਰੀ।
'ਮੈਂ ਉਹਦੇ ਵਿਚ ਉਹ ਮੈਂ ਵਿਚ'
ਬਾਕੀ ਵਿਸਰੀ ਦੁਨੀਆਂ ਸਾਰੀ।
*-ਸੁਕੰਨਿਆ ਭਾਰਦਵਾਜ, ਨਾਭਾ*

---

ਭੰਗੜੇ 'ਚ ਨੱਚ-ਨੱਚ ਪਾਉਣ ਬੋਲੀਆਂ
ਗੱਭਰੂ ਪੰਜਾਬ ਦੇ।
ਗਿੱਧੇ ਦੀਆਂ ਰਾਣੀਆਂ ਨਾ ਘੱਟ ਕਿਸੇ ਤੋਂ
ਫੁੱਲ ਜਿਉਂ ਗੁਲਾਬ ਦੇ।
ਘਰੋਂ ਇੱਕ ਦੂਜੀ ਨੂੰ ਲਿਆਈਆਂ ਸੱਦ ਕੇ
ਚਿੱਤ ਪਰਚਾਉਣ ਨੂੰ।
ਗਹਿਣਿਆਂ ਦਾ ਲਾ ਲਿਆ
ਸ਼ਿੰਗਾਰ ਰੱਜ ਕੇ
ਰੂਪ ਚਮਕਾਉਣ ਨੂੰ।
ਗਲੀਂ ਪਾਏ ਹਾਰ,
ਮੱਥੇ ਚੰਦ ਲਿਸ਼ਕਾਰੇ ਮਾਰਦੇ।
ਰੂਪ ਲਾਇਆ ਸਾਣ 'ਤੇ
ਮੁੱਖ ਹਾਸੇ ਵੰਡਦਾ ਪਿਆਰ ਦੇ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਦੋਵੇਂ ਭੈਣਾਂ ਜਾਂ ਫਿਰ ਨਣਨ ਭਰਜਾਈ।
ਫੋਟੋ ਦੋਹਾਂ ਕਿੰਨੇ ਪਿਆਰ ਨਾਲ ਖਿਚਵਾਈ।
ਰੂਪ ਚੜ੍ਹਿਆ ਪੂਰਾ ਮਜਾਜਣਾਂ ਨੂੰ।
ਨਜ਼ਰ ਨਾ ਲੱਗੇ ਕਿਸੇ ਦੀ ਪੰਜਾਬਣਾਂ ਨੂੰ।
*-ਹਰਮੀਕ ਸਿੰਘ ਵਿੱਕੀ*
*ਸਟਾਕਟਨ, ਕੈਲੀਫੋਰਨੀਆ।*
*ਫੋਨ: 209-815-8883*

---

ਮੌਸਮੀ ਮੇਲੇ ਚਾਅ ਖੁਸ਼ੀਆਂ ਹਰ ਪਾਸੇ
ਬਣ ਤਣ ਸੋਹਣੇ ਰੰਗ ਬਰੰਗੇ ਲੀੜੇ ਪਾ
ਰੰਗ ਬਰੰਗੀਆਂ ਪੱਗਾਂ ਛੱਡ ਤੁਰਲੇ
ਡਾਰਾਂ ਦੀਆਂ ਡਾਰਾਂ ਜਾ ਰਹੀਆਂ।
ਵਿਹਲੇ ਹੋ ਝਮੇਲਿਆਂ ਤੋਂ
ਫਸਲ ਬਾੜੀ ਨਿਬੇੜ ਸਭ
ਪਹੁੰਚ ਜਾਂਦੇ ਉਸ ਮਰਕਜ 'ਤੇ
ਜਿਥੇ ਦੇ ਗੇੜੇ 'ਤੇ ਗੇੜਾ
ਇਕ ਦੂਜੇ ਨੂੰ ਦੇਖਦੇ ਹੀ ਰਹਿ ਜਾਂਦੇ।
ਇਕ ਤਾਂ ਸੁਹੱਪਣ ਉਂਜ ਹੀ ਚੜ੍ਹਿਆ
ਦੂਜਾ ਕਰ ਲਿਆ ਹਾਰ ਸ਼ਿੰਗਾਰ
ਹਰ ਇਕ ਦੀ ਖਿੱਚ ਦਾ ਬਿੰਦੂ ਬਣਿਆ।
ਪਹਿਰਾਵਾ ਚੰਦ ਦੇ ਪੂਰੇ ਜੋਬਨ ਵਾਂਗ
ਚੜ੍ਹਦੀ ਜਵਾਨੀ ਠਾਠਾਂ ਮਾਰਦੀ
ਖੂਬਸੂਰਤੀ ਮਨੁੱਖੀ ਤੰਦਰੁਸਤੀ ਦਾ ਨਤੀਜਾ
ਆਨ ਤੇ ਸ਼ਾਨ ਉਡ ਉਡ ਆਵੇ।
*-ਦਰਸ਼ਨਪਾਲ ਦੋਸਾਂਝ*

# ਜਮਹੂਰੀ ਦੇਸ਼ ਦੀ ਮਹਿੰਗੀ ਤੇ ਜਟਿਲ ਸੰਸਦੀ ਚੋਣ ਪ੍ਰਕ੍ਰਿਆ

ਹੁਣੇ ਹੁਣੇ ਹਿੰਦੋਸਤਾਨ ਬਹੁਤ ਹੀ ਮਹਿੰਗੀਆਂ, ਜਟਿਲ ਤੇ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦੀਆਂ ਸੰਸਦੀ ਚੋਣਾਂ ਵਿਚੋਂ ਲੰਘਿਆ ਹੈ। ਇਸ ਦਾ ਸਾਰਾ ਬੋਝ ਦੇਸ਼ ਦੀ ਆਮ ਜਨਤਾ ਨੇ ਹੀ ਅਦਾ ਕਰਨਾ ਹੈ। ਆਮ ਲੋਕਾਂ ਵਿਚੋਂ ਉਠੇ ਤੇ ਆਪਣੇ ਹੱਕਾਂ ਦਾ ਹੋਕਾ ਦੇਣ ਵਾਲੇ ਲੋਕਾਂ ਦੀ ਅਵਾਜ਼ ਮੀਡੀਆ ਚਰਚਾ ਵਿਚੋਂ ਨਾਦਾਰਦ ਰਹੀ। 'ਉਠ ਦਾ ਬੁੱਲ ਕਦੋਂ ਡਿਗੂ' ਦੀ ਝਾਕ ਵਿਚ ਬੈਠੇ ਜਦੋਂ ਇਨ੍ਹਾਂ ਆਮ ਨਾਗਰਿਕਾਂ ਨੇ ਸਰਕਾਰਾਂ 'ਤੇ ਟੇਕ ਛੱਡ ਚੋਣ ਮੈਦਾਨ ਵਿਚ ਆਪਣੀ ਕਿਸਮਤ ਅਜਮਾਣੀ ਚਾਹੀ ਤਾਂ ਇਥੇ ਵੀ ਉਨ੍ਹਾਂ ਪੱਲੇ ਨਿਰਾਸ਼ਾ ਹੀ ਪਈ। ਲੋੜਾਂ, ਥੋੜ੍ਹਾਂ ਤੇ ਮਜਬੂਰੀਆਂ ਦੇ ਮਾਰੇ ਸਾਧਨ ਵਿਹੂਣੇ ਲੋਕ ਪੈਸੇ ਵਾਲਿਆਂ ਦਾ ਮੁਕਾਬਲਾ ਤਾਂ ਕਿਥੋਂ ਕਰਦੇ, ਉਨ੍ਹਾਂ ਕੋਲ ਤਾਂ ਜ਼ਮਾਨਤੀ ਬਾਂਡ ਜੋਗੇ ਵੀ ਪੈਸੇ ਨਹੀਂ। ਉਨ੍ਹਾਂ ਦੀ ਆਪਣੇ ਵੋਟਰ ਤਕ ਰਸਾਈ ਤਾਂ ਬੜੀ ਦੂਰ ਦੀ ਕੌਡੀ ਹੈ, ਉਹ ਤਾਂ ਪੂਰੇ ਹਲਕੇ ਵਿਚ ਇੱਕ ਗੇੜਾ ਵੀ ਨਹੀਂ ਦੇ ਸਕੇ।



ਸੁਕੰਨਿਆ ਭਾਰਦਵਾਜ ਨਾਭਾ
ਫੋਨ: 815-307-3112

ਫਿਰ ਇਹ ਸਭ ਲਈ ਬਰਾਬਰੀ ਦੇ ਮੌਕਿਆਂ ਵਾਲੀ ਜਮਹੂਰੀਅਤ ਕਿੱਦਾਂ ਹੋਈ? ਕੀ ਇਹ ਦਿਨ ਬਦਿਨ ਸਰਮਾਏਦਾਰੀ ਦੇ ਹੱਕ ਵਿਚ ਭੁਗਤ ਰਹੀ ਪ੍ਰਕ੍ਰਿਆ ਨਹੀਂ, ਜੋ ਆਮ ਲੋਕਾਂ ਤੋਂ ਦੂਰ ਹੁੰਦੀ ਜਾ ਰਹੀ ਹੈ। ਦਿੱਲੀ ਵਾਲੀਆਂ ਚੋਣਾਂ ਪ੍ਰਤੀ ਵੋਟਰ ਦੀ ਉਦਾਸੀਨਤਾ ਦਾ ਮੁਖ ਕਾਰਨ ਤਾਂ ਇਹੋ ਹੈ ਕਿ ਇਹ ਆਮ ਲੋਕਾਂ ਦਾ ਕੁਝ ਨਹੀਂ ਸੰਵਾਰਦੀਆਂ। ਕੁਲ ਮਿਲਾ ਕੇ ਇਹ ਲੜਾਈ ਸਿਰਫ ਸੱਤਾ ਦੀ ਹੈ, ਜਿਸ ਵਿਚੋਂ ਆਮ ਆਦਮੀ ਤੇ ਉਸ ਦੀਆਂ ਲੋੜਾਂ, ਥੋੜ੍ਹਾਂ ਦੀ ਪੂਰਤੀ ਪੂਰੀ ਤਰ੍ਹਾਂ ਮਨਫੀ ਹਨ।

ਜਿਹੋ ਜਿਹੇ ਹਾਲਾਤ ਬਣ ਚੁਕੇ ਹਨ, ਅੰਬਾਨੀ, ਅਡਾਨੀ ਦੇ ਹੀ ਅਰਬਾਂ ਰੁਪਏ ਦੇ ਕਰਜ਼ੇ ਮੁਆਫ ਹੋਣਗੇ; ਤੇ ਮਾਲਿਆ, ਨੀਰਵ ਮੋਦੀ, ਚੌਕਸੀ ਸਮੇਤ ਦਰਜਨਾਂ ਭਗੌੜੇ ਸਰਕਾਰੀ ਬੈਂਕਾਂ ਦਾ ਅਰਬਾਂ ਰੁਪਏ ਦਾ ਮੋਟਾ ਕਰਜ਼ਾ ਹਜ਼ਮ ਕਰ ਵਿਦੇਸ਼ਾਂ ਲਈ ਸੁਰਖਿਅਤ ਲਾਂਘਾ ਲੈਂਦੇ ਰਹਿਣਗੇ। ਦੂਜੇ ਪਾਸੇ ਕਿਸਾਨ, ਮਜ਼ਦੂਰ ਸਿਰ ਚੜ੍ਹੇ ਨਾਂਮਾਤਰ ਕਰਜ਼ੇ ਕਾਰਨ ਬੈਂਕਾਂ ਵਾਲਿਆਂ ਵਲੋਂ ਉਨ੍ਹਾਂ ਦੇ ਘਰਾਂ, ਜਮੀਨਾਂ ਦੀ ਨਿਲਾਮੀ ਦੇ ਨਾਦਰਸ਼ਾਹੀ ਹੁਕਮ ਚਾੜ੍ਹੇ ਜਾਂਦੇ ਹਨ। ਉਨ੍ਹਾਂ ਨੂੰ ਖੁਦਕੁਸ਼ੀ ਵਰਗੇ ਭਿਅੰਕਰ ਕਦਮ ਚੁੱਕਣ ਲਈ ਮਜਬੂਰ ਕੀਤਾ ਜਾਂਦਾ ਹੈ। ਬੇਰੁਜ਼ਗਾਰ ਨੌਜਵਾਨ ਨਸ਼ਿਆਂ ਦੇ ਰਾਹ ਪੈ ਜਾਂਦੇ ਹਨ। ਸਰਕਾਰਾਂ ਨੌਜਵਾਨਾਂ ਵਿਚ ਕੁਝ ਕਰ ਵਿਖਾਉਣ ਦੇ ਜਜ਼ਬੇ ਨੂੰ ਉਤਸ਼ਾਹਿਤ ਕਰਨ ਦੀ ਥਾਂ ਉਨ੍ਹਾਂ ਨੂੰ ਪਰਵਾਸ ਵੱਲ ਧੱਕ ਰਹੀਆਂ ਹਨ। ਮਾਪਿਆਂ ਨੂੰ ਆਪਣੇ ਜਿਗਰ ਦੇ ਟੁਕੜਿਆਂ ਨੂੰ ਅੱਖਾਂ ਤੋਂ ਦੂਰ ਕਰਕੇ ਆਪ ਦੋਜਖ ਦੀ ਅੱਗ ਵਿਚ ਭੁੱਜਣ ਅਤੇ ਬੁਢਾਪਾ ਇਕਲਾਪੇ ਵਿਚ ਕੱਟਣ ਲਈ ਮਜਬੂਰ ਕਰ ਦਿੱਤਾ ਗਿਆ ਹੈ।

ਚੋਣਾਂ ਲੜਨੀਆਂ ਤੇ ਵੋਟਾਂ ਪਾਉਣੀਆਂ ਹੀ ਜਮਹੂਰੀਅਤ ਨਹੀਂ। ਅਮੀਰ-ਗਰੀਬ, ਉਚ-ਨੀਚ, ਛੋਟੇ-ਵੱਡੇ, ਦੇਸ਼ ਦੇ ਹਰ ਨਾਗਰਿਕ ਨੂੰ ਰੋਟੀ ਰੋਜੀ ਤੇ ਤਰੱਕੀ ਦੇ ਇਕੋ ਜਿਹੇ ਮੌਕੇ ਦੇਣਾ; ਲਿਖਣ, ਪੜ੍ਹਨ, ਬੋਲਣ ਦੀ ਪੂਰਨ ਸੁਤੰਤਰਤਾ ਵਰਗੇ ਅਨੇਕਾਂ ਹੀ ਹਕੂਕ ਸਾਡੇ ਪੁਰਖਿਆਂ-ਡਾ. ਭੀਮ ਰਾਓ ਅੰਬੇਡਕਰ, ਰਾਸ਼ਟਰਪਿਤਾ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਜਿਹੇ ਮਹਾਨ ਰਹਿਨੁਮਾਵਾਂ ਨੇ ਦੇਸ਼ ਵਿਚੋਂ ਹਰ ਤਰ੍ਹਾਂ ਦਾ ਭੇਦ ਭਾਵ ਖਤਮ ਕਰਨ ਲਈ ਚਿਤਵੇ ਸਨ, ਜੋ ਸਾਡੀ ਜਮਹੂਰੀਅਤ ਦੇ ਅਹਿਮ ਥੰਮ ਹਨ, ਪਰ ਆਜ਼ਾਦੀ ਦੇ 70 ਸਾਲ ਬਾਅਦ ਵੀ ਅਸੀਂ ਇਨ੍ਹਾਂ ਮੁਢਲੇ ਅਸੂਲਾਂ ਨੂੰ ਅਮਲੀ ਜਾਮਾ ਨਹੀਂ ਪਹਿਨਾ ਸਕੇ, ਜਿਸ ਕਾਰਨ ਇਹ ਪਾੜਾ ਦਿਨ ਬਦਿਨ ਹੋਰ ਵਧਦਾ ਜਾ ਰਿਹਾ ਹੈ। ਫਿਰ ਇਸ ਨੂੰ ਲੋਕਤੰਤਰ ਕਿਵੇਂ ਕਿਹਾ ਜਾ ਸਕਦਾ ਹੈ? ਇਹ ਗੈਰ ਵਿਧਾਨਕ ਤੇ ਗੈਰ ਲੋਕਤੰਤਰੀ ਵਰਤਾਰਾ ਦੇਸ਼ ਵਿਚੋਂ ਜਮਹੂਰੀਅਤ ਦੀਆਂ ਜੜ੍ਹਾਂ ਖੋਖਲੀਆਂ ਕਰੀ ਜਾ ਰਿਹਾ ਹੈ।

ਇਨ੍ਹਾਂ ਲੋਕ ਸਭਾ ਚੋਣਾਂ ਵਿਚ ਕਈ ਨਵੇਂ ਵਰਤਾਰੇ ਵੀ ਦੇਖਣ ਨੂੰ ਮਿਲੇ। ਪੰਜਾਬ ਸਮੇਤ ਪੂਰੇ ਦੇਸ਼ ਵਿਚ ਪੋਲਿੰਗ ਘਟੀ ਹੈ। ਸਰਕਾਰੀ ਐਲਾਨ ਮੁਤਾਬਕ ਪੰਜਾਬ ਵਿਚ ਪੋਲਿੰਗ ਅਨੁਪਾਤ 64% ਦੱਸੀ ਗਈ ਹੈ। ਇਕ ਅਨੁਮਾਨ ਅਨੁਸਾਰ ਕਰੀਬ 10 ਲੱਖ ਵੋਟਰ ਇਸ ਚੋਣ ਪ੍ਰਕ੍ਰਿਆ ਤੋਂ ਲਾਂਭੇ ਹੀ ਰਹੇ। ਇਹ ਸਾਡੇ ਜਮਹੂਰੀ ਸਮਾਜ ਲਈ ਖਤਰੇ ਦੀ ਘੰਟੀ ਹੈ। ਰਾਜ ਕਰਦੀਆਂ ਸਿਆਸੀ ਪਾਰਟੀਆਂ ਵਲੋਂ ਲੋਕ-ਮਸਲਿਆਂ ਨੂੰ ਲਗਾਤਾਰ ਅੱਖੋਂ ਪਰੋਖੇ ਕੀਤੇ ਜਾਣ ਕਰਕੇ ਹੀ ਲੋਕਾਂ ਦਾ ਇਨ੍ਹਾਂ ਤੋਂ ਵਿਸ਼ਵਾਸ ਉਠ ਗਿਆ ਹੈ। ਲੋਕਾਂ ਨੂੰ ਉਨ੍ਹਾਂ ਦੇ ਭਖਦੇ ਮਸਲਿਆਂ-ਰੁਜ਼ਗਾਰ, ਨਸ਼ਿਆਂ 'ਤੇ ਰੋਕ, ਕਿਸਾਨੀ ਤੇ ਖੇਤੀਬਾੜੀ ਦੀ ਹੋ ਰਹੀ ਦੁਰਦਸ਼ਾ, ਕੀਟਨਾਸ਼ਕ ਦਵਾਈਆਂ ਤੇ ਖਾਦਾਂ ਨਾਲ ਧਰਤੀ ਦਾ ਜ਼ਹਿਰੀਲਾ ਹੋਣਾ, ਸਿਹਤ ਤੇ ਸਿਖਿਆ ਸਾਧਨਾਂ ਵਿਚ ਲਗਾਤਾਰ ਗਿਰਾਵਟ, ਬਾਹਰ ਭੇਜਣ ਦੇ ਨਾਂ 'ਤੇ ਨੌਜਵਾਨਾਂ ਦੀ ਹੋ ਰਹੀ ਲੁੱਟ ਆਦਿ ਨੌਜਵਾਨਾਂ ਨਾਲ ਜੁੜੇ ਅਜਿਹੇ ਮੁੱਦੇ ਹਨ, ਜਿਨ੍ਹਾਂ ਵੱਲ ਸਰਕਾਰਾਂ ਦਾ ਕੋਈ ਧਿਆਨ ਨਹੀਂ।

ਆਪਣੀਆਂ ਸਮੱਸਿਆਵਾਂ ਸਰਕਾਰਾਂ ਤੇ ਲੋਕਾਂ ਦੀ ਕਚਹਿਰੀ ਤਕ ਲਿਜਾਣ ਲਈ 'ਕਿਸਾਨ ਖੇਤ ਮਜ਼ਦੂਰ ਖੁਦਕੁਸ਼ੀ ਪੀੜਤ ਪਰਿਵਾਰ ਕਮੇਟੀ' ਨੇ ਬਠਿੰਡਾ ਲੋਕ ਸਭਾ ਸੀਟ ਤੋਂ ਪਰਿਵਾਰ ਦੇ ਤਿੰਨ ਅਹਿਮ ਮੈਂਬਰ ਕਿਸਾਨ ਖੁਦਕੁਸ਼ੀਆਂ ਰਾਹੀਂ ਗੁਆ ਚੁਕੀ ਵੀਰਪਾਲ ਕੌਰ ਰੱਲਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ। ਉਹ ਸਿਕਿਊਰਿਟੀ ਦੇ ਪੱਚੀ ਹਜ਼ਾਰ ਵੀ ਭਰਨ ਤੋਂ ਅਸਮਰਥ ਸੀ, ਜੋ ਲੋਕਾਂ ਨੇ ਹੀ ਇਕੱਠੇ ਕਰਕੇ ਭਰੇ। ਚੋਣ ਮੁਹਿੰਮ ਵੀ ਉਸ ਨੇ ਲੋਕਾਂ ਤੋਂ ਮਿਲੀ ਮਦਦ ਨਾਲ ਚਲਾਈ। ਦੋ ਬਾਲਗ ਬੱਚਿਆਂ ਦੀ ਮਾਂ ਵੀਰਪਾਲ ਕੌਰ ਦੇ ਪਤੀ ਧਰਮਵੀਰ ਸਿੰਘ ਨੇ ਵਿਆਹ ਤੋਂ 4 ਸਾਲ ਬਾਅਦ ਹੀ 1995 ਵਿਚ ਫਸਲ ਦੇ ਖਰਾਬੇ ਕਾਰਨ ਹੋਏ ਨੁਕਸਾਨ ਤੇ ਕਰਜ ਨਾ ਮੋੜੇ ਜਾਣ ਕਾਰਨ ਖੁਦਕੁਸ਼ੀ ਕਰ ਲਈ ਸੀ। ਉਸ ਤੋਂ ਪਹਿਲਾਂ ਉਸ ਦੇ ਪਿਤਾ ਤੇ ਸਹੁਰੇ ਨੇ ਵੀ ਫਸਲ ਦੇ ਖਰਾਬੇ ਕਾਰਨ ਖੁਦਕੁਸ਼ੀ ਕਰ ਲਈ ਸੀ। ਦੋਵੇਂ ਪਰਿਵਾਰਾਂ ਦਾ ਵਿਆਹ ਸੰਯੋਗ ਵੀ ਇਨ੍ਹਾਂ ਕਿਸਾਨ ਖੁਦਕੁਸ਼ੀਆਂ ਕਾਰਨ ਹੀ ਬਣਿਆ ਸੀ; ਪਰ ਕਿਸੇ ਵੀ ਸਰਕਾਰ ਜਾਂ ਸਿਆਸੀ ਪਾਰਟੀ ਨੇ ਉਨ੍ਹਾਂ ਦੀ ਸਾਰ ਨਾ ਲਈ। ਇਥੋਂ ਤਕ ਕਿ ਕਿਸਾਨ ਜਥੇਬੰਦੀਆਂ ਵਲੋਂ ਵੀ ਕੋਈ ਉਸਾਰੂ ਹੁੰਗਾਰਾ ਇਨ੍ਹਾਂ ਪਰਿਵਾਰਾਂ ਨੂੰ ਨਹੀਂ ਮਿਲਿਆ। ਭਲਾ ਹੋਵੇ ਲੁਧਿਆਣਾ ਦੇ ਕੈਨੇਡਾ ਰਹਿੰਦੇ ਉਸ ਪਰਿਵਾਰ ਦਾ, ਜੋ ਉਹਦੇ ਦੋਵੇਂ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕ ਰਿਹਾ ਹੈ।



ਵੀਰਪਾਲ ਕੌਰ ਰੱਲਾ

ਸਾਲ 2016 ਵਿਚ ਆਪਣਾ ਪਿਤਾ ਗੁਆ ਚੁੱਕੀ 23 ਸਾਲਾ ਕਮੇਟੀ ਕਨਵੀਨਰ ਕਿਰਨਦੀਪ ਕੌਰ ਭੂਨੀਰ ਨੇ ਵੀਰਪਾਲ ਕੌਰ ਦੀ ਚੋਣ ਮੁਹਿੰਮ ਚਲਾਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਐਮ. ਏ. ਪੁਲੀਟੀਕਲ ਦੀ ਵਿਦਿਆਰਥਣ ਕਿਰਨਦੀਪ ਕੌਰ ਦੇ ਪਿਤਾ ਦੇ ਸਿਰ ਉਤੇ ਵੀ ਕਰੀਬ 8 ਲੱਖ ਰੁਪਏ ਦਾ ਕਰਜਾ ਸੀ, ਜੋ ਉਹ ਕਪਾਹ ਦੀ ਫਸਲ ਨੂੰ ਪਈ ਚਿੱਟੀ ਸੁੰਡੀ ਕਾਰਨ ਉਤਾਰ ਨਾ ਸਕਿਆ। ਇਸ ਵਿਚ ਕਰੀਬ ਦੋ ਲੱਖ ਰੁਪਏ ਕਿਰਨ ਦੇ ਇਲਾਜ ਦਾ ਪ੍ਰਾਈਵੇਟ ਹਸਪਤਾਲ ਦਾ ਬਿਲ ਸੀ; ਕਿਉਂਕਿ ਉਸ ਨੂੰ ਪਿਤਾ ਨਾਲ ਖੇਤਾਂ ਵਿਚ ਕੰਮ ਕਰਦਿਆਂ ਸੱਪ ਨੇ ਡੰਗ ਲਿਆ ਸੀ। ਜ਼ਿਕਰਯੋਗ ਹੈ ਕਿ ਮਾਲਵੇ ਦੀ ਨਰਮਾ ਪੱਟੀ ਵਿਚ ਫੈਲੀ ਚਿੱਟੀ ਸੁੰਡੀ ਨੇ ਰਾਤੋ ਰਾਤ ਖੇਤਾਂ ਦੇ ਖੇਤ ਚੱਟ ਕਰ ਦਿੱਤੇ, ਹਜ਼ਾਰਾਂ ਕਿਸਾਨਾਂ ਨੂੰ ਘਰੋਂ ਬੇਘਰ ਕਰ ਦਿੱਤਾ ਸੀ, ਜਦਕਿ ਚਿੱਟੀ ਸੁੰਡੀ ਦੇ ਨੀਲੇ ਪੀਲੇ ਕੀਟਨਾਸ਼ਕ ਨਿਰਮਾਤਾ ਅਰਬਾਂਪਤੀ ਬਣ ਗਏ। ਕਿਸਾਨਾਂ ਨੂੰ ਇਨ੍ਹਾਂ ਆਤਮਘਾਤ ਦੇ ਰਾਹ ਤੋਰਨ ਵਾਲੇ ਸਰਮਾਏਦਾਰਾਂ ਨੂੰ ਤੱਤੀ ਵਾਅ ਵੀ ਨਹੀਂ ਲੱਗੀ, ਜਦੋਂ ਕਿ ਕਿਸਾਨਾਂ ਵਿਚੋਂ ਹੀ ਉਠੇ ਤਾਜੇ ਬਣੇ ਸਰਮਾਏਦਾਰ ਦਾ ਨਾਂ ਲੰਮੇ ਸਮੇਂ ਤਕ ਮੀਡੀਆ ਵਿਚ ਗੂੰਜਦਾ ਰਿਹਾ। ਉਸ ਨੇ ਆਪਣੇ ਪਿਤਾ ਦੀ ਇਸ ਦਰਦਨਾਕ ਮੌਤ ਤੋਂ ਬਾਅਦ ਖੁਦਕੁਸ਼ੀ ਪੀੜਤ ਪਰਿਵਾਰਾਂ ਨਾਲ ਰਾਬਤਾ ਬਣਾਇਆ ਤੇ ਕਰੀਬ ਪੰਤਾਲੀ ਸੌ ਪੀੜਤ ਪਰਿਵਾਰਾਂ ਨੂੰ ਕਮੇਟੀ ਦੇ ਇੱਕ ਮੰਚ 'ਤੇ ਇਕੱਠਾ ਕੀਤਾ। ਕਰੀਬ 40 ਖੁਦਕੁਸ਼ੀ ਪੀੜਤ ਪਰਿਵਾਰ ਤਾਂ ਉਸ ਦੇ ਆਪਣੇ ਪਿੰਡ ਭੂਨੀਰ ਤੋਂ ਹੀ ਹਨ। ਹੁਣ ਉਹ ਸੀਮਤ ਸਾਧਨਾਂ ਤੇ ਸਰਕਾਰ ਵਲੋਂ ਮਿਲਦੀਆਂ ਨਿਗੂਣੀਆਂ ਸਹੂਲਤਾਂ ਬੁਢਾਪਾ/ਵਿਧਵਾ ਪੈਨਸ਼ਨ, ਬੱਚਿਆਂ ਲਈ ਸਿੱਖਿਆ ਤੇ ਹੋਰ ਕੰਮਾਂ ਵਿਚ ਆਪਣੇ ਕਮਾਊ ਗੁਆ ਚੁਕੇ ਇਨ੍ਹਾਂ ਦੁਖੀ ਪਰਿਵਾਰਾਂ ਦੀ ਮਦਦ ਕਰਦੀ ਹੈ।

ਵੀਰਪਾਲ ਕੌਰ ਦੇ ਆਪਣੇ ਜਿਲੇ ਮਾਨਸਾ ਵਿਚ ਹੀ 3,388 ਪਰਿਵਾਰ ਕਿਸਾਨ ਖੁਦਕੁਸ਼ੀ ਪੀੜਤ ਹਨ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੀ ਰਿਪੋਰਟ ਮੁਤਾਬਕ ਸੰਨ 2000 ਤੋਂ 2015 ਤਕ 16,600 ਕਿਸਾਨ ਖੁਦਕੁਸ਼ੀ ਕਰ ਚੁਕੇ ਹਨ। ਇਕੱਲੇ ਮਾਲਵਾ ਜੋਨ ਦੇ 6 ਜਿਲਿਆਂ ਵਿਚ ਕਿਸਾਨ ਖੁਦਕੁਸ਼ੀਆਂ ਦੀ ਦਰ 88% ਤਕ ਜਾ ਪਹੁੰਚੀ ਹੈ। ਪਿਤਾ, ਸਹੁਰਾ ਤੇ ਪਤੀ ਕਿਸਾਨੀ ਦੇ ਲੇਖੇ ਲਾ ਚੁੱਕੀਆਂ ਇਨ੍ਹਾਂ ਪੀੜਤਾਂ ਦਾ ਕਹਿਣਾ ਹੈ ਕਿ ਕਿਸੇ ਵੀ ਪਾਰਟੀ ਨੇ ਉਨ੍ਹਾਂ ਦੀ ਸਾਰ ਨਹੀਂ ਲਈ, ਜਿਸ ਕਰਕੇ ਉਨ੍ਹਾਂ ਨੂੰ ਆਪ ਚੋਣ ਮੈਦਾਨ ਵਿਚ ਆਉਣਾ ਪਿਆ। ਉਨ੍ਹਾਂ ਨੂੰ ਵੀ ਪਤਾ ਹੈ ਕਿ ਉਹ ਇਨ੍ਹਾਂ ਸਾਧਨ ਸੰਪੰਨ ਪਰਿਵਾਰਾਂ ਦਾ ਟਾਕਰਾ ਨਹੀਂ ਕਰ ਸਕਦੀਆਂ, ਪਰ ਸੱਤਾ ਦੀਆਂ ਲਾਲਚੀ ਧਿਰਾਂ ਨੂੰ ਇਸ ਸਰਬਉਚ ਜਮਹੂਰੀ ਸੰਸਦੀ ਚੋਣ ਮੰਚ ਤੋਂ ਇੱਕ ਸੰਦੇਸ਼ ਦੇਣਾ ਚਾਹੁੰਦੀਆਂ ਹਨ ਤਾਂ ਜੋ ਕੁਦਰਤੀ ਕਰੋਪੀ ਦੇ ਨਾਲ ਨਾਲ ਗਲਤ ਖੇਤੀ ਨੀਤੀਆਂ ਦੇ ਚਲਦਿਆਂ ਜਿਉਂਦੇ ਜੀਅ ਮੌਤ ਦੇ ਰਾਹ ਪਏ ਇਨ੍ਹਾਂ ਲੁੱਟੇ ਪੁੱਟੇ ਪਰਿਵਾਰਾਂ ਲਈ ਜਿਉਣ ਦਾ ਕੋਈ ਸਬੱਬ ਬਣ ਸਕੇ। ਉਹ ਕਮੇਟੀ ਨੂੰ ਜਿਲਾ, ਤਹਿਸੀਲ, ਮੰਡਲ ਤੇ ਪਿੰਡ ਪੱਧਰ 'ਤੇ ਲਿਜਾ ਕੇ ਆਪਣੇ ਹੱਕਾਂ ਲਈ ਲੰਮਾ ਅਣਥੱਕ ਸੰਘਰਸ਼ ਵਿੱਢ ਚੁਕੀਆਂ ਹਨ ਤਾਂ ਜੋ ਕੋਈ ਹੋਰ ਕਿਸਾਨ ਇਸ ਰਾਹ ਨਾ ਪਵੇ। ਉਹ ਪੀੜਤ ਪਰਿਵਾਰਾਂ ਨੂੰ ਢਾਰਸ ਦਿੰਦਿਆਂ ਸਿਖਿਅਤ ਵੀ ਕਰ ਰਹੀਆਂ ਹਨ ਕਿ ਖੁਦਕੁਸ਼ੀ ਕਿਸੇ ਸਮੱਸਿਆ ਦਾ ਹੱਲ ਨਹੀਂ।

ਇਨ੍ਹਾਂ ਚੋਣਾਂ ਵਿਚ ਹਿੱਸਾ ਲੈ ਕੇ ਉਨ੍ਹਾਂ ਨੇ ਬਠਿੰਡੇ ਤੋਂ ਕਿਸਾਨ ਖੁਦਕੁਸ਼ੀਆਂ ਵਰਗੇ ਸੰਵੇਦਨਸ਼ੀਲ ਮੁੱਦੇ ਰਾਹੀਂ ਲੋਕ ਮਸਲਿਆਂ ਤੋਂ ਕਿਨਾਰਾ ਕਰ ਚੁੱਕੀਆਂ, ਗਫਲਤ ਦੀ ਨੀਂਦੇ ਸੁੱਤੀਆਂ ਰਾਜ ਕਰਦੀਆਂ ਪਾਰਟੀਆਂ ਤੇ ਸਰਕਾਰਾਂ ਨੂੰ ਜਗਾਉਣ ਦਾ ਮੁੱਢ ਬੰਨਿਆ ਹੈ, ਜਿਸ ਦਾ ਡੰਕਾ ਉਹ ਜੋਰ ਸ਼ੋਰ ਨਾਲ ਵਜਾ ਰਹੀਆਂ ਹਨ। ਨਾਲ ਦੀ ਨਾਲ ਇਸ ਮਰਦ ਪ੍ਰਧਾਨ ਸਮਾਜ ਲਈ ਵੱਡੀ ਚੁਣੌਤੀ ਵੀ ਖੜ੍ਹੀ ਕਰ ਰਹੀਆਂ ਹਨ ਕਿ ਉਹ ਤਾਂ ਮੌਤ ਨੂੰ ਗਲ ਲਾ ਆਪਣਾ ਖਹਿੜਾ ਛੁਡਾ ਗਏ, ਹੁਣ ਉਹ (ਖੁਦ) ਆਪਣੇ ਨਿੱਕੇ ਨਿੱਕੇ ਮਾਸੂਮਾਂ ਨੂੰ ਛੱਡ ਕੇ ਕਿਥੇ ਜਾਣ? ਉਨ੍ਹਾਂ ਖੁਦਕੁਸ਼ੀ ਦਾ ਰਾਹ ਨਾ ਚੁਣ ਕੇ ਆਪਣੇ ਹੱਕਾਂ ਲਈ ਲੜਨ ਦਾ ਰਸਤਾ ਅਖਤਿਆਰ ਕਰਨ ਨੂੰ ਤਰਜੀਹ ਦਿੱਤੀ ਹੈ।

ਇਸੇ ਤਰ੍ਹਾਂ ਵੱਡਿਆਂ ਦੀ ਕਰੋਪੀ ਦਾ ਸ਼ਿਕਾਰ ਕੰਪਿਊਟਰ ਵਿਚ ਮਾਸਟਰ ਡਿਗਰੀ ਹੋਲਡਰ ਯੁਵਕ ਮਨਜੀਤ ਸਿੰਘ ਬਲਵੇੜਾ, ਲੁਧਿਆਣੇ ਵਿਚ ਇੱਕ ਭਟੂਰੇ ਵੇਚਣ ਵਾਲਾ ਤੇ ਟੀਟੂ ਬਾਣੀਆਂ ਸਮੇਤ ਪੂਰੇ ਪੰਜਾਬ ਵਿਚੋਂ ਸਿਆਸੀ, ਸਮਾਜਕ ਤੇ ਆਰਥਕ ਕਾਣੀ ਵੰਡ ਦਾ ਸ਼ਿਕਾਰ ਚੋਣ ਲੜੇ ਵਿਅਕਤੀ ਚਾਹੇ ਆਪਣੇ ਹਲਕੇ ਦਾ ਇੱਕ ਚੱਕਰ ਵੀ ਪੂਰਾ ਨਾ ਲਾ ਸਕੇ, ਪਰ ਉਨ੍ਹਾਂ ਇਸ ਸਰਮਾਏਦਾਰੀ ਨਿਜ਼ਾਮ ਨੂੰ ਠੱਲ ਪਾਉਣ ਹਿੱਤ ਆਪਣਾ ਵਿਰੋਧ ਜਰੂਰ ਦਰਜ ਕਰਵਾਇਆ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਦਾ ਨੌਜਵਾਨ ਕੁਝ ਕਰ ਗੁਜ਼ਰਨ ਦੇ ਸਮਰੱਥ ਤੇ ਤਰੱਕੀਪਸੰਦ ਹੈ। ਇਹੋ ਕਾਰਨ ਹੈ ਕਿ ਵਿਦੇਸ਼ੀ ਧਰਤੀ ਉਤੇ ਉਹ ਹਰ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਦਾ ਹੋਇਆ ਵੀ ਆਪਣੇ ਹੌਸਲੇ ਦਾ ਲੋਹਾ ਮੰਨਵਾ ਚੁਕਾ ਹੈ। ਇਸੇ ਲਈ ਉਹ ਤੱਤਫਟ ਨਤੀਜੇ ਚਾਹੁੰਦਾ ਹੈ। ਉਸ ਦੀ ਨਤੀਜਿਆਂ ਪ੍ਰਤੀ ਬੇਸਬਰੀ, ਅਸਹਿਣਸ਼ੀਲਤਾ ਤੇ ਦੋਸ਼ਪੂਰਨ ਰਾਜਨੀਤਕ ਢਾਂਚਾ ਉਸ ਦੀ ਵਾਹ ਨਹੀਂ ਚਲਣ ਦਿੰਦੇ। ਸਾਡੀਆਂ ਸੰਵਿਧਾਨਕ ਸੰਸਥਾਵਾਂ, ਚੋਣ ਕਮਿਸ਼ਨ, ਨਿਆਂ ਪ੍ਰਣਾਲੀ, ਕਾਰਜ ਪ੍ਰਣਾਲੀ ਵੀ ਉਸ ਦੀ ਜਿਗਿਆਸਾ ਨੂੰ ਕਿਸੇ ਕੰਢੇ ਨਹੀਂ ਲਾਉਂਦੀਆਂ।



ਕਿਰਨਦੀਪ ਕੌਰ ਭੂਨੀਰ

ਪੰਜਾਬ ਦੀ ਜ਼ਰਖੇਜ ਜਮੀਨ ਵਿਚ ਦੇਸ਼ ਨੂੰ ਲੀਡ ਕਰਨ ਤੇ ਕਿਸਮਤ ਦੇ ਆਪ ਸ਼ਾਹ ਸਵਾਰ ਬਣਨ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਪਈਆਂ ਹਨ। ਬਹੁਤ ਕੁਝ ਸਰਕਾਰ ਤੋਂ ਬਿਨਾ ਵੀ ਕੀਤਾ ਜਾ ਸਕਦਾ ਹੈ। ਲੋਕਾਈ ਤ੍ਰਾਹ ਤ੍ਰਾਹ ਕਰ ਰਹੀ ਹੈ। ਨੌਜਵਾਨਾਂ ਦੀ ਲੋਕਾਂ ਦੇ ਦੁਖਾਂ ਸੁਖਾਂ ਵਿਚ ਮੌਜੂਦਗੀ ਇੱਕ ਨਵਾਂ ਪੰਜਾਬ ਸਿਰਜਣ ਲਈ ਰਾਹ ਪੱਧਰਾ ਕਰ ਸਕਦੀ ਹੈ ਤੇ ਸਾਂਝੀ ਸਾਕਾਰਾਤਮਕ ਪਹੁੰਚ ਸਰਕਾਰਾਂ ਨੂੰ ਵੀ ਗੱਲ ਸੁਣਨ ਲਈ ਮਜਬੂਰ ਕਰ ਦੇਵੇਗੀ। ਨਹੀਂ ਤਾਂ 'ਉਹੋ ਚੱਕੀ ਚੱਲੂ, ਉਹੀ ਗਲਾ ਪਊ' ਵਾਲੀ ਸਥਿਤੀ ਬਣੀ ਰਹੂ। ਇਸ ਗੰਧਲੀ ਤੇ ਭ੍ਰਿਸ਼ਟ ਰਾਜਨੀਤੀ ਦਾ ਬਦਲ ਦਿਆਨਤਦਾਰੀ, ਮਿਹਨਤ, ਸਹਿਯੋਗ, ਠਰੰਮੇ ਤੇ ਆਵਾਮ ਦਾ ਭਰੋਸਾ ਜਿੱਤ ਕੇ ਹੀ ਦਿੱਤਾ ਜਾ ਸਕਦਾ ਹੈ।

# ਪੰਜਾਬ 'ਚ ਨਾ ਚੱਲਿਆ ਮੋਦੀ ਲਹਿਰ ਦਾ ਜਾਦੂ

**ਚੰਡੀਗੜ੍ਹ:** ਪੰਜਾਬ ਦੇ ਲੋਕਾਂ ਦਾ ਫਤਵਾ ਪਹਿਲਾਂ ਵਾਂਗ ਹੀ ਦੇਸ਼ ਦੇ ਹੋਰਨਾਂ ਸੂਬਿਆਂ ਨਾਲ ਸਬੰਧਤ ਵੋਟਰਾਂ ਨਾਲੋਂ ਵੱਖਰਾ ਹੈ। ਕੇਰਲ ਵਰਗੇ ਇਕ-ਅੱਧ ਸੂਬੇ ਨੂੰ ਛੱਡ ਕੇ ਸਮੁੱਚੇ ਦੇਸ਼ ਵਿਚ ਜਿਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਲਵਾ ਦਿਖਾਈ ਦਿੰਦਾ ਹੈ, ਉਥੇ ਪੰਜਾਬ ਦੇ ਵੋਟਰਾਂ ਨੇ ਨਾ ਸਿਰਫ ਕਾਂਗਰਸ ਪਾਰਟੀ ਨੂੰ ਅੱਠ ਸੀਟਾਂ 'ਤੇ ਜਿੱਤ ਦਰਜ ਦਿਵਾਈ ਬਲਕਿ ਦੇਸ਼ ਦੇ ਹੋਰਨਾਂ ਸੂਬਿਆਂ 'ਚ ਨੁੱਕਰੇ ਲੱਗੀ ਆਮ ਆਦਮੀ ਪਾਰਟੀ (ਆਪ) ਨੂੰ ਸਿਰਫ ਪੰਜਾਬ ਵਿਚੋਂ ਇਕ ਸੀਟ ਹਾਸਲ ਹੋਈ ਹੈ।

ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਗੁਰਦਾਸਪੁਰ ਹਲਕੇ ਤੋਂ ਫਿਲਮ ਅਦਾਕਾਰ ਸਨੀ ਦਿਓਲ ਤੋਂ 7,709 ਵੋਟਾਂ ਦੇ ਫਰਕ ਨਾਲ ਹਾਰ ਗਏ। ਚੋਣ ਕਮਿਸ਼ਨ ਵੱਲੋਂ ਜਾਰੀ ਪੰਜਾਬ ਦੇ ਚੋਣ ਨਤੀਜਿਆਂ ਮੁਤਾਬਕ ਪਟਿਆਲਾ ਤੋਂ ਕਾਂਗਰਸ ਉਮੀਦਵਾਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੇ ਅਕਾਲੀ ਦਲ ਦੇ ਸੁਰਜੀਤ ਸਿੰਘ ਰੱਖੜਾ ਨੂੰ 1,62,718 ਵੋਟਾਂ ਦੇ ਫਰਕ ਨਾਲ ਹਰਾਇਆ। ਲੁਧਿਆਣਾ ਤੋਂ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਨੇ ਸਿਮਰਜੀਤ ਸਿੰਘ ਬੈਂਸ ਨੂੰ 76,372 ਵੋਟਾਂ ਨਾਲ, ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ ਨੇ ਕੇਂਦਰੀ ਮੰਤਰੀ ਹਰਦੀਪ ਪੁਰੀ ਨੂੰ 1,00,003 ਵੋਟਾਂ ਨਾਲ, ਜਲੰਧਰ ਤੋਂ ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਨੇ ਅਕਾਲੀ ਦਲ ਦੇ ਚਰਨਜੀਤ ਸਿੰਘ ਅਟਵਾਲ ਨੂੰ 19,491 ਵੋਟਾਂ ਨਾਲ, ਫਰੀਦਕੋਟ ਤੋਂ ਪੰਜਾਬੀ ਗਾਇਕ ਮੁਹੰਮਦ ਸਦੀਕ ਨੇ ਅਕਾਲੀ ਦਲ ਦੇ ਗੁਲਜ਼ਾਰ ਸਿੰਘ ਰਣੀਕੇ ਨੂੰ 83,362 ਵੋਟਾਂ ਨਾਲ, ਆਨੰਦਪੁਰ ਸਾਹਿਬ ਤੋਂ ਮਨੀਸ਼ ਤਿਵਾੜੀ ਨੇ ਅਕਾਲੀ ਦਲ ਦੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ 46,884 ਵੋਟਾਂ ਨਾਲ ਅਤੇ ਖਡੂਰ ਸਾਹਿਬ ਤੋਂ ਜਸਵੀਰ ਸਿੰਘ ਡਿੰਪਾ ਨੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ 1,40,300 ਵੋਟਾਂ ਨਾਲ ਹਰਾਇਆ।



ਫਤਿਹਗੜ੍ਹ ਸਾਹਿਬ ਤੋਂ ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਡਾ. ਅਮਰ ਸਿੰਘ ਨੇ ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਦਰਬਾਰਾ ਸਿੰਘ ਗੁਰੂ ਨੂੰ 93,681 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਫਿਰੋਜ਼ਪੁਰ ਸੰਸਦੀ ਹਲਕੇ ਤੋਂ ਸਭ ਤੋਂ ਵੱਡੀ ਲੀਡ 1,98,850 ਵੋਟਾਂ ਨਾਲ ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ ਨੂੰ ਮਾਤ ਦਿੱਤੀ। ਇਸੇ ਤਰ੍ਹਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਬਠਿੰਡਾ ਸੰਸਦੀ ਹਲਕੇ ਤੋਂ ਲਗਾਤਾਰ ਤੀਜੀ ਵਾਰੀ ਜਿੱਤਣ ਵਿੱਚ ਕਾਮਯਾਬ ਹੋ ਗਏ ਅਤੇ ਉਨ੍ਹਾਂ ਨੇ ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 21,399 ਵੋਟਾਂ ਨਾਲ ਹਰਾਇਆ। ਕਾਮੇਡੀਅਨ ਤੋਂ ਸਿਆਸਤਦਾਨ ਬਣੇ ਭਗਵੰਤ ਮਾਨ ਨੇ ਵੀ ਇਤਿਹਾਸ ਸਿਰਜਦਿਆਂ ਸੰਗਰੂਰ ਸੰਸਦੀ ਹਲਕੇ ਤੋਂ ਲਗਾਤਾਰ ਦੂਜੀ ਵਾਰੀ ਜਿੱਤ ਹਾਸਲ ਕੀਤੀ ਹੈ ਅਤੇ ਕਾਂਗਰਸ ਦੇ ਕੇਵਲ ਸਿੰਘ ਢਿੱਲੋਂ ਨੂੰ 1,09,642 ਵੋਟਾਂ ਦੇ ਫਰਕ ਨਾਲ ਹਰਾਇਆ, ਜਦੋਂ ਕਿ 'ਆਪ' ਦਾ ਹੋਰ ਕੋਈ ਵੀ ਉਮੀਦਵਾਰ ਜਿੱਤ ਦੇ ਨੇੜੇ ਵੀ ਨਹੀਂ ਪਹੁੰਚ ਸਕਿਆ। ਭਾਰਤੀ ਜਨਤਾ ਪਾਰਟੀ ਦੇ ਦੋ ਉਮੀਦਵਾਰਾਂ ਨੇ ਜਿੱਤ ਦਰਜ ਕਰਾ ਕੇ 2014 ਵਾਲਾ ਰੁਤਬਾ ਕਾਇਮ ਰੱਖਿਆ ਹੈ। ਗੁਰਦਾਸਪੁਰ ਸੰਸਦੀ ਹਲਕੇ ਤੋਂ ਫਿਲਮ ਅਦਾਕਾਰ ਸਨੀ ਦਿਓਲ ਨੇ ਜਿੱਤ ਹਾਸਲ ਕੀਤੀ ਹੈ ਜਦੋਂਕਿ ਹੁਸ਼ਿਆਰਪੁਰ ਤੋਂ ਸਾਬਕਾ ਨੌਕਰਸ਼ਾਹ ਅਤੇ ਫਗਵਾੜਾ ਤੋਂ ਵਿਧਾਇਕ ਸੋਮ ਪ੍ਰਕਾਸ਼ ਨੇ ਜਿੱਤ ਪ੍ਰਾਪਤ ਕੀਤੀ।

ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੂੰ ਬਠਿੰਡਾ ਸੰਸਦੀ ਹਲਕੇ ਤੋਂ ਨਮੋਸ਼ੀ ਭਰੀ ਹਾਰ ਮਿਲੀ ਹੈ ਤੇ ਉਹ ਚੌਥੇ ਨੰਬਰ 'ਤੇ ਰਹੇ। ਇਸੇ ਤਰ੍ਹਾਂ ਪਟਿਆਲਾ ਤੋਂ ਮੌਜੂਦਾ ਸੰਸਦ ਮੈਂਬਰ ਧਰਮਵੀਰ ਗਾਂਧੀ ਨੂੰ ਵੀ ਪਟਿਆਲਾ ਹਲਕੇ ਦੇ ਵੋਟਰਾਂ ਨੇ ਤੀਜੀ ਥਾਂ 'ਤੇ ਰੱਖਿਆ ਹੈ। ਇਨ੍ਹਾਂ ਚੋਣਾਂ ਦੌਰਾਨ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਬੀਬੀ ਪਰਮਜੀਤ ਕੌਰ ਖਾਲੜਾ, ਅਕਾਲੀ ਦਲ (ਟਕਸਾਲੀ) ਦੇ ਬੀਰਦਵਿੰਦਰ ਸਿੰਘ ਹਾਰ ਗਏ ਹਨ।

# ਚੋਣਾਂ ਵਿਚ ਕਿਸ ਤਰ੍ਹਾਂ ਭੁਗਤਦੇ ਹਨ ਵੋਟਰ

ਕੁਝ ਵਿਦੇਸ਼ੀ ਅਖਬਾਰਾਂ ਵਿਚ ਲੰਡਨ ਬਿਜਨੈਸ ਸਕੂਲ ਵਿਚ ਖੋਜ ਕਰ ਰਹੇ ਹੇਮੰਤ ਕੱਕੜ ਅਤੇ ਨੀਰੋ ਸਿਵਾਨਾਥਨ ਦੇ ਲੇਖ 'ਦਬਦਬੇ ਵਾਲਾ ਆਗੂ ਚੰਗੀ ਸਾਖ ਵਾਲੇ ਆਗੂ ਤੋਂ ਕਿਉਂ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ' (When the appeal of a dominant leader is greater than a prestige leader) ਬਾਰੇ ਚਰਚਾ ਹੋਈ। ਇਨ੍ਹਾਂ ਨੇ ਇਹ ਸਰਵੇਖਣ 2016 ਵਿਚ ਕੀਤਾ ਸੀ ਅਤੇ ਲੇਖ 2017 ਵਿਚ ਪ੍ਰਕਾਸ਼ਿਤ ਹੋਇਆ ਸੀ। ਇਹ ਲੇਖ ਕਈ ਵਰਤਾਰਿਆਂ ਦੇ ਕਾਰਨ ਲੱਭਣਾ ਚਾਹੁੰਦਾ ਸੀ: ਚੀਨ ਵਿਚ ਰਾਸ਼ਟਰਵਾਦ ਦਾ ਉਭਾਰ, ਹਿੰਦੋਸਤਾਨ ਵਿਚ ਨਰਿੰਦਰ ਮੋਦੀ ਦੀ ਚੜ੍ਹਤ, ਉਸ ਵੇਲੇ ਅਮਰੀਕੀ ਚੋਣਾਂ ਵਿਚ ਡੋਨਲਡ ਟਰੰਪ ਨੂੰ ਮਿਲ ਰਹੀ ਹਮਾਇਤ, ਲੋਕ-ਲੁਭਾਊ ਨਾਅਰੇ ਦੇਣ ਵਾਲੇ ਉਨ੍ਹਾਂ

**ਸਵਰਾਜਬੀਰ**

ਨੇਤਾਵਾਂ, ਜਿਹੜੇ ਆਪਣੇ ਭਾਸ਼ਣਾਂ ਵਿਚ ਰਾਸ਼ਟਰਵਾਦ 'ਤੇ ਜ਼ਿਆਦਾ ਜ਼ੋਰ ਦਿੰਦੇ ਹਨ, ਦੀ ਜਿੱਤ ਜਾਂ ਵਾਪਸੀ। ਇਨ੍ਹਾਂ ਨੇ ਦੋ ਤਰ੍ਹਾਂ ਦੇ ਆਗੂਆਂ ਬਾਰੇ ਸਰਵੇਖਣ ਕੀਤਾ: 'ਡੌਮੀਨੈਂਟ' ਆਗੂ ਭਾਵ ਉਹ ਨੇਤਾ ਜਿਹੜੇ ਜ਼ਿਆਦਾ ਰੋਹਬ ਤੇ ਦਬਦਬੇ ਵਾਲੇ ਹੁੰਦੇ ਹਨ ਅਤੇ 'ਪ੍ਰੈਸਟੀਜ' ਆਗੂ ਜਿਨ੍ਹਾਂ ਦੀ ਲੋਕਾਂ ਵਿਚ ਇੱਜਤ ਤੇ ਸਾਖ ਹੁੰਦੀ ਹੈ ਪਰ ਉਨ੍ਹਾਂ ਦੀਆਂ ਸ਼ਖਸੀਅਤਾਂ ਰੋਹਬਦਾਰ ਤੇ ਦਬਦਬੇ ਦੀ ਥਾਂ ਸੰਜਮੀ, ਨਿਰਮਾਣਤਾ ਤੇ ਸੰਤੁਲਨ ਵਾਲੀਆਂ ਹੁੰਦੀਆਂ ਹਨ।

ਅਜਿਹੇ ਸਰਵੇਖਣ ਕੋਈ ਨਵੇਂ ਨਹੀਂ। ਇਹੋ ਜਿਹਾ ਸਭ ਤੋਂ ਵੱਡਾ ਸਰਵੇਖਣ 1940ਵਿਆਂ ਵਿਚ ਯੂਨੀਵਰਸਿਟੀ ਆਫ ਕੈਲੀਫੋਰਨੀਆ ਬਰਕਲੇ ਨੇ ਕਰਵਾਇਆ ਸੀ ਜਿਸ ਦੇ ਖੋਜੀਆਂ ਵਿਚ ਪ੍ਰਸਿਧ ਮਨੋਵਿਗਿਆਨੀ ਥਿਊਡਰ ਅਡੋਰਨੋ ਮੁੱਖ ਸੀ। ਉਸ ਸਰਵੇਖਣ ਤੋਂ ਬਾਅਦ ਮਸ਼ਹੂਰ ਕਿਤਾਬ 'ਦਿ ਅਥਾਰਿਟੇਰੀਅਨ ਪ੍ਰਸਨੈਲਿਟੀ' ਛਪੀ ਜਿਸ ਵਿਚ ਵਿਸ਼ਲੇਸ਼ਣ ਕੀਤਾ ਗਿਆ ਸੀ ਕਿ ਮੁਸ਼ਕਿਲ ਹਾਲਾਤ ਵਿਚ ਲੋਕ ਤਰਕਸ਼ੀਲ ਅਤੇ ਸੰਜਮੀ ਆਗੂਆਂ ਦੀ ਥਾਂ 'ਤੇ ਜ਼ਿਆਦਾ ਤਾਨਾਸ਼ਾਹੀ ਰੁਚੀਆਂ ਰੱਖਣ ਵਾਲੇ ਆਗੂਆਂ ਵੱਲ ਕਿਉਂ ਖਿੱਚੇ ਜਾਂਦੇ ਹਨ। ਇਸ ਕਿਤਾਬ 'ਤੇ ਕਾਫੀ ਵਾਦ-ਵਿਵਾਦ ਹੋਇਆ ਕਿਉਂਕਿ ਇਸ ਵਿਚ ਕਾਰਲ ਮਾਰਕਸ ਅਤੇ ਸਿਗਮੰਡ ਫਰਾਇਡ ਦੇ ਸਿਧਾਂਤਾਂ ਨੂੰ ਮਿਲਾਉਣ ਦਾ ਯਤਨ ਕੀਤਾ ਗਿਆ। ਉਂਜ, ਇਸ ਖੋਜ ਤੇ ਸਿੱਟਿਆਂ ਨੇ ਸੰਸਾਰ ਦੇ ਸਮਾਜ ਵਿਗਿਆਨੀਆਂ ਤੇ ਮਨੋਵਿਗਿਆਨਕਾਂ 'ਤੇ ਡੂੰਘਾ ਅਸਰ ਪਾਇਆ ਅਤੇ ਥਾਂ ਥਾਂ 'ਤੇ ਇਸ ਤਰ੍ਹਾਂ ਦੇ ਅਤੇ ਇਸ ਤੋਂ ਸੇਧ ਲੈਂਦੇ ਸਰਵੇਖਣ ਹੋਏ।

ਕੱਕੜ ਤੇ ਸਿਵਾਨਾਥਨ ਦਾ ਸਰਵੇਖਣ ਵੀ ਪਹਿਲੇ ਸਰਵੇਖਣਾਂ ਵਾਲੀਆਂ ਲੀਹਾਂ 'ਤੇ ਚਲਦਾ ਹੈ। ਇਸ ਸਰਵੇਖਣ ਅਨੁਸਾਰ ਜਦ ਕਿਸੇ ਖਿੱਤੇ ਵਿਚ ਆਰਥਿਕ ਅਨਿਸ਼ਚਿਤਤਾ ਤੇ ਬੇਰੁਜ਼ਗਾਰੀ ਵਧਦੀ ਹੈ ਤਾਂ ਉਸ ਖਿੱਤੇ ਦੇ ਲੋਕਾਂ ਦੀ ਉਸ ਨੇਤਾ ਲਈ ਪਸੰਦ ਵੀ ਵਧਦੀ ਹੈ ਜਿਹੜਾ ਦ੍ਰਿੜ੍ਹ ਤੇ ਪੱਕੇ ਨਿਸ਼ਚੇ ਵਾਲਾ ਦਿਖਾਈ ਦੇਵੇ; ਜਿਹੜਾ ਆਪਣੀਆਂ ਗੱਲਾਂ ਪੂਰੇ ਹੱਕ ਨਾਲ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਹਿਣ ਦੀ ਯੋਗਤਾ ਰੱਖਦਾ ਹੋਵੇ; ਜਿਸ ਦੀ ਸ਼ਖਸੀਅਤ ਰੋਹਬ ਤੇ ਦਬਦਬੇ ਵਾਲੀ ਤੇ ਦੂਸਰਿਆਂ 'ਤੇ ਹਾਵੀ ਹੋਣ ਵਾਲੀ ਹੋਵੇ। ਸਰਵੇਖਣ ਅਨੁਸਾਰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਹੋ ਜਿਹੇ ਨੇਤਾ ਦੇ ਕੰਮ ਕਰਨ ਦੇ ਤੌਰ-ਤਰੀਕੇ ਕਿਹੋ ਜਿਹੇ ਹਨ।

ਕੱਕੜ ਤੇ ਸ਼ਿਵਨਾਥਨ ਦੇ ਸਰਵੇਖਣ ਦਾ ਇਕ ਭਾਗ ਅਮਰੀਕਾ ਦੀਆਂ ਪਿਛਲੀਆਂ ਰਾਸ਼ਟਰਪਤੀ ਚੋਣਾਂ ਦੌਰਾਨ 2016 ਵਿਚ ਕੀਤਾ ਗਿਆ। ਸਰਵੇਖਣ ਅਨੁਸਾਰ ਉਨ੍ਹਾਂ ਵਰਗਾਂ ਜਿਨ੍ਹਾਂ ਵਿਚ ਬੇਰੁਜ਼ਗਾਰੀ ਤੇ ਭਵਿਖ ਬਾਰੇ ਜ਼ਿਆਦਾ ਫਿਕਰ ਤੇ ਅਨਿਸ਼ਚਿਤਤਾ ਸੀ, ਦੀ ਵੱਡੇ ਤੌਰ 'ਤੇ ਪਸੰਦ ਟਰੰਪ ਸੀ। ਦੂਜੇ ਨੰਬਰ 'ਤੇ ਸੀ ਦੋਹਾਂ ਬਾਰੇ ਨਾਪਸੰਦਗੀ। ਹਿਲੇਰੀ ਦਾ ਸਥਾਨ ਤੀਸਰਾ ਸੀ। ਇਸ ਤਰ੍ਹਾਂ ਜਦ ਕਿਸੇ ਦੇਸ਼ ਵਿਚ ਬੇਰੁਜ਼ਗਾਰੀ ਵਧਦੀ ਹੈ ਤਾਂ ਬੇਰੁਜ਼ਗਾਰਾਂ ਦੀ ਪਸੰਦ ਉਹ ਰੋਹਬ ਤੇ ਦਬਦਬੇ ਵਾਲਾ ਨੇਤਾ ਹੁੰਦਾ ਹੈ ਜਿਸ ਦੀ ਸ਼ਖਸੀਅਤ ਵਿਚੋਂ ਦ੍ਰਿੜ੍ਹਤਾ, ਮਜ਼ਬੂਤੀ ਤੇ ਪਕਿਆਈ ਝਾਕਣ, ਜੋ ਇਹ ਕਹਿ ਸਕੇ, ਉਹ ਸਖਤ ਫੈਸਲੇ ਕਰੇਗਾ।

ਆਰਥਿਕ ਅਨਿਸ਼ਚਿਤਤਾ ਵਧਣ ਨਾਲ ਲੋਕਾਂ ਦੇ ਚੇਤਨ ਅਤੇ ਅਵਚੇਤਨ ਵਿਚ ਡਰ ਤੇ ਸਹਿਮ ਦੀ ਭਾਵਨਾ ਵਧਦੀ ਹੈ। ਰੁਜ਼ਗਾਰ ਦੀ ਗੈਰ ਮੌਜੂਦਗੀ ਵਿਚ ਲੋਕ ਆਰਥਿਕ ਤੌਰ 'ਤੇ ਹੀ ਨਹੀਂ, ਮਾਨਸਿਕ ਤੌਰ 'ਤੇ ਵੀ ਲਿਤਾੜੇ ਜਾਂਦੇ ਹਨ। ਮਾਨਸਿਕ ਤੌਰ 'ਤੇ ਲਿਤਾੜੇ ਲੋਕ ਸਹਾਰਾ ਤੇ ਆਸਰਾ ਲੱਭਦੇ ਹਨ; ਆਸਰਾ ਓਹੀ ਆਗੂ ਦੇ ਸਕਦਾ ਹੈ ਜੋ ਸ਼ਕਤੀਸ਼ਾਲੀ ਦਿਖਾਈ ਦਿੰਦਾ ਹੋਵੇ। ਜਿਸ ਕੋਲ ਆਪਣੀ ਗੱਲ ਪੂਰੇ ਯਕੀਨ ਨਾਲ ਤੇ ਉਚੀ ਆਵਾਜ਼ ਵਿਚ ਕਹਿਣ ਦੀ ਸਮਰੱਥਾ ਹੋਵੇ। ਉਸ ਕੋਲ ਲੋਕ-ਲੁਭਾਊ ਨਾਅਰੇ ਹੋਣ ਤੇ ਉਹ ਭਾਸ਼ਾ ਜੋ ਲੋਕਾਂ ਦੇ ਅਚੇਤ ਵਿਚਲੇ ਡਰ ਤੇ ਅਨਿਸ਼ਚਿਤਤਾ ਨਾਲ ਖੇਡ ਸਕਦੀ ਹੋਵੇ।

ਕਿੱਦਾਂ ਦੀ ਖੇਡ? ਉਹ ਖੇਡ ਜਿਸ ਵਿਚ ਡਰ ਖਤਮ ਨਹੀਂ ਹੁੰਦੇ ਸਗੋਂ ਹੋਰ ਵਧ ਜਾਂਦੇ ਹਨ ਜਾਂ ਵਧਾਏ ਜਾਂਦੇ ਹਨ; ਤੇ ਡਰ ਵਧਾਉਣ ਵਾਲਾ ਆਗੂ ਲੋਕਾਂ ਦੇ ਮਨਾਂ 'ਤੇ ਅਧਿਕਾਰ ਕਰਦਾ ਹੋਇਆ ਇਹ ਦੱਸਣ ਵਿਚ ਸਫਲ ਹੁੰਦਾ ਹੈ ਕਿ ਉਹੀ ਤੇ ਸਿਰਫ ਉਹੀ ਡਰ, ਸਹਿਮ ਤੇ ਅਨਿਸ਼ਚਿਤਤਾ ਨੂੰ ਖਤਮ ਕਰਨ ਵਾਲਾ ਮਸੀਹਾ ਹੈ। ਇਹੋ ਜਿਹੇ ਹਾਲਾਤ ਵਿਚ ਸੰਜਮੀ ਭਾਸ਼ਾ ਕੰਮ ਨਹੀਂ ਕਰਦੀ; ਕੰਮ ਕਰਦੇ ਹਨ ਡਰ, ਸਹਿਮ ਤੇ ਅਨਿਸ਼ਚਿਤਤਾ ਨੂੰ ਵਧਾਉਣ ਵਾਲੇ ਤੱਤ, ਭੜਕਾਊ ਭਾਸ਼ਾ, ਬਹੁਗਿਣਤੀ ਫਿਰਕੇ ਨਾਲ ਸਬੰਧਤ ਲੋਕਾਂ ਦੀ ਹਉਮੈ ਨੂੰ ਪੱਠੇ ਪਾਉਣ ਲਈ ਘੜੇ ਫਰਜ਼ੀ ਸਿਧਾਂਤ ਤੇ ਪਾਰਟੀ ਦੇ ਆਗੂ ਦੀ ਆਪਣੇ ਆਪ ਨੂੰ ਸਭ ਤੋਂ ਵੱਡਾ, ਉਚਾ, ਵਿਵੇਕਸ਼ੀਲ ਤੇ ਬਲੀਦਾਨ ਕਰਨ ਵਾਲਾ ਬੰਦਾ ਦੱਸਣ ਦੀ ਯੋਗਤਾ।

ਕੱਕੜ ਤੇ ਸਿਵਾਨਾਥਨ ਨੇ ਅਮਰੀਕਾ ਦੇ ਕੁਝ ਸ਼ਹਿਰਾਂ ਵਿਚ ਇਕ ਹੋਰ ਸਰਵੇਖਣ ਕੀਤਾ। ਲੋਕਾਂ ਨੂੰ ਦੱਸਿਆ ਗਿਆ ਕਿ ਸ਼ਹਿਰ ਵਿਚ ਅਤਿਵਾਦੀ ਹਮਲਾ ਹੋਣ ਵਾਲਾ ਹੈ, ਖੁਫੀਆ ਤੇ ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਹਮਲੇ ਦਾ ਪਤਾ ਤਾਂ ਹੈ ਪਰ ਉਹ ਇਸ ਬਾਰੇ ਪੱਕੇ ਤੌਰ 'ਤੇ ਨਹੀਂ ਦੱਸ ਸਕਦੀਆਂ ਕਿ ਹਮਲਾ ਕਦੋਂ ਤੇ ਕਿਥੇ ਹੋਵੇਗਾ। ਇਸ ਲਈ ਭਾਵੇਂ ਉਹ ਇਸ ਹਮਲੇ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕਰਨਗੀਆਂ ਪਰ ਇਹ ਵਿਸ਼ਵਾਸ ਦਿਵਾਉਣਾ ਮੁਸ਼ਕਿਲ ਹੈ ਕਿ ਉਹ ਹਮਲਾ ਰੋਕ ਸਕਣਗੀਆਂ ਕਿ ਨਹੀਂ। ਜਿਨ੍ਹਾਂ ਲੋਕਾਂ ਨਾਲ ਇਹ ਜਾਣਕਾਰੀ ਸਾਂਝੀ ਕੀਤੀ ਗਈ, ਉਨ੍ਹਾਂ ਤੋਂ ਸਵਾਲ ਪੁੱਛਿਆ ਗਿਆ ਕਿ ਇਹੋ ਜਿਹੇ ਵੇਲੇ ਉਹ ਕਿਸ ਨੂੰ ਆਪਣੇ ਰਾਸ਼ਟਰਪਤੀ ਵਜੋਂ ਪਸੰਦ ਕਰਨਗੇ ਤਾਂ ਜਵਾਬ ਬੜਾ ਸਿੱਧਾ ਤੇ ਸਪਸ਼ਟ ਸੀ: ਟਰੰਪ; ਭਾਵ ਜਦ ਲੋਕਾਂ ਵਿਚ ਅਸੁਰੱਖਿਆ ਦੀ ਭਾਵਨਾ ਹੁੰਦੀ ਹੈ ਤਾਂ ਉਸ ਵੇਲੇ ਲੋਕ ਉਸ ਨੇਤਾ ਨੂੰ ਹੀ ਪਸੰਦ ਕਰਦੇ ਹਨ ਜਿਸ ਨੂੰ ਉਹ ਸ਼ਕਤੀਸ਼ਾਲੀ ਤੇ ਦ੍ਰਿੜ੍ਹਤਾ ਨਾਲ ਫੈਸਲੇ ਲੈਣ ਵਾਲਾ ਮੰਨਦੇ ਹਨ।

ਇਤਿਹਾਸ ਗਵਾਹ ਹੈ ਕਿ ਲੋਕਾਂ ਦੀ ਸਮੂਹਿਕ ਮਾਨਸਿਕਤਾ ਅਤੇ ਅਵਚੇਤਨ ਲੰਮੀ ਦੇਰ ਲਈ ਪ੍ਰਭਾਵਸ਼ਾਲੀ ਤੇ ਰੋਹਬਦਾਰ ਆਗੂਆਂ ਦੇ ਪ੍ਰਭਾਵ ਹੇਠਾਂ ਰਹਿੰਦੇ ਹਨ। ਪਿਛਲੀ ਸਦੀ ਦੇ ਦੂਸਰੇ ਅੱਧ ਵਿਚ ਇਸ ਦੀਆਂ ਦੋ ਮੁੱਖ ਮਿਸਾਲਾਂ ਇੰਦਰਾ ਗਾਂਧੀ ਅਤੇ ਮਾਰਗਰੇਟ ਥੈਚਰ ਦੇ ਰਾਜਕਾਲ ਹਨ। ਇੰਦਰਾ ਗਾਂਧੀ ਨੇ ਆਪਣਾ ਅਕਸ ਸਖਤ ਫੈਸਲੇ ਕਰਨ ਵਾਲੀ ਆਗੂ ਵਜੋਂ ਬਣਾਇਆ। ਉਹ ਤਕਰੀਬਨ 15 ਸਾਲ (1966-1977 ਤੇ 1980-84) ਪ੍ਰਧਾਨ ਮੰਤਰੀ ਰਹੀ। 1975 ਵਿਚ ਐਮਰਜੈਂਸੀ ਲਾ ਕੇ ਉਸ ਨੇ ਆਪਣੀ ਸਿਆਸੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਕੀਤੀ ਅਤੇ ਇਸ ਕਾਰਨ ਉਹ 1977 ਦੀਆਂ ਚੋਣਾਂ ਹਾਰ ਗਈ। ਅੱਜ ਵੀ ਲੋਕ ਐਮਰਜੈਂਸੀ ਨੂੰ ਦੇਸ਼ ਦੇ ਇਤਿਹਾਸ ਵਿਚ ਧੱਬੇ ਵਜੋਂ ਯਾਦ ਕਰਦੇ ਹਨ ਪਰ 1977 ਵਿਚ ਸੱਤਾ ਵਿਚ ਆਈ ਜਨਤਾ ਪਾਰਟੀ ਕਾਰਜਕੁਸ਼ਲਤਾ ਨਾਲ ਰਾਜ ਨਾ ਚਲਾ ਸਕੀ ਤੇ ਬਿਖਰ ਗਈ ਅਤੇ ਉਹੀ ਲੋਕ, ਜਿਨ੍ਹਾਂ ਨੇ 1977 ਵਿਚ ਇੰਦਰਾ ਗਾਂਧੀ ਨੂੰ ਨਕਾਰਿਆ ਸੀ, ਨੇ 1980 ਵਿਚ ਉਸ ਨੂੰ ਵੱਡੀ ਜਿੱਤ ਦਿਵਾਈ।

ਮਾਰਗਰੇਟ ਥੈਚਰ ਨੇ ਲੇਬਰ ਪਾਰਟੀ ਨੂੰ ਲਗਾਤਾਰ ਤਿੰਨ ਵਾਰ ਹਰਾਇਆ ਅਤੇ ਤਕਰੀਬਨ ਸਾਢੇ ਗਿਆਰਾਂ ਸਾਲ (1979-1990) ਰਾਜ ਕੀਤਾ। ਉਸ ਨੇ ਆਪਣੇ ਰਾਜ ਦੇ ਪਹਿਲੇ ਸਾਲਾਂ ਵਿਚ ਪਰਵਾਸੀਆਂ ਖਿਲਾਫ ਸਖਤ ਫੈਸਲੇ ਕੀਤੇ, ਸਮਾਜਿਕ ਭਲਾਈ ਦੇ ਕੰਮਾਂ 'ਤੇ ਕੀਤੇ ਜਾਣ ਵਾਲੇ ਖਰਚ ਵਿਚ ਕਟੌਤੀ ਕੀਤੀ ਅਤੇ ਇਉਂ ਆਪਣੇ ਆਪ ਨੂੰ ਮਜ਼ਬੂਤ ਫੈਸਲੇ ਕਰਨ ਵਾਲੀ ਆਗੂ ਵਜੋਂ ਉਭਾਰਿਆ। ਉਸ ਦੇ ਸਕੂਲਾਂ ਵਿਚ ਮੁਫਤ ਦੁੱਧ ਬੰਦ ਕਰਨ ਦੇ ਫੈਸਲੇ ਖਿਲਾਫ ਸ਼ਹਿਰਾਂ ਤੇ ਪਿੰਡਾਂ ਵਿਚ 'ਥੈਚਰ ਥੈਚਰ, ਮਿਲਕ ਸਨੈਚਰ' (ਬੱਚਿਆਂ ਤੋਂ ਦੁੱਧ ਖੋਹਣ ਵਾਲੀ ਥੈਚਰ) ਕਹਿੰਦਿਆਂ ਮੁਜ਼ਾਹਰੇ ਹੋਏ ਪਰ ਉਹ ਇਕ ਤੋਂ ਬਾਅਦ ਦੂਜੀ ਚੋਣ ਜਿੱਤਦੀ ਗਈ।

ਇਹ ਮਿਸਾਲਾਂ ਤੇ ਸਰਵੇਖਣ ਦੱਸਦੇ ਹਨ ਕਿ ਲੋਕਾਂ ਦੇ ਵੋਟ ਪਾਉਣ ਦੀ ਮਾਨਸਿਕਤਾ ਪਿੱਛੇ ਕਿਹੋ ਜਿਹੀ ਪ੍ਰੇਰਨਾ ਅਤੇ ਕਾਰਨ ਕੰਮ ਕਰਦੇ ਹਨ। ਅੱਜ ਦੇ ਚੋਣ ਨਤੀਜੇ ਵੀ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਪ੍ਰਧਾਨ ਮੰਤਰੀ ਮੋਦੀ ਦੀ ਸ਼ਖਸੀਅਤ ਅਤੇ ਬਾਲਾਕੋਟ ਤੇ ਰਾਸ਼ਟਰਵਾਦ ਦੇ ਆਲੇ-ਦੁਆਲੇ ਬੁਣੇ ਗਏ ਬਿਰਤਾਂਤ ਨੇ ਲੋਕਾਂ ਦੇ ਵੋਟ ਪਾਉਣ ਬਾਰੇ ਰੁਝਾਨਾਂ ਉਤੇ ਵੱਡਾ ਅਸਰ ਪਾਇਆ। ਭਾਰਤੀ ਜਨਤਾ ਪਾਰਟੀ ਨੂੰ 2014 ਤੋਂ ਵੀ ਜ਼ਿਆਦਾ ਸੀਟਾਂ ਹਾਸਲ ਹੋਈਆਂ ਜਦੋਂਕਿ ਮਾਹਿਰਾਂ ਦਾ ਕਹਿਣਾ ਸੀ ਕਿ ਭਾਜਪਾ 2014 ਵਾਲੇ ਅੰਕੜੇ (282 ਸੀਟਾਂ) ਤੋਂ ਅਗਾਂਹ ਨਹੀਂ ਜਾ ਸਕੇਗੀ।

ਕਿਸੇ ਵੀ ਜਮਹੂਰੀਅਤ ਵਿਚ ਸੱਤਾਧਾਰੀ ਪਾਰਟੀ ਦੇ ਨਾਲ ਨਾਲ ਵਿਰੋਧੀ ਧਿਰਾਂ ਦੀ ਖਾਸ ਅਹਿਮੀਅਤ ਤੇ ਜ਼ਿੰਮੇਵਾਰੀ ਹੁੰਦੀ ਹੈ। ਕਾਂਗਰਸ ਜਿਸ ਨੇ ਛੱਤੀਸਗੜ੍ਹ, ਮੱਧ ਪ੍ਰਦੇਸ਼ ਤੇ ਰਾਜਸਥਾਨ ਵਿਚ ਭਾਜਪਾ ਨੂੰ ਹਰਾ ਕੇ ਵੱਡੇ ਸੁਪਨੇ ਵੇਖਣੇ ਸ਼ੁਰੂ ਕਰ ਦਿੱਤੇ ਸਨ, ਨੂੰ ਨਾ ਸਿਰਫ ਵਿਰੋਧੀ ਧਿਰ ਵਜੋਂ ਵਿਚਰਨਾ ਹੋਵੇਗਾ ਸਗੋਂ ਆਪਣੇ ਆਪ ਨੂੰ ਬਿਖਰਨ ਤੋਂ ਬਚਾਉਣ ਲਈ ਡੂੰਘਾ ਆਤਮ-ਮੰਥਨ ਵੀ ਕਰਨਾ ਪਵੇਗਾ। ਇਹੀ ਹਾਲ ਖੱਬੇ-ਪੱਖੀ ਪਾਰਟੀਆਂ ਦਾ ਹੈ। ਆਉਣ ਵਾਲੇ ਪੰਜ ਸਾਲ ਦੇਸ਼ ਦੀ ਜਮਹੂਰੀਅਤ ਲਈ ਫੈਸਲਾਕੁਨ ਹੋਣਗੇ। ਇਹ ਸਮਾਂ ਵਿਰੋਧੀ ਧਿਰਾਂ ਲਈ ਇਸ ਪੱਖ ਤੋਂ ਇਮਤਿਹਾਨ ਦਾ ਹੈ ਕਿ ਉਹ ਕੋਈ ਉਸਾਰੂ ਭੂਮਿਕਾ ਨਿਭਾ ਸਕਣਗੀਆਂ ਜਾਂ ਫਿਰ ਪਿਛਲੇ ਪੰਜ ਸਾਲਾਂ ਵਾਂਗ ਹੀ ਬਿਖਰੀਆਂ ਰਹਿਣਗੀਆਂ।

# ਲੋਕ ਸਭਾ ਚੋਣ ਨਤੀਜੇ ਅਤੇ ਪੰਜਾਬ

ਪੰਜਾਬ ਨੇ 2014 ਵਾਲੀਆਂ ਲੋਕ ਸਭਾ ਚੋਣਾਂ ਵਾਂਗ ਫਿਰ ਵਿਲੱਖਣਤਾ ਦਿਖਾਈ ਹੈ। ਦੋਹਾਂ ਚੋਣਾਂ (2014 ਤੇ 2019) ਵਿਚ ਮੋਦੀ ਲਹਿਰ ਥੋੜ੍ਹੇ ਬਹੁਤ ਫਰਕ ਨਾਲ ਸਾਰੇ ਸੂਬਿਆਂ ਵਿਚ ਸਰਦਾਰੀ ਕਾਇਮ ਕਰਨ ਵਿਚ ਕਾਮਯਾਬ ਰਹੀ ਪਰ ਪੰਜਾਬ ਇਸ ਦੇ ਉਲਟ ਭੁਗਤਿਆ। ਆਮ ਆਦਮੀ ਪਾਰਟੀ ਜੋ 2014 ਦੀਆਂ ਚੋਣਾਂ ਵਿਚ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਇਕ ਵੀ ਸੀਟ ਨਹੀਂ ਜਿੱਤ ਸਕੀ ਸੀ, ਨੂੰ ਪੰਜਾਬ ਦੇ ਲੋਕਾਂ ਨੇ ਚਾਰ ਸੀਟਾਂ ਉਤੇ ਜਿਤਾ ਕੇ ਆਪਣੀ ਵਿਲੱਖਣਤਾ ਦਾ ਸਬੂਤ ਦਿੱਤਾ। ਇਸ ਪਾਰਟੀ ਦੀ ਜਿੱਤ ਨੇ ਇਹ ਸੰਭਾਵਨਾਵਾਂ ਪੈਦਾ ਕੀਤੀਆਂ ਸਨ ਕਿ ਪੰਜਾਬ ਵਿਚ ਮਜ਼ਬੂਤ ਤੀਜੀ ਸਿਆਸੀ ਧਿਰ ਖੜ੍ਹੀ ਹੋ ਸਕਦੀ ਹੈ। ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦੇ ਗੈਰ ਜਮਹੂਰੀਅਤ ਤਰੀਕੇ ਨਾਲ ਪਾਰਟੀ ਚਲਾਉਣ ਕਰਕੇ ਪਾਰਟੀ ਵਿਚ ਡੂੰਘੀ ਫੁੱਟ ਪੈ ਗਈ। ਨਤੀਜਾ

**ਪ੍ਰੋ. ਪ੍ਰੀਤਮ ਸਿੰਘ**
**ਆਰ. ਐਸ. ਮਾਨ**

ਇਹ ਨਿਕਲਿਆ ਕਿ ਪਾਰਟੀ 2019 ਵਿਚ ਸਿਰਫ ਇਕ ਹੀ ਸੀਟ (ਸੰਗਰੂਰ) ਜਿੱਤ ਸਕੀ। ਬਾਕੀ ਸਭ ਸੀਟਾਂ 'ਤੇ ਅਪਮਾਨਜਨਕ ਤਰੀਕੇ ਨਾਲ ਹਾਰ ਗਈ। ਇਸ ਫੁੱਟ ਨੇ ਸੁਹਿਰਦ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੂੰ ਵੀ ਨੁਕਸਾਨ ਪਹੁੰਚਾਇਆ।

ਬਾਅਦ ਵਿਚ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ ਜੋ ਪੰਜਾਬ ਡੈਮੋਕ੍ਰੇਟਿਕ ਗਠਜੋੜ ਤੀਜੀ ਧਿਰ ਦੇ ਰੂਪ ਵਿਚ ਸਾਹਮਣੇ ਆਇਆ, ਉਹ ਇਨ੍ਹਾਂ ਚੋਣਾਂ ਤੋਂ ਪਹਿਲਾਂ ਆਪਣਾ ਜਥੇਬੰਦਕ ਢਾਂਚਾ ਚੰਗੀ ਤਰ੍ਹਾਂ ਨਹੀਂ ਖੜ੍ਹਾ ਕਰ ਸਕਿਆ। ਉਸ ਦੇ ਪ੍ਰੋਗਰਾਮ ਬਾਰੇ ਵੀ ਕੋਈ ਸਪਸ਼ਟਤਾ ਨਹੀਂ ਸੀ। ਇਸ ਕਰਕੇ ਉਹ ਆਪਣੀ ਵਧੀਆ ਸਾਖ ਨਹੀਂ ਬਣਾ ਸਕਿਆ। ਕਾਹਲੀ 'ਚ ਬਣਾਈ ਇਹ ਤੀਜੀ ਧਿਰ ਭਾਵੇਂ ਕੋਈ ਕਾਮਯਾਬੀ ਹਾਸਲ ਨਾ ਕਰ ਸਕੀ ਪਰ ਵਿਚਾਰ ਪੱਖੋਂ ਪੰਜਾਬ ਦੇ ਸਿਆਸੀ ਭਵਿਖ ਵਿਚ ਇਸ ਦੀ ਆਪਣੀ ਮਹੱਤਤਾ ਹੈ।

ਪੰਜਾਬ ਦੀ ਵਿਲੱਖਣਤਾ ਇਸ ਵਿਚ ਵੀ ਹੈ ਕਿ ਕਾਂਗਰਸ ਬਾਕੀ ਸਭ ਸੂਬਿਆਂ ਵਿਚ ਬੜੀ ਬੁਰੀ ਤਰ੍ਹਾਂ ਹਾਰੀ ਹੈ; ਇਥੋਂ ਤਕ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਕਿੰਨੇ ਦਹਾਕਿਆਂ ਤੋਂ ਕਾਂਗਰਸ ਦੀ ਪੱਕੀ ਸੀਟ ਅਮੇਠੀ ਤੋਂ ਹਾਰ ਗਿਆ ਹੈ ਪਰ ਪੰਜਾਬ ਵਿਚ ਕਾਂਗਰਸ ਤੇਰਾਂ ਵਿਚੋਂ ਅੱਠ ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ ਅਤੇ ਮੋਦੀ ਲਹਿਰ ਨੂੰ ਬੇਅਸਰ ਕਰਨ ਵਿਚ ਕਾਮਯਾਬ ਰਹੀ ਹੈ। ਉਂਜ, ਕਾਂਗਰਸ ਨੂੰ ਅੱਠ ਸੀਟਾਂ ਜਿੱਤਣ ਦਾ ਹੰਕਾਰ ਨਹੀਂ ਹੋਣਾ ਚਾਹੀਦਾ। ਅਸਲ ਵਿਚ ਅੰਮ੍ਰਿਤਸਰ ਸੀਟ ਹੀ ਹੈ ਜਿਥੇ ਕਾਂਗਰਸ ਸਪਸ਼ਟ ਤਰੀਕੇ ਨਾਲ ਜਿੱਤੀ ਹੈ। ਜਲੰਧਰ ਸੀਟ 'ਤੇ ਫਰਕ ਬਹੁਤ ਹੀ ਥੋੜ੍ਹਾ ਹੈ। ਅਨੰਦਪੁਰ ਸਾਹਿਬ, ਫਰੀਦਕੋਟ, ਪਟਿਆਲਾ, ਤੇ ਖਾਸ ਤੌਰ 'ਤੇ ਖਡੂਰ ਸਾਹਿਬ, ਲੁਧਿਆਣਾ ਤੇ ਫਤਹਿਗੜ੍ਹ ਸਾਹਿਬ ਕਾਂਗਰਸ ਤਾਂ ਹੀ ਜਿੱਤ ਸਕੀ ਹੈ ਕਿਉਂਕਿ ਕਾਂਗਰਸ ਵਿਰੋਧੀ ਵੋਟ ਵੰਡੀ ਗਈ।

ਇਨ੍ਹਾਂ ਚੋਣਾਂ ਵਿਚ ਬੇਸ਼ੱਕ ਬਹੁਜਨ ਸਮਾਜ ਪਾਰਟੀ ਨੂੰ ਕੋਈ ਜਿੱਤ ਪ੍ਰਾਪਤ ਨਹੀਂ ਹੋਈ ਪਰ ਅਨੰਦਪੁਰ ਸਾਹਿਬ, ਹੁਸ਼ਿਆਰਪੁਰ ਅਤੇ ਜਲੰਧਰ ਸੀਟਾਂ ਉਤੇ ਜਿਥੇ ਪੰਜਾਬ ਜਮਹੂਰੀ ਗਠਜੋੜ ਦੀ ਸੀਟ ਵੰਡ ਮੁਤਾਬਕ ਇਸ ਪਾਰਟੀ ਨੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ, ਉਥੇ ਇਸ ਦੇ ਉਮੀਦਵਾਰਾਂ ਨੂੰ ਚੰਗਾ ਹੁੰਗਾਰਾ ਮਿਲਿਆ ਹੈ। ਅਨੰਦਪੁਰ ਸਾਹਿਬ ਅਤੇ ਹੁਸ਼ਿਆਰਪੁਰ ਵਿਚ ਇਸ ਦੇ ਉਮੀਦਵਾਰਾਂ ਨੇ ਇਕ ਲੱਖ ਤੋਂ ਉਪਰ ਅਤੇ ਜਲੰਧਰ ਵਿਚ ਇਸ ਦੇ ਉਮੀਦਵਾਰ ਬਲਵਿੰਦਰ ਕੁਮਾਰ ਨੇ 2 ਲੱਖ ਤੋਂ ਵੀ ਉਪਰ ਵੋਟਾਂ ਲਈਆਂ।

ਭਾਰਤੀ ਜਨਤਾ ਪਾਰਟੀ ਦੀਆਂ ਦੋ ਜੇਤੂ ਸੀਟਾਂ ਗੁਰਦਾਸਪੁਰ ਤੇ ਹੁਸ਼ਿਆਰਪੁਰ ਵਿਚੋਂ ਗੁਰਦਾਸਪੁਰ ਦੀ ਸੀਟ ਮੁਖ ਤੌਰ 'ਤੇ ਸਨੀ ਦਿਉਲ ਦੀ ਐਕਟਰ ਵਜੋਂ ਮਸ਼ਹੂਰੀ ਨਾਲ ਹੀ ਜਿੱਤੀ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਸਿਰਫ ਫਿਰੋਜ਼ਪੁਰ ਤੇ ਬਠਿੰਡਾ, ਦੋ ਸੀਟਾਂ ਹੀ ਜਿੱਤ ਸਕਿਆ।

ਖੱਬੇ ਪੱਖੀ ਪਾਰਟੀਆਂ ਪੰਜਾਬ ਵਿਚ ਕਿਸੇ ਵਕਤ ਬੜੇ ਮਜ਼ਬੂਤ ਸਿਆਸੀ ਆਧਾਰ ਵਾਲੀਆਂ ਪਾਰਟੀਆਂ ਸਨ। 1950ਵਿਆਂ ਦੀ ਇਕ ਵਿਧਾਨ ਸਭਾ ਚੋਣ ਵਿਚ ਉਹ ਜ਼ਿਲ੍ਹੇ ਜੋ ਮੌਜੂਦਾ ਪੰਜਾਬ ਵਿਚ ਹਨ, ਵਿਚੋਂ ਉਸ ਵੇਲੇ ਦੀ ਇਕੋ-ਇਕ ਖੱਬੀ ਪਾਰਟੀ ਸੀ.ਪੀ.ਆਈ. ਨੇ ਤਕਰੀਬਨ 25% ਵੋਟ ਹਿੱਸਾ ਪ੍ਰਾਪਤ ਕੀਤਾ ਸੀ। 1980 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਸੀ.ਪੀ.ਆਈ. ਅਤੇ ਸੀ.ਪੀ.ਐਮ. ਨੇ ਜਦੋਂ ਉਨ੍ਹਾਂ ਦਾ ਅਕਾਲੀ ਦਲ ਨਾਲ ਗੱਠਜੋੜ ਸੀ, 15 ਸੀਟਾਂ ਜਿੱਤੀਆਂ ਸਨ। ਉਸ ਤੋਂ ਬਾਅਦ ਖੱਬੀਆਂ ਪਾਰਟੀਆਂ ਦਾ ਲਗਾਤਾਰ ਘਟ ਰਿਹਾ ਆਧਾਰ 2019 ਦੀਆਂ ਚੋਣਾਂ ਵਿਚ ਵੀ ਸਾਫ ਨਜ਼ਰ ਆ ਰਿਹਾ ਹੈ। ਇਹ ਪੰਜਾਬ ਦੇ ਸਿਆਸੀ ਅਤੇ ਸਮਾਜਿਕ ਸਭਿਆਚਾਰ ਵਿਚ ਆਈ ਤਬਦੀਲੀ ਦਾ ਸੂਚਕ ਹੈ।

ਇਨ੍ਹਾਂ ਚੋਣਾਂ ਵਿਚ ਪੰਜਾਬੀਆਂ ਲਈ ਸਭ ਤੋਂ ਨਮੋਸ਼ੀ ਦੀ ਗੱਲ ਹੈ, ਪਰਮਜੀਤ ਕੌਰ ਖਾਲੜਾ ਦਾ ਖਡੂਰ ਸਾਹਿਬ ਸੀਟ ਤੋਂ ਚੋਣ ਹਾਰ ਜਾਣਾ। ਪਰਮਜੀਤ ਕੌਰ ਖਾਲੜਾ ਮਰਹੂਮ ਜਸਵੰਤ ਸਿੰਘ ਖਾਲੜਾ ਦੀ ਵਿਧਵਾ ਹੈ। ਜਸਵੰਤ ਸਿੰਘ ਖਾਲੜਾ ਨੇ ਮਨੁੱਖੀ ਅਧਿਕਾਰਾਂ ਲਈ ਆਪਣੀ ਜਾਨ ਦਿੱਤੀ ਅਤੇ ਦੁਨੀਆ ਦੀ ਮਨੁੱਖੀ ਅਧਿਕਾਰਾਂ ਦੀ ਲਹਿਰ ਵਿਚ ਉਨ੍ਹਾਂ ਦਾ ਨਾਂ-ਥਾਂ ਹੈ।

ਚੋਣਾਂ ਦੇ ਦਿਨਾਂ ਵਿਚ ਫਰੀਦਕੋਟ ਜ਼ਿਲ੍ਹੇ ਦੇ ਇਕ ਨੌਜਵਾਨ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਲਾਪਤਾ ਕਰ ਦਿੱਤਾ ਗਿਆ ਜਿਸ ਬਾਰੇ ਉਸ ਦੇ ਘਰਦਿਆਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਉਸ ਦੀ ਥਾਣੇ ਵਿਚ ਕੀਤੀ ਪੁੱਛਗਿੱਛ ਦੌਰਾਨ ਮੌਤ ਹੋਣ ਦਾ ਸ਼ੱਕ ਹੈ। ਇਹ ਜ਼ਾਹਰ ਕਰਦਾ ਹੈ ਕਿ ਜਿਸ ਕੰਮ ਲਈ ਜਸਵੰਤ ਸਿੰਘ ਖਾਲੜਾ ਨੇ ਆਪਣੀ ਜਾਨ ਦਿੱਤੀ ਅਤੇ ਜੋ ਕੁਝ ਬੀਬੀ ਖਾਲੜਾ ਕਰ ਰਹੇ ਹਨ, ਉਸ ਦੀ ਹੁਣ ਵੀ ਲੋੜ ਹੈ।

ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਲਹਿਰ ਦਾ ਇਹ ਦੁਖਾਂਤ ਰਿਹਾ ਹੈ ਕਿ ਇਹ ਸੰਕੀਰਨਤਾ ਦੀ ਸ਼ਿਕਾਰ ਰਹੀ ਹੈ। ਮਿਸਾਲ ਵਜੋਂ, 1970ਵਿਆਂ ਵਿਚ ਜਦੋਂ ਨਕਸਲੀ ਲਹਿਰ ਨਾਲ ਜੁੜੇ ਕਾਰਕੁਨਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਗਿਆ ਤਾਂ ਇਸ ਖਿਲਾਫ ਦੂਜੀਆਂ ਸਿਆਸੀ ਪਾਰਟੀਆਂ ਅਤੇ ਕਿਸੇ ਸਿੱਖ ਜਥੇਬੰਦੀ ਨੇ ਆਵਾਜ਼ ਨਹੀਂ ਉਠਾਈ। ਉਸੇ ਤਰ੍ਹਾਂ 1984 ਤੋਂ ਬਾਅਦ ਸਿੱਖ ਜਥੇਬੰਦੀਆਂ ਨਾਲ ਜੁੜੇ ਕਾਰਕੁਨਾਂ ਉਤੇ ਬੇਹੱਦ ਜ਼ੁਲਮ ਹੋਏ ਤਾਂ ਇਕ ਦੋ ਨੂੰ ਛੱਡ ਕੇ ਖੱਬੇ ਪੱਖੀ ਜਥੇਬੰਦੀਆਂ ਨੇ ਇਨ੍ਹਾਂ ਜ਼ੁਲਮਾਂ ਖਿਲਾਫ ਆਵਾਜ਼ ਨਹੀਂ ਉਠਾਈ।

ਦੇਖਿਆ ਜਾਵੇ ਤਾਂ ਇਹ ਦੋਨੋਂ ਧਿਰਾਂ ਵੱਖ-ਵੱਖ ਸਮਿਆਂ 'ਤੇ ਸਰਕਾਰੀ ਅਤਿਵਾਦ ਦਾ ਸ਼ਿਕਾਰ ਰਹੀਆਂ ਹਨ। ਇਸ ਦੇ ਨਾਲ ਹੀ ਔਰਤਾਂ, ਦਲਿਤ, ਕਿਸਾਨੀ, ਮਜ਼ਦੂਰ, ਵਿਦਿਆਰਥੀ ਅਤੇ ਕਰਮਚਾਰੀ ਲਹਿਰਾਂ ਨਾਲ ਜੁੜੇ ਕਾਰਕੁਨਾਂ ਦੇ ਮਨੁੱਖੀ ਅਧਿਕਾਰ ਸਰਕਾਰੀ ਜ਼ੁਲਮ ਦਾ ਸ਼ਿਕਾਰ ਰਹੇ ਹਨ। ਜਿੰਨੀ ਦੇਰ ਤਕ ਸੱਚ ਅਤੇ ਇਨਸਾਫ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਅਤੇ ਕਾਰਕੁਨ ਇਹ ਸਮਝ ਨਹੀਂ ਲੈਂਦੇ ਕਿ ਉਨ੍ਹਾਂ ਵਿਚੋਂ ਕਿਸੇ ਇਕ ਦੇ ਵੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਭ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ, ਓਨੀ ਦੇਰ ਤਕ ਮਨੁੱਖੀ ਅਧਿਕਾਰ ਲਹਿਰ ਸਮਾਜ ਵਿਚ ਆਪਣੀਆਂ ਜੜ੍ਹਾਂ ਡੂੰਘੀਆਂ ਨਹੀਂ ਕਰ ਸਕਦੀ। ਜੇ ਅਸੀਂ ਗੁਰੂ ਤੇਗ ਬਹਾਦਰ ਤੋਂ ਪ੍ਰੇਰਨਾ ਲੈਣੀ ਹੈ ਤਾਂ ਇਸ ਦਾ ਅਰਥ ਇਹ ਹੈ ਕਿ ਨੈਤਿਕ ਤੌਰ 'ਤੇ ਆਪਣੇ ਵਿਰੋਧੀ ਦੇ ਵੀ ਮਨੁੱਖੀ ਅਧਿਕਾਰ ਬਚਾਉਣਾ ਸਹੀ ਅਰਥਾਂ ਵਿਚ ਮਾਨਵਤਾ ਦੀ ਸੇਵਾ ਕਰਨਾ ਹੈ। ਕਸ਼ਮੀਰੀ ਬ੍ਰਾਹਮਣ ਸਿਧਾਂਤਕ ਤੌਰ 'ਤੇ ਗੁਰੂ ਤੇਗ ਬਹਾਦਰ ਦੇ ਵਿਰੋਧੀ ਸਨ, ਫਿਰ ਵੀ ਉਨ੍ਹਾਂ ਦੇ ਧਾਰਮਿਕ ਮਨੁੱਖੀ ਅਧਿਕਾਰ ਬਚਾਉਣ ਲਈ ਗੁਰੂ ਸਾਹਿਬ ਨੇ ਆਪਣਾ ਜੀਵਨ ਦਾਨ ਕਰ ਦਿੱਤਾ।

ਪੰਜਾਬ ਦੇ ਸਿਆਸੀ ਇਤਿਹਾਸ ਵਿਚ ਪਰਮਜੀਤ ਕੌਰ ਖਾਲੜਾ ਪਹਿਲੇ ਉਮੀਦਵਾਰ ਹਨ ਜਿਨ੍ਹਾਂ ਨੇ ਮੁੱਖ ਤੌਰ 'ਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਉਤੇ ਚੋਣ ਲੜੀ। ਨੈਤਿਕ ਪੱਖੋਂ ਦੇਖਿਆ ਜਾਵੇ ਤਾਂ ਲੋੜ ਇਸ ਗੱਲ ਦੀ ਸੀ ਕਿ ਪੰਜਾਬ ਪੱਖੀ ਸਭ ਸਿਆਸੀ ਧਿਰਾਂ ਉਨ੍ਹਾਂ ਖਿਲਾਫ ਕੋਈ ਵੀ ਉਮੀਦਵਾਰ ਖੜ੍ਹਾ ਨਾ ਕਰਦੀਆਂ। ਅਕਾਲੀ ਦਲ (ਬਾਦਲ) ਵਾਸਤੇ ਇਹ ਸੁਨਹਿਰੀ ਮੌਕਾ ਸੀ ਕਿ ਜੇ ਉਹ ਬੀਬੀ ਖਾਲੜਾ ਦੀ ਮਦਦ ਵਿਚ ਆਪਣਾ ਉਮੀਦਵਾਰ ਵਾਪਸ ਲੈ ਲੈਂਦੇ ਤਾਂ ਸ਼ਾਇਦ ਉਨ੍ਹਾਂ ਦਾ ਖੁੱਸਿਆ ਜਨਤਕ ਆਧਾਰ ਕੁਝ ਮੁੜ ਪੈਂਦਾ। ਹੁਣ ਭਾਵੇਂ ਅਕਾਲੀ ਦਲ (ਬਾਦਲ) ਦਾ ਚਰਿਤਰ ਬੀ.ਜੇ.ਪੀ. ਨਾਲ ਸਬੰਧ ਹੋਣ ਕਰਕੇ ਬਦਲ ਚੁੱਕਾ ਹੈ ਪਰ ਅਕਾਲੀ ਇਤਿਹਾਸ ਇਸ ਗੱਲ ਦਾ ਪ੍ਰਮਾਣ ਹੈ ਕਿ ਅਕਾਲੀ ਕਾਰਕੁਨਾਂ ਉਤੇ ਵੀ ਬੜੇ ਸਰਕਾਰੀ ਜ਼ੁਲਮ ਢਾਏ ਗਏ ਸਨ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਸਿੱਖ ਤੇ ਅਕਾਲੀ ਇਤਿਹਾਸ ਦਾ ਅਨਿੱਖੜਵਾਂ ਅੰਗ ਰਿਹਾ ਹੈ।

ਜਸਵੰਤ ਸਿੰਘ ਖਾਲੜਾ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦਾ ਜਨਰਲ ਸਕੱਤਰ ਸੀ, ਇਸ ਪੱਖੋਂ ਵੀ ਬੀਬੀ ਖਾਲੜਾ ਦੀ ਮਦਦ ਕਰਨਾ ਅਕਾਲੀ ਦਲ (ਬਾਦਲ) ਦੀ ਨੈਤਿਕ ਜ਼ਿੰਮੇਵਾਰੀ ਬਣਦੀ ਸੀ। ਜੇ ਅਕਾਲੀ ਦਲ (ਬਾਦਲ) ਨੇ ਇੰਦਰ ਕੁਮਾਰ ਗੁਜਰਾਲ ਦੇ ਹੱਕ ਵਿਚ ਆਪਣਾ ਉਮੀਦਵਾਰ ਨਹੀਂ ਖੜ੍ਹਾ ਕੀਤਾ ਸੀ ਤਾਂ ਉਸ ਤੋਂ ਕਈ ਗੁਣਾ ਇਹ ਜ਼ਰੂਰੀ ਬਣਦਾ ਸੀ ਕਿ ਉਹ ਬੀਬੀ ਖਾਲੜਾ ਦੇ ਹੱਕ ਵਿਚ ਵੀ ਆਪਣਾ ਉਮੀਦਵਾਰ ਖੜ੍ਹਾ ਨਾ ਕਰਦੇ। ਜੇ ਉਥੇ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨਾ ਹੁੰਦੇ ਤਾਂ ਉਨ੍ਹਾਂ ਵੱਡੀ ਲੀਡ ਨਾਲ ਜਿੱਤਣਾ ਸੀ। ਜੇ ਸਾਰੀਆਂ ਪੰਜਾਬ ਪੱਖੀ ਪਾਰਟੀਆਂ ਰਲ ਕੇ ਉਨ੍ਹਾਂ ਨੂੰ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜਾਉਂਦੇ ਤਾਂ ਬਿਨਾ ਸ਼ੱਕ ਬੀਬੀ ਖਾਲੜਾ ਇਤਿਹਾਸਕ ਜਿੱਤ ਪ੍ਰਾਪਤ ਕਰ ਸਕਦੇ ਸਨ।

ਪੰਜਾਬ ਦੇ ਸਿਆਸੀ ਪੜਾਅ ਵਿਚ ਇਹ ਅਗਾਂਹਵਧੂ ਮੋੜ ਆਇਆ ਹੈ ਕਿ ਖੱਬੇ ਪੱਖੀ ਜਥੇਬੰਦੀਆਂ ਤੇ ਕਾਰਕੁਨਾਂ ਨੇ ਪਰਮਜੀਤ ਕੌਰ ਖਾਲੜਾ ਦੀ ਖੁੱਲ੍ਹ ਕੇ ਮਦਦ ਕੀਤੀ। ਇਸ ਮੋੜ ਨਾਲ ਉਮੀਦ ਕੀਤੀ ਜਾ ਸਕਦੀ ਹੈ ਕਿ ਪੰਜਾਬ ਵਿਚ ਅਗਾਂਹਵਧੂ ਸਿਆਸੀ ਅਤੇ ਮਨੁੱਖੀ ਅਧਿਕਾਰ ਲਹਿਰਾਂ ਨੂੰ ਸਮਾਜਵਾਦੀ ਤੀਜੀ ਸਿਆਸੀ ਧਿਰ ਦੇ ਵਿਕਸਿਤ ਹੋਣ ਦੀਆਂ ਸੰਭਾਵਨਾਵਾਂ ਖੁੱਲ੍ਹੀਆਂ ਹਨ। ਉਭਰਨ ਵਾਲੀ ਐਸੀ ਤੀਜੀ ਸਿਆਸੀ ਧਿਰ ਨੂੰ ਇਹ ਸਮਝਣਾ ਜ਼ਰੂਰੀ ਹੋਵੇਗਾ ਕਿ ਦੁਨੀਆ ਦਾ ਵਾਤਾਵਰਨ ਸੰਕਟ ਸਾਡੇ ਯੁਗ ਦੀ ਸਭ ਤੋਂ ਵੱਡੀ ਵੰਗਾਰ ਹੈ ਜਿਸ ਦਾ ਪੰਜਾਬ ਉਤੇ ਵੀ ਸਿੱਧਾ ਅਸਰ ਹੈ। ਪੰਜਾਬ ਵਿਚ ਅਗਾਂਹਵਧੂ ਪ੍ਰੋਗਰਾਮ ਉਲੀਕੇ ਜਾਣ ਵਿਚ ਵਾਤਾਵਰਨ ਸੰਕਟ ਨੂੰ ਕੇਂਦਰੀ ਸਥਾਨ ਦੇਣਾ ਅੱਜ ਦੀ ਇਤਿਹਾਸਕ ਲੋੜ ਹੈ, ਖਾਸ ਕਰਕੇ ਇਸ ਕਰਕੇ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਵਾਤਾਵਰਨ ਸੰਕਟ ਬਾਰੇ ਬਿਲਕੁਲ ਅਣਜਾਣ ਹਨ, ਤੇ ਇਸ ਦਾ ਪ੍ਰਗਟਾਵਾ 2019 ਦੀਆਂ ਚੋਣਾਂ ਵਿਚ ਵੀ ਸਾਫ ਜ਼ਾਹਰ ਸੀ।

# ਮੁਆਫੀ ਦਾ ਮਹਾਂਮੰਤਰ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਇਹ ਗੱਲ ਬਿਲਕੁਲ ਸਹੀ ਕਹੀ ਸੀ, "ਕੁਝ ਲੋਕ ਸ਼ਿਕਵੇ ਕਰਦਿਆਂ ਹੀ ਜ਼ਿੰਦਗੀ ਗੁਜਾਰ ਦਿੰਦੇ। ਉਨ੍ਹਾਂ ਦੇ ਪੱਲੇ 'ਚ ਸ਼ਿਕਵਿਆਂ ਦਾ ਕੱਚਰਾ, ਪਰ ਜੋ ਹਿੰਮਤ, ਹੱਲਾਸ਼ੇਰੀ, ਹੱਠ ਅਤੇ ਹੌਂਸਲੇ ਨੂੰ ਯਾਰ ਬਣਾਉਂਦੇ ਉਨ੍ਹਾਂ ਦਾ ਨਸੀਬ ਬਣਦੀ ਜੀਵਨ-ਸੁਗੰਧੀ ਤੇ ਸੁਪਨ-ਸੁੰਦਰਤਾ।" ਇਨਸਾਨ ਜ਼ਿੰਦਗੀ ਵਿਚ ਹਜ਼ਾਰਾਂ ਗਲਤੀਆਂ ਕਰਦਾ ਹੈ, ਗਲਤੀ ਲਈ ਮੁਆਫੀ ਮੰਗਣ ਵਿਚ ਕੋਈ ਹਰਜ ਨਹੀਂ, ਪਰ ਪੁਆੜਾ ਇਹ ਹੈ ਕਿ ਬਹੁਤਿਆਂ ਲਈ ਇਹ ਮੁਸ਼ਕਿਲ ਹੈ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਅਜਿਹੇ ਗੁਨਾਹਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਲਈ ਇਨਸਾਨ ਨੂੰ ਮੁਆਫੀ ਮੰਗਣੀ ਚਾਹੀਦੀ ਹੈ, ਪਰ ਮੰਗਦਾ ਨਹੀਂ। ਮੁਆਫੀ ਮੰਗਣ ਲਈ ਹੌਂਸਲੇ ਅਤੇ ਦਿਲ-ਗੁਰਦੇ ਦੀ ਲੋੜ। ਪਾਪੀ ਕੋਲੋਂ ਕਦੇ ਵੀ ਮੁਆਫੀ ਮੰਗਣ ਦੀ ਤਵੱਕੋਂ ਨਹੀਂ ਕੀਤੀ ਜਾ ਸਕਦੀ। ਰਹਿਮ-ਦਿਲ ਲੋਕ ਮੁਆਫੀ ਮੰਗਣ ਅਤੇ ਮੁਆਫ ਕਰਨ ਵਿਚ ਪਹਿਲ ਕਰਦੇ। ਡਾ. ਭੰਡਾਲ ਆਖਦੇ ਹਨ, "ਮੁਆਫੀ ਨਾਲ ਕੋਈ ਛੋਟਾ ਨਹੀਂ ਹੁੰਦਾ ਸਗੋਂ ਵੱਡਾ ਹੁੰਦਾ। ਉਸ ਦੀ ਮਹਾਨਤਾ ਹੋਰ ਵਧਦੀ। ਬੰਦਿਆਈ ਅਤੇ ਭਲਿਆਈ ਨੂੰ ਨਵੀਂ ਉਡਾਣ ਮਿਲਦੀ।" -ਸੰਪਾਦਕ***

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮੁਆਫੀ, ਅਣਚਾਣੇ 'ਚ ਹੋਈਆਂ ਭੁੱਲਾਂ, ਕੋਤਾਹੀਆਂ ਅਤੇ ਕਰਤੂਤਾਂ ਲਈ ਪਛਤਾਵਾ। ਕੀਤੇ ਕੁਕਰਮ ਲਈ ਮਨ ਵਿਚ ਉਪਜੀ ਗਿਲਾਨੀ। ਮੁਆਫੀ, ਬੇਧਿਆਨੀ ਵਿਚ ਬੋਲੇ ਬੋਲ, ਕਲਮ ਨਾਲ ਲਿਖੇ ਹਰਫਾਂ ਵਿਚਲੀ ਸ਼ਰਮਿੰਦਗੀ ਤੇ ਬੁਰਸ਼ ਨਾਲ ਵਾਹੀਆਂ ਲਕੀਰਾਂ ਕਾਰਨ ਕਿਸੇ ਦੇ ਮਨ ਨੂੰ ਪਹੁੰਚੀ ਠੇਸ ਲਈ ਭੁੱਲ ਬਖਸ਼ਾਉਣ ਦਾ ਉਦਮ।

ਮੁਆਫੀ, ਜਾਣ ਬੁੱਝ ਕੇ ਕੀਤੇ ਜੁਲਮ, ਲਾਏ ਜ਼ਖਮਾਂ ਅਤੇ ਭਾਵਨਾਵਾਂ ਨਾਲ ਕੀਤੇ ਖਿਲਵਾੜ ਕਾਰਨ ਮਨ-ਧਰਾਤਲ 'ਤੇ ਜੰਮੀ ਕਾਲਖ ਨੂੰ ਲਾਹੁਣ ਦਾ ਕਰਮ। ਮੁਆਫੀ, ਮਨ ਦੇ ਆਖੇ ਲੱਗ ਕੇ ਕੁਰਾਹੇ ਪਈ ਸੋਚ, ਕਮੀਨਗੀ ਵਿਚ ਉਲਝੇ ਹੱਥਾਂ ਦੀ ਕਾਰ ਜਾਂ ਮਾਨਸਿਕ ਉਲਾਰ ਦੀ ਸਿਹਤਮੰਦੀ ਵੰਨੀਂ ਪਲੇਠੀ ਅਰਦਾਸ।

ਮੁਆਫੀ, ਖੁਦ ਦੇ ਰੁਬਰੂ ਹੋਣ, ਖੁਦ ਵਿਚੋਂ ਖੁਦਗਰਜ਼ੀ ਨੂੰ ਮਿਟਾਉਣ ਅਤੇ ਆਪਣੇ ਆਪ ਨੂੰ ਪਾਉਣ ਵੰਨੀਂ ਪਹਿਲ-ਕਦਮੀ।

ਮੁਆਫੀ, ਆਪਾ, ਪਰਿਵਾਰ ਜਾਂ ਸਮਾਜ ਦੇ ਉਜਲੇ ਚਿਹਰੇ ਨੂੰ ਧੁਆਂਖਣ ਲਈ ਕੀਤੇ ਕੁਕਰਮਾਂ ਨੂੰ ਮੁੜ ਨਾ ਦੁਹਰਾਉਣ ਦਾ ਵਾਅਦਾ।

ਮੁਆਫੀ ਮੰਗਣ ਵਾਲੇ ਸੱਚੇ ਮਾਰਗ 'ਤੇ ਤੁਰਨ ਦੇ ਚਾਹਵਾਨ ਤੇ ਮੁਆਫ ਕਰਨ ਵਾਲੇ ਬੀਤੇ ਨੂੰ ਭੁਲਾ ਕੇ ਅੱਗੇ ਬਾਰੇ ਸੋਚਣ ਤੇ ਨਵੀਆਂ ਤਰਜ਼ੀਹਾਂ ਲਈ ਨਵੀਆਂ ਤਰਕੀਬਾਂ ਘੜ੍ਹਨ ਲਈ ਉਤਾਵਲੇ। ਮੁਆਫੀ ਸੱਚੇ ਦਿਲ ਤੇ ਪੂਰਨ ਸ਼ਰਧਾ ਨਾਲ ਮੰਗੀ ਜਾਵੇ ਤਾਂ ਜਖਮਾਂ ਦੇ ਦਾਗ ਵੀ ਧੋਤੇ ਜਾਂਦੇ। ਫਿਰ ਤੋਂ ਹੁੰਦੀ ਨਵੇਂ ਯੁੱਗ ਦੀ ਸ਼ੁਰੂਆਤ।

ਕਿਸੇ ਦੂਸਰੇ ਕੋਲੋਂ ਮੁਆਫੀ ਮੰਗਣ ਦੀ ਥਾਂ ਖੁਦ ਕੋਲੋਂ ਮੁਆਫੀ ਮੰਗਣ ਦੀ ਜਾਚ ਆ ਜਾਵੇ ਤਾਂ ਗਲਤੀ ਕਰਨ ਲੱਗਿਆਂ ਵੀ ਕਈ ਵਾਰ ਸੋਚਣਾ ਪੈਂਦਾ, ਤੇ ਗਲਤੀ ਹੋਣ 'ਤੇ ਮੁਆਫੀ ਮੰਗਣ ਲੱਗਿਆਂ ਪਲ ਨਹੀਂ ਲੱਗਦਾ।

ਸਮੇਂ ਦੇ ਹਰ ਦੌਰ 'ਚ ਮਹਾਨ ਲੋਕ ਮੁਆਫੀ ਮੰਗਦੇ ਰਹੇ ਅਤੇ ਦਰਦਾਂ-ਮਾਰੇ ਉਨ੍ਹਾਂ ਨੂੰ ਮੁਆਫ ਵੀ ਕਰਦੇ ਰਹੇ, ਪਰ ਕਸ਼ਟਾਂ ਦੀ ਰੁੱਤ, ਜੁਲਮ ਦੀ ਹਨੇਰੀ ਅਤੇ ਮਨ ਦੀ ਅਵੱਗਿਆ ਵਿਚੋਂ ਉਪਜੀ ਜਹਾਲਤ, ਹਰ ਦੌਰ ਵਿਚ ਕੁਝ ਵਿਅਕਤੀਆਂ ਦੀ ਕੋਝੀ ਮਾਨਸਿਕਤਾ ਦਾ ਕੇਂਦਰ ਬਿੰਦੂ ਰਿਹਾ।

ਮੁਆਫੀ ਅਤੇ ਮਰਹਮ ਜਦ ਕਿਸੇ ਦੇ ਰਿਸਦੇ ਜਖਮਾਂ ਨੂੰ ਮਿਲਦੀ ਤਾਂ ਰਾਹਤ ਦਾ ਸੰਦੇਸ਼ ਮਨ ਜੂਹ ਨੂੰ ਸ਼ਾਂਤ ਕਰਦਾ। ਚੰਗੇਰਾ ਸੋਚਣ ਅਤੇ ਕਰਨ ਦੀ ਤਮੰਨਾ ਮਨ 'ਚ ਪਨਪਦੀ।

ਮੁਆਫੀ ਮੰਗਣ ਲਈ ਹੌਂਸਲੇ ਅਤੇ ਦਿਲ-ਗੁਰਦੇ ਦੀ ਲੋੜ। ਪਾਪੀ ਕੋਲੋਂ ਕਦੇ ਵੀ ਮੁਆਫੀ

***ਮੁਆਫੀ ਤਾਂ ਦਰਿਆ ਤੋਂ ਵੀ ਮੰਗਣੀ ਬਣਦੀ ਜਿਸ ਦੇ ਅੰਮ੍ਰਿਤ ਵਰਗੇ ਪਾਣੀ ਜ਼ੁਹਿਰ ਬਣ ਕੇ ਮਨੁੱਖ ਦੀ ਝੋਲੀ 'ਚ ਮੌਤ ਅਤੇ ਬਿਮਾਰੀਆਂ ਦਾ ਨਿਉਂਦਾ ਬਣ ਗਏ। ਮਨੁੱਖੀ ਕੋਤਾਹੀਆਂ ਨੇ ਦਰਿਆਵਾਂ ਨੂੰ ਬਰੇਤੇ ਬਣਾ ਦਿਤਾ। ਨਦੀਆਂ, ਨਾਲਿਆਂ, ਦਰਿਆਵਾਂ ਅਤੇ ਸਮੁੰਦਰਾਂ ਦੇ ਕੰਢਿਆਂ ਤੋਂ ਰੁੱਸ ਗਈ ਕਾਇਨਾਤ ਵੈਣ ਪਾਉਣ ਜੋਗੀ ਰਹਿ ਗਈ। ਕੋਈ ਨਹੀਂ ਸੁਣਦਾ, ਉਸ ਦੀ ਲੇਰ ਅਤੇ ਉਸ ਲਈ ਪੈ ਗਿਆ ਏ ਚੌਫੇਰੇ ਹਨੇਰ।***

ਮੰਗਣ ਦੀ ਤਵੱਕੋਂ ਨਹੀਂ ਕੀਤੀ ਜਾ ਸਕਦੀ। ਰਹਿਮ-ਦਿਲ ਲੋਕ ਮੁਆਫੀ ਮੰਗਣ ਅਤੇ ਮੁਆਫ ਕਰਨ ਵਿਚ ਪਹਿਲ ਕਰਦੇ।

ਸਮੇਂ ਦੀ ਬੀਹੀ ਵਿਚ ਜਖਮਾਂ, ਦਰਦਾਂ, ਖੁਦਕੁਸ਼ੀਆਂ, ਬੋਲ-ਆਰਾਂ ਨਾਲ ਭਰੀ ਮਾਨਸਿਕ ਪੀੜਾ ਗੂੰਜਦੀ। ਪਤਾ ਹੀ ਨਹੀਂ ਲੱਗਦਾ ਕਿ ਕੌਣ ਕਿਸ ਤੋਂ ਮੁਆਫੀ ਮੰਗੇ ਅਤੇ ਕੌਣ ਮੁਆਫ ਕਰੇ? ਗੰਧਲੇਪਣ ਨੂੰ ਤਾਂ ਦੂਰ ਕੀਤਾ ਜਾ ਸਕਦਾ ਪਰ ਜਦ ਚੌਗਿਰਦਾ ਹੀ ਗੰਧਲਾ ਅਤੇ ਬੋ ਮਾਰਨ ਲੱਗ ਪਵੇ ਤਾਂ ਕੋਈ ਕਿਥੋਂ ਸ਼ੁਰੂਆਤ ਕਰੇ?

ਮੁਆਫੀ ਤਾਂ ਦਰਿਆ ਤੋਂ ਵੀ ਮੰਗਣੀ ਬਣਦੀ ਜਿਸ ਦੇ ਅੰਮ੍ਰਿਤ ਵਰਗੇ ਪਾਣੀ ਜ਼ਹਿਰ ਬਣ ਕੇ ਮਨੁੱਖ ਦੀ ਝੋਲੀ 'ਚ ਮੌਤ ਅਤੇ ਬਿਮਾਰੀਆਂ ਦਾ ਨਿਉਂਦਾ ਬਣ ਗਏ। ਮਨੁੱਖੀ ਕੋਤਾਹੀਆਂ ਨੇ ਦਰਿਆਵਾਂ ਨੂੰ ਬਰੇਤੇ ਬਣਾ ਦਿਤਾ। ਨਦੀਆਂ, ਨਾਲਿਆਂ, ਦਰਿਆਵਾਂ ਅਤੇ ਸਮੁੰਦਰਾਂ ਦੇ ਕੰਢਿਆਂ ਤੋਂ ਰੁੱਸ ਗਈ ਕਾਇਨਾਤ ਵੈਣ ਪਾਉਣ ਜੋਗੀ ਰਹਿ ਗਈ। ਕੋਈ ਨਹੀਂ ਸੁਣਦਾ, ਉਸ ਦੀ ਲੇਰ ਅਤੇ ਉਸ ਲਈ ਪੈ ਗਿਆ ਏ ਚੌਫੇਰੇ ਹਨੇਰ।

ਮੁਆਫੀ ਤਾਂ ਬਿਰਖਾਂ, ਤੀਲਾ ਤੀਲਾ ਹੋਏ ਆਲ੍ਹਣਿਆਂ ਅਤੇ ਵਿਸਰ ਚੁੱਕੀਆਂ ਮਜਲਸਾਂ ਤੋਂ ਕੌਣ ਮੰਗੇ? ਕਿਹੜਾ ਮਰ ਗਏ ਬੋਟਾਂ, ਹਵਾ 'ਚ ਉਡਦੇ ਤੀਲਿਆਂ ਅਤੇ ਬਿਰਖੀ ਰੁੰਡ-ਮਰੁੰਡਤਾ ਅਤੇ ਪਸਰੀ ਸੁੰਨ ਨੂੰ ਮੁਖਾਤਬ ਹੋਵੇ? ਉਨ੍ਹਾਂ ਦੇ ਦਰਦ 'ਚ ਪਸੀਜੇ ਅਤੇ ਮੁਆਫੀ ਦੇ ਨਾਲ ਨਾਲ ਉਨ੍ਹਾਂ ਦੇ ਪਰਤਣ ਲਈ ਕੋਈ ਹੀਲਾ ਤਾਂ ਕਰੇ। ਬਿਰਖ ਦੀ ਗਲਵੱਕੜੀ 'ਚ ਬੀਤੇ ਚੁਕੇ ਪਲ ਵਾਪਸ ਪਰਤ ਸਕਣ ਤੇ ਬਿਰਖੀ ਆਭਾ ਨੂੰ ਸੰਤਾਪੀ ਹੋਣ ਦਾ ਸਰਾਪ ਨਾ ਮਿਲੇ। ਬਿਰਖ ਵੀ ਲੋਚਦਾ ਏ ਕਿ ਕੋਈ ਤਾਂ ਆਪਣੀਆਂ ਗਲਤੀਆਂ ਮੰਨੇ ਅਤੇ ਉਸ ਦੀ ਸਲਤਨਤ ਨੂੰ ਵਾਪਸ ਮੋੜਨ ਲਈ ਹੰਭਲਾ ਮਾਰੇ।

ਮੁਆਫੀ ਤਾਂ ਖੇਤਾਂ, ਖਾਲਾਂ ਤੇ ਖਲਿਆਣਾਂ ਤੋਂ ਵੀ ਮੰਗਣੀ ਪਊ ਜੋ ਜੀਵਨ ਵੰਡਣ ਦੀ ਰੁੱਤ ਨੂੰ ਵਿਸਾਰ ਕੇ, ਖੁਦਕੁਸ਼ੀਆਂ ਦੇ ਬੋਹਲ ਲਾਉਣ ਲੱਗ ਪਏ। ਉਨ੍ਹਾਂ ਦੀ ਜੂਹ 'ਚ ਜਦ ਜਿਉਣਾ ਮਰਨ ਤੋਂ ਔਖਾ ਹੋ ਜਾਵੇ ਤਾਂ ਇਸ ਲਈ ਕੌਣ ਜਿੰਮੇਵਾਰ? ਮਨੁੱਖੀ ਲਾਲਸਾ, ਭੋਖੜਾ ਅਤੇ ਕਾਹਲ ਨੂੰ ਮੁਆਫੀ ਤਾਂ ਮੰਗਣੀ ਹੀ ਪਵੇਗੀ। ਦੇਖਣਾ ਆ ਕਿ ਮਨੁੱਖੀ ਚੇਤਨਾ ਕਦੋਂ ਜਾਗਦੀ? ਉਸ ਦੇ ਮਨ 'ਚ ਅੰਨਦਾਤੇ ਪ੍ਰਤੀ ਦਰਦ ਕਦੋਂ ਪੈਦਾ ਹੁੰਦਾ ਅਤੇ ਉਹ ਦਰਦ ਦੀ ਦਵਾ ਲਈ ਕਿਹੜਾ ਤਰੱਦਦ ਕਰਦਾ?

ਮੁਆਫੀ ਤਾਂ ਕੰਜਕਾਂ ਖੁਆਉਣ ਵਾਲਿਆਂ ਨੂੰ ਸਭ ਤੋਂ ਪਹਿਲਾਂ ਮੰਗਣੀ ਚਾਹੀਦੀ ਆ, ਜੋ ਕੰਜਕ-ਪੂਜਾ ਦਾ ਅਡੰਬਰ ਰੱਚ ਅਤੇ ਅਣਜੰਮੀਆਂ ਧੀਆਂ ਨੂੰ ਕੁੱਖ ਵਿਚ ਕਤਲ ਕਰਨ ਲੱਗਿਆਂ ਅੱਖ ਵੀ ਨਹੀਂ ਭਰਦੇ। ਅਜਿਹੇ ਬੇਦਰਦੀ ਲੋਕਾਂ ਦੀ ਆਤਮਾ ਕਿਹੜੇ ਮੂੰਹ ਨਾਲ ਮੁਆਫੀ ਮੰਗਣ ਦਾ ਹੀਆ ਕਰੇ? ਸਗੋਂ ਉਹ ਤਾਂ ਚੂਲੀ ਭਰ ਪਾਣੀ ਵਿਚ ਡੁੱਬ ਮਰੇ ਤਾਂ ਕਿ ਬਚ ਗਿਆਂ ਦੇ ਮਸਤਕ 'ਤੇ ਨਵਾਂ ਸੂਰਜ ਚੜ੍ਹੇ।

ਕੌਣ ਮੰਗੇਗਾ ਮੁਆਫੀ, ਜਾਬਰਾਂ ਵਲੋਂ ਕੀਤੇ ਮਾਸੂਮਾਂ 'ਤੇ ਜੁਲਮਾਂ ਦੀ, ਮੁਗਲਾਂ ਵਲੋਂ ਕੀਤੇ ਕਤਲੋ-ਗਾਰਤ ਲਈ, ਜੱਲਿਆਂਵਾਲੇ ਬਾਗ 'ਚ ਕੀਤੇ ਘਾਣ ਲਈ, ਕਾਲੇ ਪਾਣੀਆਂ 'ਚ ਖੁਰ ਗਈਆਂ ਜਵਾਨੀਆਂ ਲਈ, '47 ਤੋਂ '84 ਤੀਕ ਹੋਈ ਨਸਲਕੁਸ਼ੀ ਲਈ, ਦੇਸੀ-ਵਿਦੇਸ਼ੀ ਸ਼ਾਸਕਾਂ ਵਲੋਂ ਨਵੀਂ ਸੋਚ ਦਾ ਚਿਰਾਗ ਬੁਝਾਉਣ ਲਈ ਅਤੇ ਕਾਲਖਾਂ ਬੀਜ ਕੇ ਹੌਕਿਆਂ ਦੀ ਫਸਲ ਉਗਾਉਣ ਵਾਲੇ ਮੌਸਮਾਂ ਲਈ, ਘਰਾਂ ਵਿਚ ਵਿੱਛੀਆਂ ਸੋਗ-ਸਫਾਂ ਲਈ, ਦਰਾਂ 'ਚ ਪੁੱਤਰਾਂ ਨੂੰ ਉਡੀਕਦਿਆਂ ਕਬਰਾਂ ਬਣੀਆਂ ਮਾਂਵਾਂ ਲਈ, ਬਾਪ ਦੀ ਗਲ ਵਿਚ ਪਈ ਪੱਗ ਅਤੇ ਦਾੜੀ ਦੇ ਪੁੱਟੇ ਗਏ ਵਾਲਾਂ ਲਈ।

ਮੁਆਫੀ, ਮੁਆਫ ਕਰਨ ਯੋਗ ਗੁਨਾਹ ਲਈ ਹੁੰਦੀ, ਪਰ ਕਰੂਰ ਗੁਨਾਹਾਂ ਲਈ ਮੁਆਫੀ ਹਰਫ ਵੀ ਬੌਣਾ। ਕੋਈ ਨਵਾਂ ਸ਼ਬਦ ਲੱਭਣ ਦੀ ਜ਼ਰੂਰਤ।

ਮੁਆਫੀ ਤਾਂ ਉਨ੍ਹਾਂ ਮਾਸੂਮਾਂ ਤੋਂ ਵੀ ਮੰਗਣੀ ਚਾਹੀਦੀ ਜਿਨ੍ਹਾਂ ਦਾ ਫੱਟੀ ਬਸਤਾ ਹੰਝੂਆਂ ਵਿਚ ਭਿੱਜ ਗਿਆ, ਜਿਨ੍ਹਾਂ ਦੀਆਂ ਆਂਦਰਾਂ ਵਿਚੋਂ ਨਿਕਲਦੀ ਚੀਸ ਵਕਤ ਨੂੰ ਰੋਣ ਲਾਉਂਦੀ, ਜਿਨ੍ਹਾਂ ਦੇ ਨੈਣਾਂ ਵਿਚ ਦਮ ਤੋੜਦੇ ਸੁਪਨਿਆਂ ਦੀ ਚੀਸ ਹਵਾ ਨੂੰ ਸਿਸਕਣ ਲਾਉਂਦੀ, ਜਿਨ੍ਹਾਂ ਦੇ ਸਿਰ 'ਤੇ ਕਾਨਿਆਂ ਦੀ ਕੁੱਲੀ ਵੀ ਜੁਲਮ ਦੀ ਹਨੇਰੀ ਉਡਾ ਕੇ ਲੈ ਗਈ ਅਤੇ ਜਿਨ੍ਹਾਂ ਦੇ ਵਿਹੜੇ ਨੂੰ ਮਿਲੀ ਏ ਅੰਬਰ ਦੀ ਛੱਤ ਤੇ ਧੁੱਪ ਦੀ ਕਾਤਰ ਵੀ ਦਰੀਂ ਲੰਘ ਆਉਣ ਤੋਂ ਸ਼ਰਮਾਉਂਦੀ ਆ।

ਮੁਆਫੀ ਤਾਂ ਉਨ੍ਹਾਂ ਕਲੀਆਂ ਤੋਂ ਵੀ ਮੰਗਣ ਦੀ ਲੋੜ ਏ, ਜਿਨ੍ਹਾਂ ਨੂੰ ਚੌਕਾਂ ਵਿਚ ਨਿਲਾਮ ਕੀਤਾ ਜਾਂਦਾ, ਜਿਨ੍ਹਾਂ ਦੀ ਰੰਗਲੀ ਦੁਨੀਆਂ ਉਜਾੜ ਬੀਆਬਾਨ ਬਣ ਗਈ, ਜਿਨ੍ਹਾਂ ਦੇ ਤਨ ਨੂੰ ਲੰਗਾਰ ਵੀ ਨਸੀਬ ਨਹੀਂ ਹੁੰਦੇ, ਜਿਨ੍ਹਾਂ ਦੀਆਂ ਆਸਾਂ ਤੇ ਉਮੀਦਾਂ ਨੂੰ ਬਘਿਆੜਾਂ ਨੇ ਨੋਚ ਲਿਆ ਅਤੇ ਜਿਨ੍ਹਾਂ ਦੀਆਂ ਬੁਰਕੀਆਂ ਦਾ ਸਵਾਦ ਮਨੁੱਖੀ ਦੈਂਤ ਨੂੰ ਪੈ ਗਿਆ ਏ।

ਮੁਆਫੀ ਤਾਂ ਸਭ ਤੋਂ ਪਹਿਲਾਂ ਉਸ ਸੋਚ ਤੋਂ ਮੰਗੀਏ, ਜਿਸ ਨੇ ਮਨੁੱਖ ਨੂੰ ਕੁਦਰਤ ਤੋਂ ਦੂਰ ਕੀਤਾ। ਜੀਵਨ ਦਾਨੀ ਦੇ ਨੈਣਾਂ ਵਿਚ ਖਾਰਾ ਪਾਣੀ ਧਰਿਆ ਤੇ ਜਿਉਂਦਾ ਮਨੁੱਖ ਮਰਿਆ। ਪੌਣ ਨੇ ਹਰਦਮ ਹੌਕਾ ਭਰਿਆ, ਆਪਣੇ ਹੀ ਹਿੱਸੇ ਦਾ ਸੂਰਜ ਠੰਢਾ ਕਰਿਆ, ਜਿਸ ਦੀ ਕੋਤਾਹੀ ਕਾਰਨ ਮਨੁੱਖ, ਮਨੁੱਖ ਹੱਥੋਂ ਹਾਰਿਆ। ਮਨੁੱਖ ਨੇ ਆਪਣੀ ਬਰਬਾਦੀ ਦਾ ਹੀ ਸਮਾਨ ਸੋਚ-ਜੂਹੇ ਧਰਿਆ, ਜਿਸ ਨੇ ਮੌਤ ਦਾ ਫਾਤਿਹਾ ਹੀ ਪੜ੍ਹਿਆ।

ਮੁਆਫੀ ਤਾਂ ਪੂਰਨਿਆਂ ਤੋਂ ਮੰਗਣ ਦੀ ਲੋੜ ਏ, ਜੋ ਬੇਵਾ ਹੋਏ ਤੋਤਲੇ ਬੋਲਾਂ ਅਤੇ ਮਲੂਕ ਹੱਥਾਂ ਦੀ ਛੋਹ ਲਈ ਤਰਸ ਗਏ। ਇਹ ਕੇਹੀ ਤਰੱਕੀ ਏ

***ਮੁਆਫੀ ਤਾਂ ਕੰਜਕਾਂ ਖੁਆਉਣ ਵਾਲਿਆਂ ਨੂੰ ਸਭ ਤੋਂ ਪਹਿਲਾਂ ਮੰਗਣੀ ਚਾਹੀਦੀ ਆ, ਜੋ ਕੰਜਕ-ਪੂਜਾ ਦਾ ਅਡੰਬਰ ਰੱਚ ਅਤੇ ਅਣਜੰਮੀਆਂ ਧੀਆਂ ਨੂੰ ਕੁੱਖ ਵਿਚ ਕਤਲ ਕਰਨ ਲੱਗਿਆਂ ਅੱਖ ਵੀ ਨਹੀਂ ਭਰਦੇ। ਅਜਿਹੇ ਬੇਦਰਦੀ ਲੋਕਾਂ ਦੀ ਆਤਮਾ ਕਿਹੜੇ ਮੂੰਹ ਨਾਲ ਮੁਆਫੀ ਮੰਗਣ ਦਾ ਹੀਆ ਕਰੇ? ਸਗੋਂ ਉਹ ਤਾਂ ਚੂਲੀ ਭਰ ਪਾਣੀ ਵਿਚ ਡੁੱਬ ਮਰੇ ਤਾਂ ਕਿ ਬਚ ਗਿਆਂ ਦੇ ਮਸਤਕ 'ਤੇ ਨਵਾਂ ਸੂਰਜ ਚੜ੍ਹੇ।***

ਕਿ ਮਨੁੱਖ ਪਹਿਲਾਂ ਹਰਫਾਂ ਤੋਂ ਬੇਮੁੱਖ ਹੋਇਆ, ਕਿਤਾਬਾਂ ਦੇ ਵਰਕਿਆਂ ਦੀ ਥਾਂ ਡਿਜੀਟਲ ਵੰਨੀਂ ਤੁਰ ਪਿਆ, ਚਿੱਠੀਆਂ ਲਿਖਣ ਦੀ ਥਾਂ ਫੋਨ ਦਾ ਮੁਥਾਜ ਹੋ ਗਿਆ ਅਤੇ ਹੁਣ ਤਾਂ ਬੋਲਣ ਦੀ ਥਾਂ ਟੈਕਸਟ ਕਰਨ ਜੋਗਾ ਹੀ ਰਹਿ ਗਿਆ। ਕਿਥੋਂ ਆਵੇਗੀ ਬੋਲ-ਤਰਤੀਬ ਅਤੇ ਬੋਲਚਾਲ ਦਾ ਸਲੀਕਾ ਤੇ ਸੂਝ। ਇਕ ਦੂਜੇ ਪ੍ਰਤੀ ਅਦਬ। ਵਿਚਾਰਾਂ, ਭਾਵਾਂ ਅਤੇ ਭਾਵਨਾਵਾਂ ਦਾ ਦਾਨ-ਪ੍ਰਦਾਨ। ਸਾਹਮਣੇ ਵਾਲੇ ਦੇ ਦੀਦਿਆਂ ਵਿਚ ਝਾਕਣ ਤੇ ਉਨ੍ਹਾਂ ਨੂੰ ਪੜ੍ਹਨ ਦੀ ਜਾਚ। ਆਪਸੀ ਪਿਆਰ ਦਾ ਸਦੀਵੀ ਰਿਸ਼ਤਾ। ਬੋਲਣ ਦਾ ਸਬੱਬ। ਚਿੱਠੀਆਂ, ਡਾਇਰੀਆਂ ਵਿਚ ਹਰਫਾਂ ਸੰਗ ਵਰਕਿਆਂ 'ਤੇ ਉਤਰਦੀ ਸੰਵੇਦਨਾ, ਸੋਗਮਈ ਰੁੱਤ ਨੂੰ ਪਿੰਡੇ ਤੇ ਹੰਢਾਉਂਦੀ, ਕਿਸੇ ਦਰਦਮੰਦ ਦੀ ਆਸ ਵਿਚ ਕੁਝ ਚੰਗੇਰਾ ਵਾਪਰਨ ਦੀ ਉਡੀਕ ਕਰ ਰਹੀ ਏ। ਦੇਖਣਾ ਇਹ ਹੈ ਕਿ ਕਿਹੜਾ ਮਰਦ ਅਗੰਮੜਾ ਸੂਖਮ ਸੰਵੇਦਨਾ ਦਾ ਹਿੱਸਾ ਬਣ, ਮੁਆਫੀਨਾਮੇ ਵਿਚੋਂ ਜਿਓਣ-ਜੁਗਤ ਦੀ ਇਬਾਰਤ ਉਕਰਨ ਲਈ ਯੋਗ ਅਗਵਾਈ ਕਰਨ ਦਾ ਨਿਸਚਾ ਕਰੇਗਾ।

***ਮੁਆਫੀ ਤਾਂ ਪੂਰਨਿਆਂ ਤੋਂ ਮੰਗਣ ਦੀ ਲੋੜ ਏ, ਜੋ ਬੇਵਾ ਹੋਏ ਤੋਤਲੇ ਬੋਲਾਂ ਅਤੇ ਮਲੂਕ ਹੱਥਾਂ ਦੀ ਛੋਹ ਲਈ ਤਰਸ ਗਏ। ਇਹ ਕੇਹੀ ਤਰੱਕੀ ਏ ਕਿ ਮਨੁੱਖ ਪਹਿਲਾਂ ਹਰਫਾਂ ਤੋਂ ਬੇਮੁੱਖ ਹੋਇਆ, ਕਿਤਾਬਾਂ ਦੇ ਵਰਕਿਆਂ ਦੀ ਥਾਂ ਡਿਜੀਟਲ ਵੰਨੀਂ ਤੁਰ ਪਿਆ, ਚਿੱਠੀਆਂ ਲਿਖਣ ਦੀ ਥਾਂ ਫੋਨ ਦਾ ਮੁਥਾਜ ਹੋ ਗਿਆ ਅਤੇ ਹੁਣ ਤਾਂ ਬੋਲਣ ਦੀ ਥਾਂ ਟੈਕਸਟ ਕਰਨ ਜੋਗਾ ਹੀ ਰਹਿ ਗਿਆ। ਕਿਥੋਂ ਆਵੇਗੀ ਬੋਲ-ਤਰਤੀਬ ਅਤੇ ਬੋਲਚਾਲ ਦਾ ਸਲੀਕਾ ਤੇ ਸੂਝ।***

ਮੁਆਫੀ ਤਾਂ ਮੰਗ ਹੀ ਲਈ ਸੀ ਕਾਮਾਗਾਟਾ ਮਾਰੂ ਦੁਖਾਂਤ ਲਈ, ਮੂਲਵਾਸੀਆਂ ਨਾਲ ਹੋਏ ਭੈੜੇ ਸਲੂਕ, ਅਮਰੀਕਾ ਵਿਚ ਕਾਲਿਆਂ ਨਾਲ ਹੋਈ ਬਦਸਲੂਕੀ ਅਤੇ ਉਨ੍ਹਾਂ 'ਤੇ ਢਾਹੇ ਤਸ਼ੱਦਦ ਲਈ। ਪਰ ਕੌਣ ਜੇਰਾ ਕਰੇਗਾ '84 ਦੇ ਦੰਗਿਆਂ, ਗੁਜਰਾਤ ਦੇ ਫਸਾਦਾਂ, ਜੱਲਿਆਂਵਾਲੇ ਬਾਗ ਦੇ ਕਤਲੇਆਮ, ਯਹੂਦੀਆਂ ਦੀ ਗੈਸ ਚੈਂਬਰੀ ਸਮੂਹਕ ਮੌਤ, ਹੀਰੋਸ਼ੀਮਾ ਤੇ ਨਾਗਾਸਾਕੀ ਵਿਚ ਹੋਏ ਨਰ-ਸੰਘਾਰ, ਐਟਮ ਬੰਬ ਬਣਾਉਣ ਅਤੇ ਰਸਾਇਣਕ ਹਥਿਆਰਾਂ ਨਾਲ ਇਰਾਕ, ਸੀਰੀਆ, ਅਫਗਾਨਿਸਤਾਨ ਜਾਂ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਆਈ ਮੌਤ-ਸੁਨਾਮੀ ਲਈ ਮੁਆਫੀ ਮੰਗਣ ਦਾ। ਜਿਉਣ-ਜੋਂਦੜੀ ਹੈ ਦੁਨੀਆਂ ਨੂੰ ਕਬਰਾਂ, ਸ਼ਮਸਾਨਘਾਟਾਂ ਅਤੇ ਕੀਰਨਿਆਂ ਵਿਚ ਤਬਦੀਲ ਕਰਨ ਵਾਲੀ ਸੋਚ ਨੂੰ ਕੁਝ ਸੁਨਹਿਰੀ ਕਰਨ ਲਈ।

ਮੁਆਫੀ ਤਾਂ ਮੰਗ ਕੇ ਹੀ ਛੁਟਕਾਰਾ ਹੋਣਾ, ਸੁਹਜ ਸੰਵੇਦਨਾ ਤੋਂ ਦੂਰ ਜਾ ਰਹੀ ਮਨੁੱਖੀ ਸੋਚ ਨੂੰ ਜੋ ਭਾਵਨਾਵਾਂ ਤੋਂ ਕੋਰੀ, ਪੈਸੇ ਦੀ ਹੋੜ ਵਿਚ ਖੁਦ ਤੋਂ ਦੂਰ ਹੋਈ ਖੁਦ ਦੀ ਜਾਮਾ-ਤਲਾਸ਼ੀ ਵਿਚੋਂ ਖੋਟੇ ਪੈਸਿਆਂ ਦੀ ਭਾਨ ਭਾਲਦੀ, ਭਰਮ-ਭੁਲੇਖਿਆਂ 'ਚ ਜਿਉਣ ਲਈ ਮਜਬੂਰ ਏ। ਕੋਮਲਤਾ, ਨਰਮਾਈ ਅਤੇ ਸੂਖਮਤਾ ਜਦ ਮਨਫੀ ਹੋ ਜਾਵੇ ਤਾਂ ਮਨੁੱਖ ਮਨੁੱਖ ਨਹੀਂ ਰਹਿੰਦਾ, ਸਿਰਫ ਇਕ ਰੋਬੋਟ ਹੁੰਦਾ।

ਮੁਆਫੀ, ਨਿਮਰ ਅਤੇ ਨਿਮਾਣਾ ਹੋ ਕੇ ਮੰਗੀ ਜਾਵੇ ਤਾਂ ਇਹ ਮਨ ਦੀਆਂ ਰੂਹਾਂ ਨੂੰ ਪਿਘਲਾ, ਮਨ ਦੀਆਂ ਬਰੂਹਾਂ ਵਿਚ ਸੁਹਾਵਣੇ ਸਮਿਆਂ ਦੀ ਦਸਤਕ ਬਣਦੀ।

ਮੁਆਫੀ ਤਾਂ ਬਜੁਰਗ ਮਾਪਿਆਂ ਤੋਂ ਸਭ ਤੋਂ ਪਹਿਲਾਂ ਮੰਗਣ ਦੀ ਲੋੜ, ਜੋ ਪਰਦੇਸੀ ਪੁੱਤਰ ਨੂੰ ਉਡੀਕਦਿਆਂ ਦਰਾਂ 'ਚ ਜੰਮ ਚੁਕੇ ਅੱਥਰੂਆਂ ਦੀ ਅਉਧ ਹੰਢਾਉਂਦੇ, ਆਪਣਿਆਂ ਦੇ ਵਾਪਸ ਪਰਤਣ ਦੀ ਉਡੀਕ ਵਿਚ ਕਬਰ ਬਣਨ ਲਈ ਕਾਹਲੇ ਨੇ। ਘਰ ਤੋਂ ਵੀ ਮੁਆਫੀ ਚਾਹੀਦੀ ਏ, ਜਿਸ ਦੀਆਂ ਸੰਤਾਪੀਆਂ ਕੰਧਾਂ, ਚੁੱਪ ਵਿਚ ਰੁੰਨੀਆਂ, ਸੁੰਨ 'ਚ ਜਿਉਣ ਲਈ ਮਜਬੂਰ ਨੇ। ਬੱਚਿਆਂ ਦੀਆਂ ਸ਼ਰਾਰਤਾਂ, ਹਾਸੋ-ਹੀਣੀਆਂ ਗੱਲਾਂ, ਤੋਤਲੇ ਬੋਲ ਜਦ ਘਰ ਵਿਚੋਂ ਮਨਫੀ ਹੋ ਜਾਣ ਤਾਂ ਘਰ ਕਿਵੇਂ ਜਿਉਣ ਦਾ ਆਹਰ ਕਰੇ? ਘਰ ਵਿਚ ਵੱਸਦਾ ਘਰ, ਘਰ ਵਾਲਿਆਂ ਦੇ ਹੱਥੀਂ ਮਰੇ ਅਤੇ ਘਰ ਲਈ ਦੁਆਵਾਂ ਦੀਆਂ ਲਿੱਲਕੜੀ ਲਵੇ।

ਮੁਆਫੀ ਤਾਂ ਉਨ੍ਹਾਂ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਤੋਂ ਮੰਗਣੀ ਪਵੇਗੀ, ਜਿਨ੍ਹਾਂ ਦਾ ਬਚਪਨ ਮਾਪਿਆਂ ਦੇ ਰੁਝੇਵਿਆਂ ਕਾਰਨ ਖੁਦਕੁਸ਼ੀ ਕਰ ਗਿਆ। ਮਾਪਿਆਂ ਦਾ ਸਾਥ ਅਤੇ ਉਨ੍ਹਾਂ ਦੀ ਸੰਗਤ 'ਚੋਂ ਮੋਹ ਮਮਤਾ ਦੇ ਨਿਰਮਲ ਚਸ਼ਮੇ ਦੀ ਅਣਹੋਂਦ, ਉਨ੍ਹਾਂ ਦੀ ਸ਼ਖਸੀਅਤ ਸਿਉਂਕ ਗਈ। ਉਹ ਬੱਚੇ ਬੌਣੀ ਮਾਨਸਿਕਤਾ ਵਿਚ ਘਿਰੇ ਕਦੇ-ਕਦਾਈ ਨਸ਼ਿਆਂ, ਗੈਂਗ ਵਾਰ ਜਾਂ ਮੌਤ ਦੀ ਗਲਵਕੜੀ 'ਚੋਂ ਮੁਕਤੀ ਭਾਲਣ ਦੀ ਕਾਹਲ ਕਰਦੇ।

ਮੁਆਫੀ ਤਾਂ ਮੰਗਣੀ ਪੈਣੀ, ਬੇਤਰਤੀਬੀਆਂ ਤੇ ਬਦਨਸੀਬੀਆਂ ਦੀ, ਬਦਗੁਮਾਨੀ ਤੇ ਬੇਈਮਾਨੀ ਦੀ, ਬੇਧਰਮੀ ਤੇ ਬੇਸ਼ਰਮੀ ਦੀ, ਬਦਸ਼ਗਨੀ ਤੇ ਬਦਅਮਨੀ ਦੀ, ਬਦ-ਦੁਆ ਤੇ ਬਦ-ਹਵਾ ਦੀ, ਬਦਰੂਹਾਂ ਤੇ ਬਦਜੂਹਾਂ ਦੀ, ਬਦਨੀਤੀ ਤੇ ਕੁਰੀਤੀ ਦੀ, ਬੇ-ਗੈਰਤ ਤੇ ਬੇ-ਹੈਰਤ ਦੀ, ਬੁਰਾਈ ਤੇ ਬਦਖੋਈ ਦੀ, ਬਦਨਾਮੀ ਤੇ ਗੁੰਮਨਾਮੀ ਦੀ ਅਤੇ ਬਦਹਾਲੀ ਤੇ ਕੰਗਾਲੀ ਦੀ।

ਮੁਆਫੀ ਟੁੱਟੇ ਦਿਲਾਂ ਨੂੰ ਜੋੜਦੀ, ਰੁੱਸ ਕੇ ਦੂਰ ਤੁਰ ਗਿਆਂ ਨੂੰ ਵਾਪਸ ਮੋੜਦੀ। ਸੁਪਨਿਆਂ ਨੂੰ ਪਰ ਦਿੰਦੀ ਤੇ ਪੀੜਾ ਨੂੰ ਹਰ ਦਿੰਦੀ। ਤੀਲਿਆਂ ਨੂੰ ਆਲ੍ਹਣਾ ਬਣਨ ਦਾ ਹੁਨਰ ਤੇ ਪਰਿੰਦਿਆਂ ਨੂੰ ਪਰਵਾਜ਼ ਦਿੰਦੀ। ਗੂੰਗਿਆਂ ਲਈ ਅਵਾਜ਼ ਬਣਦੀ। ਖੂੰਡੀ ਕਾਨੀ ਨੂੰ ਫਿਰ ਤੋਂ ਕਲਮ ਬਣਨ ਲਈ ਪ੍ਰੇਰਦੀ ਅਤੇ ਮੁਸ਼ਕਿਲਾਂ ਦੇ ਕਾਫਲੇ ਨੂੰ ਰਾਹ ਵਿਚ ਘੇਰਦੀ। ਮੁਆਫੀ ਨਾਲ ਕੋਈ ਛੋਟਾ ਨਹੀਂ ਹੁੰਦਾ ਸਗੋਂ ਵੱਡਾ ਹੁੰਦਾ। ਉਸ ਦੀ ਮਹਾਨਤਾ ਹੋਰ ਵਧਦੀ। ਬੰਦਿਆਈ ਅਤੇ ਭਲਿਆਈ ਨੂੰ ਨਵੀਂ ਉਡਾਣ ਮਿਲਦੀ।

ਮੁਆਫੀ ਤਾਂ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਨ ਵਾਲਿਆਂ ਨੂੰ ਵੀ ਮੰਗਣ ਦੀ ਲੋੜ। ਪਰ ਇਸ ਤੋਂ ਵੱਡੀ ਮੁਆਫੀ ਉਨ੍ਹਾਂ ਲੋਕਾਂ ਨੂੰ ਮੰਗਣ ਦੀ ਲੋੜ, ਜਿਨ੍ਹਾਂ ਨੇ ਉਨ੍ਹਾਂ ਦੀ ਸ਼ਹਾਦਤ ਨਾਲ ਸਬੰਧਤ ਨਿਸ਼ਾਨੀਆਂ ਨੂੰ ਸੰਗਮਰਮਰੀ ਕਬਰਾਂ ਬਣਾ ਦਿਤਾ ਤੇ ਅਗਲੀਆਂ ਪੀੜ੍ਹੀਆਂ ਨੂੰ ਇਸ ਇਤਿਹਾਸਕ ਘਟਨਾ 'ਤੇ ਪਰਦਾ ਪਾਉਣ ਤੇ ਅਸਲੀਅਤ ਤੋਂ ਕੋਰੇ ਰਹਿਣ ਲਈ ਕੋਹਝ ਕੀਤਾ।

ਮੁਆਫੀ ਮੰਗਣਾ, ਸਲੀਕਾ, ਸਦਾਕਤ, ਸੁਭਾਅ, ਸ਼ਿਸ਼ਟਾਚਾਰ, ਸਦਾਚਾਰ ਅਤੇ ਸਿਆਣਪ, ਜੋ ਮਨੁੱਖ ਨੂੰ ਇਨਸਾਨੀਅਤ ਦੇ ਰਾਹ ਤੋਰਦਾ।

ਕਈ ਵਾਰ ਮੁਆਫੀ ਮੰਗਣਾ ਸਭ ਤੋਂ ਔਖਾ, ਪਰ ਕਿਸੇ ਰਿਸ਼ਤੇ ਨੂੰ ਸਬੂਤਾ ਅਤੇ ਮੋਹ ਭਿੱਜਾ ਰੱਖਣ ਲਈ ਇਹ ਲਫਜ਼ ਸਭ ਤੋਂ ਸਸਤਾ ਅਤੇ ਸੌਖਾ। ਮੁਆਫੀ ਮੰਗ ਕੇ ਸਬੰਧਾਂ ਨੂੰ ਤਿੜਕਣ ਤੋਂ ਬਚਾਉਣਾ, ਸਭ ਤੋਂ ਅਸਾਨ ਅਤੇ ਸਸਤਾ।

ਮੁਆਫੀ ਸਿਰਫ ਸੰਪੂਰਨ ਮਨੁੱਖ ਹੀ ਨਹੀਂ ਮੰਗਦਾ ਕਿਉਂਕਿ ਉਹ ਕਦੇ ਵੀ ਗਲਤੀ ਨਹੀਂ ਕਰਦਾ, ਪਰ ਕੋਈ ਵੀ ਕਦੇ ਵੀ ਪੂਰਨ ਨਹੀਂ ਹੁੰਦਾ। ਸੋ ਜੀਵਨ ਦੇ ਕਿਸੇ ਵੀ ਮੋੜ 'ਤੇ ਮੁਆਫੀ ਮੰਗਣੀ ਹੀ ਪੈਂਦੀ ਅਤੇ ਮੰਗ ਲੈਣੀ ਵੀ ਚਾਹੀਦੀ ਆ।

ਕੁਝ ਵੀ ਅਜਿਹਾ ਨਾ ਕਰੋ, ਜਿਸ ਤੋਂ ਬਾਅਦ ਪਛਤਾਉਣਾ ਪਵੇ ਅਤੇ ਮੁਆਫੀ ਮੰਗਣੀ ਪਵੇ। ਜੇ ਅਜਿਹਾ ਹੋ ਵੀ ਜਾਵੇ ਤਾਂ ਮੁਆਫੀ ਮੰਗਣ ਵਿਚ ਹਰਜ ਵੀ ਕੀ ਆ।

ਮੁਆਫ ਕਰੀਂ ਯਾਰਾ!
ਮੈਂ ਤੇਰੀਆਂ ਭਾਵਨਾਵਾਂ ਦੀ ਬੇਕਦਰੀ ਕੀਤੀ,
ਅਤੇ ਸਾਹਾਂ ਵਿਚ ਸਿਸਕੀਆਂ ਦੀ ਨੈਂਅ
ਖੁਦ ਦੇ ਨਾਮ ਕੀਤੀ।
ਮੁਆਫ ਕਰੀ ਨੀ ਮਾਏ!
ਤੇਰੀਆਂ ਆਸ ਤੇ ਉਮੀਦ 'ਤੇ ਖਰਾ ਨਾ ਉਤਰਿਆ,
ਜੀਵਨ ਖਲਜਗਣਾਂ ਕਾਰਨ
ਤੇਰੀਆਂ ਦੁਆਵਾਂ ਤੋਂ ਵਾਂਝਾ ਹੀ ਰਹਿ ਗਿਆ।
ਮੁਆਫ ਕਰ ਦੇ ਬਾਪੂ!
ਐਵੇਂ ਕਾਹਤੋਂ ਗੁੱਸਾ ਕਰਦੈਂ,
ਤੂੰ ਤਾਂ ਮਾਂ ਤੋਂ ਬਾਅਦ ਮਾਂ ਬਣ ਕੇ
ਮੇਰੀ ਅਸੀਸ ਬਣਿਆ ਸੈਂ।

ਪੱਛਮੀ ਦੇਸ਼ਾਂ ਵਿਚ ਮੁਆਫੀ ਹਰੇਕ ਦੇ ਮੂੰਹ 'ਤੇ ਤੈਰਦੀ। ਨਿੱਕੀ ਜਿਹੀ ਕੋਤਾਹੀ, ਗਲਤੀ ਖੁਨਾਮੀ ਜਾਂ ਅਣਜਾਣੇ 'ਚ ਮਨ ਨੂੰ ਲੱਗੀ ਠੇਸ ਲਈ ਮੁਆਫੀ ਮੰਗਣ ਲੱਗਿਆਂ ਪਲ ਵੀ ਨਹੀਂ ਲਾਉਂਦੇ ਅਤੇ ਸ਼ੁਕਰਗੁਜਾਰੀ, ਉਨ੍ਹਾਂ ਦੀ ਜੀਵਨੀ ਸੁੱਚਮ।

ਮੁਆਫੀ ਤਾਂ ਸਭ ਤੋਂ ਪਹਿਲਾਂ ਮਨੁੱਖ ਨੂੰ ਖੁਦ ਕੋਲੋਂ ਮੰਗਣ ਲਈ ਮਨੁੱਖ ਬਣਨ ਦੀ ਲੋੜ। ਇਸ ਲਈ ਸਭ ਤੋਂ ਪਹਿਲਾਂ ਖੁਦ ਦੀਆਂ ਕੁਤਾਹੀਆਂ, ਕਮੀਨਗੀਆਂ, ਕੋਹਜਾਂ ਅਤੇ ਕਰਤੂਤਾਂ ਦਾ ਪਰਦਾਫਾਸ਼ ਕਰਕੇ, ਇਸ 'ਚੋਂ ਪਾਕ ਹੋ ਕੇ ਨਵੀਂ ਸ਼ੁਰੂਆਤ ਕਰਨ ਦੀ ਲੋੜ। ਇਸ ਦੀ ਪਹਿਲ ਤਾਂ ਖੁਦ ਹੀ ਕਰਨੀ ਪੈਣੀ ਆ।

ਚਲੋ ਪਹਿਲ ਤਾਂ ਕਰੀਏ!

# ਆਦਿ ਬੀੜ ਕਿਵੇਂ ਬਣੀ-ਕਿਸ਼ਤ ਤੀਜੀ

## ਗੁਰਬਾਣੀ ਵਿਚਾਰ

***ਸੰਨ 1604 ਵਿਚ ਗੁਰੂ ਅਰਜਨ ਦੇਵ ਨੇ 'ਪੋਥੀ' ਸਾਹਿਬ ਦੀ ਸੰਰਚਨਾ ਕੀਤੀ ਅਤੇ ਪਹਿਲਾ ਪ੍ਰਕਾਸ਼ ਭਾਦਉਂ ਸੁਦੀ 1, ਸੰਮਤ 1661 ਨੂੰ ਦਰਬਾਰ ਸਾਹਿਬ ਵਿਖੇ ਕੀਤਾ ਗਿਆ। 'ਪੋਥੀ' ਸਾਹਿਬ ਨੂੰ 'ਆਦਿ ਬੀੜ' ਵੀ ਕਿਹਾ ਜਾਣ ਲੱਗ ਪਿਆ ਹੈ। ਕੁਝ ਪੁਰਾਤਨ ਗ੍ਰੰਥਾਂ ਵਿਚ ਲਿਖਿਆ ਹੈ ਕਿ ਬਾਣੀ ਦਾ ਸਾਰਾ ਭੰਡਾਰ ਪੰਜਵੇਂ ਗੁਰੂ ਜੀ ਕੋਲ ਨਹੀਂ ਸੀ। ਇਸ ਲੇਖ ਵਿਚ ਪ੍ਰੋ. ਕਸ਼ਮੀਰਾ ਸਿੰਘ ਨੇ ਸਿੱਧ ਕੀਤਾ ਹੈ ਕਿ ਬਾਣੀ ਦਾ ਭੰਡਾਰ ਗੁਰੂ ਨਾਨਕ ਦੇਵ ਜੀ ਪਾਸ ਜਿਨ੍ਹਾਂ ਤੋਂ ਇਹ ਬਾਣੀ ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਅਤੇ ਗੁਰੂ ਰਾਮ ਦਾਸ ਤੋਂ ਹੁੰਦੀ ਹੋਈ ਗੁਰੂ ਅਰਜਨ ਦੇਵ ਪਾਸ ਪਹੁੰਚੀ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਦੂਜੀ ਕਿਸ਼ਤ ਵਿਚ ਵਿਚਾਰ ਕੀਤੀ ਗਈ ਸੀ ਕਿ ਪਹਿਲੇ ਪਾਤਿਸ਼ਾਹ ਦੀ ਬਾਣੀ ਦੂਜੇ ਗੁਰੂ ਪਾਤਿਸ਼ਾਹ ਕੋਲ ਆ ਗਈ ਸੀ ਅਤੇ ਫਿਰ ਤੀਜੇ ਗੁਰੂ, ਚਉਥੇ ਗੁਰੂ ਤੇ ਫਿਰ ਪੰਜਵੇਂ ਗੁਰੂ ਜੀ ਕੋਲ ਆ ਗਈ। ਬਾਣੀ ਦਾ ਇਹ ਕੀਮਤੀ ਖਜਾਨਾ ਕਿਤੇ ਖਿਲਰਿਆ ਹੋਇਆ ਨਹੀਂ ਸੀ, ਭਾਈ ਮੋਹਨ ਦੇ ਕਬਜ਼ੇ ਵਿਚ ਨਹੀਂ ਸੀ ਅਤੇ ਨਾ ਹੀ ਪੰਜਵੇਂ ਗੁਰੂ ਜੀ ਵਲੋਂ ਬਾਣੀ ਲਿਆਉਣ ਲਈ ਕਿਤੇ ਸੁਨੇਹੇ ਭੇਜੇ ਗਏ ਸਨ।

ਇਸ ਕਿਸ਼ਤ ਵਿਚ ਭਗਤ ਬਾਣੀ ਦੀ ਗੱਲ ਕੀਤੀ ਜਾਵੇਗੀ। ਭਗਤ ਬਾਣੀ ਪੰਜਵੇਂ ਗੁਰੂ ਜੀ ਕੋਲ ਕਿਵੇਂ ਪਹੁੰਚੀ?

ਇਤਿਹਾਸਕ ਦ੍ਰਿਸ਼ਟੀ ਤੋਂ ਇੱਕ ਝਾਤ

**(1) 'ਗੁਰਬਿਲਾਸ ਪਾਤਸ਼ਾਹੀ 6' ਦੀ ਭਗਤ ਬਾਣੀ ਬਾਰੇ ਰਾਏ:** 'ਗੁਰਬਿਲਾਸ

**ਕਸ਼ਮੀਰਾ ਸਿੰਘ**
**ਫੋਨ: 801-414-0171**

ਪਾਤਸ਼ਾਹੀ 6' ਦਾ ਕਰਤਾ ਲਿਖਦਾ ਹੈ ਕਿ ਜਦੋਂ ਪੰਜਵੇਂ ਗੁਰੂ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਇਕੱਠੀ ਕਰ ਲਈ ਤਾਂ ਭਗਤ ਕਬੀਰ ਦੀ ਅਗਵਾਈ ਵਿਚ ਭਗਤ ਸੂਖਮ ਰੂਪ ਵਿਚ (ਰੂਹਾਂ) ਪੰਜਵੇਂ ਗੁਰੂ ਜੀ ਕੋਲ ਆਏ ਅਤੇ ਆਪਣੀ ਬਾਣੀ 'ਆਦਿ ਬੀੜ' ਵਿਚ ਦਰਜ ਕਰਵਾਉਣ ਦੀ ਬੇਨਤੀ ਕੀਤੀ। ਲਿਖਾਰੀ ਨੇ 15 ਭਗਤਾਂ ਦੇ ਨਾਂ ਵੀ ਲਿਖੇ ਹਨ। {ਅੱਗੇ ਜਾ ਕੇ ਸਾਬਤ ਕਰਾਂਗੇ ਕਿ ਇਹ ਨਿਰੀ ਗੱਪ ਹੈ।}

**(2) 'ਸੂਰਜ ਪ੍ਰਕਾਸ਼' ਵਿਚ ਕਵੀ ਸੰਤੋਖ ਸਿੰਘ ਨਿਰਮਲੇ ਨੇ ਕੀ ਲਿਖਿਆ?:** ਕਵੀ ਸੰਤੋਖ ਸਿੰਘ ਅਤੇ ਗੁਰਬਿਲਾਸ ਵਾਲੀ ਕਹਾਣੀ ਆਪਸ ਵਿਚ ਮਿਲਦੀਆਂ ਹਨ ਤੇ ਕਹਾਣੀ ਬਿਨਾ ਸਮਝ-ਵਿਚਾਰ ਤੋਂ ਦੁਹਰਾਈ ਗਈ ਹੈ, ਜਿਵੇਂ ਕਵੀ ਸੰਤੋਖ ਸਿੰਘ ਨੇ ਗੁਰਬਿਲਾਸ ਵਾਲੀ ਭਾਈ ਮੋਹਨ ਤੋਂ ਪੋਥੀਆਂ ਲਿਆਉਣ ਦੀ ਕਹਾਣੀ ਦੁਹਰਾਈ ਸੀ ਅਤੇ ਆਪਣੇ ਦਿਮਾਗ ਤੋਂ ਕੰਮ ਨਹੀਂ ਸੀ ਲਿਆ। ਇਸ ਕਵੀ ਨੇ ਵੀ 15 ਭਗਤਾਂ ਦੇ ਨਾਂ ਲਿਖੇ ਹਨ, ਜੋ ਰੂਹਾਂ ਬਣ ਕੇ ਗੁਰੂ ਜੀ ਕੋਲ ਭਗਤ ਕਬੀਰ ਦੀ ਅਗਵਾਈ ਵਿਚ ਆਏ ਦੱਸੇ ਗਏ ਹਨ।

**ਵਿਚਾਰ:** ਉਕਤ ਦੋਹਾਂ ਲੇਖਕਾਂ ਨੇ ਭਗਤਾਂ ਨੂੰ ਭਟਕਦੀਆਂ ਰੂਹਾਂ ਦੱਸ ਕੇ ਭਗਤ ਜਨਾਂ ਦੀ ਬਹੁਤ ਤੌਹੀਨ ਕੀਤੀ ਹੈ। ਭਗਤਾਂ ਦੀਆਂ ਜੋਤਾਂ ਤਾਂ ਬ੍ਰਹਿਮੰਡੀ ਜੋਤਿ ਵਿਚ ਜਾ ਮਿਲੀਆਂ ਸਨ। ਜੇ ਭਗਤਾਂ ਦੀਆਂ ਰੂਹਾਂ ਹੀ ਮੁਕਤ ਨਾ ਹੋ ਸਕੀਆਂ ਤਾਂ ਫਿਰ ਉਨ੍ਹਾਂ ਦੀ ਬਾਣੀ ਕਿਸ ਵਾਸਤੇ ਪੜ੍ਹਨੀ ਹੈ?


**(3) ਗਿਆਨੀ ਗਿਆਨ ਸਿੰਘ ਦੇ ਵਿਚਾਰ:** ਤਵਾਰੀਖ ਗੁਰੂ ਖਾਲਸਾ ਵਿਚ ਗਿਆਨੀ ਗਿਆਨ ਸਿੰਘ ਨੇ ਦੋ ਮੱਤ ਲਿਖੇ ਹਨ, ਪਰ ਉਹ ਆਪ ਕਿਸ ਨਾਲ ਸਹਿਮਤ ਹਨ, ਇਹ ਨਹੀਂ ਦੱਸਿਆ। ਇਹ ਮੱਤ ਹਨ,

(ੳ) ਕਈ ਕਹਿੰਦੇ ਹਨ ਕਿ ਭਗਤਾਂ ਦੀਆਂ ਰੂਹਾਂ ਆ ਕੇ ਭਾਈ ਗੁਰਦਾਸ ਜੀ ਨੂੰ ਆਪਣੀ ਬਾਣੀ ਲਿਖਾਉਂਦੀਆਂ ਸਨ ਅਤੇ ਭਾਈ ਗੁਰਦਾਸ ਜੀ ਨੂੰ ਗੁਰੂ ਜੀ ਨੇ ਭਗਤਾਂ ਦੇ ਦਰਸ਼ਨ ਵੀ ਕਰਵਾਏ ਸਨ।

(ਅ) ਕਈ ਕਹਿੰਦੇ ਹਨ ਕਿ ਗੁਰੂ ਜੀ ਨੇ ਭਗਤਾਂ ਦੀ ਜਿਹਤੀ ਜਿਹਤੀ ਬਾਣੀ ਪਸੰਦ ਆਈ, ਉਨ੍ਹਾਂ ਦੀਆਂ ਪੋਥੀਆਂ ਤੋਂ ਲਿਖਵਾਈ।

**ਵਿਚਾਰ:** ਗਿਆਨੀ ਗਿਆਨ ਸਿੰਘ ਨੇ ਲੋਕਾਂ ਦੇ ਹੀ ਮੱਤ ਦੱਸ ਕੇ ਪੱਲਾ ਝਾੜ ਲਿਆ। ਇਹ ਮੱਤ ਕੋਈ ਹੋਰ ਨਹੀਂ, ਉਪਰ ਲਿਖੇ ਲਿਖਾਰੀਆਂ ਦੀਆਂ ਰਚਨਾਵਾਂ 'ਗੁਰਬਿਲਾਸ' ਅਤੇ 'ਸੂਰਜ ਪ੍ਰਕਾਸ਼' ਪੜ੍ਹ ਕੇ ਉਸ ਨੂੰ ਫੁਰੇ ਹਨ ਅਤੇ ਇਹ ਨਵੇਂ ਨਹੀਂ। ਗੁਰੂ ਜੀ ਵਲੋਂ ਭਾਈ ਗੁਰਦਾਸ ਨੂੰ ਚਲਾਣਾ ਕਰ ਚੁਕੇ ਭਗਤਾਂ ਦੇ ਦਰਸ਼ਨ ਕਰਵਾਉਣੇ ਨਿਰੀ ਗੱਪ ਹੈ। ਅੱਜ ਕੱਲ੍ਹ ਵੀ ਕਈ ਪ੍ਰਚਾਰਕ ਅਤੇ ਕਈ ਡੇਰੇ ਗੁਰੂ ਪਾਤਿਸ਼ਾਹਾਂ ਨੂੰ ਭਟਕਦੀਆਂ ਰੂਹਾਂ ਸਮਝ ਕੇ ਉਨ੍ਹਾਂ ਨੂੰ ਦਾਤਣ ਵੀ ਕਰਵਾ ਰਹੇ ਹਨ ਅਤੇ ਪ੍ਰਸ਼ਾਦਾ ਵੀ ਛਕਾ ਰਹੇ ਹਨ। ਇਹ ਗਿਆਨੀ ਗਿਆਨ ਸਿੰਘ ਦੀ ਲਿਖੀ ਭਾਈ ਗੁਰਦਾਸ ਨੂੰ ਭਗਤਾਂ ਦੇ ਦਰਸ਼ਨ ਕਰਵਾਉਣ ਦੀ ਝੂਠੀ ਕਹਾਣੀ ਦੀ ਨਕਲ ਹੈ, ਭਾਵ ਬਹੁਤੇ ਸਿੱਖ ਹੀ ਗੁਰੂ ਪਾਤਿਸ਼ਾਹਾਂ ਦੀ ਲਿਖੀ ਬਾਣੀ ਦੀ ਸੱਚਾਈ 'ਜੋਤੀ ਸੰਗਿ ਜੋਤਿ ਸਮਾਨਾ' ਨੂੰ ਨਹੀਂ ਮੰਨ ਰਹੇ। ਸ਼ਾਂਤਮਈ ਮਾਹੌਲ ਵਿਚ ਪੁਲਾੜ ਵਿਚੋਂ ਸਰੀਰ ਤੋਂ ਬਿਨਾ ਕਿਸੇ ਮਨੁੱਖ ਦੀ ਅਵਾਜ਼ ਆਉਣੀ, ਉਥੋਂ ਦੇ ਮਾਹੌਲ ਨੂੰ ਭੈਅਭੀਤ ਕਰਦੀ ਹੈ, ਜੋ ਅਣਹੋਣੀ ਘਟਨਾ ਹੈ।

**(4) ਮੈਕਾਲਿਫ ਦੀ ਭਗਤ ਬਾਣੀ ਦਰਜ ਕਰਾਉਣ ਬਾਰੇ ਰਾਏ:** ਮੈਕਸ ਆਰਥਰ



ਮੈਕਾਲਿਫ (ਸੰਨ 1841-1913) ਨੇ ਅੰਗਰੇਜ਼ੀ ਵਿਚ 6 ਭਾਗਾਂ ਵਿਚ 'ਸਿੱਖ ਰਿਲੀਜਨ' ਨਾਂ ਦੀ ਪੁਸਤਕ ਲਿਖੀ, ਜਿਸ ਦੇ ਪੰਜਾਬੀ ਅਨੁਵਾਦ ਵਿਚ ਉਸ ਨੇ ਲਿਖਿਆ, "ਪੰਜਵੇਂ ਗੁਰੂ ਜੀ ਨੇ 15 ਭਗਤਾਂ ਦੇ ਉਪਾਸ਼ਕਾਂ ਜਾਂ ਚੇਲਿਆਂ ਨੂੰ ਸੱਦੇ ਭੇਜ ਕੇ ਕਿਹਾ ਕਿ ਆ ਕੇ ਆਪਣੇ ਆਪਣੇ ਮੱਤ ਦੀ ਰਚਨਾ ਸੁਣਾਓ। ਜਿਹੜੀ ਗੁਰੂ ਜੀ ਨੂੰ ਚੰਗੀ ਲੱਗੀ, ਉਸ ਨੂੰ ਅਪਨਾ ਲਿਆ ਗਿਆ।"

**ਵਿਚਾਰ:** ਮੈਕਾਲਿਫ ਦੇ ਕੁਝ ਸਿੱਖ ਸਲਾਹਕਾਰ ਸਨ, ਜਿਵੇਂ ਗਿਆਨੀ ਪ੍ਰਤਾਪ ਸਿੰਘ ਆਦਿ। ਇਨ੍ਹਾਂ ਸਿੱਖ ਸਲਾਹਕਾਰਾਂ ਨੇ ਜਿਵੇਂ ਮੈਕਾਲਿਫ ਨੂੰ ਦੱਸਿਆ, ਉਸ ਨੇ ਉਵੇਂ ਹੀ ਲਿਖ ਦਿੱਤਾ, ਕਿਉਂਕਿ ਸਿੱਖ ਧਰਮ ਦੀ ਵਿਚਾਰਧਾਰਾ ਉਸ ਲਈ ਨਵੀਂ ਸੀ। ਜਾਪਦਾ ਹੈ ਕਿ ਸਿੱਖ ਸਲਾਹਕਾਰਾਂ ਨੇ ਵੀ ਗੁਰਬਾਣੀ ਦੀ ਖੋਜ ਨਹੀਂ ਕੀਤੀ, ਜਿਸ ਕਰਕੇ ਉਹ ਵੀ ਉਹੀ ਟਪਲੇ ਖਾ ਗਏ, ਜੋ 'ਗੁਰਬਿਲਾਸ ਪਾਤਸ਼ਾਹੀ 6' ਤੇ 'ਸੂਰਜ ਪ੍ਰਕਾਸ਼' ਦੇ ਲੇਖਕਾਂ ਨੇ ਖਾਧੇ ਅਤੇ ਮੈਕਾਲਿਫ ਨੂੰ ਵੀ ਟਪਲਿਆਂ ਵਿਚ ਪਾ ਗਏ।

ਜੇ ਪ੍ਰੋ. ਸਾਹਿਬ ਸਿੰਘ (ਸੰਨ 1892-1977) ਵਰਗੇ ਵਿਦਵਾਨ ਗੁਰਬਾਣੀ ਦੀ ਖੋਜ ਦੇ ਮੈਦਾਨ ਵਿਚ ਨਾ ਨਿੱਤਰਦੇ ਤਾਂ ਹੁਣ ਤਕ ਸਿੱਖਾਂ ਨੇ ਟਪਲੇ ਹੀ ਖਾਂਦੇ ਰਹਿਣਾ ਸੀ। ਲੋੜ ਹੈ, ਪ੍ਰੋ. ਸਾਹਿਬ ਸਿੰਘ ਦੀਆਂ ਕਿਤਾਬਾਂ ਵਿਚ ਬੰਦ ਪਈ ਖੋਜ ਨੂੰ ਜੱਗ ਜਾਹਰ ਕੀਤਾ ਜਾਵੇ ਤਾਂ ਜੋ ਗੁਰਬਾਣੀ ਦੇ ਸੱਚ ਦਾ ਸਭ ਨੂੰ ਪਤਾ ਲੱਗ ਸਕੇ।

**ਉਪਰ ਲਿਖੀ ਵਿਚਾਰ ਦਾ ਸਿੱਟਾ:** ਭਗਤ ਬਾਣੀ ਨੂੰ ਇਕੱਠੀ ਕਰਨ ਦਾ ਕੰਮ ਪੰਜਵੇਂ ਗੁਰੂ ਜੀ ਨਾਲ ਜੋੜਿਆ ਗਿਆ ਹੈ ਅਤੇ ਬਾਣੀ ਇਕੱਠੀ ਕਰਨ ਦੇ ਵੱਖ-ਵੱਖ ਤਰੀਕੇ ਵੀ ਲੇਖਕਾਂ ਨੇ ਦਿੱਤੇ ਹਨ, ਜੋ ਸਹੀ ਨਹੀਂ ਹਨ। ਭਗਤ ਕਬੀਰ (ਸੰਨ 1380-1499), ਭਗਤ ਰਵਿਦਾਸ (ਚਲਾਣਾ ਸੰਨ 1499), ਭਗਤ ਭੀਖਨ (ਸੰਨ 1480-1573) ਆਦਿਕ ਸਮਕਾਲੀ ਭਗਤਾਂ ਤੋਂ ਗੁਰੂ ਨਾਨਕ ਦੇਵ ਨੇ, ਸੰਭਵ ਹੈ, ਉਨ੍ਹਾਂ ਨਾਲ ਮਿਲਣੀ ਸਮੇਂ ਉਨ੍ਹਾਂ ਦੀ ਬਾਣੀ ਉਤਾਰਾ ਕਰ ਕੇ ਪ੍ਰਾਪਤ ਕੀਤੀ ਹੋਵੇ, ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਨ੍ਹਾਂ ਭਗਤਾਂ ਨੂੰ ਰੂਹਾਂ ਬਣ ਕੇ ਬਾਣੀ ਦਰਜ ਕਰਾਉਣ ਦੀ ਤਾਂ ਲੋੜ ਹੀ ਨਹੀਂ ਸੀ ਕਿਉਂਕਿ ਉਹ ਗੁਰੂ ਨਾਨਕ ਦੇਵ ਨੂੰ ਆਪਣੀ ਬਾਣੀ ਦਾ ਉਤਾਰਾ ਦੇ ਗਏ ਸਨ। ਲਿਖਾਰੀਆਂ ਦਾ ਬੋਲਿਆ ਇਹ ਨਿਰਾ ਝੂਠ ਹੈ।

**ਸੱਚ ਕੀ ਹੈ?**

ਹੇਠਾਂ ਗੁਰਬਾਣੀ ਵਿਚੋਂ ਜੋ ਪ੍ਰਮਾਣ ਦਿੱਤੇ ਜਾਣਗੇ, ਉਨ੍ਹਾਂ ਨਾਲ ਸੱਚ ਪ੍ਰਗਟ ਹੋ ਜਾਵੇਗਾ ਕਿ ਭਗਤ ਬਾਣੀ ਗੁਰੂ ਨਾਨਕ ਦੇਵ ਕੋਲ ਹੀ ਸੀ, ਜੋ ਉਨ੍ਹਾਂ ਨੇ ਦੂਰ-ਦੁਰਾਡੇ ਸਤਿ ਨਾਮ ਦਾ ਉਪਦੇਸ਼ ਦਿੰਦਿਆਂ ਉਨ੍ਹਾਂ ਤੋਂ ਪਹਿਲਾਂ ਹੋ ਚੁਕੇ ਭਗਤਾਂ ਦੇ ਅਸਥਾਨਾਂ ਤੋਂ ਉਨ੍ਹਾਂ ਦੇ ਗੱਦੀ-ਨਸ਼ੀਨਾਂ ਜਾਂ ਚੇਲਿਆਂ ਤੋਂ ਆਪਣੇ ਕੋਲ ਉਤਾਰਾ ਕਰ ਕੇ ਰੱਖੀ ਹੋਈ ਸੀ। ਭਗਤ ਬਾਣੀ ਪਹਿਲੇ ਗੁਰੂ ਜੀ ਕੋਲੋਂ ਹੀ ਬਾਕੀ ਤਿੰਨ ਗੁਰੂ ਪਾਤਿਸ਼ਾਹਾਂ ਰਾਹੀਂ ਪੰਜਵੇਂ ਗੁਰੂ ਜੀ ਕੋਲ ਪਹੁੰਚੀ ਸੀ। ਭਗਤਾਂ ਦੀਆਂ ਰੂਹਾਂ ਵਲੋਂ ਬਾਣੀ ਲਿਖਾਉਣ ਅਤੇ ਪੰਜਵੇਂ ਗੁਰੂ ਜੀ ਵਲੋਂ ਸੁਨੇਹੇ ਭੇਜ ਕੇ ਭਗਤ ਬਾਣੀ ਇਕੱਠੀ ਕਰਵਾਉਣ ਵਾਲੀਆਂ ਸਭ ਸਾਖੀਆਂ ਮਨਘੜਤ ਹਨ, ਜੋ ਲਿਖਾਰੀਆਂ ਦੀ ਗੁਰਬਾਣੀ ਗਿਆਨ ਪ੍ਰਤੀ ਅਗਿਆਨ ਵਿਚੋਂ ਹੀ ਜਨਮੀਆਂ ਹਨ।

**ਭਗਤ ਬਾਣੀ ਗੁਰੂ ਨਾਨਕ ਪਾਤਿਸ਼ਾਹ ਜੀ ਕੋਲ ਹੋਣ ਦੇ ਪ੍ਰਮਾਣ:**

(ੳ). ਰਵਿਦਾਸ ਬਾਣੀ ਨਾਲ ਸਾਂਝ:

1. ਉਰਸਾ (ਪੱਥਰ) ਸ਼ਬਦ ਦੀ ਸਾਂਝ ਭਗਤ ਰਵਿਦਾਸ ਦੀ ਬਾਣੀ ਨਾਲ: ਭਗਤ ਰਵਿਦਾਸ ਦੀ ਬਾਣੀ ਵਿਚੋਂ ਇਹ ਸ਼ਬਦ ਧੰਨੁ ਗੁਰੂ ਨਾਨਕ ਨੇ ਲਿਆ ਸੀ ਅਤੇ ਇਹ ਸ਼ਬਦ ਹੋਰ ਕਿਸੇ ਬਾਣੀਕਾਰ ਨੇ ਨਹੀਂ ਵਰਤਿਆ। ਭਗਤ ਰਵਿਦਾਸ ਦੀ ਬਾਣੀ ਧੰਨੁ ਗੁਰੂ ਨਾਨਕ ਕੋਲ ਸੀ,

ਰਾਗੁ ਗੂਜਰੀ ਮਹਲਾ ਪਹਿਲਾ ਚਉਪਦੇ ਘਰੁ ਪਹਿਲਾ॥

ਤੇਰਾ ਨਾਮੁ ਕਰੀ ਚਨਣਾਠੀਆ
ਜੇ ਮਨੁ ਉਰਸਾ ਹੋਇ॥
(ਗੁਰੂ ਗ੍ਰੰਥ ਸਾਹਿਬ, ਪੰਨਾ 489)

ਧਨਾਸਰੀ {ਧਨਾਸ਼ਰੀ} ਭਗਤ ਰਵਿਦਾਸ ਜੀ
ਨਾਮੁ ਤੇਰੋ ਆਰਤੀ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
(ਪੰਨਾ 694)

2. ਓਲਗੀਆ-ਓਲਗੀ ਅਤੇ ਓਲਗ-ਓਲਗਣੀ ਦੀ ਸ਼ਬਦ-ਸਾਂਝ ਭਗਤ ਰਵਿਦਾਸ ਦੀ ਬਾਣੀ ਨਾਲ:

ਆਸਾ ਮਹਲਾ ਪਹਿਲਾ॥
ਮੈ ਓਲਗੀਆ ਓਲਗੀ ਹਮ ਛੋਰੂ ਥਾਰੇ॥
(ਪੰਨਾ 421)

ਆਸਾ ਭਗਤ ਰਵਿਦਾਸ ਜੀ॥
ਸੰਤ ਆਚਰਣ ਸੰਤ ਚੋ ਮਾਰਗੁ
ਸੰਤ ਚ ਓਲਗ ਓਲਗਣੀ॥2॥
(ਪੰਨਾ 486)

ਹੋਰ ਕਿਸੇ ਬਾਣੀਕਾਰ ਨੇ ਇਹ ਸ਼ਬਦ ਨਹੀਂ ਵਰਤੇ।

ਓਲਗ=ਦਾਸ, ਲਾਗੀ। ਓਲਗਣੀ=ਸੇਵਾ। ਓਲਗੀਆ ਓਲਗੀ= ਦਾਸਾਂ ਦਾ ਦਾਸ। ਛੋਰੂ=ਛੋਕਰੇ, ਛੋਟੇ ਸੇਵਕ।

**ਵਿਚਾਰ:** ਇਹ ਸ਼ਬਦ-ਸਾਂਝ ਪ੍ਰਗਟ ਕਰਦੀ ਹੈ ਕਿ ਭਗਤ ਰਵਿਦਾਸ ਜੀ ਦੀ ਬਾਣੀ ਗੁਰੂ ਨਾਨਕ ਪਾਤਿਸ਼ਾਹ ਕੋਲ ਸੀ, ਜਿੱਥੋਂ ਇਹ ਪੰਜਵੇਂ ਗੁਰੂ ਜੀ ਕੋਲ ਪਹੁੰਚੀ।

**(ਚਲਦਾ)**

# ਵਿਸਾਖੀ

ਸਾਲ 1987 ਵਿਚ ਬੜੌਦਾ, ਗੁਜਰਾਤ ਦੇ ਈ. ਐਮ. ਈ. ਸਕੂਲ ਦੇ ਗੁਰਦੁਆਰੇ ਵਿਚ ਵਿਸਾਖੀ ਮੌਕੇ ਬਹੁਤ ਸੰਗਤ ਹਾਜ਼ਰ ਸੀ। ਜਨਰਲ ਸਾਹਿਬ ਦੇ ਆਉਣ ਕਰਕੇ ਸਾਰੇ ਅਫਸਰ, ਜੇ. ਸੀ. ਓ., ਹੋਰ ਜਵਾਨ, ਸਿਵਲੀਅਨ ਸਿੱਖ ਸੰਗਤ ਅਤੇ ਸਿੰਧੀ ਲੋਕ ਵੀ ਹਾਜ਼ਰ ਸਨ। ਗੁਰੂ ਮਹਾਰਾਜ ਦੇ ਹੁਕਮਨਾਮੇ ਪਿਛੋਂ ਮੈਨੂੰ ਸੰਗਤ ਦਾ ਧੰਨਵਾਦ ਕਰਨ ਦਾ ਹੁਕਮ ਮਿਲਿਆ। ਧੰਨਵਾਦ ਤੋਂ ਪਹਿਲਾਂ ਮੈਂ ਜੋ ਕਿਹਾ, ਇਸ ਤਰ੍ਹਾਂ ਸੀ:

ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬੈਠੀ ਗੁਰੂ ਰੂਪ ਸਾਧ ਸੰਗਤ ਜੀਓ, ਕੁਝ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਬਦਲ ਕੇ ਅੱਜ ਸਿੱਖਾਂ ਨੂੰ ਨਵਾਂ ਬਾਣਾ ਦੇ ਖਾਲਸਾ ਫੌਜ-ਪੰਥ ਸਾਜਿਆ ਹੈ। ਇਹ ਕਹਿਣਾ ਠੀਕ ਨਹੀਂ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਬਿਲਕੁਲ ਨਹੀਂ ਬਦਲਿਆ, ਸਗੋਂ ਗੁਰੂ ਜੀ ਨੇ ਅੱਜ ਹਿੰਦੁਸਤਾਨੀਆਂ ਨੂੰ ਆਪਣੇ ਕਲਚਰ, ਆਪਣੀ ਸੱਭਿਅਤਾ ਨਾਲ ਜੋੜਿਆ ਹੈ, ਜਿਵੇਂ,

**ਪਗੜੀ:** ਪਗੜੀ ਭਾਰਤ ਦੀ ਆਨ, ਸ਼ਾਨ ਤੇ ਬਾਨ ਹੈ। ਅੱਜ ਵੀ ਕਈ ਸੂਬਿਆਂ ਦੇ ਪੇਂਡੂ ਲੋਕ ਪਗੜੀਧਾਰੀ ਹਨ। ਵਿਆਹ ਵੇਲੇ ਹਰ ਕੋਈ ਪਗੜੀ ਬੰਨਦਾ ਹੈ। ਓਲੰਪਿਕ ਖੇਡਾਂ ਦੇ ਮਾਰਚ ਪਾਸ ਵੇਲੇ ਵੀ ਬੰਨਦੇ ਹਨ। ਦੇਸ਼ ਦੇ ਪਹਿਲੇ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਵੀ ਪੱਗੜੀ ਧਾਰੀ ਸਨ।

**(ੳ) ਕੇਸ:** ਕੇਸ ਕੁਦਰਤ ਦੀ ਦੇਣ ਹਨ। ਦੇਸ਼ ਦੇ ਰਿਸ਼ੀ-ਮੁਨੀ ਵੀ ਕੇਸਾਧਾਰੀ ਸਨ।

**(ਅ) ਕੰਘਾ:** ਕੇਸਾਂ ਦੀ ਸਫਾਈ ਲਈ ਦੋ ਵਕਤ ਸਵੇਰੇ-ਸ਼ਾਮ ਕੰਘਾ ਕਰਨਾ। ਜਟਾ-ਜੂੜ ਨਹੀਂ ਹੋਣਾ।

**(ੲ) ਕਿਰਪਾਨ:** ਪਹਿਲਾਂ ਰਾਜਪੂਤ ਹੀ ਰੱਖ ਸਕਦੇ ਸਨ। ਅੱਜ (ਵਿਸਾਖੀ) ਤੋਂ ਹਰ ਇਕ ਹਿੰਦੋਸਤਾਨੀ ਕਿਸੇ ਵੀ ਜਾਤ ਦਾ ਹੋਵੇ, ਗਰੀਬ ਹੋਵੇ ਜਾਂ ਅਮੀਰ-ਹਰ ਕੋਈ ਰੱਖ ਸਕਦਾ ਹੈ, ਪਹਿਨ ਸਕਦਾ ਹੈ।

**(ਸ) ਕੜਾ:** ਹਿੰਦੂ ਲੋਕ ਸੱਜੇ ਹੱਥ ਦੀ ਕਲਾਈ 'ਤੇ ਹਰ ਸ਼ੁਭ ਕਾਰਜ ਮੌਕੇ ਪਵਿੱਤਰ ਧਾਗਾ (ਮਾਊਲੀ) ਬੰਨਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਸੱਜੇ ਹੱਥ ਸਰਬ ਲੋਹੇ ਦਾ ਪੱਕਾ ਪਵਿੱਤਰ ਕੜਾ ਹਮੇਸ਼ਾ ਪਹਿਨਣ ਦਾ ਹੁਕਮ ਕਰ ਦਿੱਤਾ।

**(ਹ) ਕਛਹਿਰਾ:** ਪੰਡਿਤਾਂ ਦੀ ਧੋਤੀ ਵੀ ਗੋਡਿਆਂ ਤੱਕ ਹੁੰਦੀ ਹੈ, ਪਰ ਯੁੱਧ ਦੇ ਮੈਦਾਨ ਵਿਚ ਸਫਲ ਨਹੀਂ, ਇਸ ਕਰਕੇ ਧੋਤੀ ਦਾ ਨਵੀਨੀਕਰਨ ਕਛਹਿਰਾ ਹੀ ਗੋਡਿਆਂ ਤੱਕ ਪਹਿਨਣ ਦਾ ਹੁਕਮ ਕੀਤਾ। ਹੋਰ ਜਦੋਂ ਹਨੂਮਾਨ ਸ੍ਰੀ ਲੰਕਾ ਜਿੱਤ ਕੇ ਸੀਤਾ ਮਾਤਾ ਨੂੰ ਲੈ ਵਾਪਸ ਆਏ, ਸ੍ਰੀ ਰਾਮ ਇੰਨੇ ਖੁਸ਼ ਹੋਏ ਕਿ ਜਤ-ਸਤ ਦਾ ਕਛਹਿਰਾ ਹਨੂਮਾਨ ਨੂੰ ਭੇਟ ਕੀਤਾ। ਸੋ ਕਛਹਿਰਾ ਖਾਲਸੇ ਵਾਸਤੇ ਉਚੇ ਸੁੱਚੇ ਚਾਲ-ਚਲਨ ਅਤੇ ਯੋਧਾ ਹੋਣ ਦਾ ਪ੍ਰਤੀਕ ਹੈ।

ਸੋ, ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਨੂੰ ਜੋ ਅੱਜ ਦੇ ਦਿਨ ਯੂਨੀਫਾਰਮ ਪਹਿਨਾਈ ਅਤੇ ਅੰਮ੍ਰਿਤ ਦੀ ਦਾਤ ਬਖਸ਼ੀ, ਉਹ ਹਿੰਦੋਸਤਾਨੀਆਂ ਨੂੰ ਆਪਣੇ ਸਭਿਆਚਾਰ ਨਾਲ ਜੋੜਦੀ ਹੈ।

ਪਹਿਲੀ ਵਾਰ ਵੱਡੇ ਧਾਰਮਿਕ ਇਕੱਠ ਵਿਚ ਬੋਲਣ 'ਤੇ ਕਿਸੇ ਸਿੱਖ ਵੱਲੋਂ ਤਾਂ ਕੋਈ ਪ੍ਰਤੀਕਰਮ ਨਾ ਮਿਲਿਆ, ਪਰ ਗੁਰਦੁਆਰੇ ਦੇ ਚੇਅਰਮੈਨ ਬੰਗਾਲੀ ਕਰਨਲ ਸਾਹਿਬ ਅਤੇ ਹੋਰ ਕਈਆਂ ਨੇ ਇਹ ਜ਼ਰੂਰ ਕਿਹਾ ਕਿ ਅੱਜ ਪਤਾ ਲੱਗਾ ਕਿ ਸਿੱਖ ਧਰਮ ਕੀ ਹੈ?

ਮੌਕਾ ਮਿਲਿਆ ਤਾਂ ਪੰਜ ਕਕਾਰਾਂ ਬਾਰੇ ਵਿਆਖਿਆ ਵਿਚਾਰ ਫਿਰ ਸਹੀ।

*-ਭਜਨ ਸਿੰਘ*
*ਫੋਨ: 513-498-3907*

# ਨਾਮ ਬਿਨਾ ਹੋਇ ਜਾਸੀ ਧੂਰਿ

## ਗੁਰਬਾਣੀ ਗਿਆਨ

**ਰਾਮਕਲੀ ਮਹਲਾ ੫**
ਦੋਸੁ ਨ ਦੀਜੈ ਕਾਹੂ ਲੋਗ॥
ਜੋ ਕਮਾਵਨੁ ਸੋਈ ਭੋਗ॥
ਆਪਨ ਕਰਮ ਆਪੇ ਹੀ ਬੰਧ॥
ਆਵਨੁ ਜਾਵਨੁ ਮਾਇਆ ਧੰਧ॥
ਐਸੀ ਜਾਨੀ ਸੰਤ ਜਨੀ॥
ਪਰਗਾਸੁ ਭਇਆ ਪੂਰੇ ਗੁਰ ਬਚਨੀ॥ ਰਹਾਉ॥
ਤਨੁ ਧਨੁ ਕਲਤੁ ਮਿਥਿਆ ਬਿਸਥਾਰ॥
ਹੈਵਰ ਗੈਵਰ ਚਾਲਨਹਾਰ॥
ਰਾਜ ਰੰਗ ਰੂਪ ਸਭਿ ਕੂਰ॥
ਨਾਮ ਬਿਨਾ ਹੋਇ ਜਾਸੀ ਧੂਰਿ॥
ਭਰਮਿ ਭੂਲੇ ਬਾਦਿ ਅਹੰਕਾਰੀ॥
ਸੰਗਿ ਨਾਹੀ ਰੇ ਸਗਲ ਪਸਾਰੀ॥
ਸੋਗ ਹਰਖ ਮਹਿ ਦੇਹ ਬਿਰਧਾਨੀ॥
ਸਾਕਤ ਇਵ ਹੀ ਕਰਤ ਬਿਹਾਨੀ॥
ਹਰਿ ਕਾ ਨਾਮੁ ਅੰਮ੍ਰਿਤੁ ਕਲਿ ਮਾਹਿ॥
ਏਹੁ ਨਿਧਾਨਾ ਸਾਧੂ ਪਾਹਿ॥
ਨਾਨਕ ਗੁਰੁ ਗੋਵਿੰਦੁ ਜਿਸੁ ਤੂਠਾ॥
ਘਟਿ ਘਟਿ ਰਮਈਆ ਤਿਨ ਹੀ ਡੀਠਾ॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਪ੍ਰਭੂ ਦੇ ਪਿਆਰਿਆਂ ਨੇ ਇਹ ਜਾਣ ਲਿਆ ਹੈ ਕਿ ਆਪਣੇ ਜੀਵਨ ਦੀਆਂ ਤਕਲੀਫਾਂ ਬਾਰੇ ਹੋਰਨਾਂ ਨੂੰ ਦੋਸ਼ ਨਹੀਂ ਦੇਣਾ ਚਾਹੀਦਾ; ਕਿਉਂਕਿ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹੋ ਜਿਹਾ ਹੀ ਫਲ ਭੋਗਣਾ ਪੈਂਦਾ ਹੈ। ਮਨੁੱਖ ਆਪਣੇ ਕੀਤੇ ਕਰਮਾਂ ਅਨੁਸਾਰ ਆਪ ਹੀ ਮਾਇਆ ਦੇ ਬੰਧਨਾਂ ਵਿਚ ਜਕੜਿਆ ਰਹਿੰਦਾ ਹੈ।

ਐਸੀ ਜਾਨੀ ਸੰਤ ਜਨੀ॥
ਪਰਗਾਸੁ ਭਇਆ ਪੂਰੇ ਗੁਰ ਬਚਨੀ॥ ਰਹਾਉ॥

ਗੁਰੂ ਅਰਜਨ ਦੇਵ ਜਗਤ ਦੇ ਜੀਵਾਂ ਨੂੰ ਉਪਦੇਸ਼ ਦਿੰਦੇ ਹਨ, ਹੇ ਭਾਈ! ਪੂਰੇ ਗੁਰੂ ਦੇ ਬਚਨ ਮੰਨ ਕੇ ਅਤੇ ਉਸ ਸਿਖਿਆ ਉਤੇ ਤੁਰ ਕੇ ਜਿਨ੍ਹਾਂ ਵਡਭਾਗੇ ਮਨੁੱਖਾਂ ਅੰਦਰ ਆਤਮਕ ਜੀਵਨ ਦਾ ਚਾਨਣ ਹੋ ਗਿਆ, ਉਨ੍ਹਾਂ ਪ੍ਰਭੂ ਪਿਆਰਿਆਂ ਨੇ ਜੀਵਨ ਜੁਗਤ ਨੂੰ ਸਮਝ ਲਿਆ ਹੈ ਕਿ ਗੁਰੂ ਦੀ ਸ਼ਰਨ ਪੈ ਕੇ ਹੀ ਪ੍ਰਭੂ ਪਰਮਾਤਮਾ ਮਿਲਦਾ ਹੈ।

ਤਨੁ ਧਨੁ ਕਲਤੁ ਮਿਥਿਆ ਬਿਸਥਾਰ॥
ਹੈਵਰ ਗੈਵਰ ਚਾਲਨਹਾਰ॥
ਰਾਜ ਰੰਗ ਰੂਪ ਸਭਿ ਕੂਰ॥
ਨਾਮ ਬਿਨਾ ਹੋਇ ਜਾਸੀ ਧੂਰਿ॥

ਸਤਿਗੁਰੂ ਆਖਦੇ ਹਨ, ਹੇ ਭਾਈ! ਇਹ ਸਰੀਰ, ਇਹ ਧਨ ਦੌਲਤ, ਕਲਤ (ਇਸਤਰੀ), ਮੋਹ ਦੇ ਇਹ ਸਾਰੇ ਖਿਲਾਰੇ ਮਿਥਿਆ ਭਾਵ ਨਾਸ਼ਵੰਤ ਹਨ; ਹੈਵਰ ਭਾਵ ਵਧੀਆ ਘੋੜੇ, ਗੈਵਰ ਭਾਵ ਵਧੀਆ ਹਾਥੀ, ਇਹ ਸਾਰੇ ਵੀ ਨਾਸ਼ਵੰਤ ਹੀ ਹਨ; ਇਸ ਦੁਨੀਆਂ ਦੀਆਂ ਬਾਦਸ਼ਾਹੀਆਂ, ਰੰਗ ਤਮਾਸ਼ੇ, ਸੁੰਦਰ ਸ਼ਕਲਾਂ, ਇਹ ਵੀ ਸਾਰੇ ਕੂੜੇ ਪਸਾਰੇ ਹੀ ਹਨ। ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ ਹਰ ਸ਼ੈਅ ਮਿੱਟੀ ਹੋ ਜਾਏਗੀ।

ਭਰਮਿ ਭੂਲੇ ਬਾਦਿ ਅਹੰਕਾਰੀ॥
ਸੰਗਿ ਨਾਹੀ ਰੇ ਸਗਲ ਪਸਾਰੀ॥
ਸੋਗ ਹਰਖ ਮਹਿ ਦੇਹ ਬਿਰਧਾਨੀ॥
ਸਾਕਤ ਇਵ ਹੀ ਕਰਤ ਬਿਹਾਨੀ॥

ਗੁਰਦੇਵ ਆਖਦੇ ਹਨ, ਜਿਨ੍ਹਾਂ ਪਦਾਰਥਾਂ ਖਾਤਰ ਮਨੁੱਖ ਭਰਮ ਭਟਕਣਾ ਵਿਚ ਪੈ ਕੇ ਜੀਵਨ ਦੇ ਗਲਤ ਰਸਤੇ 'ਤੇ ਪੈ ਜਾਂਦੇ ਹਨ ਅਤੇ ਵਿਅਰਥ ਹੀ ਮਾਣ ਕਰਦੇ ਹਨ, ਉਹ ਸਾਰੇ ਖਿਲਾਰੇ ਕਿਸੇ ਦੇ ਨਾਲ ਨਹੀਂ ਜਾ ਸਕਦੇ। ਕਦੇ ਖੁਸ਼ੀ ਅਤੇ ਕਦੇ ਗਮੀ ਵਿਚ ਇਉਂ ਹੀ ਸਰੀਰ ਬੁੱਢਾ ਹੋ ਜਾਂਦਾ ਹੈ। ਪਰਮਾਤਮਾ ਨਾਲੋਂ ਟੁੱਟੇ ਹੋਏ ਜੀਵ ਦੀ ਉਮਰ ਇਵੇਂ ਹੀ ਬੀਤ ਜਾਂਦੀ ਹੈ।

ਹਰਿ ਕਾ ਨਾਮੁ ਅੰਮ੍ਰਿਤੁ ਕਲਿ ਮਾਹਿ॥
ਏਹੁ ਨਿਧਾਨਾ ਸਾਧੂ ਪਾਹਿ॥
ਨਾਨਕ ਗੁਰੁ ਗੋਵਿੰਦੁ ਜਿਸੁ ਤੂਠਾ॥
ਘਟਿ ਘਟਿ ਰਮਈਆ ਤਿਨ ਹੀ ਡੀਠਾ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ, ਹੇ ਭਾਈ! ਇਸ ਸੰਸਾਰ ਵਿਚ ਉਸ ਮਿਹਰਬਾਨ ਪ੍ਰਭੂ ਦਾ ਨਾਮ ਹੀ ਆਤਮਕ ਜੀਵਨ ਦੇਣ ਵਾਲਾ ਅੰਮ੍ਰਿਤ ਹੈ ਅਤੇ ਇਹ ਖਜਾਨਾ ਪੂਰੇ ਗੁਰੂ ਦੇ ਕੋਲ ਹੈ। 'ਨਾਨਕ ਗੁਰੁ ਗੋਵਿੰਦੁ ਜਿਸੁ ਤੂਠਾ॥' ਹੇ ਨਾਨਕ! ਜਿਸ ਮਨੁੱਖ ਉਤੇ ਗੁਰੂ ਪ੍ਰਸੰਨ ਹੁੰਦਾ ਹੈ, ਪਰਮਾਤਮਾ ਪ੍ਰਸੰਨ ਹੁੰਦਾ ਹੈ, ਉਸੇ ਵਡਭਾਗੇ ਮਨੁੱਖ ਨੇ ਉਸ ਪਿਆਰੇ ਪ੍ਰੀਤਮ ਨੂੰ ਹਰ ਇਕ ਸਰੀਰ ਵਿਚ ਵੱਸਦਾ ਵੇਖਿਆ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਸਿੱਖਾਂ ਦਰਮਿਆਨ ਵਿਚਾਰ-ਚਰਚਾ ਦੇ ਬੇਹੂਦਾ ਵਿਸ਼ੇ

**ਗੁਰਜੀਤ ਕੌਰ**
ਫੋਨ: 713-469-2474

ਕਿਸੇ ਤਰ੍ਹਾਂ ਦੀ ਵਿਸ਼ੇਸ਼ ਭੂਮਿਕਾ ਬੰਨੇ ਬਿਨਾ ਸਿੱਧਾ ਵਿਸ਼ੇ 'ਤੇ ਹੀ ਆਇਆ ਜਾਵੇ। ਕੁਝ ਮਹੀਨੇ ਪਹਿਲਾਂ ਦੀ ਗੱਲ ਹੈ, ਯੂ-ਟਿਊਬ 'ਤੇ 'ਸਤਿਗੁਰੂ' ਕਹਾਉਣ ਵਾਲਾ ਇਕ ਸ਼ਖਸ ਸਿੱਖਾਂ ਵਲੋਂ ਕੇਸ ਰੱਖਣ ਦੇ ਵਿਸ਼ੇ ਉਤੇ ਊਲ-ਜਲੂਲ ਦਲੀਲਾਂ ਦੇ ਰਿਹਾ ਸੀ। ਉਸ ਦਾ ਕਹਿਣਾ ਸੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਵੀ ਨਹੀਂ ਦਰਜ ਕਿ ਸਿੱਖਾਂ ਲਈ ਕੇਸ ਰੱਖਣੇ ਜ਼ਰੂਰੀ ਹਨ ਤੇ ਇਸ ਗੱਲ 'ਤੇ ਆਲੇ-ਦੁਆਲੇ ਬੈਠੇ ਮਨੂ ਸਮਰਥਕ ਤਾੜੀਆਂ ਵਜਾ ਰਹੇ ਸਨ। ਇਹ ਗੱਲ ਵੱਖਰੀ ਹੈ ਕਿ ਕੋਈ ਅਕਲਮੰਦ ਇਹ ਨਹੀਂ ਪੁੱਛ ਰਿਹਾ ਸੀ ਕਿ 'ਸਤਿਗੁਰੂ' ਆਪ ਕੀਹਦੇ ਆਖੇ ਲੱਗ ਕੇ ਸਿਰ 'ਤੇ ਪਟਕਾ ਬੰਨ੍ਹੀ ਬੈਠਾ ਹੈ।

ਹੈਰਾਨੀ ਇਸ ਗੱਲ ਦੀ ਨਹੀਂ ਹੋਈ ਕਿ ਗੁਰੂ ਦੀ ਬਾਣੀ 'ਤੇ ਇਕ ਹੋਰ ਹਮਲਾ ਹੋਇਆ ਹੈ ਕਿਉਂਕਿ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਬ੍ਰਾਹਮਣਵਾਦ ਨਾਲ ਇੱਟ-ਖੜੱਕਾ ਭਗਤਾਂ ਦੇ ਸਮੇਂ ਤੋਂ ਹੀ ਅਰੰਭ ਹੋ ਗਿਆ ਸੀ ਤੇ ਈਰਖਾਲੂ ਜ਼ਹਿਨੀਅਤ ਨੇ ਬਾਣੀ ਦੇ ਰਚਨਹਾਰਿਆਂ ਅਤੇ ਉਨ੍ਹਾਂ ਦੇ ਸਮਰਥਕਾਂ 'ਤੇ ਅਣਮਨੁੱਖੀ ਜ਼ੁਲਮ ਢਾਹੇ। ਗੁਰੂ 'ਤੇ ਭਰੋਸਾ ਰੱਖਣ ਵਾਲਿਆਂ ਦੇ ਉਚੇ ਕਿਰਦਾਰ ਬੁੱਤਪ੍ਰਸਤਾਂ ਤੇ ਇੰਤਹਾਪਸੰਦਾਂ ਨੂੰ ਉਨ੍ਹਾਂ ਦੇ ਬੌਣੇ ਹੋਣ ਦਾ ਸਮੇਂ ਸਮੇਂ 'ਤੇ ਅਹਿਸਾਸ ਕਰਵਾਉਂਦੇ ਰਹੇ ਹਨ ਤੇ ਜੇ ਗੁਰੂ ਜੁਗੋ-ਜੁਗ ਅਟੱਲ ਹੈ ਤੇ ਉਸ 'ਤੇ ਭਰੋਸਾ ਰੱਖਣ ਵਾਲਿਆਂ ਦਾ ਭਰੋਸਾ ਵੀ ਅਟੱਲ ਹੈ ਤਾਂ ਸਰਕਾਰੀ ਨਿਜ਼ਾਮ ਦਾ ਟੀਚਾ ਹੈ, ਇਸ ਭਰੋਸੇ ਨੂੰ ਢਾਹ ਲਾਉਣਾ।

ਗੱਲ ਨੂੰ ਥੋੜ੍ਹਾ ਹੋਰ ਘੋਖੀਏ ਕਿ ਪਹਿਲਾਂ ਤੱਤੀ ਤਵੀ ਦੇ ਤਸੀਹੇ, ਫਿਰ ਸੀਸ ਗੰਜ ਚੌਕ, ਫਿਰ ਚਮਕੌਰ ਦੀ ਗੜੀ, ਫਿਰ ਮਾਛੀਵਾੜੇ ਦਾ ਜੰਗਲ, ਫਿਰ ਠੰਢਾ ਬੁਰਜ, ਫਿਰ ਸਰਬੰਸ ਦਾ ਦਾਨ, ਬੰਦ-ਬੰਦ ਕਟਵਾਉਣਾ, ਚਰਖੜੀਆਂ, ਮੀਰ ਮਨੂੰ ਦੀ ਦਾਤਰੀ, ਘੱਲੂਘਾਰਾ, ਖਾਲਸਾ ਰਾਜ ਦਾ ਉਦੈ ਤੇ ਅਸਤ ਹੋਣਾ, ਫਾਂਸੀਆਂ-ਕਾਲੇ ਪਾਣੀ, ਪੰਜਾਬ ਦੀ ਵੰਡ, ਸੰਨ 1984 ਆਦਿ। ਕੀ ਕੁਝ ਨਹੀਂ ਹੋਇਆ ਇਕ ਵਿਸ਼ੇਸ਼ ਨਸਲ ਨੂੰ ਖਤਮ ਕਰਨ ਲਈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਾਂ ਦਾ ਮਨੋਬਲ ਤੋੜ ਦਿੱਤਾ ਗਿਆ ਹੈ ਤੇ ਹੁਣ ਸਰੂਪ ਵੀ ਚੁੱਭਣ ਲੱਗ ਪਿਆ ਹੈ। ਇਤਿਹਾਸ ਆਪਣੇ ਆਪ ਨੂੰ ਦੁਹਰਾਉਣਾ ਬੰਦ ਨਹੀਂ ਕਰਦਾ। ਜੇ ਗੁਰੂ ਦਾ ਵਜੂਦ ਕਾਇਮ ਰੱਖਣ ਲਈ ਮਰਜੀਵੜੇ ਕਾਇਮ ਹਨ ਤਾਂ ਗੁਲਾਬ ਸਿੰਘ, ਲਾਲ ਸਿੰਘ, ਮੂਲਾ ਸਿੰਘ ਆਦਿ ਵੀ ਦੁਨੀਆਂ ਤੋਂ ਕਦੇ ਗਾਇਬ ਨਹੀਂ ਹੋਏ।

ਬਦਕਿਸਮਤੀ ਨਾਲ ਸਿੱਖਾਂ ਦਾ ਘਾਣ ਹਮੇਸ਼ਾ ਦੋ ਧਾਰੀ ਤਲਵਾਰ ਨਾਲ ਕੀਤਾ ਜਾਂਦਾ ਰਿਹਾ ਹੈ। ਇਸ ਤਲਵਾਰ ਦੀ ਇਕ ਧਾਰ ਉਨ੍ਹਾਂ ਦਾ ਜਿਸਮਾਨੀ ਵਿਨਾਸ਼ ਕਰਦੀ ਹੈ ਤੇ ਦੂਜੀ ਮਾਨਸਿਕ। ਖਾਲਸਾ ਰਾਜ ਦੇ ਅੰਤ ਤੋਂ ਬਾਅਦ ਉਨ੍ਹਾਂ ਨੂੰ ਹਰ ਵੇਲੇ ਕਿਸੇ ਨਾ ਕਿਸੇ ਬਹਿਸ ਵਿਚ ਹੀ ਉਲਝਾ ਕੇ ਜਾਂ ਕਹਿ ਲਵੋ ਭੰਬਲਭੂਸਿਆਂ ਵਿਚ ਹੀ ਫਸਾ ਕੇ ਰੱਖਣਾ ਰਾਜ ਸੱਤਾ ਦੀ ਰਣਨੀਤੀ ਰਹੀ ਹੈ। ਇਕ ਤਬਕਾ ਪਾਕਿਸਤਾਨ ਲੈ ਗਿਆ, ਦੂਸਰਾ ਹਿੰਦੁਸਤਾਨ, ਤੇ ਸਿੱਖਾਂ ਦੇ ਆਪਸੀ ਬਹਿਸ-ਬਸੱਈਏ ਨੇ ਉਨ੍ਹਾਂ ਦੀ ਹਾਲਤ ਯਤੀਮ ਬੱਚੇ ਵਰਗੀ ਕਰ ਦਿੱਤੀ, ਜਿਸ ਨੂੰ ਸਿਰਫ ਇਕ ਛੱਤ ਤੇ ਦੋ ਰੋਟੀਆਂ ਦੇ ਆਸਰੇ ਨੇ ਹੀ ਵਰਗਲਾ ਲਿਆ। ਸਿਰਦਾਰ ਕਪੂਰ ਸਿੰਘ ਦੀਆਂ ਲਿਖਤਾਂ ਬਹੁਤ ਸਾਰੇ ਕੌੜੇ ਸੱਚ ਉਜਾਗਰ ਕਰਦੀਆਂ ਹਨ। ਫਿਰ ਦੌਰ ਚਲਿਆ 'ਪਾੜੋ ਤੇ ਰਾਜ ਕਰੋ' ਦੀ ਰਣਨੀਤੀ ਦਾ, ਜੋ ਸਭ ਤੋਂ ਵਧ ਖਤਰਨਾਕ ਸੀ।

ਮੈਂ ਅਖੌਤੀ 'ਸਤਿਗੁਰੂ' ਦੀ ਗੱਲ ਸੁਣੀ ਅਤੇ ਇਹ ਵੀ ਦੇਖਿਆ ਕਿ ਕਈ ਗੁਰੂ ਪਿਆਰਿਆਂ ਨੇ ਉਸ ਦੇ ਉਠਾਏ ਨੁਕਤੇ ਦਾ ਬਾਣੀ ਦਾ ਸਹਾਰਾ ਲੈ ਕੇ ਜੁਆਬ ਦਿੱਤਾ। ਮੇਰੀ ਤਸੱਲੀ ਹੋ ਗਈ, ਪਰ ਇਹ ਧੁਤਧੁਤੀ ਵੀ ਮੈਨੂੰ ਲੱਗੀ ਰਹੀ ਕਿ ਗੱਲ ਉਹ ਨਹੀਂ ਜੋ ਇਹ ਕਹਿ ਰਿਹਾ ਹੈ; ਗੱਲ ਉਹ ਜ਼ਰੂਰੀ ਹੈ ਜਿਸ ਕਰਕੇ 'ਸਤਿਗੁਰੂ' ਇਹ ਸਭ ਕੁਝ ਕਹਿ ਰਿਹਾ ਹੈ। ਧਿਆਨਯੋਗ ਹੈ, ਇਸ ਦਾ ਮੰਤਵ। ਧਿਆਨਯੋਗ ਹੈ, ਇਸ ਦਾ ਸਿੱਖਾਂ ਵਿਚ ਉਨ੍ਹਾਂ ਦੇ ਗੁਰੂ ਦੇ ਹੁਕਮ ਨੂੰ ਮੰਨਣ ਦੀ ਚੌਰ ਤੇ ਸੰਦੇਹ ਉਪਜਾਉਣਾ, ਨਹੀਂ ਤਾਂ ਸਰਬੰਸਦਾਨੀ ਗੁਰੂ ਪਾਤਸ਼ਾਹ ਨੇ ਜੋ ਕੁਝ ਵੀ ਕਹਿ ਦਿੱਤਾ, ਸਿੱਖ ਲਈ ਉਹੀ ਧਰਮ ਬਣ ਗਿਆ। ਕਿੰਤੂ-ਪ੍ਰੰਤੂ ਦੀ ਹੁਣ ਕੋਈ ਗੁੰਜਾਇਸ਼ ਨਹੀਂ ਪਰ ਸੁਆਦ ਤੇ ਤਾਂ ਸੀ ਜੇ 'ਸਤਿਗੁਰੂ' ਇਹ ਸਭ ਤਰਕ ਆਪਣੇ ਸਾਹਿਬਾਂ ਦੇ ਦਰਮਿਆਨ ਨਾ ਪੇਸ਼ ਕਰਕੇ ਕਿਸੇ ਸਾਂਝੇ ਮੰਚ 'ਤੇ ਗੁਰੂ ਦੇ ਪਿਆਰਿਆਂ ਦਰਮਿਆਨ ਪੇਸ਼ ਕਰਦਾ।

ਮੈਨੂੰ ਅੱਜ ਇਹ ਗੱਲ ਕਰਨ ਦਾ ਚੇਤਾ ਇਸ ਲਈ ਆਇਆ ਕਿ ਜਿਨ੍ਹਾਂ 'ਤੇ ਗੁਰੂ ਦੀ ਕ੍ਰਿਪਾ ਹੋਈ ਤੇ ਉਨ੍ਹਾਂ ਕੇਸ ਰੱਖ ਲਏ ਤੇ ਆਪੇ ਹੀ ਉਨ੍ਹਾਂ ਫੈਸਲੇ 'ਤੇ ਪ੍ਰਸ਼ਨ ਚਿੰਨ ਲਾ ਦਿੱਤਾ ਕਿ ਗੁਰਬਾਣੀ ਵਿਚ ਤਾਂ ਕਿਤੇ ਵੀ ਨਹੀਂ ਗੁਰੂ ਫੁਰਮਾਨ ਕਰਦੇ ਕਿ ਕੇਸ ਰੱਖਣੇ ਜ਼ਰੂਰੀ ਹਨ। ਮੇਰਾ 'ਸਤਿਗੁਰੂ' ਦੀ ਚਾਲ 'ਤੇ ਜਿਹੜਾ ਸ਼ੱਕ ਸੀ, ਉਹ ਯਕੀਨ ਵਿਚ ਬਦਲ ਗਿਆ। ਕਿਉਂਕਿ ਹੁਣ ਤੋਂ ਪਹਿਲਾਂ ਜੇ ਕਿਸੇ ਨੇ ਕੇਸ ਰੱਖਣ ਵਾਲਾ ਕੰਮ ਚੁੱਕ ਹੀ ਲਿਆ ਸੀ, ਫਿਰ ਉਸ ਨੇ ਦੁਚਿਤੀ ਨਹੀਂ ਸੀ ਦਰਸਾਈ।

ਅਸਲ ਵਿਚ ਸੰਤ ਸਮਾਜੀਆਂ ਨੂੰ ਬਾਣੀ ਬਾਰੇ ਅਵਾ-ਤਵਾ ਬੋਲਣ ਦੀ ਖੁੱਲ੍ਹ ਵੀ ਸਾਡੀ ਅਗਿਆਨਤਾ ਦਿੰਦੀ ਹੈ, ਕਿਉਂਕਿ ਇਹ ਲੋਕ ਆਪਣੇ ਚਾਪਲੂਸਾਂ ਤੇ ਤਥਾਕਥਿਤ ਭਗਤਾਂ ਦੇ ਮੂੰਹੋਂ ਇਹ ਵੀ ਕਢਾ ਦਿੰਦੇ ਹਨ ਕਿ ਬਾਬਾ ਜੀ ਦਾ ਹੁਕਮ ਹੈ, ਗੁਰੂ ਗ੍ਰੰਥ ਸਾਹਿਬ ਨੂੰ ਮੰਨੋ; ਜਦਕਿ ਉਸ ਦੀ ਮੁਖਾਲਫਤ ਸਭ ਤੋਂ ਵਧ ਬਾਬੇ ਹੀ ਕਰਦੇ ਹੁੰਦੇ ਹਨ। ਜੇ ਸਿਰਫ ਕੇਸਾਂ ਦੀ ਹੀ ਗੱਲ ਕੀਤੀ ਜਾਵੇ ਤਾਂ ਦਸਾਂ ਗੁਰੂਆਂ ਵਿਚ ਇਕ ਹੀ ਜੋਤ ਪ੍ਰਕਾਸ਼ਮਾਨ ਹੈ ਤੇ ਜੇ ਗੁਰੂ ਨਾਨਕ ਦੇਵ ਪਾਤਸ਼ਾਹ ਦਸਵੇਂ ਜਾਮੇ ਵਿਚ ਆ ਕੇ ਸਿੱਖ ਦੀ ਬਾਹਰਲੀ ਦਿੱਖ ਦਾ ਫੁਰਮਾਨ ਜਾਰੀ ਕਰਨ ਤੋਂ ਪਹਿਲਾਂ ਆਪ ਭਾਈ ਮਨੀ ਸਿੰਘ ਪਾਸੋਂ ਆਪਣੇ ਪਿਤਾ ਦੀ ਬਾਣੀ ਦਰਜ ਕਰਵਾ ਕੇ 'ਆਦਿ ਗ੍ਰੰਥ' ਨੂੰ 'ਗੁਰੂ ਗ੍ਰੰਥ ਸਾਹਿਬ' ਦਾ ਦਰਜਾ ਦੇ ਰਹੇ ਹਨ ਤਾਂ ਫਿਰ ਇਹੋ ਜਿਹੀਆਂ ਉਲ-ਜਲੂਲ ਗੱਲਾਂ ਕਰਨਾ ਉਨ੍ਹਾਂ ਦੇ ਰੂਹਾਨੀਅਤ ਦੇ ਗਿਆਨ ਦੀ ਬੇਅਦਬੀ ਕਰਨਾ ਨਹੀਂ? ਉਂਜ, ਬਦਕਿਸਮਤੀ ਸਾਡੀ ਹੈ ਕਿ ਅਸੀਂ ਆਪ ਕਦੇ ਬਾਣੀ ਨਹੀਂ ਪੜ੍ਹਦੇ, ਬਸ ਬੁੱਤ ਵਾਂਗੂ ਉਸ ਅੱਗੇ ਮੱਥਾ ਟੇਕ ਕੇ ਸਾਰੀਆਂ ਜਿੰਮੇਵਾਰੀਆਂ ਤੋਂ ਮੁਕਤੀ ਪ੍ਰਾਪਤ ਕਰ ਲੈਂਦੇ ਹਾਂ।

ਚਲੋ ਮੰਨ ਲਿਆ ਕਿ 'ਸਤਿਗੁਰੂ' ਨੇ ਬਾਣੀ ਨੂੰ ਬੜੇ ਗਹੁ ਨਾਲ ਪੜ੍ਹਿਆ ਤੇ ਉਸ ਨੂੰ ਉਹ ਵੀ ਦਿਸ ਪਿਆ, ਜੋ ਨਹੀਂ ਵੀ ਸੀ ਲਿਖਿਆ। ਮੇਰੇ ਵਰਗੀ ਨਾਸਤਕ, ਜੋ ਕਿਸੇ ਸੰਤ ਸਮਾਜ ਨਾਲ ਨਹੀਂ ਜੁੜੀ ਹੋਈ ਤੇ ਮੈਨੂੰ ਬਾਣੀ ਦੇ ਲੜ ਲਾਉਣ ਵਾਲਾ ਕੋਈ ਨਹੀਂ ਹੈ ਤੇ ਮੈਨੂੰ ਗੁਰੂ ਦੀ ਬਾਣੀ ਵਿਚ ਕਈ ਫੁਰਮਾਨ ਦੇਖਣ ਨੂੰ ਮਿਲੇ, ਜੋ ਜਨਾਬ 'ਸਤਿਗੁਰੂ ਸੱਚੇ ਪਾਤਸ਼ਾਹ ਜੀ' ਦੇ ਅੱਖੋਂ ਓਹਲੇ ਕਿਸ ਤਰ੍ਹਾਂ ਹੋ ਗਏ, ਮੈਨੂੰ ਪਤਾ ਨਹੀਂ ਲੱਗਾ, ਜਿਵੇਂ:

*ਤੱਤੀ ਤਵੀ ਨੂੰ ਰੱਬ ਦਾ ਭਾਣਾ ਮੰਨਣ ਵਾਲੇ ਆਪਣੇ ਆਪ ਨੂੰ ਨੀਚ, ਮੂਰਖ, ਅਗਿਆਨੀ, ਅਲਪ ਮਤ, ਲੂਣ ਹਰਾਮੀ ਆਦਿ ਕਈ ਵਿਸ਼ੇਸ਼ਣਾਂ ਨਾਲ ਸੰਬੋਧਿਤ ਕਰਦੇ ਹਨ। ਆਪਣਾ ਨਾਂ ਲੈ ਕੇ ਆਪਣੇ ਆਪ ਨੂੰ ਮਹੱਲਾ ਅਖਵਾਉਂਦੇ ਹਨ। ਅਸੀਂ ਉਨ੍ਹਾਂ ਨੂੰ ਗੁਰੂ ਆਖਦੇ ਹਾਂ। ਫਿਰ ਕੋਈ ਸਾਧਾਰਨ ਹੱਡ ਮਾਸ ਦਾ ਪੁਤਲਾ 'ਸਤਿਗੁਰੂ' ਕਿਵੇਂ ਬਣ ਸਕਦਾ ਹੈ?

*ਜਨਤਾ ਇਨ੍ਹਾਂ ਨਾਸ਼ਵਾਨ ਪੁਤਲਿਆਂ ਨੂੰ ਪਰਮਾਤਮਾ ਦਾ ਦਰਜਾ ਦਿੰਦੀ ਹੈ, ਪਰ ਗੁਰੂ ਨੇ ਪਰਮਾਤਮਾ ਦੀ ਪਰਿਭਾਸ਼ਾ ਮੂਲ ਮੰਤਰ ਵਿਚ ਹੀ ਦੇ ਦਿੱਤੀ ਹੈ। ਇਹ ਫੁਰਮਾਨ ਵੀ ਤਕਰੀਬਨ ਰੋਜ਼ ਪੜ੍ਹਿਆ ਜਾਂਦਾ ਹੈ:

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥

ਇਨ੍ਹਾਂ ਹੁਕਮਾਂ ਵੱਲ ਵੇਖਿਆ ਜਾਵੇ ਤਾਂ ਰੱਬ ਦਾ ਕੋਈ ਰੂਪ ਹੀ ਨਹੀਂ ਤੇ ਫਿਰ ਕੋਈ ਜਿਉਣ-ਮਰਨ ਦੇ ਗੇੜ ਵਿਚ ਫਸਿਆ ਇਨਸਾਨ ਰੱਬ ਦਾ ਦਰਜਾ ਕਿਸ ਤਰ੍ਹਾਂ ਲੈ ਗਿਆ?

ਜੇ ਸੰਤ ਸਮਾਜੀਆਂ ਨੂੰ ਬਾਣੀ ਦੇ ਅਰਥ ਆਉਂਦੇ ਹਨ ਤਾਂ ਜਦੋਂ ਇਨ੍ਹਾਂ ਦੇ ਭਗਤ ਇਨ੍ਹਾਂ ਨੂੰ ਰੱਬ ਮੰਨ ਕੇ ਇਨ੍ਹਾਂ ਅੱਗੇ ਅਰਜ਼ ਗੁਜ਼ਾਰਦੇ ਹਨ, ਉਦੋਂ ਇਹ ਕਹਿੰਦੇ ਕਿਉਂ ਨਹੀਂ:

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥

ਕੀ ਉਹ ਕਹਿਣਗੇ ਕਿ ਭਗਤੋ, ਤੁਹਾਡਾ ਮੂੰਹ ਸੜ ਜਾਵੇ ਮੈਨੂੰ ਰੱਬ ਕਹਿਣ ਤੋਂ ਪਹਿਲਾਂ।

*ਡੇਰਿਆਂ 'ਤੇ ਆਮ ਹਵਨ ਅਤੇ ਹੋਰ ਕਿੰਨਾ ਬ੍ਰਾਹਮਣਵਾਦ ਪੁਗਾਇਆ ਜਾਂਦਾ ਹੈ। ਇਥੇ ਲੋਕਾਂ ਨੂੰ ਗੁਰੂ ਦੇ ਫੁਰਮਾਨ ਬਾਰੇ ਕਿਉਂ ਨਹੀਂ ਚੇਤਾ ਕਰਵਾਇਆ ਜਾਂਦਾ:

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ॥

*ਕਿਸੇ ਨੂੰ ਵੀ ਬਗੈਰ ਚਸ਼ਮਾ ਲਾਇਆਂ ਗੁਰੂ ਦਾ ਫੁਰਮਾਨ ਦਿਸ ਪੈਂਦਾ ਹੈ:

ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥

ਅਖੌਤੀ 'ਸਤਿਗੁਰਾਂ' ਨੂੰ ਚਸ਼ਮਾ ਲਾ ਕੇ ਵੀ ਨਹੀਂ ਦਿਸਿਆ। ਉਨ੍ਹਾਂ ਫਿਰ ਕਈ ਰੰਗ ਪਾਉਣ 'ਤੇ ਪਾਬੰਦੀ ਲਾਈ ਹੁੰਦੀ ਹੈ।

*ਡੇਰਿਆਂ 'ਤੇ ਮਾਲਾਵਾਂ ਵੰਡੀਆਂ ਜਾਂਦੀਆਂ ਨੇ ਤੇ ਦੁਬਿਧਾ ਤੋਂ ਬਚਣ ਲਈ ਇਹ ਵੀ ਦੱਸ ਦਿੱਤਾ ਜਾਂਦਾ ਹੈ ਕਿ ਵਾਹਿਗੁਰੂ ਦਾ ਜਾਪ ਕਿੰਨੀ ਵਾਰ ਕਰਨਾ ਹੈ। ਗੁਰੂਆਂ ਤੋਂ ਪਹਿਲਾਂ ਜਿਸ ਭਗਤ ਨੇ ਬ੍ਰਾਹਮਣਾਂ ਨਾਲ ਟਾਕਰਾ ਕੀਤਾ ਸੀ, ਉਨ੍ਹਾਂ ਅਨੁਸਾਰ:

ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ॥
ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ॥

ਭਗਤਾਂ ਦੇ ਹੱਥ ਮਾਲਾ ਫੜਾਉਣ ਲੱਗਿਆਂ ਬਾਣੀ ਦੀ ਇਹ ਤੁਕ ਕਿਉਂ ਨਾ ਪੜ੍ਹੀ?

*ਸੱਚ ਤੇ ਝੂਠ ਦੀ ਕਿਰਿਆ ਅੰਧਵਿਸ਼ਵਾਸ ਦੀ ਹੱਦ ਤੱਕ ਡੇਰਿਆਂ 'ਤੇ ਚਲਦੀ ਹੈ ਤੇ ਬਾਣੀ ਦਾ ਅਰੰਭ ਹੀ ਸੁੱਚ ਦੀ ਪ੍ਰਕ੍ਰਿਆ ਨੂੰ ਰੱਦ ਕਰਦਾ ਹੈ:

ਸੋਚੈ ਸੋਚਿ ਨਾ ਹੋਵਈ ਜੇ ਸੋਚੀ ਲਖ ਵਾਰ॥

ਕੀ ਇਨ੍ਹਾਂ 'ਸਤਿਗੁਰਾਂ' ਨੇ ਜਪੁਜੀ ਸਾਹਿਬ ਕਦੇ ਨਹੀਂ ਪੜ੍ਹਿਆ, ਸੁਖਮਨੀ ਸਾਹਿਬ ਵੱਲ ਧਿਆਨ ਨਹੀਂ ਦਿੱਤਾ, ਜਿਸ ਵਿਚ ਦਰਜ ਹੈ:

ਸੋਚ ਕਰੈ ਦਿਨਸੁ ਅਰੁ ਰਾਤਿ॥
ਮਨ ਕੀ ਮੈਲੁ ਨਾ ਤਨ ਤੇ ਜਾਤਿ॥

ਹੁਣ ਜਵਾਬ ਉਸ ਗੱਲ ਦਾ ਕਿ ਬਾਣੀ ਵਿਚ ਕਿਤੇ ਨਹੀਂ ਲਿਖਿਆ ਕਿ ਕੇਸ ਰੱਖਣੇ ਜ਼ਰੂਰੀ ਨਹੀਂ। ਇਸ ਦਾ ਉਤਰ ਤਾਂ ਗੁਰੂ ਨਾਨਕ ਪਾਤਸ਼ਾਹ ਹੀ ਦਿੰਦੇ ਨੇ:

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ॥

ਗੁਰੂ ਸਾਹਿਬ ਨੇ ਮੁਗਲੀਆ ਸਲਤਨਤ ਦੇ ਹਮਲੇ ਤੋਂ ਬਾਅਦ ਬਣ ਚੁੱਕੇ ਸਮਾਜਿਕ ਹਾਲਾਤ ਵਿਚ ਇਸਤਰੀ ਦੇ ਤ੍ਰਿਸਕਾਰ ਨੂੰ ਬਿਆਨਣ ਦੀ ਸ਼ੁਰੂਆਤ ਉਸ ਦੇ ਲੰਮੇ ਵਾਲਾਂ ਦੇ ਮੁੰਨਣ ਤੋਂ ਕੀਤੀ। ਜੇ ਹੋਰ ਗੱਲ ਕੀਤੀ ਜਾਵੇ ਤਾਂ ਪਹਿਲੇ ਪਾਤਸ਼ਾਹ ਨੇ ਜੈਨੀਆਂ ਦੇ ਵਾਲਾਂ ਦੀ ਹਾਲਤ ਦੇਖ ਕੇ ਉਨ੍ਹਾਂ ਨੂੰ ਭੇਡਾਂ ਕਿਹਾ ਸੀ। ਇਸ 'ਤੇ ਉਨ੍ਹਾਂ ਨੇ ਵਾਲ ਮੁੰਨਣ ਦੀ ਨਹੀਂ, ਸਗੋਂ ਨਹਾਉਣ ਦੀ ਸਲਾਹ ਦਿੱਤੀ ਸੀ। ਇਹ ਗੱਲ ਸਿਰਫ ਗੁਰੂ ਅੱਗੇ ਆਤਮ-ਸਮਰਪਣ ਕਰਨ ਵਾਲੇ ਹੀ ਸਮਝ ਸਕਦੇ ਹਨ। ਭਗਤ ਕਬੀਰ ਜੀ ਨੇ ਹੁਕਮ ਦਿੱਤਾ:

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥

ਉਨ੍ਹਾਂ ਤੋਂ ਖਾਲਸਾ ਪੰਥ ਦੀ ਸਿਰਜਣਾ ਦੀ ਪ੍ਰਕ੍ਰਿਆ ਅਰੰਭ ਹੁੰਦੀ ਹੈ ਤੇ ਸਦੀਆਂ ਦੇ ਪੜਾਅ ਤੈਅ ਕਰਦੀ ਹੈ, ਅਖੀਰ ਗੁਰੂ ਦਸਮ ਪਾਤਸ਼ਾਹ ਖਾਲਸਾ ਕਿਸ ਤਰ੍ਹਾਂ ਦਾ ਹੋਵੇ, ਇਸ 'ਤੇ ਮੋਹਰ ਲਾਉਂਦੇ ਹਨ। ਗੁਰੂ ਦਾ ਮਕਸਦ ਬਾਣੇ ਰਾਹੀਂ ਸਿੱਖ ਦੇ ਕਿਰਦਾਰ ਦੀ ਤਰਜਮਾਨੀ ਕਰਨਾ ਹੈ, ਜਿਸ ਨੂੰ ਘੜਦਿਆਂ ਸਦੀਆਂ ਲੰਘ ਗਈਆਂ।

ਸਿੱਖਾਂ ਦੀ ਬਦਕਿਸਮਤੀ ਰਹੀ ਹੈ ਕਿ ਉਨ੍ਹਾਂ ਨੂੰ ਦੋਸਤ ਅਤੇ ਦੁਸ਼ਮਣ ਵਿਚ ਪਛਾਣ ਨਹੀਂ ਆਈ। ਉਨ੍ਹਾਂ ਵਿਚ ਬੈਠੇ ਘੁਸਪੈਠੀਆਂ ਨੂੰ ਪਤਾ ਸੀ ਕਿ ਇਹ ਬਹੁਗਿਣਤੀ ਵਿਚ ਗੁਰੂ ਨੂੰ ਵਿਚਾਰਨ ਵਾਲੇ ਨਹੀਂ, ਇਸ ਕਰਕੇ ਇਨ੍ਹਾਂ ਅੱਗੇ ਜੋ ਉਘੜ-ਦੁਘੜੀਆਂ ਗੁਰੂ ਦਾ ਨਾਂ ਲੈ ਕੇ ਮਾਰੀਆਂ, ਇਨ੍ਹਾਂ ਸੱਚ ਸਮਝ ਲੈਣਾ; ਨਹੀਂ ਤਾਂ ਮਾਸ ਖਾਣਾ ਜਾਂ ਨਾ ਖਾਣਾ, ਰਾਗ ਮਾਲਾ ਪੜ੍ਹਨੀ ਹੈ ਜਾਂ ਨਹੀਂ, ਦਸਮ ਗ੍ਰੰਥ ਦੇ ਉਪਾਸ਼ਕ ਹੋਣਾ ਹੈ ਜਾਂ ਨਹੀਂ, ਤੇ ਇਹ ਹੁਣ ਇਕ ਹੋਰ ਸਿੱਖਾਂ ਦੇ ਕੇਸਾਂ ਦਾ ਮਸਲਾ ਸਿਰ ਚੁੱਕ ਰਿਹਾ ਹੈ, ਇਹ ਸਭ ਕਦੇ ਨਹੀਂ ਸੀ ਹੋਣਾ। ਮੈਂ ਇਸ 'ਸਤਿਗੁਰੂ' ਨੂੰ ਵਧਾਈ ਦਾ ਪਾਤਰ ਸਮਝਦੀ, ਜੇ ਉਹ ਕਹਿੰਦਾ ਕਿ ਸਿੱਖੋ, ਬਾਣੀ ਵਿਚ ਕਿਤੇ ਵੀ ਅਗਲੇ ਦੀ ਪੱਗ ਲਾਹੁਣ ਬਾਰੇ ਨਹੀਂ ਕਿਹਾ ਪਰ ਤੁਸੀਂ ਸ਼ਰਮ ਕਰੋ ਕਿ ਤੁਸੀਂ ਉਸ ਨੂੰ ਲਾਹੁਣ ਲੱਗੇ ਥਾਂ ਵੀ ਗੁਰਦੁਆਰਾ ਚੁਣਦੇ ਹੋ।

ਇਕ ਗੱਲ ਹੋਰ 'ਸਤਿਗੁਰੂ' ਨੇ ਆਖੀ ਹੈ ਕਿ ਸਿੱਖ ਹਿੰਦੂਆਂ ਦਾ ਹਿੱਸਾ ਹਨ। ਮੈਂ ਉਨ੍ਹਾਂ ਦੇ ਹਜ਼ੂਰ ਗੁਜ਼ਾਰਿਸ਼ ਕਰਾਂਗੀ ਕਿ ਅੱਧੇ ਦਿਨ ਤੋਂ ਵੀ ਘੱਟ ਸਮਾਂ ਲਗਦਾ ਹੈ, ਭਾਈ ਕਾਹਨ ਸਿੰਘ ਨਾਭਾ ਦੀ ਪੁਸਤਕ 'ਹਮ ਹਿੰਦੂ ਨਹੀ' ਪੜ੍ਹਨ ਲੱਗਿਆਂ, ਪੜ੍ਹਨ ਦੀ ਕ੍ਰਿਪਾਲਤਾ ਕਰਨੀ। ਮੇਰੇ ਹਿਸਾਬ ਨਾਲ ਸਿਰਫ ਬਨਮਾਨਸਾਂ ਨੂੰ ਅਖਤਿਆਰ ਹੈ, ਬੰਦਿਆਂ ਨੂੰ ਇਹ ਕਹਿਣਾ ਦਾ ਕਿ ਬੰਦੇ ਉਨ੍ਹਾਂ ਵਿਚੋਂ ਨਿਕਲੇ ਹਨ। ਨਹੀਂ ਤਾਂ ਇਕ ਵਾਰ ਮਨੁੱਖੀ ਦਿਮਾਗ ਵਿਕਸਿਤ ਹੋ ਗਿਆ, ਉਸ ਵਿਚ ਚੇਤਨਾ ਪੈਦਾ ਹੋ ਗਈ, ਫਿਰ ਸਮਾਜ ਵਿਚ ਕਈ ਫਿਰਕੇ, ਕੌਮਾਂ ਤੇ ਕਬੀਲੇ ਬਣੇ। ਇਤਿਹਾਸ ਦੀਆਂ ਕਿਤਾਬਾਂ ਪੜ੍ਹਿਆਂ ਪਤਾ ਲੱਗਦਾ ਹੈ ਕਿ ਵਰਣ ਆਸ਼ਰਮ ਧਰਮ ਦੇ ਡਰ ਤੋਂ ਅਣਗਿਣਤ ਬੋਧੀ ਇਸਲਾਮ ਅਪਨਾ ਗਏ। ਜ਼ਰਾ ਇਹ 'ਸੱਚੇ ਪਾਤਸ਼ਾਹ' ਲਾਹੌਰ ਜਾ ਕੇ ਇਹ ਗੱਲ ਮੁਸਲਮਾਨਾਂ ਨੂੰ ਵੀ ਕਹਿਣ ਕਿ ਉਹ ਤਾਂ ਬੋਧੀ ਨੇ। ਜੇ ਸਿੱਖ ਹਿੰਦੂਆਂ ਦਾ ਹਿੱਸਾ ਨੇ, ਫਿਰ ਮਹੰਤਾਂ ਨੂੰ ਗੁਰਦੁਆਰਿਆਂ ਵਿਚੋਂ ਬਾਹਰ ਕੱਢਣ ਲਈ ਮੋਰਚੇ ਕਿਉਂ ਲੱਗੇ?

ਅੱਜ ਕੱਲ੍ਹ ਟੀ. ਵੀ. ਚੈਨਲਾਂ ਉਪਰ ਆਮ ਦੇਖਿਆ ਜਾਂਦਾ ਹੈ ਕਿ ਕਿਸੇ ਨੂੰ ਬਦਨਾਮ ਕਰਨ ਲਈ ਉਸ ਦੀ ਕਹੀ ਪੂਰੀ ਗੱਲ ਵਿਚੋਂ ਕੋਈ ਇਕ ਹਿੱਸਾ ਕੱਢ ਕੇ, ਉਸ ਦਾ ਇਕ ਸਿਰਲੇਖ ਜਿਹਾ ਬਣਾ ਕੇ ਮਸਲਾ ਜਿਹਾ ਅਰੰਭ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਕਹੀ ਗਈ ਗੱਲ ਦਾ ਤੱਤਸਾਰ ਬਿਲਕੁਲ ਪੁੱਠਾ ਹੋ ਜਾਂਦਾ ਹੈ ਤੇ ਸਮਾਜ ਵੀ ਉਸ ਵਿਰੁਧ ਹੋ ਜਾਂਦਾ ਹੈ। ਕੁਝ ਇਸ ਤਰ੍ਹਾਂ ਹੀ ਬਾਣੀ ਨਾਲ ਹੁੰਦਾ ਹੈ। ਮਸਲਨ, ਕਬੀਰ ਸਾਹਿਬ ਦਾ ਫੁਰਮਾਨ ਹੈ:

ਜਿਹ ਸਿਰਿ ਰਚਿ ਰਚਿ ਬਾਧਤ ਪਾਗ॥
ਸੋ ਸਿਰੁ ਚੁੰਚ ਸਵਾਰਹਿ ਕਾਗ॥

ਇਸ ਤੋਂ ਕੋਈ ਵੀ ਇਹ ਕਹਿ ਸਕਦਾ ਹੈ ਕਿ ਬਾਣੀ ਅਨੁਸਾਰ ਪੱਗ ਬੰਨ੍ਹਣ ਦੀ ਵੀ ਕੋਈ ਲੋੜ ਨਹੀਂ, ਕਿਉਂਕਿ ਉਸ ਸਿਰ 'ਤੇ ਭਾਵੇਂ ਕਾਂ ਹੀ ਠੂੰਗੇ ਮਾਰਨ ਪਰ ਜੇ ਪੂਰੀ ਤੁਕ ਪੜ੍ਹੀ ਜਾਵੇ ਤਾਂ ਇਹੋ ਜਿਹਾ ਕੁਝ ਵੀ ਨਹੀਂ, ਭਾਵ ਅਰਥ ਬਿਲਕੁਲ ਵੱਖਰਾ ਹੈ।

ਸੰਤ ਸਮਾਜੀ ਸਿੱਖੀ ਤੋਂ ਅੱਕੇ ਇਹ ਦਲੀਲਾਂ ਵੀ ਦਿੰਦੇ ਹਨ ਕਿ ਸਮਾਂ ਬਦਲ ਰਿਹਾ ਹੈ ਤੇ ਗੁਰੂ ਸਾਹਿਬ ਦਾ ਫੁਰਮਾਨ ਗੁਰੂਕਾਲ ਵਿਚ ਮੰਨਣਾ ਵਾਜਬ ਸੀ, ਜਦੋਂ ਸਿੱਖ ਘੋੜਿਆਂ ਤੇ ਜੰਗਲਾਂ ਵਿਚ ਸੌਂਦੇ ਸਨ। ਕੋਈ ਦੱਸੇ ਉਨ੍ਹਾਂ ਨੂੰ ਕਿ ਸਮਾਂ ਸਿੱਖਾਂ ਲਈ ਤਾਂ ਘੱਟੋ-ਘੱਟ ਬਿਲਕੁਲ ਨਹੀਂ ਬਦਲਿਆ। ਕੀ ਘੱਲੂਘਾਰੇ, ਦਰਬਾਰ ਸਾਹਿਬ 'ਤੇ ਹਮਲਾ, ਸਿੱਖਾਂ ਦੀ ਨਸਲਕੁਸ਼ੀ, ਇਤਿਹਾਸ ਦਾ ਹਿੱਸਾ ਬਣਨ ਦਿੱਤੇ ਗਏ? ਰਹੀ ਜੰਗਲਾਂ ਵਿਚ ਰਹਿਣ ਦੀ ਗੱਲ, ਮਹਾਂਰਾਸ਼ਟਰ ਵਿਚ ਦੇਖੋ, ਅੱਜ ਵੀ ਸਿਕਲੀਗਰ ਸਿੱਖ ਆਪਣੀ ਹੋਂਦ ਬਚਾਉਣ ਲਈ ਜੰਗਲਾਂ ਵਿਚ ਰਹਿ ਰਹੇ ਹਨ।

ਮੇਰੀ ਅੰਤ ਵਿਚ ਇਸ 'ਸਤਿਗੁਰੂ' ਅੱਗੇ ਬੇਨਤੀ ਹੈ ਕਿ ਉਨ੍ਹਾਂ ਕੇਸਾਂ ਦਾ ਵਿਸ਼ਾ ਤਾਂ ਛੇੜ ਦਿੱਤਾ ਹੈ ਤੇ ਹੁਣ ਵਾਰੀ ਹੈ ਕੰਘਾ, ਕੜਾ, ਕਛਹਿਰਾ ਤੇ ਕਿਰਪਾਨ ਦੀ। ਇਹ ਸਾਰੇ ਲਫਜ਼ ਵੀ ਬਾਣੀ ਵਿਚ ਇਕੱਠੇ ਨਹੀਂ ਵਰਤੇ ਗਏ। ਇਹਦਾ ਮਤਲਬ ਇਹ ਨਹੀਂ ਕਿ ਗੁਰੂ ਦਾ ਫੁਰਮਾਨ ਹੌਲਾ ਪੈ ਗਿਆ, ਫਿਰ ਵੀ ਜਦੋਂ ਉਹ ਇਸ ਗੱਲ ਦੀ ਪੜਚੋਲ ਕਰਨ ਲਈ ਬਾਣੀ ਪੜ੍ਹਨ ਤਾਂ ਸਤਿਗੁਰੂ ਦੀ ਪਰਿਭਾਸ਼ਾ ਗੁਰੂ ਦੇ ਮੁਤਾਬਕ ਦੇਖ ਲੈਣ:

ਸਤਿਗੁਰੁ ਪੁਰਖੁ ਅੰਗਮੁ ਹੈ
ਜਿਸੁ ਅੰਦਰਿ ਹਰਿ ਉਰਿ ਧਾਰਿਆ॥
ਸਤਿਗੁਰੂ ਕੋ ਅਪੜਿ ਕੋਇ ਨ ਸਕਈ
ਜਿਸੁ ਵਲਿ ਸਿਰਜਣਹਾਰਿਆ॥

ਗੁਰੂ ਸਾਹਿਬ ਤਾਂ ਕਹਿੰਦੇ ਨੇ ਕਿ ਸਤਿਗੁਰੂ ਵਲ ਤੇ ਕੋਈ ਅੱਪੜ ਹੀ ਨਹੀਂ ਸਕਦਾ ਕਿਉਂਕਿ ਉਸ ਦੀ ਖੜਗ ਤੇ ਸੰਜੋਅ ਪਰਮਾਤਮਾ ਦਾ ਨਾਂ ਹੈ, ਫਿਰ ਧਰਤੀ 'ਤੇ ਤੁਰੇ ਫਿਰੇ 'ਸਤਿਗੁਰੂ' ਹਕੂਮਤ ਪਾਸੋਂ ਆਪਣੀ ਸੁਰੱਖਿਆ ਦਾ ਵਜ਼ੀਫਾ ਕਿਉਂ ਮੰਗਦੇ ਨੇ, ਤੇ ਅੰਗ ਰੱਖਿਅਕਾਂ ਤੋਂ ਬਿਨਾ ਇਕ ਪੈਰ ਵੀ ਨਹੀਂ ਪੁੱਟਦੇ।

ਮੇਰੀ ਬੇਨਤੀ ਹੈ, ਗੁਰੂ ਨੂੰ ਮੰਨਣ ਵਾਲਿਆਂ ਅੱਗੇ ਕਿ ਜਦੋਂ ਸਾਡੇ ਕੋਲ 1430 ਪੱਤਰਿਆਂ ਉਤੇ ਉਕਰਿਆ ਗੁਰੂ ਦਾ ਫੁਰਮਾਨ ਹੈ, ਤਾਂ ਅਸੀਂ ਕਿਸੇ ਤੀਸਰੇ ਦੀ ਆਖੀ ਗੱਲ ਨੂੰ ਤਰਜੀਹ ਨਾ ਦਈਏ। ਇਸ ਨਾਲ ਨਵੇਂ ਭੰਬਲਭੂਸੇ ਤੇ ਬਹਿਸਾਂ ਦੇ ਵਿਸ਼ੇ ਛਿੜਦੇ ਨੇ। ਅਸੀਂ ਅਖੰਡ ਪਾਠ ਕਰਾਉਣ ਜਾਂ ਫਿਰ ਹਰ ਮਹੀਨੇ ਸਹਿਜ ਪਾਠ ਦੀ ਸਮਾਪਤੀ ਦੇ ਦਮਗਜੇ ਨਾ ਮਾਰੀਏ। ਬਾਣੀ ਅਰਾਮ ਨਾਲ ਪੜ੍ਹੀਏ ਤਾਂ ਕਿ ਭਰਮ ਫੈਲਾਉਣ ਵਾਲੇ ਸਾਡੇ ਅੰਦਰ ਬੇਹੂਦਾ ਬਹਿਸਾਂ ਦੇ ਵਿਸ਼ੇ ਨਾ ਪੈਦਾ ਕਰ ਸਕਣ। ਅਸੀਂ ਬਹਿਸਾਂ ਕਰਦੇ ਹਾਂ ਤਾਂ ਪੱਗਾਂ ਲਹਿੰਦੀਆਂ ਨੇ। ਅਸੀਂ ਗੋਸ਼ਟੀਆਂ ਕਰੀਏ ਤਾਂ ਜੋ ਇਕਸੁਰਤਾ ਪੈਦਾ ਹੋਵੇ। ਗੁਰੂ ਦਾ ਹੁਕਮ ਹੈ, ਸਾਵਧਾਨ ਤੇ ਇਕਾਗਰ ਚਿਤ ਹੋ ਕੇ ਗੁਰੂ ਦੀ ਉਸਤਤ ਕਰਨ ਦਾ। ਜੇ ਅਸੀਂ ਏਦਾਂ ਕਰ ਜਾਂਦੇ ਤਾਂ ਜਦੋਂ ਕੋਈ ਮਾਸ ਦਾ ਵਿਸ਼ਾ ਛੇੜੇ ਤਾਂ ਸਾਨੂੰ ਪਤਾ ਹੋਵੇ ਕਿ ਗੁਰੂ ਸਾਹਿਬ ਕਹਿੰਦੇ ਨੇ:

ਮਾਸੁ ਮਾਸੁ ਕਰਿ ਮੂਰਖੁ ਝਗੜੇ
ਗਿਆਨੁ ਧਿਆਨੁ ਨਹੀ ਜਾਣੈ॥

ਜੇ ਕੋਈ ਦਸਮ ਗ੍ਰੰਥ ਦਾ ਵਿਸ਼ਾ ਛੇੜਦਾ ਹੈ ਤਾਂ ਸਾਨੂੰ ਪਤਾ ਹੋਵੇ ਕਿ ਦਸਮ ਪਾਤਸ਼ਾਹ ਨੇ ਆਪ ਹੀ ਹੁਕਮ ਲਾਇਆ ਹੈ:

ਗੁਰੂ ਮਾਨਿਓ ਗ੍ਰੰਥ।

ਅਤੇ ਕੇਸ ਕਿਉਂ ਰੱਖਣੇ ਨੇ, ਕਿਉਂਕਿ ਗੁਰੂ ਨੇ ਰੱਖੇ ਨੇ, ਕਿਉਂਕਿ ਗੁਰੂ ਦਾ ਫੁਰਮਾਨ ਹੈ, ਕਿਉਂਕਿ ਗੁਰੂ ਆਪ ਕਹਿੰਦੇ ਨੇ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥

## ਹਾਏ! ਕਿੱਥੇ ਮੇਰਾ ਪੰਜਾਬ?

ਪਹੁ ਫੁਟਾਲਾ ਦਿਨ ਚੜ੍ਹ ਆਇਆ।
ਸੂਰਜ ਨੇ ਆ ਕੁੰਡਾ ਖੜਕਾਇਆ।
ਚਿੜੀਆਂ ਦੀ ਚੂੰ ਚੂੰ ਨਹੀਂ ਸੁਣਦੀ।
ਘੁੱਗੀਆਂ ਦੀ ਘੂੰ ਘੂੰ ਨਹੀਂ ਸੁਣਦੀ।
ਤੋਤੇ ਦੀ ਟੈਂਅ ਟੈਂਅ ਨਾ ਸੁਣਦੀ।
ਕਬੂਤਰ ਦੀ ਗੁਟਰਗੂੰ ਨਾ ਸੁਣਦੀ।

ਚਾਟੀ ਵਿਚ ਮਧਾਣੀ ਨਾ ਲੱਭਦੀ।
ਸੁਖਮਨੀ ਦੀ ਬਾਣੀ ਨਾ ਲੱਭਦੀ।
ਕੁੱਕੜ ਬਾਂਗੇ ਨਾ ਤੁਰਦੇ ਹਾਲੀ।
ਬੈਲਾਂ ਦੇ ਗਲ ਨਾ ਹਲ ਪੰਜਾਲੀ।
ਗੁੰਮ ਹੋਈ ਟੱਲੀਆਂ ਦੀ ਟਣ ਟਣ।
ਗੋਰੀ ਦੀ ਝਾਂਜਰ ਦੀ ਛਣ ਛਣ।

ਨਾ ਹਲਟ ਦੇ ਕੁੱਤੇ ਦੀ ਟਿੱਕ ਟਿੱਕ।
ਮੁੱਕੀ ਰੇਲ ਗੱਡੀ ਦੀ ਛਿੱਕ ਛਿੱਕ।
ਖੂਹੀਂ ਨਹੀਂ ਸੁਣਦੇ ਢੋਲੇ ਮਾਹੀਏ।
ਨ ਛੰਦ ਪਰਾਗੇ ਆਈਏ ਜਾਈਏ।
ਨਾ ਗੱਭਰੂ ਕੱਢਦੇ ਡੰਡ ਬੈਠਕਾਂ।
ਨਸ਼ੇ ਵਾਲੇ ਬੱਸ ਮਾਰਨ ਸੈਨਤਾਂ।

ਸੁਣਦਾ ਹੈ ਹੁਣ ਸਭ ਪਾਸੇ ਸ਼ੋਰ।
ਲਾਊਡ ਸਪੀਕਰਾਂ ਦਾ ਪੂਰਾ ਜ਼ੋਰ।
ਸੀ. ਡੀ. ਐਪ ਨੇ ਲਾਈ ਰੱਖਦੇ।
ਬੱਸ ਕਾਂਵਾਂ ਰੌਲੀ ਨੇ ਪਾਈ ਰੱਖਦੇ।
ਰਸਨਾ ਨਾਲ ਨਾ ਹੁਣ ਗਾਵੇ ਬਾਣੀ।
ਜਾਣੋ ਮਸ਼ੀਨੀ ਹੋ ਗਏ ਨੇ ਪ੍ਰਾਣੀ।

ਕਿੱਥੇ ਗੁਆਚਿਆ ਹੈ ਉਹ ਸਵੇਰਾ?
ਜਿੱਥੇ ਬੀਤਿਆ ਸੀ ਬਚਪਨ ਮੇਰਾ।
ਮੈਨੂੰ ਹੁਣ ਉਹ ਪੰਜਾਬ ਨਾ ਜਾਪੇ।
ਆਉਂਦਾ ਵਿਚ ਖੁਆਬ ਨਾ ਜਾਪੇ।
ਸੁੱਤਾ ਉਠ ਕੇ ਮੈਂ ਭਾਲਣ ਤੁਰਿਆ।
ਮੂੰਹ ਲਟਕਾਅ ਘਰ ਨੂੰ ਮੁੜਿਆ।

**-ਸੇਵਾ ਸਿੰਘ ਨੂਰਪੁਰੀ**

---

## ਕੁਰਬਾਨੀ

ਰੱਬ ਨੇ ਆਦਮ ਤੇ ਈਵ ਨੂੰ ਕਿਹਾ,
'ਤੁਸਾਂ ਮੇਰਾ ਹੁਕਮ ਨਹੀਂ ਮੰਨਿਆ
ਤੁਹਾਨੂੰ ਸਵਰਗ ਤੋਂ ਨਿਕਲਣਾ ਪਏਗਾ।'

ਆਦਮ ਈਵ ਤੋਂ ਵੱਡਾ ਸੀ, ਸਿਆਣਾ ਸੀ।
ਜਾਣਦਾ ਸੀ, 'ਪਰਮਾਤਮਾ ਬਖਸ਼ਿੰਦ ਹੈ',
ਪਰ ਉਹਨੇ ਰਹਿਮ ਨਹੀਂ ਮੰਗਿਆ।

ਸੋਚਿਆ,
'ਇਕ ਸਵਰਗ ਦੇ ਬਦਲੇ
ਔਰਤ ਨੂੰ ਇਕੱਲਿਆਂ ਛੱਡ ਦੇਣਾ
ਆਦਮ ਲਈ ਜਾਇਜ਼ ਨਹੀਂ।'
ਇਹ ਮਰਦ ਦੀ, ਔਰਤ ਪ੍ਰਤੀ
ਪਹਿਲੀ ਕੁਰਬਾਨੀ ਸੀ।

**-ਜੇ. ਬੀ. ਸਿੰਘ ਕੈਂਟ, ਵਾਸ਼ਿੰਗਟਨ**
**ਫੋਨ: 253-508-9805**

# ਟੋਭਾ ਟੇਕ ਸਿੰਘ

**ਸਫਰਨਾਮਾ**

**ਚਰਨਜੀਤ ਸਿੰਘ ਪੰਨੂ**

'ਟੋਭਾ ਟੇਕ ਸਿੰਘ' ਸਾਡੇ ਪਹਿਲਾਂ ਨਿਰਧਾਰਿਤ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਸੀ, ਪਰ ਨੇੜੇ ਆ ਕੇ ਇਸ ਨੂੰ ਨਾ ਵੇਖ ਕੇ ਲੰਘਣਾ ਮੈਨੂੰ ਆਪਣੇ ਆਪ ਵਿਚ ਕੋਤਾਹੀ ਜਿਹੀ ਮਹਿਸੂਸ ਹੋਈ। ਸਾਡੇ ਗਾਈਡਾਂ ਨੇ ਵੀ ਮੇਰੇ ਜਜ਼ਬਾਤ ਦੀ ਕਦਰ ਕੀਤੀ। ਉਨ੍ਹਾਂ ਦੱਸਿਆ ਕਿ ਬਹੁਤਾ ਫਰਕ ਨਹੀਂ ਪੈਂਦਾ, ਅਸੀਂ ਉਸ ਰਸਤੇ ਵੀ ਜਾ ਸਕਦੇ ਹਾਂ।

ਹਰੇ-ਭਰੇ ਦਾਣਿਆਂ ਭਰਪੂਰ ਲਹਿਲਹਾਉਂਦੇ ਖੇਤ, ਭਰੇ-ਭਰਾਏ ਬਾਜ਼ਾਰ ਤੇ ਪੰਜਾਬੀ ਰੌਣਕ ਮੇਲੇ ਵਾਲੇ ਭੀੜ-ਭੜੱਕੇ ਵਿਚੋਂ ਲੰਘਦੇ ਸਾਨੂੰ ਬਹੁਤ ਮਾਨਸਿਕ ਸਕੂਨ ਮਿਲਿਆ। ਟੋਭਾ, ਖੂਹ ਤੇ ਧੜਕਦੇ ਹੁਸਨ ਵਾਲਾ ਲਹਿਲਹਾਉਂਦਾ ਵਿਸ਼ਾਲ ਪਾਰਕ ਵੇਖ ਕੇ ਕਹੀ ਹੱਥ ਵਿਚ ਫੜੀ ਟੋਆ ਪੁੱਟਦਾ, ਮੱਥੇ ਦਾ ਪਸੀਨਾ ਪੂੰਝਦਾ ਇਕ ਸਰਦਾਰ ਟੇਕ ਸਿੰਘ ਸਾਡੇ ਸਾਹਮਣੇ ਪ੍ਰਤੱਖ ਖੜ੍ਹਾ ਹੋ ਗਿਆ।

ਅੱਜ ਦੇ ਪਾਕਿਸਤਾਨ ਦਾ ਬਹੁਤਾ ਹਿੱਸਾ ਉਦੋਂ ਵੀਰਾਨ ਬੀਆਬਾਨ ਤੇ ਡਰਾਉਣੇ ਜੰਗਲ ਨਾਲ ਭਰਿਆ ਪਿਆ ਸੀ। ਇਸ ਇਲਾਕੇ ਨੂੰ ਬਾਰ ਆਖਦੇ ਸਨ। ਇਨ੍ਹਾਂ ਨੂੰ ਕਈ ਨਾਂਵਾਂ ਨਾਲ ਨਾਮਕਰਨ ਕੀਤਾ ਗਿਆ। ਸਾਂਦਲ ਬਾਰ ਵਿਚ ਹੁਣ ਪਾਕਿਸਤਾਨ ਦੇ ਤਿੰਨ ਜਿਲੇ ਆਉਂਦੇ ਹਨ-ਝੰਗ, ਟੋਭਾ ਟੇਕ ਸਿੰਘ ਅਤੇ ਫੈਸਲਾਬਾਦ/ਲਾਇਲਪੁਰ।

ਇਕ ਪ੍ਰਚਲਿਤ ਕਹਾਣੀ ਅਨੁਸਾਰ ਇਸ ਇਲਾਕੇ 'ਤੇ ਭੱਟੀਆਂ ਦੇ ਸਰਦਾਰ ਸਾਂਦਲ ਭੱਟੀ ਦਾ ਕਬਜ਼ਾ ਸੀ, ਜਿਸ ਨੇ ਜੰਗਲ ਦਾ ਕੁਝ ਇਲਾਕਾ ਪੁੱਟ ਕੇ ਵਾਹੀਯੋਗ ਬਣਾਇਆ ਸੀ। ਉਹ ਪੰਜਾਬ ਦੇ ਲੋਕ ਨਾਇਕ ਦੁੱਲਾ ਭੱਟੀ ਦਾ ਦਾਦਾ ਸੀ। ਗੋਰੀ ਸਰਕਾਰ ਨੇ ਉਸ 'ਤੇ ਭਾਰੀ ਲਗਾਨ ਠੋਕ ਦਿੱਤਾ, ਜੋ ਉਸ ਨੇ ਦੇਣ ਤੋਂ ਨਾਂਹ ਕਰ ਦਿੱਤੀ। ਉਹ ਪਰਿਵਾਰ ਹਕੂਮਤ ਤੋਂ ਬਾਗੀ ਮੰਨਿਆ ਜਾਣ ਲੱਗਾ। ਸਾਂਦਲ ਨੂੰ ਹਕੂਮਤ ਦੀ ਹੁਕਮ ਅਦੂਲੀ ਦੇ ਦੋਸ਼ ਹੇਠ ਫਾਹੇ ਲਾ ਦਿੱਤਾ ਗਿਆ।

ਅੰਗਰੇਜ਼ਾਂ ਨੇ ਬਾਗੀਆਂ ਦੀਆਂ ਇਹ ਪਨਾਹਗਾਹਾਂ ਖਤਮ ਕਰਨ ਲਈ ਸਕੀਮਾਂ ਘੜੀਆਂ। ਅੱਜ ਦੇ ਪੂਰਬੀ ਪੰਜਾਬ ਵਿਚੋਂ ਕਿਸਾਨਾਂ ਨੂੰ ਕਈ ਕਿਸਮ ਦੇ ਲਾਲਚ ਦੇ ਕੇ ਇੱਧਰ ਲਿਆ ਕੇ ਵਸਾਇਆ। ਖਾਸ ਤੌਰ 'ਤੇ ਫੌਜੀ ਜਾਂ ਅੰਗਰੇਜ਼ ਹਕੂਮਤ ਦੇ ਖੈਰਖਵਾਹਾਂ ਨੂੰ ਇੱਧਰ ਮੁਰੱਬੇ ਅਲਾਟ ਕੀਤੇ ਗਏ। ਪੰਜਾਬ ਦੇ ਕਿਸਾਨਾਂ ਨੇ ਆਪਣੀ ਮਿਹਨਤ ਸਦਕਾ ਇਸ ਖੇਤਰ ਨੂੰ ਹਰਿਆਉਲੀ ਖੁਸ਼ਹਾਲੀ ਵਿਚ ਤਬਦੀਲ ਕਰ ਦਿੱਤਾ।


ਟੋਭਾ ਟੇਕ ਸਿੰਘ ਨੂੰ ਆਧਾਰ ਬਣਾ ਕੇ ਉਘੇ ਕਹਾਣੀਕਾਰ ਸਆਦਤ ਹਸਨ ਮੰਟੋ ਨੇ 'ਟੋਭਾ ਟੇਕ ਸਿੰਘ' ਸੁੰਦਰ ਕਹਾਣੀ ਲਿਖੀ, ਜੋ ਮੁਲਕ ਦੀ ਵੰਡ ਬਾਰੇ ਅਜ਼ੀਮ ਸ਼ਾਹਕਾਰ ਅਫਸਾਨਾ ਮੰਨਿਆ ਜਾਂਦਾ ਹੈ। ਵੰਡ ਵੇਲੇ ਸਾਰੇ ਪਾਗਲ ਜਾਂ ਪਾਗਲ ਕਿਸਮ ਦੇ ਵਿਅਕਤੀ ਪਾਗਲਖਾਨਿਆਂ ਵਿਚ ਬੰਦ ਕਰ ਦਿੱਤੇ ਗਏ ਸਨ। ਟੋਭਾ ਟੇਕ ਸਿੰਘ ਦਾ ਰਹਿਣ ਵਾਲਾ ਇਕ ਪਾਗਲ ਬਿਸ਼ਨ ਸਿੰਘ 1947 ਦੀ ਵੰਡ ਵੇਲੇ ਜੋ ਪਾਗਲਖਾਨੇ ਵਿਚ ਦਾਖਲ ਸੀ, ਨੂੰ ਪੰਜਾਬ ਭੇਜਣ ਲਈ ਤਿਆਰ ਕਰਦੇ ਹਨ। ਉਹ ਹਿੰਦੁਸਤਾਨ ਨਹੀਂ ਜਾਣਾ ਚਾਹੁੰਦਾ, ਕਿਉਂਕਿ ਉਥੇ ਟੋਭਾ ਟੇਕ ਸਿੰਘ ਨਹੀਂ। ਉਹ ਵਾਰ ਵਾਰ ਪੁੱਛਦਾ ਹੈ, "ਟੋਭਾ ਟੇਕ ਸਿੰਘ ਕਿੱਥੇ ਹੈ?" ਉਸ ਦਾ ਗਰਾਈਂ ਫਜ਼ਲਦੀਨ ਉਸ ਨੂੰ ਦੱਸਦਾ ਹੈ ਕਿ ਉਹ ਪਾਕਿਸਤਾਨ ਵਿਚ ਹੀ ਹੈ।

ਅਖੀਰ ਉਸ ਨੂੰ ਝੂਠੀ-ਮੂਠੀ ਕਹਿ ਦਿੰਦੇ ਹਨ ਕਿ ਤੂੰ ਚਲੇ ਜਾਹ, ਟੋਭਾ ਟੇਕ ਸਿੰਘ ਨੂੰ ਵੀ ਤੁਰੰਤ ਹਿੰਦੁਸਤਾਨ ਭੇਜ ਦਿੱਤਾ ਜਾਵੇਗਾ। ਇਹ ਕੁਫਰ ਉਸ ਦੇ ਖਾਨੇ ਨਹੀਂ ਪਿਆ। ਅਖੀਰ ਟੋਭਾ ਟੇਕ ਸਿੰਘ ਨੂੰ ਯਾਦ ਕਰਦਾ ਉਹ ਪ੍ਰਾਣ ਤਿਆਗ ਦਿੰਦਾ ਹੈ।

ਇਕ ਸਦੀ ਪਹਿਲਾਂ ਦਿੱਲੀ ਤੋਂ ਕਾਬਲ ਵਾਲੀ ਜਰਨੈਲੀ ਸੜਕ 'ਤੇ ਇਸ ਸਥਾਨ 'ਤੇ ਪਸ਼ੂਆਂ ਦੀਆਂ ਕਈ ਖੁੱਲ੍ਹੀਆਂ ਚਰਾਂਦਾਂ ਸਨ, ਜਿਨ੍ਹਾਂ ਨੂੰ ਰਵਾਨਾ ਕਿਹਾ ਜਾਂਦਾ ਸੀ। ਸਰਕਾਰ ਵੱਲੋਂ ਇਸ ਦੀ ਨਿਗਰਾਨੀ ਵਾਸਤੇ ਚੌਕੀਦਾਰ ਰੱਖੇ ਗਏ। ਇਸ ਚਰਾਂਦ ਲਈ ਜਿਹੜਾ ਚੌਕੀਦਾਰ ਰੱਖਿਆ ਗਿਆ, ਉਸ ਦਾ ਨਾਂ ਟੇਕ ਸਿੰਘ ਸੀ। ਉਹ ਬਹੁਤ ਹੀ ਮਿਹਨਤੀ, ਅਦਨਾ ਤੇ ਜ਼ਿੰਮੇਵਾਰ ਗੁਰਸਿੱਖ ਸੀ। ਉਸ ਨੂੰ ਤਿੰਨ ਰੁਪਏ ਮਹੀਨਾ ਤਨਖਾਹ ਦਿੱਤੀ ਜਾਂਦੀ ਸੀ। ਇੱਥੇ ਯਾਤਰੂਆਂ ਦੀ ਪੈਦਲ ਆਵਾਜਾਈ ਬਹੁਤ ਸੀ। ਟੇਕ ਸਿੰਘ ਨੇ ਦੇਖਿਆ ਕਿ ਮੁਸਾਫਰਾਂ ਦੇ ਆਰਾਮ ਲਈ ਛਾਂ, ਥਾਂ ਤੇ ਪੀਣ ਲਈ ਪਾਣੀ ਉਪਲਬਧ ਨਹੀਂ ਹੈ। ਉਸ ਨੂੰ ਇਕ ਫੁਰਨਾ ਫੁਰਿਆ। ਉਸ ਨੇ ਆਪਣੀ ਤਨਖਾਹ ਵਿਚੋਂ ਭੁੱਜੇ ਛੋਲੇ ਖਰੀਦਣੇ ਤੇ ਨਾਲ ਘੜਿਆਂ ਵਿਚ ਪਾਣੀ ਭਰ ਕੇ ਰੱਖਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਰਾਹਗੀਰਾਂ ਨੂੰ ਲੋੜ ਅਨੁਸਾਰ ਖਾਣਾ-ਪਾਣੀ ਮਿਲ ਜਾਂਦਾ। ਉਹ ਦਿਆਲੂ ਚੌਕੀਦਾਰ ਫੁਰਸਤ ਸਮੇਂ ਕਹੀ ਲੈ ਕੇ ਆਪ ਹੀ ਟੋਆ ਪੁੱਟਣ ਲੱਗਾ।

ਟੇਕ ਸਿੰਘ ਨੇ ਯਾਤਰੀਆਂ ਨੂੰ ਦੱਸਿਆ ਕਿ ਉਹ ਇੱਥੇ ਇਕ ਟੋਭਾ ਪੁੱਟ ਰਿਹਾ ਹੈ ਤਾਂ ਜੋ ਮੀਂਹ ਦਾ ਪਾਣੀ ਜਮ੍ਹਾ ਕੀਤਾ ਜਾ ਸਕੇ। ਉਸ ਦੀ ਨਿਸ਼ਕਾਮ ਸੇਵਾ ਦੇਖ ਕੇ ਰਾਹਗੀਰ ਵੀ ਉਸ ਦੀ ਮਦਦ ਕਰਨ ਲੱਗ ਪਏ। ਆਖਰ ਇਕ ਡੂੰਘਾ ਟੋਭਾ ਪੁੱਟਿਆ ਗਿਆ। ਮੀਂਹ ਦਾ ਪਾਣੀ ਜਮਾਂ ਹੋਣ ਤੋਂ ਬਾਅਦ ਟੇਕ ਸਿੰਘ ਨੇ ਆਸੇ ਪਾਸੇ ਦਰਖਤ ਲਾ ਦਿੱਤੇ। ਇਸ ਤਰ੍ਹਾਂ ਇਹ ਜਗ੍ਹਾ ਹਰਿਆਲੀ ਭਰਪੂਰ ਬੜੀ ਮਨਮੋਹਣੀ ਰਮਣੀਕ ਹੋ ਗਈ। ਯਾਤਰੀ ਇੱਥੇ ਆਰਾਮ ਕਰਦੇ ਉਸ ਨੂੰ ਅਸੀਸਾਂ ਦਿੰਦੇ ਗੁਣ ਗਾਉਂਦੇ ਰਹਿੰਦੇ। ਇਸ ਤਰ੍ਹਾਂ ਇਸ ਬਣਾਈ ਸਵਾਰੀ ਜਗ੍ਹਾ ਨੂੰ ਟੇਕ ਸਿੰਘ ਦਾ ਟੋਭਾ ਕਿਹਾ ਜਾਣ ਲੱਗਾ। ਅੰਗਰੇਜ਼ ਅਧਿਕਾਰੀਆਂ ਨੂੰ ਵੀ ਉਸ ਦੀ ਸਕੀਮ ਭਾਅ ਗਈ। ਉਨ੍ਹਾਂ ਨੇ ਉਸ ਨੂੰ ਮਾਣ ਸਨਮਾਨ ਦੇ ਕੇ ਨਿਵਾਜਿਆ। ਇੱਥੇ ਵਸੋਂ ਵਸਾਉਣੀ ਅਰੰਭ ਕੀਤੀ ਤੇ ਨਹਿਰਾਂ ਦਾ ਪ੍ਰਬੰਧ ਕਰ ਦਿੱਤਾ। ਨਹਿਰ ਕੱਢਣ ਨਾਲ ਇਹ ਬੰਜਰ ਇਲਾਕਾ ਬਹੁਤ ਉਪਜਾਊ ਹੋ ਗਿਆ। ਲੋਕ ਇੱਥੇ ਧੜਾਧੜ ਆ ਕੇ ਵੱਸਣ ਲੱਗੇ।

ਇੱਥੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਭਾਰਤ ਨੂੰ ਅੰਗਰੇਜ਼ਾਂ ਨੇ ਗੁਲਾਮ ਹੀ ਨਹੀਂ ਬਣਾਇਆ ਸਗੋਂ ਇਸ ਦੀ ਕਿਸਮਤ ਵੀ ਸਵਾਰੀ। ਭਾਰਤ ਹਜ਼ਾਰਾਂ ਸਾਲਾਂ ਤੋਂ ਗੁਲਾਮ ਚੱਲਿਆ ਆ




ਰਿਹਾ ਸੀ। ਉਹ ਮਨੁੱਖ ਦੇ ਪਾਰਖੂ ਕੰਮ ਦੀ ਕਦਰ ਕਰਨ ਵਾਲੇ ਸਨ। ਅੰਗਰੇਜ਼ਾਂ ਤੋਂ ਪਹਿਲਾਂ ਜਿਹੜੇ ਧਾੜਵੀ ਆਏ, ਉਹ ਬਗਾਵਤਾਂ ਦਬਾਉਂਦੇ, ਇਲਾਕੇ ਮੱਲ ਕੇ ਲੁੱਟ ਪੁੱਟ ਕੇ ਲੈ ਜਾਂਦੇ ਰਹੇ। ਬਰਤਾਨਵੀ ਅੰਗਰੇਜ਼ ਵੀ ਭਾਵੇਂ ਭਾਰਤ ਦਾ ਬਹੁਤ ਸਾਰਾ ਸੋਨਾ ਤੇ ਹੋਰ ਉਪਜ ਜਹਾਜ ਭਰ ਕੇ ਇੰਗਲੈਂਡ ਲਿਜਾਂਦੇ ਰਹੇ ਪਰ ਉਨ੍ਹਾਂ ਨੇ ਭਾਰਤ ਨੂੰ ਰਾਜਨੀਤਕ, ਆਰਥਿਕ, ਸਭਿਆਚਾਰਕ ਪੱਖੋਂ ਵੀ ਲਾਹੇਵੰਦ ਗੁੜ੍ਹਤੀ ਦਿੱਤੀ। ਉਨ੍ਹਾਂ ਨੇ ਸਭ ਲਈ ਸਕੂਲ, ਕਾਲਜ ਖੋਲ੍ਹੇ। ਲੜਕੀਆਂ ਲਈ ਪੜ੍ਹਾਈ ਦਾ ਪ੍ਰਬੰਧ ਕੀਤਾ। ਡਾਕਖਾਨੇ, ਡਿਸਪੈਂਸਰੀਆਂ, ਹਸਪਤਾਲ, ਯਤੀਮ-ਖਾਨੇ ਖੋਲ੍ਹੇ, ਸੜਕਾਂ, ਨਹਿਰਾਂ, ਰੇਲਾਂ ਦਾ ਜਾਲ ਬੁਣ ਦਿੱਤਾ। ਖੇਤੀ ਤੇ ਉਦਯੋਗ ਨੂੰ ਪ੍ਰਫੁਲਿਤ ਕਰਨ ਲਈ ਕਈ ਮਨਸੂਬੇ ਬਣਾਏ। ਉਨ੍ਹਾਂ ਪੁਲ ਉਸਾਰੇ, ਮੰਡੀਆਂ ਸਥਾਪਤ ਕੀਤੀਆਂ, ਅਦਾਲਤਾਂ, ਥਾਣੇ, ਸਥਾਪਤ ਕੀਤੇ। ਕਾਨੂੰਨ ਸਾਹਮਣੇ ਬ੍ਰਾਹਮਣ-ਸ਼ੂਦਰ ਨੂੰ ਬਰਾਬਰ ਖੜ੍ਹਾ ਕੀਤਾ। ਚੋਰੀਆਂ, ਠੱਗੀਆਂ, ਡਾਕਿਆਂ ਨੂੰ ਬੰਨ੍ਹ ਲਾ ਕੇ ਆਵਾਮ ਦੀ ਜ਼ਿੰਦਗੀ ਮਹਿਫੂਜ਼ ਕੀਤੀ। ਲੋਕ ਸੁਖ ਦੀ ਨੀਂਦ ਸੌਣ ਲੱਗੇ। ਉਹ ਇਨਸਾਫ ਪਸੰਦ ਸਨ, ਨਿਰਪੱਖ ਸਨ, ਵਕਤ ਦੇ ਪਾਬੰਦ ਸਨ। ਭੀੜ-ਭੜੱਕਾ ਰੋਕਣ ਵਾਸਤੇ ਉਨ੍ਹਾਂ ਨੇ ਸੜਕ ਦੇ ਖੱਬੇ ਪਾਸੇ ਚੱਲਣ ਦਾ ਰਿਵਾਜ ਪਾਇਆ। ਉਨ੍ਹਾਂ ਨੇ ਮਾਡਰਨ ਪਿੰਡ, ਸ਼ਹਿਰ ਵਸਾਏ ਤੇ ਹਰੇਕ ਦੀ ਪਹੁੰਚ ਵਾਲੀ ਸੌਖੀ ਸਰਲ ਇਲਾਜ ਪ੍ਰਣਾਲੀ ਲਾਗੂ ਕੀਤੀ।

ਅੰਗਰੇਜ਼ ਭਾਵੇਂ ਮੁਲਕਾਂ ਨੂੰ ਫਤਿਹ ਕਰਦੇ ਰਹੇ, ਪਰ ਉਨ੍ਹਾਂ ਬਾਰੇ ਇਹ ਧਾਰਨਾ ਅਜੇ ਤੱਕ ਪ੍ਰਚਲਤ ਹੈ ਕਿ ਉਹ ਬਹੁਤ ਇਨਸਾਫਪਸੰਦ ਤੇ ਵਿਗਿਆਨਕ ਦ੍ਰਿਸ਼ਟੀ ਵਾਲੇ ਹਨ। ਉਨ੍ਹਾਂ ਨੇ ਦਿਭ ਦ੍ਰਿਸ਼ਟੀ ਰਾਹੀਂ ਆਪਣੀਆਂ ਗੁਲਾਮ ਬਸਤੀਆਂ ਤੇ ਦੇਸ਼ਾਂ ਦਾ ਭਰਵਾਂ ਵਿਕਾਸ ਕੀਤਾ, ਕਰਵਾਇਆ। ਪਰਜਾ ਦੀ ਸਹੂਲਤ ਵਾਸਤੇ ਲੋੜ ਅਨੁਸਾਰ ਬਹੁਤ ਸਾਰੇ ਵੱਡੇ ਪ੍ਰਾਜੈਕਟ ਉਲੀਕੇ ਤੇ ਸਿਰੇ ਚੜ੍ਹਾਏ। ਜਨਤਾ ਨੂੰ ਵਿੱਦਿਆ ਰਾਹੀਂ ਆਪਣੇ ਸਭਿਆਚਾਰ, ਸਭਿਅਤਾ ਅਤੇ ਇਤਿਹਾਸਕ ਵਿਰਸੇ ਤੋਂ ਜਾਣੂੰ ਕਰਾਉਂਦੇ ਰਹੇ। ਰੇਲਾਂ, ਸੜਕਾਂ ਤੇ ਨਹਿਰਾਂ ਦੇ ਜਾਲ ਜੋ ਉਨ੍ਹਾਂ ਵਿਛਾਏ, ਦਾ ਅਜੇ ਤੱਕ ਕੋਈ ਰਿਕਾਰਡ ਨਹੀਂ ਤੋੜ ਸਕਿਆ।

ਅੰਗਰੇਜ਼ਾਂ ਨੇ ਕੰਮ ਕਰਨ ਵਾਲੇ ਮਿਹਨਤਕਸ਼ਾਂ ਦੀ ਕਦਰ ਪਾਉਣ ਦਾ ਰਿਵਾਜ ਚਾਲੂ ਕੀਤਾ। ਉਸ ਵੇਲੇ ਬਸਤੀਵਾਦ ਨੇ ਸਾਰੀ ਦੁਨੀਆਂ ਨੂੰ ਆਪਣੀ ਬੁੱਕਲ ਵਿਚ ਲੈ ਲਿਆ ਹੋਇਆ ਸੀ। ਉਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਡੁੱਬਦਾ। ਅੰਗਰੇਜ਼ਾਂ ਦੀ ਇਹ ਖੂਬੀ ਰਹੀ ਹੈ ਕਿ ਉਹ ਜਿੱਥੇ ਜਿੱਥੇ ਵੀ ਗਏ, ਉਨ੍ਹਾਂ ਬੰਜਰ ਧਰਤੀ ਦੀ ਉਪਜਾਊ ਸਮਰੱਥਾ ਪਛਾਣ ਕੇ ਸੋਨਾ ਢਾਲਣ ਵਾਲੀ ਮਸ਼ੀਨ ਬਣਾ ਦਿੱਤਾ। ਬੜੀ ਇਮਾਨਦਾਰੀ ਨਾਲ ਉਨ੍ਹਾਂ ਉਸ ਦੇਸ਼ ਜਾਂ ਖਿੱਤੇ ਦੀ ਕਿਸਮਤ ਬਿਹਤਰ ਬਣਾਉਣ ਦੇ ਮਨਸੂਬੇ ਈਜਾਦ ਕੀਤੇ। ਉਨ੍ਹਾਂ ਨੇ ਕੁਦਰਤੀ ਸਰੋਤਾਂ ਦਾ ਮਾਪ ਤੋਲ ਕਰ ਕੇ ਇਨ੍ਹਾਂ ਨੂੰ ਯੋਗ ਢੰਗ ਨਾਲ ਵਰਤਿਆ। ਨਹਿਰਾਂ ਕੱਢ ਕੇ ਬੰਜਰ ਬਰਾਨ ਜਮੀਨਾਂ ਨੂੰ ਜ਼ਰਖੇਜ਼ ਬਣਾ ਦਿੱਤਾ। ਰੇਲਵੇ ਲਾਈਨਾਂ ਦੇ ਜਾਲ ਵਿਛਾ ਕੇ ਆਮ ਪਬਲਿਕ ਦੀ ਆਵਾਜਾਈ ਵਾਸਤੇ ਸਸਤੇ ਤੇ ਸੌਖੇ ਸਾਧਨ ਪੈਦਾ ਕੀਤੇ। ਇਹ ਤੱਥ ਮੈਂ ਅਮਰੀਕਾ, ਕੈਨੇਡਾ, ਕੀਨੀਆ, ਤਨਜ਼ਾਨੀਆ ਆਦਿ ਦੇਸ਼ਾਂ ਦੇ ਭਰਮਣ ਅਤੇ ਇਤਿਹਾਸ ਦੀ ਖੋਜ ਕਰਨ ਪਿੱਛੋਂ ਗ੍ਰਹਿਣ ਕੀਤਾ ਹੈ। ਇਨ੍ਹਾਂ ਬਾਰੇ ਮੈਂ ਆਪਣੇ 'ਕੀਨੀਆ ਸਫਾਰੀ' ਵਿਚ ਵੀ ਵਿਸਥਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੇਸ਼ ਆਜ਼ਾਦ ਹੋ ਗਏ, ਪਰ ਉਹ ਆਪਣੇ ਨਵੇਂ ਸਰੋਤ ਪੈਦਾ ਨਹੀਂ ਕਰ ਸਕੇ ਤੇ ਪੁਰਾਣੇ ਸਰੋਤਾਂ ਨਾਲ ਖੁਸ਼ਹਾਲ ਨਹੀਂ ਹੋ ਸਕੇ। ਉਨ੍ਹਾਂ ਦੀ ਉਨਤੀ ਦਾ ਪਹੀਆਂ ਉਥੇ ਹੀ ਜਾਮ ਹੋ ਗਿਆ ਜਿੱਥੇ ਇਹ ਗੋਰੇ ਛੱਡ ਕੇ ਗਏ ਸਨ। ਆਪਣੀ ਨਵੀਂ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੇ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਖੁੱਭ ਕੇ ਆਮ ਨਾਗਰਿਕ ਇਹ ਕਹਿੰਦਾ ਸੁਣਿਆ ਜਾਂਦਾ ਹੈ ਕਿ ਅਜਿਹੀ ਆਪਣੀ ਸਰਕਾਰ ਨਾਲੋਂ ਤਾਂ ਉਹ ਵਿਦੇਸ਼ੀ ਗੋਰੀ ਸਰਕਾਰ ਹੀ ਲੱਖ ਦਰਜੇ ਬਿਹਤਰ ਸੀ, ਜੋ ਕੰਮ ਵੀ ਕਰਦੀ ਸੀ ਤੇ ਯੋਗ ਇਨਸਾਫ ਵੀ ਦਿੰਦੀ ਸੀ। ਭਾਰਤ ਸਮੇਤ ਨਵੇਂ ਆਜ਼ਾਦ ਦੇਸ਼ਾਂ ਵਿਚ ਉਨਤੀ ਤੇ ਖੁਸ਼ਹਾਲੀ ਨੂੰ ਗ੍ਰਹਿਣ ਲੱਗ ਗਿਆ ਤੇ ਇਨਸਾਫ ਦੀ ਬੋਲੀ ਹੋਣ ਲੱਗੀ। ਕੁਨਬਾਪਰਵਰੀ ਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋ ਗਿਆ। ਅਫਰਾ-ਤਫਰੀ ਤੇ ਅਰਾਜਕਤਾ ਵਧ ਗਈ। ਆਮ ਨਾਗਰਿਕ ਗਰੀਬੀ ਤੇ ਬੇਇਨਸਾਫੀ ਹੇਠਾਂ ਨਪੀੜਿਆ ਗਿਆ। ਇਨਸਾਫ ਦਾ ਤਰਾਜੂ ਕਾਣਾ ਪੈ ਗਿਆ ਤੇ ਫੈਸਲਿਆਂ ਦੀ ਬੋਲੀ ਹੋਣ ਲੱਗ ਪਈ।

ਇਸ ਟੋਭੇ ਵਿਚ ਵੀ ਅੰਗਰੇਜ਼ਾਂ ਵੱਲੋਂ ਯਾਤਰੀਆਂ ਦੀ ਸਹੂਲਤ ਵਾਸਤੇ 1896 ਵਿਚ ਰੇਲਵੇ ਲਾਈਨ ਵਿਛਾ ਦਿੱਤੀ ਗਈ। ਦਿੱਲੀ ਤੋਂ ਇੱਧਰ ਗੱਡੀਆਂ ਲੋਕਾਂ ਦੀ ਢੋ-ਢੁਆਈ ਕਰਨ ਲੱਗੀਆਂ। ਟੇਕ ਸਿੰਘ ਦੀ ਮਿਹਨਤ ਤੇ ਕੁਰਬਾਨੀ ਦੇ ਮਾਣ ਸਤਿਕਾਰ ਤੇ ਮਾਨਤਾ ਵਜੋਂ ਇਸ ਰੇਲਵੇ ਸਟੇਸ਼ਨ ਦਾ ਨਾਂ 'ਟੋਭਾ ਟੇਕ ਸਿੰਘ' ਰੱਖ ਦਿੱਤਾ ਗਿਆ। ਟੇਕ ਸਿੰਘ ਦਾ ਟੋਭਾ, ਟੋਭਾ ਟੇਕ ਸਿੰਘ ਘੁੱਗ ਵੱਸਦਾ ਪਿੰਡ ਬਣ ਗਿਆ। ਫਿਰ ਕਸਬਾ ਤੇ ਹੁਣ ਪਾਕਿਸਤਾਨੀ ਪੰਜਾਬ ਦਾ ਖੁਸ਼ਹਾਲ ਜਿਲਾ ਬਣ ਕੇ ਆਪਣੇ ਸੰਸਥਾਪਕ ਸਰਦਾਰ ਟੇਕ ਸਿੰਘ ਦੀ ਸ਼ੋਭਾ ਵਧਾ ਰਿਹਾ ਹੈ।

ਇੱਥੇ ਸਰਕਾਰ ਨੇ ਇਕ 'ਟੇਕੂ ਪਾਰਕ' ਬਣਵਾ ਕੇ ਇਸ ਦਾ ਇਤਿਹਾਸ ਬੱਚਿਆਂ ਤੱਕ ਪਹੁੰਚਾਉਣ ਦਾ ਰਸਤਾ ਖੋਲ੍ਹ ਦਿੱਤਾ। ਇੱਥੇ ਉਸੇ ਪੁਰਾਣੀ ਤਰਜ਼ 'ਤੇ ਇਸ ਵਿਚ ਬੱਚਿਆਂ ਦੇ ਝੂਲੇ ਤੇ ਹੋਰ ਖੇਲ੍ਹਾਂ ਉਪਲਬਧ ਕਰਵਾਈਆਂ ਗਈਆਂ। ਇਤਿਹਾਸ ਦਰਸਾਉਂਦੀ ਹੋਈ ਝੀਲ, ਟੋਭਾ, ਖੂਹ, ਬੋਹੜ ਦਰਖਤ ਨਾਲ ਇਕ ਪਾਰਕ ਬਣਾਇਆ ਗਿਆ। ਲੋੜ ਅਨੁਸਾਰ ਬਹੁਤ ਸਾਰੇ ਸਕੂਲ, ਕਾਲਜ ਇਸ ਸ਼ਹਿਰ ਦੀ ਸ਼ੋਭਾ ਵਧਾ ਰਹੇ ਹਨ ਤੇ ਨਵੀਂ ਪਨੀਰੀ ਦੇ ਉਜਲ ਭਵਿੱਖ ਲਈ ਕਾਰਗਰ ਹਨ।

ਟੇਕ ਸਿੰਘ ਸਰਦਾਰ ਦਾ ਵਰੋਸਾਇਆ ਹੋਇਆ ਇਹ ਸ਼ਹਿਰ ਅੱਜਕੱਲ੍ਹ ਹਰ ਕੰਮ ਵਿਚ ਅੱਗੇ ਹੈ। ਸਾਰੇ ਪਾਕਿਸਤਾਨ ਦਾ ਗੱਲਾ ਇਹ ਭਰਦਾ ਹੈ ਤੇ ਕਾਰਖਾਨੇ ਦੇਸ਼ ਦੀ ਖੁਸ਼ਹਾਲੀ ਵਿਚ ਭਰਪੂਰ ਯੋਗਦਾਨ ਪਾ ਰਹੇ ਹਨ। ਇਹ ਪਾਕਿਸਤਾਨ ਦੇ ਚੋਟੀ ਦੇ ਦਸ ਅਮਨਪਸੰਦ ਸ਼ਹਿਰਾਂ ਦੀ ਲਿਸਟ ਵਿਚ ਸ਼ਾਮਲ ਹੈ, ਜਿੱਥੋਂ ਦੇ ਮਿਹਨਤੀ ਲੋਕ ਆਪਣੇ ਦਸਾਂ ਨਹੁੰਆਂ ਦੀ ਕਮਾਈ ਕਰਦੇ ਸਰਦਾਰ ਟੇਕ ਸਿੰਘ ਨੂੰ ਅਸੀਸਾਂ ਦਿੰਦੇ ਆਪਣੇ ਦੇਸ਼ ਦਾ ਨਾਂ ਰੌਸ਼ਨ ਕਰ ਰਹੇ ਹਨ।

*('ਮਿੱਟੀ ਦੀ ਮਹਿਕ' ਵਿਚੋਂ)*

# ਗੁਰਦੁਆਰਾ ਲਹਿਰ ਅਤੇ ਸ. ਨਰੈਣ ਸਿੰਘ ਐਮ. ਏ.

ਸ. ਨਰੈਣ ਸਿੰਘ ਐਮ. ਏ. ਦਾ ਜਨਮ 24 ਨਵੰਬਰ 1901 ਨੂੰ ਮੁਲਤਾਨ ਵਿਚ ਹੋਇਆ। ਪਹਿਲਾਂ ਉਨ੍ਹਾਂ ਦੇ ਵਡੇਰਿਆਂ ਦੀ ਰਿਹਾਇਸ਼ ਲਾਹੌਰ ਵਿਚ ਸੀ, ਜੋ ਉਸ ਵਕਤ ਸਾਂਝੇ ਪੰਜਾਬ ਦੀ ਰਾਜਧਾਨੀ ਸੀ। ਬਾਅਦ ਵਿਚ ਉਹ ਪਿੰਡ ਤਿੰਨ ਕਸੀ ਤਹਿਸੀਲ ਕਬੀਰਵਾਲਾ, ਡਾਕਖਾਨਾ ਮੁਲਾਂਪੁਰ, ਜਿਲਾ ਮੁਲਤਾਨ ਵਿਚ ਜਾ ਵਸੇ। ਕੁਝ ਚਿਰ ਐਫ. ਸੀ. ਕਾਲਜ ਲਾਹੌਰ ਵਿਚ ਪੜ੍ਹਨ ਤੋਂ ਬਾਅਦ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਦਾਖਲ ਹੋਏ, ਜਿਥੋਂ ਉਨ੍ਹਾਂ 1926 ਵਿਚ



**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ (ਕੈਲੀਫੋਰਨੀਆ)**
**ਫੋਨ : 510-909-8204**

ਐਮ. ਏ. (ਅੰਗਰੇਜ਼ੀ) ਕੀਤੀ।

ਉਨ੍ਹਾਂ ਦਿਨਾਂ 'ਚ ਪੰਜਾਬ ਅੰਦਰ ਸ. ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿਚ ਗੁਰਦੁਆਰਿਆਂ ਵਿਚੋਂ ਅੱਯਾਸ਼ ਮਹੰਤਾਂ ਨੂੰ ਕੱਢਣ ਲਈ ਗੁਰਦੁਆਰਾ ਸੁਧਾਰ ਲਹਿਰ ਚਲ ਰਹੀ ਸੀ। ਸ. ਨਰੈਣ ਸਿੰਘ ਐਮ. ਏ. ਇਸ ਲਹਿਰ ਵਿਚ ਕਰਤਾਰ ਸਿੰਘ ਝੱਬਰ ਦੇ ਸਾਥੀ ਬਣ ਗਏ। ਗੁਰਦੁਆਰਾ ਸੁਧਾਰ ਲਹਿਰ ਵਿਚ ਉਨ੍ਹਾਂ ਝੱਬਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਅੰਗਰੇਜ਼ ਹਕੂਮਤ ਭ੍ਰਿਸ਼ਟ ਮਹੰਤਾਂ ਦੀ ਪਿੱਠ 'ਤੇ ਸੀ। ਅਖੀਰ ਸਿੱਖ ਆਵਾਮ ਦੀਆਂ ਅਥਾਹ ਕੁਰਬਾਨੀਆਂ ਰੰਗ ਲਿਆਈਆਂ ਤੇ ਗੁਰਦੁਆਰੇ ਮਹੰਤਾਂ ਤੇ ਅੰਗਰੇਜ਼ਾਂ ਤੋਂ ਆਜ਼ਾਦ ਹੋ ਗਏ। 1925 ਵਿਚ ਗੁਰਦੁਆਰਾ ਐਕਟ ਬਣਿਆ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਹੋਂਦ ਵਿਚ ਆਈ। ਸ. ਨਰੈਣ ਸਿੰਘ ਐਮ. ਏ. ਦੀ ਕੁਰਬਾਨੀ ਤੇ ਲਿਆਕਤ ਨੂੰ ਦੇਖ ਕੇ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਮੈਨੇਜਰ ਬਣਾ ਦਿੱਤਾ।

ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਬੜੇ ਸੁਚਾਰੂ ਢੰਗ ਨਾਲ ਚਲਾਇਆ। ਨਨਕਾਣਾ ਸਾਹਿਬ ਦੇ ਸ਼ਹੀਦਾਂ ਦੇ ਫੁੱਲ (ਅਸਥੀਆਂ) ਕਰਤਾਰ ਸਿੰਘ ਝੱਬਰ ਨਾਲ ਰਲ ਕੇ ਗੁਰਦੁਆਰੇ ਦੀ ਹਦੂਦ ਅੰਦਰ ਭੋਰੇ ਵਿਚ ਰੱਖ ਦਿੱਤੇ, ਜੋ ਅੱਜ ਤਕ ਸੁਰੱਖਿਅਤ ਉਥੇ ਪਏ ਹਨ। ਜਥੇਦਾਰ ਝੱਬਰ ਦੀ ਬੇਨਤੀ 'ਤੇ ਸ. ਨਰੈਣ ਸਿੰਘ ਐਮ. ਏ. ਨੇ ਉਨ੍ਹਾਂ ਦੇ ਰੋਜ਼ਨਾਮਚੇ 'ਤੇ ਆਧਾਰਿਤ ਕਿਤਾਬ 'ਅਕਾਲੀ ਮੋਰਚੇ ਤੇ ਝੱਬਰ' ਲਿਖੀ, ਜੋ ਉਸ ਵਕਤ ਦੀ ਅਕਾਲੀ ਲਹਿਰ ਦੀ ਅਸਲੀਅਤ ਬਿਆਨ ਕਰਦੀ ਹੈ।

1947 ਵਿਚ ਪਾਕਿਸਤਾਨ ਬਣਨ ਕਾਰਨ ਉਨ੍ਹਾਂ ਨੂੰ ਚੜ੍ਹਦੇ ਪੰਜਾਬ ਵਿਚ ਆਉਣਾ ਪਿਆ। ਉਨ੍ਹਾਂ ਨੇ ਸਹਾਰਨਪੁਰ ਲਾਗੇ ਮਾਜਰੀ ਪਿੰਡ ਖਰੀਦਿਆ। ਲਾਲ ਸਿੰਘ ਐਮ. ਐਲ. ਏ. ਨੇ ਇਨ੍ਹਾਂ 'ਤੇ ਲੱਕੜ ਚੋਰੀ ਦਾ ਝੂਠਾ ਕੇਸ ਪਾ ਦਿੱਤਾ, (ਉਨ੍ਹਾਂ ਦੀ ਲੜਕੀ ਦੇ ਦੱਸਣ ਮੁਤਾਬਕ) ਜਿਸ ਕਰਕੇ ਇਨ੍ਹਾਂ ਨੇ ਮਾਜਰੀ ਪਿੰਡ ਹੀ ਛੱਡ ਦਿੱਤਾ ਤੇ ਪੰਜਾਬ ਵਾਪਸ ਆ ਗਏ।

ਇਕ ਦਿਨ ਚੰਡੀਗੜ੍ਹ ਸਕੱਤਰੇਤ ਵਿਚ ਗਿਆਨ ਸਿੰਘ ਰਾੜੇਵਾਲਾ ਨੂੰ ਮਿਲ ਪਏ। ਉਨ੍ਹਾਂ ਨੇ ਇਨ੍ਹਾਂ ਨੂੰ ਸਨੌਰ ਵਿਚ ਜ਼ਮੀਨ ਅਲਾਟ ਕਰਵਾ ਦਿੱਤੀ ਤੇ ਬੈਕਵਰਡ ਕਲਾਸਿਜ਼ ਦੇ ਮਹਿਕਮੇ ਦਾ ਡਾਇਰੈਕਟਰ ਲਵਾ ਦਿੱਤਾ, ਜਿਥੋਂ ਉਹ ਪਹਿਲੀ ਨਵੰਬਰ 1957 ਨੂੰ ਰਿਟਾਇਰ ਹੋਏ। ਫਿਰ ਡੇਰਾ ਬਾਬਾ ਜੱਸਾ ਸਿੰਘ ਵਿਖੇ ਗੁਰਮਤਿ ਕਾਲਜ ਖੋਲ੍ਹਿਆ, ਜਿਸ ਦਾ ਕੋਰਸ ਛੇ ਸਾਲ ਦਾ ਸੀ। ਇਸ ਵਿਚ ਐਮ. ਏ. ਡਿਵਿਨਟੀ ਦੀ ਡਿਗਰੀ ਮਿਲਦੀ ਸੀ। ਮਕਸਦ ਸਿਰਫ ਚੰਗੇ ਗ੍ਰੰਥੀ ਤੇ ਪ੍ਰਚਾਰਕ ਬਣਾ ਕੇ ਵਿਦੇਸ਼ਾਂ ਵਿਚ ਭੇਜ ਕੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ। ਬਾਅਦ ਵਿਚ ਇਹ ਆਰਟਸ ਕਾਲਜ ਵਿਚ ਬਦਲ ਗਿਆ, ਜਿਸ ਦੇ ਪਹਿਲੇ ਪ੍ਰਿੰਸੀਪਲ ਪ੍ਰਸਿੱਧ ਸਿੱਖ ਵਿਦਵਾਨ ਸ. ਸਤਿਬੀਰ ਸਿੰਘ ਬਣੇ।

ਸ. ਨਰੈਣ ਸਿੰਘ ਦੀ ਵੱਡੀ ਲੜਕੀ, ਅਕਾਲੀ ਮੋਰਚਿਆਂ ਦੇ ਪਿਤਾਮਾ ਸ. ਕਰਤਾਰ ਸਿੰਘ ਝੱਬਰ ਦੇ ਲੜਕੇ ਨਾਲ ਵਿਆਹੀ ਹੋਈ ਹੈ। ਸ. ਝੱਬਰ ਨੇ ਆਪਣੀ ਅਜ਼ੀਮ ਕੁਰਬਾਨੀ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਵਿਚ ਨਾ ਕੋਈ ਅਹੁਦਾ ਲਿਆ ਤੇ ਨਾ ਹੀ ਗੁਰੂ ਦੀ 'ਗੋਲਕ' ਵਿਚੋਂ ਤਨਖਾਹ ਲਈ। ਸ. ਨਰੈਣ ਸਿੰਘ ਦੀ ਛੋਟੀ ਲੜਕੀ ਤ੍ਰਿਪਤ ਕੌਰ ਸਵ. ਜਸਵੰਤ ਸਿੰਘ ਮਾਨ (ਅਕਾਲੀ ਦਲ) ਨਾਲ ਵਿਆਹੀ ਸੀ, ਜੋ ਅੱਜ ਕੱਲ੍ਹ ਟੈਕਸਸ (ਅਮਰੀਕਾ) ਦੇ ਸ਼ਹਿਰ ਡੈਲਸ ਵਿਚ ਰਹਿੰਦੀ ਹੈ। ਪੰਜਾਬ 'ਚ ਉਨ੍ਹਾਂ ਦੀ ਰਿਹਾਇਸ਼ ਚੰਡੀਗੜ੍ਹ ਦੇ ਸੈਕਟਰ 36 ਵਿਚ ਹੈ। 2 ਅਪਰੈਲ 1994 ਨੂੰ ਨਰੈਣ ਸਿੰਘ ਐਮ.ਏ. ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ।

ਨਰੈਣ ਸਿੰਘ ਐਮ. ਏ. ਬੇਸ਼ਕ ਸਰੀਰ ਤੌਰ 'ਤੇ ਸਾਥੋਂ ਵਿਛੜ ਗਏ, ਪਰ ਸਿੱਖ ਇਤਿਹਾਸ ਵਿਚ ਆਪਣੀ ਕੁਰਬਾਨੀ ਸਦਕਾ ਰਹਿੰਦੀ ਦੁਨੀਆਂ ਤਕ ਅਮਰ ਰਹਿਣਗੇ। ਸਿੱਖ ਪੰਥ ਨੂੰ ਅੱਜ ਅਜਿਹੇ ਨਿਸ਼ਕਾਮ ਸਿੱਖ ਲੀਡਰਾਂ ਦੀ ਲੋੜ ਹੈ। ਸੋਹਣ ਸਿੰਘ 'ਸੀਤਲ' ਦੇ ਇਹ ਬੋਲ ਨਰੈਣ ਸਿੰਘ ਐਮ. ਏ. ਦੀ ਕੁਰਬਾਨੀ ਤੇ ਲਿਆਕਤ ਦੀ ਤਰਜਮਾਨੀ ਕਰਦੇ ਹਨ,

ਆਉਣਾ ਸਫਲ ਉਨ੍ਹਾਂ ਦਾ
ਦੁਨੀਆਂ ਦੇ ਵਿਚ 'ਸੀਤਲਾ'
ਜਿਹੜੇ ਤੁਰਦੇ ਏਥੋਂ
ਆਪਣਾ ਜਨਮ ਸਵਾਰ ਕੇ।

## ਕੁਦਰਤ ਨਾਲ ਛੇੜ ਛਾੜ

ਰੁੰਡ ਮਰੁੰਡ ਜਿਹੇ ਜੰਗਲ ਹੋਏ।
ਤਾਹੀਓਂ ਮਸਤਾਨੇ ਮੰਗਲ ਹੋਏ।
ਵੱਢ ਮੁਕਾਏ ਜੋ ਕੁਦਰਤ ਬੋਏ।
ਸਵਾਰਥ ਨੇ ਸੁੱਖ ਦੇ ਬੂਹੇ ਢੋਏ।
ਜੰਗਲੀ ਜੀਵ ਭੁੱਖੇ ਅੱਧਮੋਏ।
ਪਹਾੜ ਛੱਡ ਕੇ ਪਿੰਡਾਂ ਨੂੰ ਹੋਏ।
ਜਿਧਰ ਜਾਣ ਹਲਾ ਲਲਾ ਹੋਏ।
ਕਿਧਰ ਵੱਸਣ ਹੁਣ ਕਿੱਥੇ ਸੋਏ?

ਮੁੱਢ ਕਦੀਮ ਤੋਂ 'ਕੱਠੇ ਸੀ ਰਹਿੰਦੇ।
ਸਾਂਝੀਆਂ ਨਦੀਆਂ ਤੋਂ ਪਾਣੀ ਪੀਂਦੇ।
'ਜੀਓ, ਜੀਣ ਦਿਓ' ਦਾ ਹੋਕਾ ਦਿੰਦੇ।
ਮੁੱਕਿਆ ਪਾਣੀ, ਨਾ ਢਿੱਡ ਭਰਦੇ।
ਕੱਟੇ ਜੰਗਲ ਛੱਤੇ ਮਹਿਲ ਵਿਹੜੇ।
ਜੀਵਨ ਲਈ ਖੁਦ ਦੁੱਖ ਸਹੇੜੇ।
ਭੁੱਖੇ ਸ਼ੇਰ, ਚੀਤੇ ਹੁਣ ਮਾਰਦੇ ਗੇੜੇ।
ਸਹਿਮ ਕੇ ਡਰਦਾ ਨਾ ਜਾਵੇ ਨੇੜੇ।

ਚੜ੍ਹ ਘਟਾਵਾਂ ਬਰਸਾਤ ਨਾ ਹੋਏ।
ਝੜੀਆਂ ਨੇ ਵੀ ਹੁਣ ਮੂੰਹ ਲੁਕੋਏ।
ਪਾਣੀ ਬਾਝੋਂ ਦਰਿਆ ਸੁੱਕ ਖਲੋਏ।
ਹੁਣ ਅੱਖਾਂ 'ਚ ਮੁੱਠੀਆਂ ਦੇ ਕੇ ਰੋਏ।

ਧਰਤੀ ਦੀ ਕੁੱਖ ਜਾਂਦੀ ਹੈ ਸੁੱਕਦੀ।
ਜੀਵਨ ਦੀ ਆਸ ਜਾਂਦੀ ਹੈ ਮੁੱਕਦੀ।
ਜੰਗ ਪਾਣੀ ਲਈ ਜਾਂਦੀ ਹੈ ਢੁੱਕਦੀ।
ਨਬਜ਼ ਜੀਵਾਂ ਦੀ ਜਾਂਦੀ ਹੈ ਰੁਕਦੀ।

*-ਸੇਵਾ ਸਿੰਘ ਨੂਰਪੁਰੀ, ਸੈਨ ਹੋਜੇ*

# 'ਭੀ' ਜਾਣੀਏ ਕੀ ਹੈ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕਈ ਸ਼ਬਦ ਅਜਿਹੇ ਹੁੰਦੇ ਹਨ ਕਿ ਜੇ ਉਨ੍ਹਾਂ ਦੀ ਪਰਿਭਾਸ਼ਾ ਜਾਂ ਅਰਥਾਂ ਦਾ ਨਿਰੂਪਣ ਕਰਨ ਦੇ ਚੱਕਰ ਵਿਚ ਪੈ ਜਾਈਏ ਤਾਂ ਹੋਰ ਵੀ ਭੰਬਲਭੂਸਾ ਪੈ ਜਾਂਦਾ ਹੈ, ਪਰ ਤਾਂ ਵੀ ਕੋਸ਼ਕਾਰਾਂ ਨੂੰ ਹਰ ਸ਼ਬਦ ਦੇ ਮਾਅਨੇ ਨਾਲ ਨਜਿੱਠਣਾ ਪੈਂਦਾ ਹੈ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਕੋਸ਼ਕਾਰ ਲਈ ਇਕ ਸਮੇਂ ਵਿਸ਼ੇਸ਼ ਸ਼ਬਦ ਦੇ ਅਰਥ ਨਿਸਚਿਤ ਕਰਨੇ ਜ਼ਰੂਰੀ ਹੁੰਦੇ ਹਨ ਤਾਂ ਕਿ ਭਵਿੱਖ ਵਿਚ ਕਿਸੇ ਸ਼ਬਦ ਦੇ ਅਰਥ ਬਦਲ ਜਾਣ ਦੀ ਸੂਰਤ ਵਿਚ ਕੋਸ਼ ਦਾ ਵਰਤੋਂਕਾਰ ਪਿਛਲੀਆਂ ਲਿਖਤਾਂ ਨੂੰ ਸਮਝ ਸਕੇ। ਆਮ ਤੌਰ 'ਤੇ ਵਿਆਕਰਣਕ ਪਦਾਂ ਨੂੰ ਨਜਿੱਠਣ ਵਿਚ ਦਿੱਕਤ ਪੇਸ਼ ਆਉਂਦੀ ਹੈ। ਵਾਸਤਵ ਵਿਚ ਅਜਿਹੇ ਸ਼ਬਦਾਂ ਦਾ ਅਰਥਾਪਣ ਇਕ ਅਕਾਦਮਕ ਲੋੜ ਵੀ ਪੂਰੀ ਕਰਦਾ ਹੈ, ਪਰ ਆਮ ਪਾਠਕ ਨੂੰ ਇਸ ਤੋਂ ਘਟ ਹੀ ਕੁਝ ਪੱਲੇ ਪੈਂਦਾ ਹੈ ਕਿਉਂਕਿ ਵਿਆਖਿਆਏ ਜਾ ਰਹੇ ਸ਼ਬਦ ਲਈ ਵਰਤੇ ਜਾਂਦੇ ਹੋਰ ਸ਼ਬਦ ਹੋਰ ਵੀ ਔਖੇ ਹੁੰਦੇ ਹਨ।

'ਵੀ' ਅਜਿਹਾ ਹੀ ਇਕ ਸ਼ਬਦ ਹੈ। ਅਸੀਂ ਸੌਖੇ ਰਾਹ ਪੈਂਦੇ ਹਾਂ। ਇਸ ਦਾ ਪਹਿਲਾ ਅਰਥ ਹੈ-ਹੋਰ, ਦੂਜਾ, ਨਾਲ, ਅਤੇ ਜਿਵੇਂ 'ਮੈਂ ਚੱਲਿਆਂ, ਤੂੰ ਵੀ ਚੱਲ' ਅਰਥਾਤ ਮੈਂ ਜਾ ਰਿਹਾ ਹਾਂ ਤੇ ਹੋਰ 'ਤੂੰ' ਨੂੰ ਨਾਲ ਜਾਣ ਲਈ ਕਿਹਾ ਗਿਆ ਹੈ। ਧਿਆਨ ਰਹੇ, ਇਥੇ ਨਾਲ ਜਾਣ ਲਈ ਜ਼ੋਰ ਨਾਲ ਕਿਹਾ ਗਿਆ ਹੈ, ਵਰਨਾ 'ਮੈਂ ਚੱਲਿਆਂ, ਤੂੰ ਚੱਲ' ਕਿਹਾ ਜਾਵੇ ਤਾਂ ਇਹ ਨਿਰੀ ਬੇਨਤੀ ਹੈ, ਇਸ ਵਿਚ ਜ਼ੋਰ ਜਾਂ ਪ੍ਰੇਰਣਾ ਨਹੀਂ। 'ਵੀ' ਸ਼ਬਦ ਬੋਲਾਂ ਨੂੰ ਬਲ ਦਿੰਦਾ ਹੈ ਤੇ ਇਸ ਵਿਚ ਕਾਰਜ, ਸਥਿਤੀ, ਸਮਾਂ ਆਦਿ ਦੀ ਦੁਹਰਾਈ ਹੈ।

'ਵੀ' ਸ਼ਬਦ ਦੇ ਪੰਜਾਬੀ ਵਿਚ ਦੋ ਹੋਰ ਰੁਪਾਂਤਰ ਹਨ, ਭੀ ਅਤੇ ਬੀ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਲਿਖਤਾਂ ਵਿਚ 'ਭੀ' ਸ਼ਬਦ ਹੀ ਵਧੇਰੇ ਵਰਤਿਆ ਜਾਂਦਾ ਹੈ ਜਦ ਕਿ ਬੋਲਚਾਲ ਵਿਚ ਮੈਂ ਘਟ ਹੀ ਕਦੇ ਇਸ ਨੂੰ ਸੁਣਿਆ ਹੈ, ਕੋਈ ਬੋਲੇਗਾ ਤਾਂ ਵੀਭਤਸ ਰਸ ਹੀ ਪੈਦਾ ਕਰੇਗਾ। ਦੂਜੇ ਪਾਸੇ 'ਬੀ' ਸ਼ਬਦ ਸ਼ਾਇਦ ਹੀ ਕਦੇ ਸਾਹਿਤਕ ਪੰਜਾਬੀ ਵਿਚ ਵਰਤਿਆ ਗਿਆ ਹੋਵੇ, ਪਰ ਬੋਲਿਆ ਖੂਬ ਜਾਂਦਾ ਹੈ, ਖਾਸ ਤੌਰ 'ਤੇ ਦੁਆਬੇ ਵਿਚ। ਕਈ ਗੀਤਾਂ ਵਿਚ ਇਸ 'ਬੀ' ਨੂੰ ਸੁਣਿਆ ਜਾ ਸਕਦਾ ਹੈ। ਕੁਝ ਪ੍ਰਸੰਗਾਂ ਵਿਚ ਇਕ ਹੋਰ ਰੁਪਾਂਤਰ 'ਮੀ' ਵੀ ਚਲਦਾ ਹੈ, ਖਾਸ ਤੌਰ 'ਤੇ ਜੇ ਇਸ ਤੋਂ ਪਹਿਲੇ ਸ਼ਬਦ ਵਿਚ ਮੈਂ ਜਾਂ ਤੂੰ ਹੋਣ ਜਿਵੇਂ 'ਮੈਂ ਮੀ ਜਾਊਂਗਾ' ਜਾਂ 'ਤੂੰ ਮੀ ਆ ਜਾਈਂ।' ਮੇਰੀ ਰਾਇ ਸਾਹਿਤਕ ਪੰਜਾਬੀ 'ਵੀ' ਸ਼ਬਦ ਵਰਤਣ ਦੀ ਹੈ। ਵਾਰਸ ਦੀ ਹੀਰ ਵਿਚ 'ਵੀ' ਸ਼ਬਦ ਇਸ ਤਰ੍ਹਾਂ ਆਇਆ ਹੈ,

ਮਿਲੀ ਜਾ ਵਧਾਈ ਜਾਂ ਖੇੜਿਆਂ ਨੂੰ
ਲੁੱਡੀ ਮਾਰ ਕੇ ਭੁੰਝੜਾਂ ਘਤਦੇ ਨੀ।
ਛਾਲਾਂ ਲਾਇਨ ਅਪੁੱਠੀਆਂ ਖੁਸ਼ੀ ਹੋਏ
ਮਜਲਸਾਂ ਖੇਡਦੇ ਵੱਤਦੇ ਨੀ।
ਭਲੇ ਕੁੜਮ ਮਿਲੇ ਸਾਨੂੰ ਸ਼ਰਮ ਵਾਲੇ
ਰੱਜੇ ਜੱਟ ਵੱਡੇ ਅਹਿਲ ਪੱਤ ਦੇ ਨੀ।
ਵਾਰਸ ਸ਼ਾਹ ਵੀ ਸ਼ੀਰਨੀ ਵੰਡਿਆ ਨੇ
ਵੱਡੇ ਦੇਗਚੇ ਦੁੱਧ ਤੇ ਭੱਤ ਦੇ ਨੀ।

ਉਪਰੋਕਤ ਵਾਕ ਵਿਚ 'ਵੀ' ਸ਼ਬਦ ਦੀ ਅਜੋਕੀ ਵਰਤੋਂ ਦੇ ਲਿਹਾਜ ਨਾਲ 'ਵਾਰਸ ਸ਼ਾਹ ਵੀ ਸ਼ੀਰਨੀ ਵੰਡਿਆ' ਦਾ ਭਾਵ ਬਣਦਾ ਹੈ ਕਿ ਖੇੜਿਆਂ ਦੀ ਖੁਸ਼ੀ ਵਿਚ ਵਾਰਸ ਸ਼ਾਹ ਨੇ ਵੀ ਸ਼ੀਰਨੀ ਵੰਡੀ, ਪਰ ਪੁਰਾਣੀ ਪੰਜਾਬੀ ਵਿਚ 'ਵੀ' ਸ਼ਬਦ ਅਕਸਰ ਵਾਕ ਦੇ ਸ਼ੁਰੂ ਵਿਚ ਲਗਦਾ ਹੈ ਤੇ ਅਗਲੇ ਵਾਕੰਸ਼ਾਂ ਨੂੰ ਜੋੜਨ ਦਾ ਕੰਮ ਕਰਦਾ ਹੈ। ਇਸ ਲਿਹਾਜ ਨਾਲ ਮੇਰੀ ਜਾਚੇ ਇਸ ਦਾ ਭਾਵ ਅਰਥ ਬਣਦਾ ਹੈ, 'ਦੁਧ ਦੇ ਵੱਡੇ ਦੇਗਚੇ ਅਤੇ ਭੱਤ ਦੇ ਨਾਲ ਨਾਲ ਖੇੜਿਆਂ ਨੇ ਖੁਸ਼ੀ ਵਿਚ ਸ਼ੀਰਨੀ ਵੀ ਵੰਡੀ।' ਇਸ ਗੱਲ ਦੀ ਪੁਸ਼ਟੀ ਗੁਰਬਾਣੀ ਵਿਚ 'ਭੀ' ਸ਼ਬਦ ਦੀ ਵਰਤੋਂ ਤੋਂ ਹੋ ਜਾਵੇਗੀ, ਜਿਸ ਦਾ ਅੱਗੇ ਜ਼ਿਕਰ ਕੀਤਾ ਜਾਵੇਗਾ।

ਜਿਵੇਂ ਪਹਿਲਾਂ ਕਿਹਾ ਗਿਆ ਹੈ, ਸਾਹਿਤਕ ਪੰਜਾਬੀ ਵਿਚ 'ਭੀ' ਸ਼ਬਦ ਬਹੁਤ ਚਲਦਾ ਹੈ। ਸ਼ਾਇਦ ਇਸ ਦਾ ਕਾਰਨ ਗੁਰਬਾਣੀ ਵਿਚ ਇਸੇ ਰੁਪਾਂਤਰ ਦੀ ਚੋਖੀ ਵਰਤੋਂ ਹੈ ਤੇ ਜਿਥੋਂ ਸਾਹਿਤ ਵਿਚ ਇਸੇ ਰੂਪ ਦੀ ਵਰਤੋਂ ਦੀ ਪਿਰਤ ਪੈ ਗਈ। ਗੁਰਬਾਣੀ ਵਿਚ ਭਾਵੇਂ ਕਿਧਰੇ ਕਿਧਰੇ 'ਭੀ' ਸ਼ਬਦ ਪੂਰਬਲੇ ਵਾਕ ਨਾਲ ਜੁੜਦਾ ਹੈ, ਜਿਵੇਂ: 'ਹੈ ਭੀ ਸਚੁ ਨਾਨਕ ਹੋਸੀ ਭੀ ਸਚੁ'; 'ਰੇ ਮਨ ਤੂ ਭੀ ਭਜੁ ਗੋਬਿੰਦ'; 'ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ' ਵਿਚਲੇ ਵਾਕਾਂ ਵਿਚ 'ਭੀ' ਸ਼ਬਦ ਇਸ ਤੋਂ ਪਹਿਲਾਂ ਆਏ ਸ਼ਬਦ ਨਾਲ ਜੁੜ ਕੇ ਇਸ ਨੂੰ ਬਲ ਬਖਸ਼ਦਾ ਹੈ। ਅਪਰ ਬਹੁਤੀ ਥਾਂਈਂ ਇਸ ਦੀ ਪ੍ਰਸੰਗਿਕਤਾ ਅਗਲੇਰੇ ਵਾਕ ਜਾਂ ਸ਼ਬਦ ਨਾਲ ਹੈ। ਕੁਝ ਮਿਸਾਲਾਂ ਲੈਂਦੇ ਹਾਂ: 'ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ'; 'ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ'; 'ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ॥' ਅਜਿਹੇ ਵਾਕਾਂ ਵਿਚ 'ਭੀ' ਸ਼ਬਦ ਨੂੰ ਅੱਜ ਅਸੀਂ 'ਤਾਂ ਵੀ' ਦਾ ਬਦਲ ਦੇ ਕੇ ਸਮਝ ਸਕਦੇ ਹਾਂ, ਪਰ ਭੀ/ਵੀ ਦੀ ਅਜਿਹੀ ਵਰਤੋਂ ਅੱਜ ਦੇਖਣ ਨੂੰ ਨਹੀਂ ਮਿਲਦੀ, ਕਵਿਤਾ ਵਿਚ ਵੀ ਨਹੀਂ।

ਗੁਰੂ ਅਰਜਨ ਦੇਵ ਦੀ ਇਕ ਤੁਕ 'ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ' ਬਾਰੇ ਕੁਝ ਵਿਚਾਰ ਦੀ ਲੋੜ ਹੈ। ਇਥੇ 'ਐਸ. ਜੀ. ਜੀ. ਐਸ. ਗੁਰਮੁਖੀ-ਗੁਰਮੁਖੀ ਕੋਸ਼' ਨੇ 'ਭੀ' ਨੂੰ ਭਵਿਖਬੋਧਕ ਦੱਸਿਆ ਹੈ, ਜਦ ਕਿ ਭਾਈ ਕਾਹਨ ਸਿੰਘ ਨੇ ਇਸ ਨੂੰ ਭੂਤਬੋਧਕ ਦੱਸਦਿਆਂ ਇਸ ਦਾ ਅਰਥ ਭਇਆ (ਹੋਇਆ) ਦੱਸਿਆ ਹੈ। ਸ਼ਾਇਦ ਉਨ੍ਹਾਂ ਦੇ ਮਨ ਵਿਚ ਇਹ ਸ਼ੰਕਾ ਹੋਵੇ ਕਿ ਵਰਤਮਾਨਬੋਧਕ ਸ਼ਬਦ 'ਹਹ' ਹੈ ਤੇ ਭਵਿਖਬੋਧਕ 'ਹੋਸੀ' ਹੈ, ਇਸ ਲਈ ਕਾਲ ਤਿੰਨ ਪ੍ਰਕਾਰ ਦੇ ਹੋਣ ਕਰਕੇ ਤੁਕ ਵਿਚ ਭੂਤਬੋਧਕ ਸ਼ਬਦ ਵੀ ਜ਼ਰੂਰ ਹੋਣਾ ਚਾਹੀਦਾ। ਸੋ, ਇਥੇ ਉਨ੍ਹਾਂ ਪੰਕਤੀ ਵਿਚ ਵਰਤੇ ਗਏ 'ਭੀ' ਸ਼ਬਦ ਨੂੰ ਹੋਇਆ ਦੇ ਅਰਥਾਂ ਵਾਲੇ 'ਭਇਆ' ਸ਼ਬਦ ਦਾ ਇਕ ਤਰ੍ਹਾਂ ਰੁਪਾਂਤਰ ਹੋਣ ਦਾ ਸੰਕੇਤ ਕਰ ਦਿੱਤਾ ਹੈ, ਪਰ ਇਹ ਸਹੀ ਨਹੀਂ ਜਾਪਦਾ। ਇਥੇ 'ਭੀ' ਦਾ ਅਰਥ 'ਵੀ' ਹੀ ਹੈ। ਫਿਰ ਤਾਂ 'ਹੈ ਭੀ ਸਚੁ' ਵਿਚ ਵੀ 'ਭੀ' ਦਾ ਅਰਥ ਭਇਆ ਹੋਣਾ ਚਾਹੀਦਾ ਹੈ, ਪਰ ਅਜਿਹਾ ਨਹੀਂ ਹੈ ਕਿਉਂਕਿ ਅੱਗੇ 'ਹੋਸੀ ਭੀ ਸੱਚੁ' ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ। ਦਰਅਸਲ ਗੁਰਬਾਣੀ ਵਿਚ ਮਿਲਦੀਆਂ ਅਨੇਕਾਂ ਅਜਿਹੀਆਂ ਤੁਕਾਂ ਵਿਚ ਪਰਮਾਤਮਾ ਦੇ ਸਦੀਵੀ ਹੋਣ ਦੀ ਗੱਲ ਵਰਤਮਾਨ ਤੇ ਭਵਿਖ ਦੇ ਪ੍ਰਸੰਗ ਵਿਚ ਹੀ ਕੀਤੀ ਗਈ ਹੈ, ਭੂਤ ਦੇ ਪ੍ਰਸੰਗ ਵਿਚ ਨਹੀਂ।



ਅਸੀਂ ਪਿਛਲੇ ਹਫਤੇ ਦੇ ਲੇਖ ਵਿਚ 'ਬਾਵਜੂਦ ਵੀ' ਸ਼ਬਦ ਜੁੱਟ ਦੀ ਗੱਲ ਕੀਤੀ ਸੀ। ਦਰਅਸਲ ਅਜਿਹੇ ਹੋਰ ਸ਼ਬਦ ਜੁੱਟ ਵੀ ਮਿਲਦੇ ਹਨ ਜਿਵੇਂ ਕਦਾਚਿਤ ਵੀ, ਬਿਲਕੁਲ ਵੀ, ਫਿਰ ਵੀ, ਤਾਂ ਵੀ, ਕਦੇ ਵੀ। ਧਿਆਨ ਦਿਉ 'ਬਾਵਜੂਦ ਵੀ' ਦੀ ਤਰ੍ਹਾਂ 'ਕਦਾਚਿਤ ਵੀ' ਅਤੇ 'ਬਿਲਕੁਲ ਵੀ' ਸ਼ਬਦ ਜੁੱਟਾਂ ਵਿਚੋਂ ਵੀ 'ਵੀ' ਸ਼ਬਦ ਹਟਾਇਆ ਜਾਵੇ ਤਾਂ ਅਰਥ ਵਿਚ ਤਾਂ ਕੋਈ ਫਰਕ ਨਹੀਂ ਪਵੇਗਾ, ਪਰ ਸ਼ਾਇਦ ਕਥਨ ਕੁਝ ਕਮਜ਼ੋਰ ਹੋ ਜਾਣਗੇ। ਗੌਰ ਕੀਤਾ ਜਾਵੇ, ਇਹ ਜੁੱਟ ਆਮ ਤੌਰ 'ਤੇ ਨਾਂਹਸੂਚਕ ਹੀ ਹਨ, 'ਮੈਂ ਕਦਾਚਿਤ ਵੀ ਸ਼ਰਾਬ ਨਹੀਂ ਪੀਵਾਂਗਾ'/'ਮੈਂ ਕਦਾਚਿਤ ਸ਼ਰਾਬ ਨਹੀਂ ਪੀਵਾਂਗਾ ਅਤੇ 'ਮੈਂ ਬਿਲਕੁਲ ਵੀ ਤੇਰੇ ਨਾਲ ਨਹੀਂ ਜਾਵਾਂਗਾ'/'ਮੈਂ ਬਿਲਕੁਲ ਤੇਰੇ ਨਾਲ ਨਹੀਂ ਜਾਵਾਂਗਾ।'

ਵੀ/ਭੀ ਸ਼ਬਦ ਦਾ ਸੰਸਕ੍ਰਿਤ ਰੂਪ 'ਅਪਿ' ਹੈ, ਜਿਸ ਵਿਚ ਇਸ ਦੇ ਅਜਿਹੇ ਹੀ ਅਰਥ ਹਨ। ਹਿੰਦੀ ਵਿਚ ਇਸ ਦਾ ਅਪਿ ਰੂਪ ਕਿਧਰੇ ਕਿਧਰੇ ਚਲਦਾ ਹੈ, 'ਰਾਮਚੰਦ੍ਰ ਕੇ ਭਜਨ ਬਿਨੁ ਜੋ, ਚਹ ਪਦ ਨਿਰਬਾਨ। ਗਿਆਨਵੰਤ ਅਪਿ ਸੋਇ ਨਰ, ਪਸੁ ਬਿਨੁ ਪੂੰਛ ਬਿਖਾਨ।' (ਭਗਤ ਤੁਲਸੀ ਦਾਸ)। ਪ੍ਰਾਕ੍ਰਿਤ ਵਿਚ ਇਸ ਦੇ ਰੂਪ ਅਵਿ, ਪਿ, ਵਿ, ਮਿਲਦੇ ਹਨ ਤੇ ਪਾਲੀ ਵਿਚ ਅਪਿ, ਪਿ ਆਦਿ। ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਬਿ, ਬੀ, ਪਿ, ਭੀ ਅਵਿ ਰੂਪ ਹਨ। ਹਿੰਦੀ ਆਦਿ ਵਿਚ ਇਸ ਤੋਂ ਬਣੇ ਸ਼ਬਦ ਅਪਿਚਾ, ਯਦਯਪਿ, ਤਥਾਪਿ ਆਦਿ ਵਰਤੇ ਜਾਂਦੇ ਹਨ।

ਪੁਰਾਣੀ ਸੰਸਕ੍ਰਿਤ ਵਿਚ 'ਅਪਿ' ਸ਼ਬਦ ਕਿਸੇ ਹੋਰ ਨਾਂਵ ਆਦਿ ਨਾਲ ਲੱਗ ਕੇ ਸਾਹਮਣੇ, ਨਿਕਟ, ਪਾਸ, ਵੱਲ, ਵੱਲ ਨੂੰ, ਲਾਗੇ ਆਦਿ ਦੇ ਅਰਥ ਦਿੰਦਾ ਹੈ। ਬਾਅਦ ਵਿਚ ਇਸ ਦਾ ਰੂਪ 'ਅਭਿ' ਹੀ ਪ੍ਰਚਲਿਤ ਹੋ ਗਿਆ। ਅਗੇਤਰ ਵਜੋਂ ਕੁਝ ਸ਼ਬਦ ਗਿਣਾਉਂਦੇ ਹਾਂ, ਜੋ ਹਿੰਦੀ-ਪੰਜਾਬੀ ਵਿਚ ਵਰਤੇ ਮਿਲਦੇ ਹਨ: ਸਾਹਮਣੇ ਦੇ ਅਰਥਾਂ ਵਿਚ, ਅਭਿਆਗਤ; ਭੈੜਾ ਦੇ ਅਰਥਾਂ ਵਿਚ, ਅਭਿਯੁਕਤ; ਨਿਕਟ, ਸਮੀਪ ਦੇ ਅਰਥਾਂ ਵਿਚ, ਅਭਿਸਾਰਕਾ; ਬਾਰੰਬਾਰ ਦੇ ਅਰਥਾਂ ਵਿਚ, ਅਭਿਆਸ; ਦੂਰ ਦੇ ਅਰਥਾਂ ਵਿਚ, ਅਭਿਹਰਣ। ਅਧਿਕ ਦੇ ਅਰਥਾਂ ਵਿਚ, ਅਭਿਲਾਸ਼ਾ। ਅਭੀਚ ਇਕ ਪੁਰਬ ਦਾ ਨਾਂ ਹੈ, ਜੋ ਅਭੀਚ ਨਾਮੀਂ ਨਛੱਤਰ ਨਾਲ ਸਬੰਧਤ ਹੈ, "ਨਾਵਣ ਪੁਰਬੁ ਅਭੀਚੁ ਗੁਰ ਸਤਿਗੁਰ ਦਰਸ ਭਇਆ॥ (ਗੁਰੂ ਰਾਮ ਦਾਸ।) ਇਹ ਸ਼ਬਦ 'ਅਭਿਜੀਤ' ਤੋਂ ਵਿਗਸਿਆ ਹੈ, ਜਿਸ ਦਾ ਸ਼ਾਬਦਿਕ ਅਰਥ ਹੈ, ਪੂਰੀ ਤਰ੍ਹਾਂ ਜਿੱਤਣ ਵਾਲਾ। ਅਭਿ ਸ਼ਬਦ ਸੁਤੰਤਰ ਹੋ ਕੇ ਆਧੁਨਿਕ ਅਰਥਾਂ ਵਿਚ ਵਰਤਿਆ ਜਾਣ ਲੱਗਾ।

ਇਸ ਸ਼ਬਦ ਦੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਸਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ Epi-/opi ਜਿਹਾ ਕਲਪਿਆ ਗਿਆ ਹੈ ਅਤੇ ਇਸ ਵਿਚ ਪਾਸ, ਨਿਕਟ, ਸਮੀਪ, ਲਾਗੇ, ਸਾਹਮਣੇ, ਵੱਲ, ਉਪਰ ਆਦਿ ਦੇ ਭਾਵ ਹਨ। ਅਵੇਸਤਾ ਵਿਚ ਇਸ ਦਾ ਰੂਪ ਹੈ, ਐਪੀ ਅਤੇ ਅਰਥ ਹੈ-ਭੀ, ਵੱਲ; ਆਰਮੀਨੀਅਨ Ev ਅਰਥ ਭੀ, ਅਤੇ; ਲਾਤੀਨੀ Ob ਅਰਥ ਵੱਲ, ਸਾਹਮਣੇ, ਰਸਤੇ; ਗਰੀਕ Epi ਪਿਛੇ। ਅੱਜ ਕੱਲ੍ਹ ਗਰੀਕ ਦੇ ਇਸ ਸ਼ਬਦ ਨੂੰ ਕਈ ਵਿਗਿਆਨਕ ਪਦ ਬਣਾਉਣ ਲਈ ਅਗੇਤਰ ਵਜੋਂ ਵਰਤਿਆ ਜਾਂਦਾ ਹੈ। ਕੁਝ ਗਿਣਦੇ ਹਾਂ, Epicenter ਭੁਚਾਲ ਵਾਲੀ ਥਾਂ ਦੇ ਐਨ ਉਪਰਲਾ ਖੇਤਰ; Epiphyte ਦੂਜੇ ਪੌਦੇ ਦੇ ਉਪਰ ਉਗਣ ਵਾਲਾ ਇੱਕ ਪੌਦਾ; Epilepsy ਮਿਰਗੀ, ਸ਼ਾਬਦਿਕ ਅਰਥ: ਉਪਰੋਂ ਜਕੜ ਲੈਣਾ; Episode ਅਤਿਰਿਕਤ ਪ੍ਰਵੇਸ਼; Epilogue ਅਤਿਰਿਕਤ ਭਾਸ਼ਣ। ਇਸ ਦੇ ਰੁਪਾਂਤਰ Ob ਪਿਛੇਤਰ ਤੋਂ ਬਣੇ ਅਨੇਕਾਂ ਸ਼ਬਦ ਮਿਲਦੇ ਹਨ। Oblong ਲੰਬੂਤਰਾ, ਸ਼ਾਬਦਿਕ ਅਰਥ: ਸਾਹਮਣੇ ਵਲੋਂ ਲੰਬਾ; Obloquy ਮੰਦੇ ਬੋਲ, ਬੋਲ ਕੁਬੋਲ, ਸ਼ਾਬਦਿਕ ਅਰਥ: ਵਿਰੁਧ ਬੋਲ; Obfuscate ਕਾਲਾ ਕਰਨਾ, ਸ਼ਾਬਦਿਕ ਅਰਥ: ਸਾਹਮਣਿਓਂ ਕਾਲਾ ਕਰਨਾ; Obtrude ਥੋਪਣਾ, ਸ਼ਾਬਦਿਕ ਅਰਥ: ਵੱਲ ਥੋਪਣਾ; Obtain ਪ੍ਰਾਪਤ ਕਰਨਾ, ਸ਼ਾਬਦਿਕ ਅਰਥ: ਸਾਹਮਣਿਓਂ ਲੈਣਾ, ਹਥਿਆ ਲੈਣਾ; Obsess ਗ੍ਰਸਤ ਕਰਨਾ, ਮਨ ਵਿਚ ਘਰ ਕਰ ਲੈਣਾ, ਮਨ ਵਿਚ ਬੈਠਣਾ, ਸ਼ਾਬਦਿਕ ਅਰਥ: ਮੁਢ, ਲਾਗੇ ਜਾਂ ਸਾਹਮਣੇ ਬਹਿਣਾ; Observation ਸਾਹਮਣਿਓਂ ਤੱਕਣਾ; Obesity ਮੋਟਾਪਾ, ਸ਼ਾਬਦਿਕ ਅਰਥ: ਬਹੁਤ ਖਾਣ ਵਾਲਾ, ਖਾਊ, ਆਪਾ ਤੁੜਨ ਵਾਲਾ; Obstinate ਅੜੀਅਲ, ਜਿੱਦੀ ਸ਼ਾਬਦਿਕ ਅਰਥ: ਸਾਹਮਣੇ ਅੜਿਆ ਖੜਾ; Opponent, ਵਿਰੋਧੀ: ਸ਼ਾਬਦਿਕ ਅਰਥ, ਰਸਤੇ 'ਚ ਡਟਿਆ; Obstruction ਰੁਕਾਵਟ, ਅੜਿੱਕਾ, ਸ਼ਾਬਦਿਕ ਅਰਥ: ਸਾਹਮਣੇ ਜਾਂ ਰਸਤੇ ਵਿਚ ਲੱਗਾ ਅੰਬਾਰ।

# ਮੁਗਲ ਕਾਲ ਵਿਚ ਸ਼ਰਾਬ, ਸ਼ਾਇਰੀ ਅਤੇ ਸ਼ਿਕਾਰ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਔਰੰਗਜ਼ੇਬ ਤੋਂ ਪਹਿਲਾਂ ਦਾ ਮੁਗਲ ਕਾਲ ਸ਼ਰਾਬਨੋਸ਼ੀ, ਸ਼ਾਇਰੀ ਤੇ ਸ਼ਿਕਾਰਬਾਜ਼ੀ ਲਈ ਜਾਣਿਆ ਜਾਂਦਾ ਹੈ। ਬਾਦਸ਼ਾਹੀ ਇਕੱਠ ਵਿਚ ਸ਼ਰਾਬ ਦੀ ਵਰਤੋਂ ਵਫਾਦਾਰੀ ਤੇ ਦਿਆਨਤਦਾਰੀ ਪਰਖਣ ਲਈ ਕੀਤੀ ਜਾਂਦੀ ਸੀ। ਉਨ੍ਹਾਂ ਦਾ ਖਿਆਲ ਸੀ ਕਿ ਸ਼ਰਾਬ ਮਨ ਦੀਆਂ ਖਿੜਕੀਆਂ ਖੋਲ੍ਹਦੀ ਹੈ ਤੇ ਸੱਚੋ ਸੱਚ ਨਿਤਾਰਦੀ ਹੈ। ਬਾਬਰ ਆਪਣੇ ਬੇਟੇ ਹਮਾਯੂੰ ਨੂੰ, ਜੋ ਕੇਵਲ ਅਫੀਮ ਖਾਣ ਦਾ ਆਦੀ ਸੀ, ਸ਼ਰਾਬਨੋਸ਼ੀ ਤੋਂ ਗੁਰੇਜ਼ ਕਰਨ ਲਈ ਟੋਕਦਾ ਰਹਿੰਦਾ ਸੀ। ਉਸ ਨੂੰ ਮਹਿਫਿਲ ਦਾ ਬੰਦਾ ਬਣਨ ਲਈ ਉਕਸਾਉਂਦਾ। ਜਹਾਂਗੀਰ ਦੇ ਦੋ ਭਰਾ ਸ਼ਰਾਬ ਦੀ ਲਤ ਦਾ ਸ਼ਿਕਾਰ ਹੋ ਗਏ। ਜਹਾਂਗੀਰ ਪਤਨੀ ਦੇ ਵਰਜਣ 'ਤੇ ਵੀ ਲੋੜ ਤੋਂ ਵਧ ਪੀ ਜਾਂਦਾ। ਇਸ ਦੀ ਪੁਸ਼ਟੀ ਬਰਤਾਨਵੀ ਸਫੀਰ ਸਰ ਥਾਮਸ ਰੋਇ ਤੇ ਡੱਚ ਈਸਟ ਇੰਡੀਆ ਕੰਪਨੀ ਦੇ ਪੀਟਰ ਬਰੋਕੇ ਨੇ ਵੀ ਕੀਤੀ ਹੈ। ਮੁਗਲ ਕਾਲ ਦੀ ਇਤਿਹਾਸਕਾਰਾ ਰੂਬੀ ਲਾਲ ਨੇ ਇਹ ਤੱਥ ਆਪਣੀ 2018 ਵਿਚ ਛਪੀ ਪੁਸਤਕ 'ਮਹਾਰਾਣੀ' (Empress: The Astonishing Reign of Nur Jahan) ਵਿਚ ਦਰਜ ਕੀਤੇ ਹਨ।




ਜਿੱਥੇ ਸ਼ਿਅਰੋ ਸ਼ਾਇਰੀ ਤੇ ਸ਼ਰਾਬ ਮੁਗਲਈ ਮਹਿਫਿਲਾਂ ਦੇ ਦਰ ਖੋਲ੍ਹਦੇ ਸਨ, ਜੰਗਲੀ ਜਾਨਵਰਾਂ ਦਾ ਸ਼ਿਕਾਰ ਤੇ ਦੂਰ-ਦੁਰੇਡੇ ਸਫਰ ਉਨ੍ਹਾਂ ਦੀ ਜਾਂਬਾਜ਼ੀ ਤੇ ਤਾਕਤ ਦਾ ਮੁਜਾਹਰਾ ਕਰਦੇ ਸਨ। ਰੂਬੀ ਲਾਲ ਤੇ ਹੋਰਨਾਂ ਨੇ ਸ਼ੇਰਾਂ ਦੇ ਸ਼ਿਕਾਰ ਦਾ ਜ਼ਿਕਰ ਕਰਦਿਆਂ ਜ਼ੋਰ ਦੇ ਕੇ ਕਿਹਾ ਹੈ ਕਿ ਸ਼ਿਕਾਰ ਮੁਗਲਾਂ ਲਈ ਮੌਜ ਮਸਤੀ ਨਹੀਂ, ਸਗੋਂ ਦੁਸ਼ਮਣਾਂ ਅਤੇ ਵਿਰੋਧੀਆਂ ਉਤੇ ਹਾਵੀ ਹੋਣ ਦੀ ਪੁਸ਼ਟੀ ਸੀ। ਸ਼ਿਕਾਰ ਨੂੰ ਘੇਰਨਾ ਤੇ ਗੋਲੀ ਦਾ ਨਿਸ਼ਾਨਾ ਬਣਾਉਣਾ ਜੰਗਬਾਜ਼ੀ ਤੇ ਤਾਕਤ ਦਾ ਮੁਜਾਹਰਾ ਸੀ। ਜਦੋਂ ਜਹਾਂਗੀਰ 1616 ਵਿਚ ਆਪਣੇ ਵਲੋਂ ਮਾਰੇ ਗਏ ਸ਼ੇਰਾਂ, ਬਘੇਰਾਂ, ਚੀਤਿਆਂ, ਨੀਲ ਗਾਵਾਂ ਤੇ ਹੋਰ ਜੰਗਲੀ ਜਾਨਵਰਾਂ ਦੀ ਗਿਣਤੀ 500 ਦੇ ਕਰੀਬ ਦਸਦਾ ਹੈ ਤਾਂ ਉਹ ਆਪਣੀ ਸ਼ਾਨੋ-ਸ਼ੌਕਤ ਤੇ ਬਹਾਦਰੀ ਉਤੇ ਸਹੀ ਪਾਉਂਦਾ ਹੈ। ਓਪਰੀਆਂ ਥਾਂਵਾਂ ਦੇ ਸਫਰ ਤੇ ਸ਼ਿਕਾਰ ਹਾਕਮਾਂ ਨੂੰ ਨਵੀਂ ਧਰਤੀ ਦੀ ਰਹਿਣੀ ਸਹਿਣੀ, ਧਨ ਦੌਲਤ ਤੇ ਹਕੂਮਤ ਪ੍ਰਤੀ ਆਦਰ ਮਾਣ ਤੋਂ ਜਾਣੂ ਕਰਵਾਉਂਦੇ ਸਨ।

ਰਾਜ ਕਾਜ ਵਿਚ ਪਾਏ ਆਲ੍ਹਾ ਯੋਗਦਾਨ ਤੋਂ ਬਿਨਾ ਨੂਰ ਜਹਾਂ ਜੰਗਲੀ ਜਾਨਵਰਾਂ ਦੇ ਸ਼ਿਕਾਰ ਤੇ ਸ਼ਿਅਰੋ ਸ਼ਾਇਰੀ ਵਿਚ 16ਵੀਂ ਤੇ 17ਵੀਂ ਸਦੀ ਦੇ ਸਭ ਮੁਗਲ ਹਾਕਮਾਂ ਨੂੰ ਮਾਤ ਪਾਉਣ ਵਾਲੀ ਸੀ। 16 ਅਪਰੈਲ 1617 ਵਾਲੇ ਦਿਨ ਉਸ ਨੇ ਮਾਲਵਾ ਖੇਤਰ ਦੇ ਚਾਰ ਬੱਬਰ ਸ਼ੇਰ, ਹਾਥੀ ਦੇ ਹੌਦੇ ਵਿਚ ਬੈਠਿਆਂ ਕੇਵਲ ਛੇ ਗੋਲੀਆਂ ਨਾਲ ਫੁੰਡ ਛੱਡੇ ਸਨ। ਇੱਕ ਵੀ ਗੋਲੀ ਬਿਰਥਾ ਨਹੀਂ ਸੀ ਗਈ। ਉਸ ਦੇ ਇਸ ਅਮਲ ਨੇ ਬਾਦਸ਼ਾਹ ਜਹਾਂਗੀਰ ਨੂੰ ਹੀ ਨਹੀਂ, ਦਰਬਾਰੀਆਂ ਨੂੰ ਵੀ ਹੈਰਾਨ ਕਰ ਛੱਡਿਆ ਸੀ। ਦੋ ਸ਼ਾਇਰਾਂ ਨੇ ਉਸ ਨੂੰ ਔਰਤਾਂ ਵਿਚ ਕਮਾਲ ਦੀ ਔਰਤ ਤੇ ਮਰਦਾਂ ਵਿਚ ਸ਼ੇਰ ਮਰਦ ਲਿਖਿਆ ਸੀ।

1619 ਵਿਚ ਜਹਾਂਗੀਰ ਤੇ ਨੂਰ ਜਹਾਨ ਦੀ ਆਗਰਾ ਤੋਂ ਲਾਹੌਰ ਨੂੰ ਕੀਤੀ ਯਾਤਰਾ ਵੀ ਧਿਆਨ ਮੰਗਦੀ ਹੈ। ਉਨ੍ਹਾਂ ਨਾਲ 15 ਹਜ਼ਾਰ ਫੌਜੀ ਤੇ ਰਾਜ ਦਰਬਾਰੀ ਸਨ। ਬਾਦਸ਼ਾਹ ਨੇ ਅਕੀਦਤ ਅਨੁਸਾਰ ਮਥਰਾ ਹੋ ਕੇ ਜਾਣਾ ਸੀ। ਮਥਰਾ ਵਾਸੀ ਬੇਸਬਰੀ ਨਾਲ ਉਡੀਕ ਰਹੇ ਸਨ। ਸ਼ਹਿਰ ਨੂੰ ਮਿਲਣ ਵਾਲੇ ਤੁਹਫਿਆਂ ਤੇ ਕਾਰੋਬਾਰੀ ਵਿਕਾਸ ਦੀ ਸੰਭਾਵਨਾ ਸੀ। ਸ਼ਹਿਰ ਵਾਸੀਆਂ ਨੂੰ ਉਸ ਆਦਮਖੋਰ ਸ਼ੇਰ ਤੋਂ ਮੁਕਤੀ ਮਿਲਣ ਦੀ ਸੰਭਾਵਨਾ ਸੀ, ਜਿਸ ਨੇ ਸ਼ਹਿਰ ਨੂੰ ਦਹਿਸ਼ਤਜ਼ਦਾ ਕਰ ਰੱਖਿਆ ਸੀ। ਸ਼ਾਹੀ ਫੁਰਮਾਨ ਅਨੁਸਾਰ ਸ਼ੇਰ ਦਾ ਸ਼ਿਕਾਰ ਬਾਦਸ਼ਾਹ ਤੋਂ ਬਿਨਾ ਹੋਰ ਕੋਈ ਨਹੀਂ ਸੀ ਕਰ ਸਕਦਾ।

ਜਹਾਂਗੀਰ ਦੇ ਮਥਰਾ ਪਹੁੰਚਣ ਉਪਰੰਤ ਪਤਾ ਲੱਗਾ ਕਿ ਉਹ ਕਿਸੇ ਹਾਲਤ ਵਿਚ ਵੀ ਸ਼ੇਰ ਦਾ ਸ਼ਿਕਾਰ ਨਹੀਂ ਸੀ ਕਰ ਸਕਦਾ। ਉਸ ਨੇ ਕਈ ਵਰ੍ਹੇ ਪਹਿਲਾਂ ਸ਼ੇਖ ਸਲੀਮ ਚਿਸ਼ਤੀ ਦੇ ਦਰਬਾਰ ਜਾ ਕੇ ਸਹੁੰ ਖਾਧੀ ਸੀ ਕਿ ਉਹ ਪੰਜਾਹ ਸਾਲਾਂ ਦਾ ਹੋਣ ਪਿੱਛੋਂ ਸ਼ੇਰ ਤਾਂ ਕੀ ਕਿਸੇ ਵੀ ਜਾਨਵਰ ਦੀ ਜਾਨ ਨਹੀਂ ਲਵੇਗਾ। ਇਸ ਫੇਰੀ ਸਮੇਂ ਉਹ ਦੋ ਮਹੀਨੇ ਪਹਿਲਾਂ 50 ਵਰ੍ਹੇ ਦਾ ਹੋ ਚੁਕਾ ਸੀ। ਕਸਮ ਤੋੜਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਬਾਦਸ਼ਾਹ ਦੀ ਮੁਸ਼ਕਿਲ ਹੱਲ ਕਰਨ ਦੀ ਜਿੰਮੇਵਾਰੀ ਨੂਰ ਜਹਾਨ ਨੇ ਨਿਭਾਉਣ ਦੀ ਪੇਸ਼ਕਸ਼ ਕੀਤੀ। ਉਹਦੇ ਕੋਲ ਤੋੜੇ ਵਾਲੀ ਬੰਦੂਕ (ਤੁਪਕ) ਸੀ। ਬਾਦਸ਼ਾਹ ਤੋਂ ਪ੍ਰਵਾਨਗੀ ਲੈਣ ਵਿਚ ਕੋਈ ਦਿੱਕਤ ਨਹੀਂ ਸੀ। ਮਥਰਾ ਵਾਸੀ ਸ਼ੇਰ ਦਾ ਟਿਕਾਣਾ ਜਾਣਦੇ ਸਨ। ਲੋਕਾਂ ਦੀਆਂ ਅਵਾਜ਼ਾਂ ਤੇ ਰੌਲਾ ਰੱਪਾ ਸੁਣ ਕੇ ਸ਼ੇਰ ਆਪਣੇ ਘੁਰਨੇ ਵਿਚੋਂ ਬਾਹਰ ਆਉਣ ਲਈ ਮਜਬੂਰ ਹੋ ਗਿਆ। ਨੂਰ ਜਹਾਂ ਨੇ ਤੁਪਕ ਦੀ ਪਹਿਲੀ ਗੋਲੀ ਨਾਲ ਹੀ ਉਸ ਨੂੰ ਚਿੱਤ ਕਰ ਦਿੱਤਾ।



ਰੂਬੀ ਲਾਲ

ਇਸ ਘਟਨਾ ਤੋਂ ਅਠ ਸਾਲ ਪਿਛੋਂ 1627 ਵਿਚ ਜਹਾਂਗੀਰ ਦਾ ਦੇਹਾਂਤ ਹੋ ਗਿਆ ਤੇ ਨੂਰ ਜਹਾਨ ਵੀ ਅਠਾਰਾਂ ਸਾਲ ਵਿਧਵਾ ਰਹਿ ਕੇ 1645 ਵਿਚ ਰੱਬ ਨੂੰ ਪਿਆਰੀ ਹੋ ਗਈ। ਦੋਹਾਂ ਦੇ ਮਕਬਰੇ ਲਾਹੌਰ ਵਿਚ ਹਨ। ਨੂਰ ਜਹਾਨ ਦੇ ਮਕਬਰੇ ਉਤੇ ਉਸ ਦੇ ਆਪਣੇ ਆਦੇਸ਼ ਅਨੁਸਾਰ ਹੇਠ ਲਿਖਿਆ ਸ਼ਿਅਰ ਦਰਜ ਹੈ,

ਬਰ ਮਜ਼ਾਰੇ ਮਾ ਗਰੀਬਾਂ
ਨੈ ਚਿਰਾਗੈ ਨੈ ਗੁਲੇ
ਨੈ ਪਰੇ ਪਰਵਾਨਾ ਸੋਜ਼ਦ
ਨੈ ਸਦਾਏ ਬੁਲਬੁਲੇ।

ਇਸ ਦਾ ਭਾਵ ਹੈ ਕਿ ਉਸ ਦੀ ਕਬਰ ਉਤੇ ਨਾ ਕੋਈ ਦੀਵਾ ਜਗਾਵੇ ਤੇ ਨਾ ਹੀ ਫੁਲ ਚੜ੍ਹਾਵੇ ਤਾਂ ਕਿ ਉਸ ਥਾਂ ਨਾ ਹੀ ਕਿਸੇ ਪਰਵਾਨੇ ਦਾ ਖੰਭ ਸਿਜਦਾ ਕਰੇ, ਨਾ ਕੋਈ ਬੁਲਬੁਲ ਰੋਣਾ ਰੋਵੇ।

**ਅੰਤਿਕਾ: ਮੋਹਨ ਸਿੰਘ ਦੀ ਨੂਰ ਜਹਾਨ**

ਇਹੋ ਜਿਹੀ ਸੁਹਣੀ ਸ਼ਕਲ ਸੂਰਤ
ਰੱਬਾ ਮੇਰਿਆ ਜਾਂ ਤੇ ਬਣਾਇਆ ਨਾ ਕਰ।
ਜੇ ਤੂੰ ਬਿਨਾ ਬਣਾਏ ਸੀ ਨੀ ਰਹਿ ਸਕਦਾ
ਵਿਚ ਖਾਕ ਦੇ ਏਦਾਂ ਮਿਲਾਇਆ ਨਾ ਕਰ।

# ਦੌਲਤ ਖਾਨ ਲੋਧੀ ਅਤੇ ਬਾਬਰ ਦੇ ਸੁਪਨੇ

**ਇਤਿਹਾਸ**

**ਨਰਿੰਜਨ ਸਿੰਘ ਸਾਥੀ**

ਸੁਲਤਾਨਪੁਰ ਲੋਧੀ ਦੇ ਹਾਕਮ ਦੌਲਤ ਖਾਨ ਲੋਧੀ ਬਾਰੇ ਅਸੀਂ ਇਹੀ ਜਾਣਦੇ ਹਾਂ ਕਿ ਉਸ ਨੇ ਪੰਦਰਵੀਂ ਸਦੀ ਦੇ ਅਖੀਰਲੇ ਇਕ ਦੋ ਦਹਾਕਿਆਂ ਵਿਚ ਗੁਰੂ ਨਾਨਕ ਨੂੰ ਆਪਣੇ ਮੋਦੀਖਾਨੇ ਵਿਚ ਮੋਦੀ ਦੀ ਨੌਕਰੀ ਦਿੱਤੀ ਸੀ। ਗੁਰੂ ਨਾਨਕ ਨੇ ਬੜੀ ਇਮਾਨਦਾਰੀ ਨਾਲ ਨੌਕਰੀ ਕੀਤੀ ਅਤੇ ਗਰੀਬਾਂ ਨੂੰ ਵੀ ਖੂਬ ਅਨਾਜ ਵੰਡਿਆ। ਕੁਝ ਲੋਕਾਂ ਨੇ ਨਵਾਬ ਪਾਸ ਸ਼ਿਕਾਇਤ ਕੀਤੀ ਕਿ ਗੁਰੂ ਨਾਨਕ ਮੋਦੀਖਾਨਾ ਲੁਟਾ ਰਿਹਾ ਹੈ। ਪੜਤਾਲ ਕੀਤੀ ਗਈ ਤਾਂ ਮੋਦੀਖਾਨੇ ਵਿਚ ਅਨਾਜ ਦਾ ਭੰਡਾਰ ਸਹੀ ਨਿਕਲਿਆ।

ਡਾ. ਤ੍ਰਿਲੋਚਨ ਸਿੰਘ ਆਪਣੀ ਪੁਸਤਕ 'ਜੀਵਨ ਚਰਿਤ੍ਰ ਗੁਰੂ ਨਾਨਕ ਦੇਵ' ਵਿਚ ਜਨਮ ਸਾਖੀਆਂ ਦੇ ਹਵਾਲੇ ਨਾਲ ਲਿਖਦੇ ਹਨ ਕਿ ਦੌਲਤ ਖਾਨ ਬੜਾ ਖੁਸ਼ ਹੋਇਆ। ਗੁਰੂ ਜੀ 'ਤੇ ਨਾਜਾਇਜ਼ ਸ਼ੱਕ ਕਰਨ ਦੀ ਮੁਆਫੀ ਮੰਗੀ ਅਤੇ ਉਨ੍ਹਾਂ ਨੂੰ ਦੀਵਾਨ (ਮੰਤਰੀ) ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਪਰ ਗੁਰੂ ਜੀ ਦਾ ਮਨ ਉਚਾਟ ਹੋ ਗਿਆ ਸੀ। ਉਹ ਵੇਈਂ ਪ੍ਰਵੇਸ਼ ਦੀ ਘਟਨਾ ਤੋਂ ਬਾਅਦ ਜਗਤ-ਕਲਿਆਣ ਲਈ ਉਦਾਸੀਆਂ 'ਤੇ ਚਲੇ ਗਏ। ਸਾਡੇ ਸਾਖੀਕਾਰਾਂ ਨੇ ਨਵਾਬ ਦੌਲਤ ਖਾਨ ਲੋਧੀ ਨੂੰ ਬੜਾ ਨੇਕ ਇਨਸਾਨ ਲਿਖਿਆ ਹੈ।

ਇਹ ਦੌਲਤ ਖਾਨ ਲੋਧੀ ਦੇ ਚਰਿਤਰ ਦਾ ਸਿਰਫ ਇਕ ਪੱਖ ਸੀ। ਇਤਿਹਾਸ ਨੂੰ ਵਿਸਥਾਰ ਨਾਲ ਵਾਚਣ 'ਤੇ ਉਸ ਦਾ ਸੁਭਾਅ ਬੜਾ ਚਤੁਰ-ਚਲਾਕ ਤੇ ਸਾਜ਼ਿਸ਼ੀ ਕਿਸਮ ਦਾ ਪ੍ਰਗਟ ਹੁੰਦਾ ਹੈ। ਉਸ ਨੂੰ ਸਿਆਸੀ ਸੱਤਾ ਦੀ ਬੇਹੱਦ ਲਾਲਸਾ ਸੀ। ਦਿੱਲੀ ਦੇ ਸੁਲਤਾਨ ਇਬਰਾਹਮ ਲੋਧੀ ਨੇ ਦੌਲਤ ਖਾਨ ਲੋਧੀ ਨੂੰ ਪਹਿਲਾਂ ਸੁਲਤਾਨਪੁਰ ਲੋਧੀ ਦਾ ਜਾਗੀਰਦਾਰ ਅਤੇ ਮਗਰੋਂ ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ, ਪਰ ਉਹ ਪੰਜਾਬ ਦਾ ਸੁਤੰਤਰ ਬਾਦਸ਼ਾਹ ਬਣਨ ਦੇ ਸੁਪਨੇ ਲੈ ਰਿਹਾ ਸੀ।

ਦੌਲਤ ਖਾਨ ਲੋਧੀ ਤੋਂ ਪਹਿਲਾਂ ਉਸ ਦਾ ਪਿਤਾ ਤਾਤਾਰ ਖਾਨ ਲੋਧੀ ਵੀ ਲਾਹੌਰ, ਦੀਪਾਲਪੁਰ ਅਤੇ ਸ਼ਾਇਦ ਸਰਹਿੰਦ ਦਾ ਵੀ ਸੂਬੇਦਾਰ ਰਹਿ ਚੁਕਾ ਸੀ। ਉਸ ਨੇ ਦਿੱਲੀ ਦੇ ਬਾਦਸ਼ਾਹ ਬਹਿਲੋਲ ਲੋਧੀ ਵਿਰੁਧ ਬਗਾਵਤ ਕੀਤੀ ਤਾਂ 1485 ਈਸਵੀ ਵਿਚ ਅੰਬਾਲੇ ਨੇੜੇ ਸ਼ਾਹੀ ਫੌਜ ਨਾਲ ਲੜਦਾ ਮਾਰਿਆ ਗਿਆ। ਬਾਦਸ਼ਾਹ ਨੇ ਲਾਹੌਰ ਦੀ ਸੂਬੇਦਾਰੀ ਪਹਿਲਾਂ ਉਮਰ ਖਾਨ ਸਰਵਾਣੀ ਅਤੇ ਮਗਰੋਂ ਉਸ ਦੇ ਪੁੱਤਰ ਸੱਯਦ ਖਾਨ ਸਰਵਾਣੀ ਨੂੰ ਦਿੱਤੀ। ਦੌਲਤ ਖਾਨ ਲੋਧੀ ਨੂੰ ਅਗਲੇ ਲੋਧੀ ਬਾਦਸ਼ਾਹ ਸਿਕੰਦਰ ਲੋਧੀ ਨੇ 1500 ਈਸਵੀ ਵਿਚ ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ। ਦੌਲਤ ਖਾਨ ਲੋਧੀ 1520 ਈਸਵੀ ਤੱਕ ਲੋਧੀ ਸੁਲਤਾਨਾਂ ਦਾ ਵਫਾਦਾਰ ਰਿਹਾ ਪਰ ਉਸ ਤੋਂ ਬਾਅਦ ਉਸ ਦੇ ਦਿਮਾਗ ਵਿਚ ਪੰਜਾਬ ਦਾ ਆਜ਼ਾਦ ਹਾਕਮ ਬਣਨ ਦੀ ਖਾਹਿਸ਼ ਪੈਦਾ ਹੋਈ। ਡਾ. ਬਖਸ਼ੀਸ਼ ਸਿੰਘ ਨਿੱਝਰ ਪੁਸਤਕ 'ਸੋ ਕਿਨੇਹਿਆ-ਜੀਵਨ ਗਾਥਾ ਸੰਤ ਬਾਬਾ ਹਰਨਾਮ ਸਿੰਘ' ਵਿਚ ਤਾਂ ਇਹ ਵੀ ਲਿਖਦੇ ਹਨ ਕਿ ਉਹ ਮੁੜ ਪੰਜਾਬ ਦਾ ਗਵਰਨਰ ਬਣ ਕੇ ਬਾਬਰ ਦੀ ਮਦਦ ਨਾਲ ਦਿੱਲੀ ਦੇ ਬਾਦਸ਼ਾਹ ਇਬਰਾਹਮ ਲੋਧੀ ਨੂੰ ਹਰਾ ਕੇ ਸ਼ਹਿਨਸ਼ਾਹ-ਏ-ਹਿੰਦ ਬਣਨਾ ਚਾਹੁੰਦਾ ਸੀ।

ਦੂਜੇ ਪਾਸੇ ਕਾਬਲ ਦਾ ਬਾਦਸ਼ਾਹ ਜ਼ਹੀਰ-ਉਦ-ਦੀਨ ਮੁਹੰਮਦ ਬਾਬਰ ਵੀ ਹਿੰਦੁਸਤਾਨ ਉਤੇ ਰਾਜ ਕਰਨ ਦੇ ਸੁਪਨੇ ਲੈ ਰਿਹਾ ਸੀ। ਉਹ ਆਪਣੀ ਸਵੈਜੀਵਨੀ ਵਿਚ ਲਿਖਦਾ ਹੈ: "ਹਿੰਦੁਸਤਾਨ ਬਹੁਤ ਲੰਮਾ-ਚੌੜਾ ਦੇਸ਼ ਹੈ। ਇਹ ਤਾਂ ਲਾਭ ਵਾਲੀ ਗੱਲ ਹੈ ਹੀ ਪਰ ਇਸ ਤੋਂ ਬਿਨਾ ਖਾਸ ਗੱਲ ਇਹ ਹੈ ਕਿ ਉਥੇ ਸੋਨਾ ਸਿੱਕਿਆਂ ਅਤੇ ਢੇਲਿਆਂ ਦੇ ਰੂਪ ਵਿਚ ਖੂਬ ਮਿਲਦਾ ਹੈ। ਮੇਰੇ ਦਿਲ ਵਿਚ ਇਹ ਗੱਲ ਵਸੀ ਹੋਈ ਸੀ ਕਿ ਹਿੰਦੁਸਤਾਨ ਉਤੇ ਮੇਰਾ ਰਾਜ ਹੋਣਾ ਚਾਹੀਦਾ ਹੈ। ਇਨ੍ਹਾਂ ਸਾਰੇ ਦੇਸ਼ਾਂ ਉਤੇ ਪਹਿਲਾਂ ਤੁਰਕਾਂ ਦਾ ਰਾਜ ਸੀ। ਇਸ ਲਈ ਮੈਂ ਸਮਝਦਾ ਸੀ ਕਿ ਇਹ ਦੇਸ਼ ਮੇਰੇ ਹੀ ਹਨ। ਮੈਂ ਨਿਸ਼ਚਾ ਕੀਤਾ ਕਿ ਤਾਕਤ ਜਾਂ ਸ਼ਾਂਤੀ ਨਾਲ ਇਨ੍ਹਾਂ ਦੇਸ਼ਾਂ ਨੂੰ ਆਪਣੇ ਹੱਥ ਵਿਚ ਲੈ ਲਵਾਂ।" ਭਾਰਤ ਵਿਚ 'ਤੁਰਕਾਂ ਦਾ ਰਾਜ ਹੋਣ' ਤੋਂ ਬਾਬਰ ਦਾ ਮਤਲਬ ਹੈ ਕਿ 1398 ਵਿਚ ਤੈਮੂਰ ਨੇ ਦਿੱਲੀ ਉਤੇ ਕਬਜ਼ਾ ਕਰ ਲਿਆ ਸੀ।

ਬਾਬਰ ਬਾਰ੍ਹਾਂ ਸਾਲ ਦੀ ਉਮਰ ਵਿਚ ਫਰਗਾਨਾ ਦਾ ਸ਼ਾਸਕ ਬਣਿਆ ਪਰ ਸ਼ਰੀਕਾਂ ਨੇ ਟਿਕਣ ਨਹੀਂ ਦਿੱਤਾ। ਉਹ ਦਸ ਸਾਲ ਫਰਗਾਨਾ ਤੇ ਸਮਰਕੰਦ ਵਿਚਾਲੇ ਭਟਕਦਾ ਰਿਹਾ। ਆਖਰ 1504 ਵਿਚ ਉਸ ਦੇ ਪੈਰ ਕਾਬਲ ਵਿਚ ਲੱਗ ਗਏ। ਉਹ ਕਾਬਲ ਦਾ ਬਾਦਸ਼ਾਹ ਬਣ ਗਿਆ। ਹੁਣ ਉਸ ਦਾ ਸੁਪਨਾ ਹਿੰਦੁਸਤਾਨ ਉਤੇ ਰਾਜ ਕਰਨਾ ਸੀ।

ਤੀਜਾ ਸੁਪਨਸਾਜ਼ ਆਲਮ ਖਾਨ ਲੋਧੀ ਸੀ। ਉਹ ਦਿੱਲੀ ਦੇ ਲੋਧੀ ਬਾਦਸ਼ਾਹ ਇਬਰਾਹਮ ਲੋਧੀ ਦਾ ਚਾਚਾ ਸੀ ਪਰ ਇਬਰਾਹਮ ਤੋਂ ਬਹੁਤ ਨਾਖੁਸ਼ ਸੀ। ਕਿਸੇ ਵੀ ਤਰ੍ਹਾਂ ਇਬਰਾਹਮ ਲੋਧੀ ਤੋਂ ਰਾਜ ਹਥਿਆ ਕੇ ਉਹ ਦਿੱਲੀ ਦਾ ਬਾਦਸ਼ਾਹ ਬਣਨਾ ਚਾਹੁੰਦਾ ਸੀ।

1523 ਵਿਚ ਦੌਲਤ ਖਾਨ ਲੋਧੀ ਦੀ ਦਿੱਲੀ ਦੇ ਬਾਦਸ਼ਾਹ ਇਬਰਾਹਮ ਲੋਧੀ ਨਾਲ ਵਿਗੜ ਗਈ। ਉਸ ਨੂੰ ਡਰ ਸੀ ਕਿ ਇਬਰਾਹਮ ਲੋਧੀ ਹਮਲਾ ਕਰਕੇ ਕਿਤੇ ਉਸ ਨੂੰ ਪੰਜਾਬ ਵਿਚੋਂ ਨਾ ਕੱਢ ਦੇਵੇ। ਦੌਲਤ ਖਾਨ ਲੋਧੀ ਨੇ ਆਪਣੀ ਹਿਫਾਜ਼ਤ ਅਤੇ ਇਬਰਾਹਮ ਲੋਧੀ ਨੂੰ ਖਤਮ ਕਰਨ ਲਈ ਬਾਬਰ ਨੂੰ ਹਿੰਦੁਸਤਾਨ ਉਤੇ ਹਮਲਾ ਕਰਨ ਦਾ ਸੱਦਾ ਦਿੱਤਾ। ਉਸ ਦਾ ਖਿਆਲ ਸੀ ਕਿ ਬਾਬਰ ਇਬਰਾਹਮ ਲੋਧੀ ਦੇ ਰਾਜ ਨੂੰ ਤਹਿਸ-ਨਹਿਸ ਕਰ ਕੇ ਅਤੇ ਪੰਜਾਬ ਦਾ ਰਾਜ ਉਸ ਨੂੰ ਸੌਂਪ ਕੇ ਕਾਬਲ ਮੁੜ ਜਾਵੇਗਾ। ਇਸ ਗੱਲ ਦਾ ਆਲਮ ਖਾਨ ਲੋਧੀ (ਜਿਸ ਨੂੰ ਅਲਾਉਦੀਨ ਵੀ ਕਹਿੰਦੇ ਹਨ) ਨੂੰ ਪਤਾ ਲੱਗਿਆ ਤਾਂ ਉਹ ਖੁਦ ਕਾਬਲ ਜਾ ਕੇ ਬਾਬਰ ਨੂੰ ਮਿਲਿਆ। ਉਸ ਨੇ ਬਾਬਰ ਨੂੰ ਪੇਸ਼ਕਸ਼ ਕੀਤੀ ਕਿ ਬਾਬਰ ਹਿੰਦੁਸਤਾਨ 'ਤੇ ਹਮਲਾ ਕਰ ਕੇ ਇਬਰਾਹਮ ਲੋਧੀ ਦੀ ਥਾਂ ਉਸ ਨੂੰ ਦਿੱਲੀ ਦਾ ਬਾਦਸ਼ਾਹ ਬਣਾ ਦੇਵੇ ਅਤੇ ਆਪ ਪੰਜਾਬ ਉਤੇ ਕਬਜ਼ਾ ਕਰ ਲਵੇ।

ਮੇਵਾੜ ਦਾ ਰਾਜਪੂਤ ਰਾਣਾ ਸੰਗਰਾਮ ਸਿੰਘ (ਰਾਣਾ ਸਾਂਗਾ) ਵੀ ਇਬਰਾਹਮ ਲੋਧੀ ਨੂੰ ਦਿੱਲੀ ਦੇ ਤਖਤ ਤੋਂ ਲਾਹੁਣਾ ਚਾਹੁੰਦਾ ਸੀ। ਉਸ ਨੇ ਵੀ ਬਾਬਰ ਨੂੰ ਦਿੱਲੀ ਉਤੇ ਹਮਲਾ ਕਰਨ ਦਾ ਸੁਨੇਹਾ ਭੇਜ ਦਿੱਤਾ। ਉਸ ਦਾ ਵੀ ਇਹੀ ਖਿਆਲ ਸੀ ਕਿ ਬਾਬਰ ਇਬਰਾਹਮ ਲੋਧੀ ਨੂੰ ਹਰਾ ਕੇ ਧਨ-ਮਾਲ ਲੁੱਟ ਕੇ ਕਾਬਲ ਨੂੰ ਮੁੜ ਜਾਏਗਾ ਅਤੇ ਇਬਰਾਹਮ ਲੋਧੀ ਤੋਂ ਉਨ੍ਹਾਂ ਦਾ ਖਹਿੜਾ ਛੁੱਟ ਜਾਏਗਾ।

ਇਹ 1524 ਦਾ ਸਾਲ ਸੀ। ਬਾਬਰ ਇਸ ਤੋਂ ਪਹਿਲਾਂ ਹਿੰਦੁਸਤਾਨ ਉਤੇ ਤਿੰਨ ਹਮਲੇ ਕਰ ਚੁਕਾ ਸੀ ਅਤੇ ਉਹ ਚੌਥੀ ਵਾਰ ਹਮਲਾ ਕਰਨ ਲਈ ਪਰ ਤੋਲ ਰਿਹਾ ਸੀ। ਹੁਣ ਹਿੰਦੁਸਤਾਨ ਉਸ ਨੂੰ ਆਪ ਬੁਲਾ ਰਿਹਾ ਸੀ। ਬਾਬਰ ਨੂੰ ਹੋਰ ਕੀ ਚਾਹੀਦਾ ਸੀ? ਉਸ ਨੇ ਜਿਹਲਮ ਤੇ ਚਨਾਬ ਨਦੀਆਂ ਨੂੰ ਪਾਰ ਕਰ ਕੇ ਲਾਹੌਰ ਤੇ ਦੀਪਾਲਪੁਰ ਉਤੇ ਕਬਜ਼ਾ ਕਰ ਲਿਆ। ਦੌਲਤ ਖਾਨ ਲੋਧੀ ਨੇ ਬਾਬਰ ਤੋਂ ਪੰਜਾਬ ਮੰਗਿਆ ਤਾਂ ਬਾਬਰ ਨੇ ਨਾਂਹ ਕਰ ਦਿੱਤੀ। ਉਸ ਨੇ ਆਖਿਆ ਕਿ ਉਨ੍ਹਾਂ ਨੂੰ ਸਿਰਫ ਜਲੰਧਰ ਤੇ ਸੁਲਤਾਨਪੁਰ ਲੋਧੀ ਦਾ ਇਲਾਕਾ ਹੀ ਮਿਲ ਸਕਦਾ ਹੈ। ਦੌਲਤ ਖਾਨ ਲੋਧੀ ਦਾ ਪੰਜਾਬ ਦਾ ਹੁਕਮਰਾਨ ਬਣਨ ਦਾ ਸੁਪਨਾ ਚਕਨਾ-ਚੂਰ ਹੋ ਗਿਆ। ਉਸ ਨੇ ਸਿਰਫ ਜਲੰਧਰ ਤੇ ਸੁਲਤਾਨਪੁਰ ਲੈਣ ਤੋਂ ਨਾਂਹ ਕਰ ਦਿੱਤੀ। ਬਾਬਰ ਨੇ ਇਹ ਦੋਵੇਂ ਇਲਾਕੇ ਦੌਲਤ ਖਾਨ ਦੇ ਪੁੱਤਰ ਦਿਲਾਵਰ ਖਾਨ ਨੂੰ ਦਿੱਤੇ ਅਤੇ ਦੀਪਾਲਪੁਰ ਦਾ ਇਲਾਕਾ ਆਲਮ ਖਾਨ ਲੋਧੀ ਨੂੰ ਸੌਂਪ ਦਿੱਤਾ।

ਹਾਲਾਤ ਦੇ ਇਸ ਚੱਕਰ ਨੇ ਦੌਲਤ ਖਾਨ ਲੋਧੀ ਨੂੰ ਬਾਬਰ ਦਾ ਦੁਸ਼ਮਣ ਬਣਾ ਦਿੱਤਾ। ਉਹ ਆਪਣੇ ਪੁੱਤਰ ਗਾਜ਼ੀ ਖਾਨ ਨੂੰ ਨਾਲ ਲੈ ਕੇ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਮਲੌਤ ਦੇ ਕਿਲ੍ਹੇ ਵਿਚ ਜਾ ਬੈਠਾ। ਇਹ ਕਿਲ੍ਹਾ ਬਹਿਲੋਲ ਲੋਧੀ ਦੇ ਸਮੇਂ (1451-1489) ਦੌਲਤ ਖਾਨ ਲੋਧੀ ਦੇ ਬਾਪ ਤਾਤਾਰ ਖਾਨ ਲੋਧੀ ਨੇ ਬਣਵਾਇਆ ਸੀ। ਮਲੌਤ ਹੁਸ਼ਿਆਰਪੁਰ ਦੇ ਉਤਰ-ਪੂਰਬ ਵਿਚ ਤਕਰੀਬਨ 24 ਕਿਲੋਮੀਟਰ ਦੇ ਫਾਸਲੇ 'ਤੇ ਨੀਮ ਪਹਾੜੀ ਇਲਾਕੇ ਵਿਚ ਇਕ ਪਿੰਡ ਹੈ, ਜੋ ਹਰਿਆਣੇ ਤੋਂ ਤਿੰਨ ਚਾਰ ਮੀਲ ਦੂਰ ਹੈ। ਕਿਲ੍ਹਾ ਮਲੌਤ ਤਕਰੀਬਨ 200 ਫੁੱਟ ਉਚੀ ਪਹਾੜੀ ਉਤੇ ਬਣਿਆ ਹੋਇਆ ਹੈ। ਪਿੰਡ ਅਤੇ ਪਹਾੜੀ ਦੇ ਵਿਚਾਲੇ ਛੋਟੀ ਜਿਹੀ ਨਦੀ ਵਗਦੀ ਹੈ। ਵੀਰਾਨ ਬੇਰਾਹ ਪਹਾੜੀ ਉਤੇ ਹੁਣ ਕਿਲ੍ਹੇ ਦੇ ਖੰਡਰ ਹੀ ਦਿਖਾਈ ਦਿੰਦੇ ਹਨ। ਟੁੱਟੀਆਂ-ਫੁੱਟੀਆਂ ਕੰਧਾਂ ਦੇ ਵਿਚਾਲੇ ਜੰਗਲ ਉਗਿਆ ਹੋਇਆ ਹੈ। ਪਹਾੜੀ ਉਤੇ ਚੜ੍ਹਨਾ ਜੋਖਮ ਦਾ ਕੰਮ ਹੈ। ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਮਲੌਤ ਮਜ਼ਬੂਤ ਕਿਲ੍ਹਾ ਸੀ, ਜਿਥੇ ਦੌਲਤ ਖਾਨ ਲੋਧੀ ਦੀ ਫੌਜ ਰਹਿੰਦੀ ਸੀ।

ਦੌਲਤ ਖਾਨ ਲੋਧੀ ਆਪਣੇ ਪਰਿਵਾਰ ਅਤੇ ਕੁਝ ਵਫਾਦਾਰ ਸਾਥੀਆਂ ਨਾਲ ਇਸ ਕਿਲ੍ਹੇ ਵਿਚ ਜਾ ਬੈਠਾ। ਉਸ ਨੂੰ ਪਤਾ ਸੀ ਕਿ ਛੇਤੀ ਹੀ ਬਾਬਰ ਹਿੰਦੁਸਤਾਨ ਉਤੇ ਪੰਜਵਾਂ ਹਮਲਾ ਕਰੇਗਾ; ਉਸ ਵੇਲੇ ਉਸ ਨੂੰ ਸਬਕ ਸਿਖਾਵਾਂਗੇ। ਦੌਲਤ ਖਾਨ ਅਤੇ ਉਸ ਦੇ ਪੁੱਤਰ ਗਾਜ਼ੀ ਖਾਨ ਕੋਲ ਤੀਹ ਚਾਲੀ ਹਜ਼ਾਰ ਫੌਜ ਸੀ। ਦੌਲਤ ਖਾਨ ਨੇ ਬਾਬਰ ਦਾ ਮੁਕਾਬਲਾ ਕਰਨ ਲਈ ਦੋ ਤਲਵਾਰਾਂ ਪਾ ਲਈਆਂ ਤੇ ਯੁੱਧ ਦੀਆਂ ਤਿਆਰੀਆਂ ਵਿਚ ਜੁਟ ਗਿਆ।

ਬਾਬਰ 17 ਨਵੰਬਰ 1525 ਨੂੰ ਕਾਬਲ ਤੋਂ ਤੁਰਿਆ ਅਤੇ 3 ਜਨਵਰੀ 1526 ਨੂੰ ਦਰਿਆ ਬਿਆਸ ਪਾਰ ਕਰ ਕੇ ਮਲੌਤ ਦੇ ਨੇੜੇ ਪਹੁੰਚ ਗਿਆ ਤੇ ਉਸ ਦੀ ਫੌਜ ਨੇ ਮਲੌਤ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਬਾਬਰ ਨੇ ਮਲੌਤ ਦੇ ਕਿਲ੍ਹੇ ਤੋਂ ਅੱਧੇ ਕੋਹ ਦੇ ਫਾਸਲੇ 'ਤੇ ਡੇਰਾ ਕੀਤਾ ਅਤੇ ਆਪ ਕਿਲ੍ਹੇ ਦਾ ਜਾਇਜ਼ਾ ਲੈ ਕੇ ਆਪਣੇ ਮੋਰਚੇ ਪੱਕੇ ਕੀਤੇ। ਬਾਬਰ ਦੀ ਬਹਾਦਰੀ ਤੇ ਯੁੱਧ-ਕੌਸ਼ਲ ਦਾ ਦੌਲਤ ਖਾਨ ਲੋਧੀ ਨੂੰ ਪਤਾ ਸੀ। ਉਹ ਬਾਬਰ ਦੀਆਂ ਤਿਆਰੀਆਂ ਦੇਖ ਕੇ ਘਬਰਾ ਗਿਆ। ਬਾਬਰ ਨੂੰ ਸਬਕ ਸਿਖਾਉਣ ਦੀਆਂ ਫੜ੍ਹਾਂ ਕਾਫੂਰ ਹੋ ਗਈਆਂ। ਦੌਲਤ ਖਾਨ ਦੇ ਵੱਡੇ ਪੁੱਤਰ ਅਲੀ ਖਾਨ ਦਾ ਪੁੱਤਰ ਇਸਮਾਈਲ ਖਾਨ ਮਲੌਤ ਦੇ ਕਿਲ੍ਹੇ 'ਚੋਂ ਬਾਹਰ ਆ ਕੇ ਬਾਬਰ ਨੂੰ ਮਿਲਿਆ। ਬਾਬਰ ਨੇ ਉਸ ਨੂੰ ਬਹੁਤ ਡਰਾਇਆ ਧਮਕਾਇਆ। ਦੌਲਤ ਖਾਨ ਲੋਧੀ ਹੋਰ ਡਰ ਗਿਆ। 5 ਜਨਵਰੀ 1526 ਨੂੰ ਉਸ ਨੇ ਬਾਬਰ ਨੂੰ ਆਤਮ-ਸਮਰਪਣ ਕਰਨ ਦਾ ਸੁਨੇਹਾ ਭੇਜ ਕੇ ਬੇਨਤੀ ਕੀਤੀ: "ਗਾਜ਼ੀ ਖਾਨ ਤਾਂ ਪਹਾੜਾਂ ਵੱਲ ਨੱਸ ਗਿਆ ਹੈ। ਮੈਨੂੰ ਮੁਆਫੀ ਮਿਲੇ ਤਾਂ ਮਲੌਤ ਆਪ ਦੇ ਹਵਾਲੇ ਕਰ ਕੇ ਤੁਹਾਡਾ ਨੌਕਰ ਹੋ ਜਾਵਾਂ।"

ਬਾਬਰ ਨੇ ਆਪਣੇ ਇਕ ਸਰਦਾਰ ਖਵਾਜਾ ਮੀਰ ਮੀਰਾਂ ਨੂੰ ਦੌਲਤ ਖਾਨ ਲੋਧੀ ਨੂੰ ਕਿਲ੍ਹੇ ਤੋਂ ਬਾਹਰ ਲਿਆਉਣ ਲਈ ਭੇਜਿਆ ਅਤੇ ਹੁਕਮ ਦਿੱਤਾ ਕਿ ਜਿਹੜੀਆਂ ਦੋ ਤਲਵਾਰਾਂ ਉਹ ਮੇਰੇ ਨਾਲ ਲੜਨ ਲਈ ਲੱਕ ਨਾਲ ਬੰਨ੍ਹੀ ਫਿਰਦਾ ਸੀ, ਉਸ ਦੇ ਗਲ ਵਿਚ ਲਟਕਾ ਦਿੱਤੀਆਂ ਜਾਣ। ਦੌਲਤ ਖਾਨ ਨੂੰ ਬਾਬਰ ਸਾਹਮਣੇ ਪੇਸ਼ ਕੀਤਾ ਗਿਆ। ਉਸ ਦਾ ਪੁੱਤਰ ਵੀ ਉਸ ਦੇ ਨਾਲ ਸੀ। ਆਪਣੀ ਆਤਮ-ਕਥਾ 'ਬਾਬਰਨਾਮਾ' ਵਿਚ ਬਾਬਰ ਲਿਖਦਾ ਹੈ: "ਮੈਂ ਦੌਲਤ ਖਾਨ ਦੇ ਗਲ 'ਚੋਂ ਤਲਵਾਰਾਂ ਉਤਰਵਾ ਦਿੱਤੀਆਂ ਪਰ ਉਹ ਅਜੇ ਵੀ ਮੇਰੇ ਸਾਹਮਣੇ ਝੁਕਣ ਲਈ ਤਿਆਰ ਨਹੀਂ ਸੀ। ਮੈਂ ਕਿਹਾ, ਇਸ ਦੀਆਂ ਲੱਤਾਂ ਖਿੱਚ ਕੇ ਰਸਮ ਪੂਰੀ ਕਰੋ (ਭਾਵ ਇਸ ਨੂੰ ਝੁਕਾ ਕੇ ਸਲਾਮ ਕਰਵਾਓ)। ਫਿਰ ਇਕ ਦੁਭਾਸ਼ੀਏ ਨੂੰ ਕੋਲ ਖੜ੍ਹਾ ਕਰ ਕੇ ਕਿਹਾ ਕਿ ਇਸ ਨੂੰ ਮੇਰੀ ਇਕ-ਇਕ ਗੱਲ ਚੰਗੀ ਤਰ੍ਹਾਂ ਦੱਸਣੀ।" (ਬਾਬਰ ਗੁਰੂ ਨਾਨਕ ਨਾਲੋਂ 14 ਸਾਲ ਛੋਟਾ ਸੀ ਅਤੇ ਦੌਲਤ ਖਾਨ ਦੀ ਉਮਰ ਗੁਰੂ ਨਾਨਕ ਨਾਲੋਂ ਵੀ ਵੱਡੀ ਸੀ)।

ਫਿਰ ਬਾਬਰ ਨੇ ਦੌਲਤ ਖਾਨ ਨੂੰ ਸੰਬੋਧਨ ਕਰਕੇ ਕਿਹਾ, "ਮੈਂ ਤੈਨੂੰ ਬਾਪ ਕਹਿੰਦਾ ਸੀ। ਮੈਂ ਤੇਰੀ ਬੇਹੱਦ ਇੱਜਤ ਕਰਦਾ ਸੀ। ਤੈਨੂੰ ਅਤੇ ਤੇਰੇ ਬੱਚਿਆਂ ਨੂੰ ਬਲੋਚੀਆਂ ਦੀਆਂ ਦਰ-ਦਰ ਦੀਆਂ ਠੋਕਰਾਂ ਖਾਣ ਤੋਂ ਬਚਾਇਆ। ਤੇਰੇ ਘਰਵਾਲਿਆਂ ਤੇ ਤੇਰੇ ਹਰਮ ਨੂੰ ਇਬਰਾਹਮ ਦੀ ਕੈਦ 'ਚੋਂ ਛੁਡਾਇਆ। ਤੈਨੂੰ ਤਾਤਾਰ ਖਾਨ ਦਾ ਤਿੰਨ ਕਰੋੜ ਦਾ ਮੁਲਕ ਦਿੱਤਾ। ਮੈਂ ਤੇਰਾ ਕੀ ਵਿਗਾੜਿਆ ਸੀ ਕਿ ਤੂੰ ਮੇਰੇ ਖਿਲਾਫ ਹੀ ਦੋ-ਦੋ ਤਲਵਾਰਾਂ ਬੰਨ੍ਹ ਕੇ ਫਿਰਦਾ ਰਿਹਾ?" ਬੁੱਢਾ ਦੌਲਤ ਖਾਨ ਬੁੱਲ੍ਹਾਂ ਵਿਚ ਹੀ ਕੁਝ ਬੁੜਬੁੜਾਇਆ ਪਰ ਮੂੰਹੋਂ ਕੁਝ ਨਾ ਕਹਿ ਸਕਿਆ। ਕਹਿੰਦਾ ਵੀ ਕੀ?

ਆਖਰ ਬਾਬਰ ਨੇ ਦੌਲਤ ਖਾਨ ਲੋਧੀ ਦਾ ਖਜਾਨਾ ਜ਼ਬਤ ਕਰ ਲਿਆ ਅਤੇ ਸੁਲਤਾਨਪੁਰ ਲੋਧੀ ਉਸ ਨੂੰ ਵਾਪਸ ਦੇ ਦਿੱਤਾ। ਦੌਲਤ ਖਾਨ ਲੋਧੀ ਸੁਲਤਾਨਪੁਰ ਜਾ ਕੇ ਛੇਤੀ ਹੀ 1526 ਵਿਚ ਮਰ ਗਿਆ। ਉਸ ਦਾ ਪੰਜਾਬ ਦਾ ਬਾਦਸ਼ਾਹ ਬਣਨ ਦਾ ਸੁਪਨਾ ਹਮੇਸ਼ਾ ਲਈ ਟੁੱਟ ਗਿਆ। ਦੌਲਤ ਖਾਨ ਲੋਧੀ ਦੀ ਸੁਪਨ-ਦੁਨੀਆਂ ਵੀ ਖਤਮ ਹੋ ਗਈ ਅਤੇ ਅਸਲ-ਦੁਨੀਆਂ ਵੀ।

ਬਾਬਰ ਨੇ ਮਲੌਤ ਦਾ ਕਿਲ੍ਹਾ ਆਪਣੇ ਇਕ ਸਰਦਾਰ ਮੁਹੰਮਦ ਅਲੀ ਜੰਗਜੰਗ ਦੇ ਹਵਾਲੇ ਕਰ ਦਿੱਤਾ। ਮੁਹੰਮਦ ਅਲੀ ਨੇ ਉਥੇ ਆਪਣੇ ਛੋਟੇ ਭਰਾ ਆਰਗੂਨ ਨੂੰ ਬਿਠਾ ਦਿੱਤਾ। ਪੰਜਾਬ ਦੀ ਸੂਬੇਦਾਰੀ ਬਾਬਰ ਨੇ ਆਪਣੇ ਪੁੱਤਰ ਕਾਮਰਾਨ ਦੇ ਹਵਾਲੇ ਕਰ ਦਿੱਤੀ।

ਮਲੌਤ ਦੇ ਕਿਲ੍ਹੇ ਵਿਚੋਂ ਬਾਬਰ ਨੂੰ ਐਨਾ ਧਨ-ਮਾਲ ਹੱਥ ਲੱਗਿਆ ਕਿ ਉਸ ਨੇ ਮਲੌਤ ਦੀ ਜਿੱਤ ਦੀ ਖੁਸ਼ੀ ਵਿਚ ਬਲਖ ਅਤੇ ਕਾਬਲ ਨੂੰ ਸੁਗਾਤਾਂ ਭੇਜੀਆਂ। ਬਾਬਰ ਲਿਖਦਾ ਹੈ: "ਖਵਾਜਾ ਕਲਾਂ ਗਜ਼ਨੀ ਤੋਂ ਕਈ ਊਠ ਸ਼ਰਾਬ ਲਿਆਇਆ ਸੀ। ਉਸ ਦੇ ਮਕਾਨ 'ਤੇ ਖੂਬ ਰੰਗਾ-ਰੰਗ ਜਲਸਾ ਹੋਇਆ। ਸਾਰੀ ਛਾਉਣੀ ਨੇ ਸ਼ਰਾਬ ਪੀਤੀ।"

ਦਿੱਲੀ ਦਾ ਬਾਦਸ਼ਾਹ ਬਣਨ ਦੇ ਸੁਪਨੇ ਲੈਂਦਾ ਆਲਮ ਖਾਨ ਲੋਧੀ ਵੀ ਪੰਜਾਬ ਤੇ ਦਿੱਲੀ ਦੀ ਉਥਲ-ਪੁਥਲ ਵਿਚ ਰੁਲ ਗਿਆ। ਆਖਰ ਉਹ ਇਕ ਦਿਨ ਫਟੇ-ਹਾਲ ਪਹਾੜੀ ਇਲਾਕੇ ਵਿਚ ਹੀ ਬਾਬਰ ਨੂੰ ਮਿਲਿਆ ਅਤੇ ਉਸ ਦੀ ਨੌਕਰੀ ਕਰ ਲਈ।

ਬਾਬਰ ਦਾ ਸੁਪਨਾ ਸਾਕਾਰ ਹੋਇਆ। ਮਲੌਤ ਦੀ ਜਿੱਤ ਨਾਲ ਦਿੱਲੀ ਦਾ ਰਸਤਾ ਸਾਫ ਹੋ ਗਿਆ ਅਤੇ ਪਾਣੀਪਤ ਦੀ ਜਿੱਤ ਨੇ ਉਸ ਨੂੰ ਦਿੱਲੀ ਦਾ ਬਾਦਸ਼ਾਹ ਬਣਾ ਦਿੱਤਾ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪਾਣੀਪਤ ਦੀ ਜਿੱਤ (21 ਅਪਰੈਲ 1526) ਨੇ ਹਿੰਦੁਸਤਾਨ ਵਿਚ ਮੁਗਲ ਰਾਜ ਦੀ ਨੀਂਹ ਰੱਖੀ। ਇਤਿਹਾਸਕਾਰ ਮਲੌਤ ਦੀ ਜਿੱਤ (5 ਜਨਵਰੀ 1526) ਦੇ ਮਹੱਤਵ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਅਸਲ ਵਿਚ ਭਾਰਤ ਵਿਚ ਮੁਗਲ ਰਾਜ ਦੀ ਨੀਂਹ ਦਾ ਪਹਿਲਾ ਪੱਥਰ ਮਲੌਤ ਵਿਚ ਹੀ ਰੱਖਿਆ ਗਿਆ।

ਡਾ. ਬਖਸ਼ੀਸ਼ ਸਿੰਘ ਨਿੱਝਰ ਲਿਖਦੇ ਹਨ: "ਭਾਰਤੀ ਇਤਿਹਾਸਕਾਰ ਮੁਗਲ ਰਾਜ ਦੀ ਬੁਨਿਆਦ ਇਸੇ (ਮਲੌਤ ਦੀ) ਲੜਾਈ ਦੀ ਜਿੱਤ ਨੂੰ ਆਖਦੇ ਹਨ ਕਿਉਂਕਿ ਦੌਲਤ ਖਾਨ ਲੋਧੀ ਤੇ ਆਲਮ ਖਾਨ ਲੋਧੀ ਦੀਆਂ ਹਾਰਾਂ ਭਾਰਤੀ ਅਫਗਾਨ (ਲੋਧੀ) ਰਾਜ ਨੂੰ ਸਦੀਵੀ ਸੱਟ ਸਨ।" ਮਲੌਤ ਦੀ ਜਿੱਤ ਨੇ ਬਾਬਰ ਦੇ ਰਾਹ ਵਿਚੋਂ ਪੰਜਾਬ ਅਤੇ ਦਿੱਲੀ ਉਤੇ ਰਾਜ ਕਰਨ ਦੇ ਦੋ ਦਾਅਵੇਦਾਰ (ਦੌਲਤ ਖਾਨ ਲੋਧੀ ਤੇ ਆਲਮ ਖਾਨ ਲੋਧੀ) ਖਤਮ ਕਰ ਦਿੱਤੇ। ਪਾਣੀਪਤ ਤੱਕ ਉਸ ਦਾ ਰਾਹ ਰੋਕਣ ਵਾਲਾ ਕੋਈ ਨਾ ਰਿਹਾ। ਬਾਬਰ ਦੇ ਮਲੌਤ ਪਹੁੰਚਣ ਅਤੇ ਦੌਲਤ ਖਾਨ ਲੋਧੀ ਦੇ ਆਤਮ-ਸਮਰਪਣ ਦਾ ਸਭ ਤੋਂ ਵਿਸਥਾਰਪੂਰਵਕ ਹਾਲ ਬਾਬਰ ਦੀ ਸਵੈਜੀਵਨੀ 'ਬਾਬਰਨਾਮਾ' ਵਿਚ ਹੀ ਮਿਲਦਾ ਹੈ।

ਆਮ ਸਿਆਸਤਦਾਨ ਲੋਕਾਂ ਵਾਂਗ ਦੌਲਤ ਖਾਨ ਲੋਧੀ ਨੇ ਪੰਜਾਬ ਜਾਂ ਹਿੰਦੁਸਤਾਨ ਦਾ ਬਾਦਸ਼ਾਹ ਬਣਨ ਦਾ ਆਪਣੀ ਔਕਾਤ ਤੋਂ ਬਹੁਤ ਵੱਡਾ ਸੁਪਨਾ ਲੈ ਲਿਆ ਸੀ ਜਿਸ ਨੂੰ ਉਹ ਪੂਰਾ ਨਾ ਕਰ ਸਕਿਆ ਸਗੋਂ ਪਹਿਲਾਂ ਪ੍ਰਾਪਤ ਰਾਜਸੱਤਾ ਤੋਂ ਵੀ ਹੱਥ ਧੋ ਬੈਠਾ। ਇਸ ਦੇ ਬਾਵਜੂਦ ਸਿੱਖ ਇਤਿਹਾਸ ਵਿਚ ਦੌਲਤ ਖਾਨ ਲੋਧੀ ਦਾ ਨਾਂ ਗੁਰੂ ਨਾਨਕ ਨਾਲ ਉਸ ਦੀ ਨੇੜਤਾ ਕਰ ਕੇ ਜਾਣਿਆ ਜਾਂਦਾ ਹੈ। 'ਮਹਾਨ ਕੋਸ਼' ਅਨੁਸਾਰ 15 ਸਾਲ ਦੀ ਉਮਰ ਵਿਚ ਗੁਰੂ ਨਾਨਕ ਸੁਲਤਾਨਪੁਰ ਲੋਧੀ ਗਏ ਅਤੇ ਦੌਲਤ ਖਾਨ ਲੋਧੀ ਨੇ 1485 ਵਿਚ ਉਨ੍ਹਾਂ ਨੂੰ ਮੋਦੀਖਾਨੇ ਦੀ ਨੌਕਰੀ ਦਿੱਤੀ, ਜੋ ਗੁਰੂ ਜੀ ਨੇ 1497 ਤੱਕ 12 ਸਾਲ ਨਿਭਾਈ। ਇਸੇ ਸਮੇਂ ਦੌਰਾਨ ਸੁਲਤਾਨਪੁਰ ਦੀ ਮਸਜਿਦ ਵਿਚ ਨਵਾਬ ਤੇ ਕਾਜ਼ੀ ਨਾਲ ਨਮਾਜ਼ ਪੜ੍ਹਨ ਦੀ ਘਟਨਾ ਵਾਪਰੀ ਅਤੇ ਗੁਰੂ ਸਾਹਿਬ ਦੇ ਹਿਸਾਬ-ਕਿਤਾਬ ਦੀ ਪੜਤਾਲ ਹੋਈ। ਦੌਲਤ ਖਾਨ ਗੁਰੂ ਜੀ ਦੀ ਇਮਾਨਦਾਰੀ ਅਤੇ ਰੂਹਾਨੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਹ ਗੁਰੂ ਜੀ ਦਾ ਬਹੁਤ ਸਤਿਕਾਰ ਕਰਦਾ ਸੀ ਅਤੇ ਉਨ੍ਹਾਂ ਪ੍ਰਤੀ ਬਹੁਤ ਸੁਹਿਰਦ ਸੀ। ਜੇ ਉਹ ਗੁਰੂ ਜੀ ਦੇ ਪ੍ਰਭਾਵ ਵਿਚ ਹੀ ਰਹਿੰਦਾ ਤਾਂ ਸ਼ਾਇਦ ਪੰਜਾਬ ਦਾ ਆਦਰਸ਼ ਸੂਬੇਦਾਰ ਬਣ ਜਾਂਦਾ ਪਰ ਉਹ ਸਿਆਸੀ ਅਤੇ ਦੁਨਿਆਵੀ ਲਾਲਸਾਵਾਂ ਵਿਚ ਗ੍ਰਸਤ ਹੋ ਗਿਆ ਅਤੇ ਬਾਬਰ ਦੇ ਹੱਥੋਂ ਉਸ ਦਾ ਤ੍ਰਾਸਦਿਕ ਅੰਤ ਹੋ ਗਿਆ।



ਖੰਡਰ ਬਣਿਆ ਮਲੌਤ ਕਿਲ੍ਹਾ।

## ਅੱਧੀ ਸਦੀ ਪਹਿਲਾਂ

### ਬਾਬਾ ਭਕਨਾ ਦਾ ਇਕ ਦੁਰਲੱਭ ਦਸਤਾਵੇਜ਼-2

# ਅਮਰੀਕੀ ਤਾਰੀਖ ਦੇ ਸਬਕ

*ਯੁਵਕ ਕੇਂਦਰ, ਜਲੰਧਰ ਨੇ ਬਾਬਾ ਸੋਹਨ ਸਿੰਘ ਭਕਨਾ ਨੂੰ ਕੁਝ ਸਵਾਲਾਂ ਦੇ ਜਵਾਬ ਦੇਣ ਲਈ ਬੇਨਤੀ ਕੀਤੀ ਸੀ। ਬਾਬਾ ਜੀ ਨੇ ਇਨ੍ਹਾਂ ਸਵਾਲਾਂ ਦੇ ਨਾਲ ਨਾਲ ਕੁਝ ਹੋਰ ਸਵਾਲ ਜੋੜ ਕੇ ਉਨ੍ਹਾਂ ਦੇ ਉਰਦੂ ਵਿਚ ਜਵਾਬ ਲਿਖ ਦਿਤੇ। ਅਮਰੀਕਾ ਵਿਚ 4 ਅਪਰੈਲ 1968 ਨੂੰ ਮਾਰਟਿਨ ਲੂਥਰ ਕਿੰਗ ਦੇ ਕਤਲ ਤੋਂ ਪਿਛੋਂ ਦੇ ਹਾਲਾਤ ਵਿਚ ਬਾਬਾ ਜੀ ਨੇ ਸਮਾਜਵਾਦ, ਧਰਮ, ਦੇਸ਼ ਦੇ ਹਾਲਾਤ ਆਦਿ ਮਸਲਿਆਂ ਨੂੰ ਛੋਹਿਆ ਸੀ, ਜਿਸ ਤੋਂ ਉਨ੍ਹਾਂ ਅਤੇ ਉਨ੍ਹਾਂ ਦੇ ਗਦਰੀ ਸਾਥੀਆਂ ਦੇ ਵਿਚਾਰਾਂ ਦੀ ਸਪਸ਼ਟਤਾ ਮਿਲਦੀ ਹੈ। ਇਸ ਦੇ ਕੁਝ ਹਿੱਸੇ ਪੈਂਫਲਿਟ ਦੀ ਸ਼ਕਲ ਵਿਚ 'ਦੇਸ਼ ਅਤੇ ਕੌਮ' ਸਵਾਲ-ਜਵਾਬ ਦੇ ਰੂਪ ਵਿਚ ਯੁਵਕ ਕੇਂਦਰ ਨੇ ਉਸ ਵਕਤ ਛਪਵਾਏ ਪਰ ਇਹ ਸੰਪੂਰਨ ਇਤਿਹਾਸਕ ਲਿਖਤ ਅਣਪ੍ਰਕਾਸ਼ਿਤ ਰਹਿ ਗਈ। ਯੁਵਕ ਕੇਂਦਰ ਨੇ ਉਦੋਂ ਬਾਬਾ ਜੀ ਦੇ ਲਿਖੇ ਕਈ ਹੋਰ ਪੈਂਫਲਿਟ ਜਿਵੇਂ ਦੁੱਖ, ਗਰੀਬੀ, ਇਸਤਰੀ ਜਾਤੀ ਦਾ ਸਵਾਲ ਵੀ ਛਪਵਾਏ ਸਨ। ਇਸ ਲਿਖਤ ਦੇ ਪੰਜਾਬੀ ਅਨੁਵਾਦ ਦੀ ਕਾਪੀ ਪ੍ਰੋ. ਜਗਮੋਹਨ ਸਿੰਘ (ਜਨਰਲ ਸਕੱਤਰ, ਜਮਹੂਰੀ ਸਭਾ, ਪੰਜਾਬ) ਪਾਸ ਬੀਬੀ ਅਮਰ ਕੌਰ ਮੈਮੋਰੀਅਲ ਲਾਇਬਰੇਰੀ ਵਿਚ ਪਈ ਹੈ। ਯੁਵਕ ਕੇਂਦਰ 'ਚ ਮੁੱਖ ਤੌਰ 'ਤੇ ਪ੍ਰੋਫੈਸਰ ਮਲਵਿੰਦਰ ਜੀਤ ਸਿੰਘ ਵੜੈਚ, ਜਗਮੋਹਨ ਸਿੰਘ ਅਤੇ ਰਾਜਿੰਦਰ ਸਿੰਘ ਚੀਮਾ ਛਪਾਈ ਦਾ ਕੰਮ ਦੇਖਦੇ ਸਨ। ਉਰਦੂ ਤੋਂ ਉਲਥਾ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਕਰਦੇ ਸਨ। -ਸੰਪਾਦਕ*

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸੁਆਲ: ਜਦ ਮਨੁੱਖ ਜਾਤੀ ਦਾ ਗਿਆਨ ਆਪਣੇ ਨਿਸ਼ਾਨੇ ਵਲ ਵਧੇਗਾ ਤਾਂ ਇਸ ਵਿਚ ਕੀ ਕੀ ਤਬਦੀਲੀਆਂ ਆਉਣਗੀਆਂ?**

**ਜਵਾਬ:** ਪਹਿਲੀ ਤਬਦੀਲੀ ਤਾਂ ਇਹ ਆਵੇਗੀ ਕਿ ਅੱਡ ਅੱਡ ਮੁਲਕਾਂ, ਕੌਮਾਂ ਤੇ ਰੰਗਾਂ ਦੀ ਰੁਕਾਵਟ ਹੇਠ ਗਿਆਨ ਦੀ ਰੋਸ਼ਨੀ ਦੇ ਸਾਹਮਣੇ ਅਗਿਆਨ ਦੀ ਹਨੇਰੀ ਰਾਤ ਮੁੱਕ ਜਾਵੇਗੀ। ਮਨੁੱਖ ਦੁਨੀਆਂ ਦੇ ਜੋ ਕਿਸੇ ਵੀ ਹਿੱਸੇ ਵਿਚ ਜਾਵੇ, ਉਹ ਉਸ ਦਾ ਘਰ ਤੇ ਉਥੇ ਰਹਿਣ ਵਾਲੇ ਭਾਈ ਭੈਣ ਹੋਣਗੇ, ਪਾਸਪੋਰਟਾਂ ਦੇ ਝਗੜੇ ਮੁੱਕ ਜਾਣਗੇ। ਸੱਚੇ ਅਰਥਾਂ ਵਿਚ ਸਾਰੀ ਦੁਨੀਆਂ ਇਕ ਦੇਸ਼ ਅਤੇ ਸਾਰੀ ਮਨੁੱਖ ਜਾਤੀ ਇਕ ਟੱਬਰ ਹੋ ਜਾਵੇਗੀ। ਉਦੋਂ ਮਨੁੱਖ ਜਾਤੀ ਦੇ ਮੱਥੇ 'ਤੇ ਅਨੇਕਤਾ ਦਾ ਕਾਲਾ ਦਾਗ ਨਹੀਂ ਹੋਵੇਗਾ ਸਗੋਂ ਏਕਤਾ ਦੀ ਖੂਬਸੂਰਤੀ ਨਾਲ ਚਿਹਰਾ ਚਮਕ ਉਠੇਗਾ। ਸਮਾਜਿਕ ਬੁਰਾਈਆਂ ਸਾਮਰਾਜ ਦੇ ਨਾਲ ਹੀ ਮੁੱਕ ਜਾਣਗੀਆਂ ਅਤੇ ਮੌਜੂਦਾ ਤਾਰੀਖ ਨੂੰ ਪੜ੍ਹ ਕੇ ਇਸ ਸਮੇਂ ਨੂੰ ਵਹਿਸ਼ੀ ਸਮੇਂ ਦਾ ਨਾਂ ਦਿੱਤਾ ਜਾਵੇਗਾ।

**ਸੁਆਲ: ਰਾਜ ਪ੍ਰਬੰਧ ਦੀ ਸ਼ਕਲ ਕੀ ਹੋਵੇਗੀ?**

**ਜਵਾਬ:** ਜਦ ਚੋਰੀ, ਠੱਗੀ, ਲੁੱਟ-ਖਸੁੱਟ ਦਾ ਮਨੁੱਖ ਦੇ ਦਿਮਾਗ ਵਿਚੋਂ ਜ਼ਹਿਰ ਨਿਕਲ ਜਾਵੇਗਾ ਤਾਂ ਜਰ ਪ੍ਰਸਤੀ, ਮੁਲਕਗਿਰੀ ਨਾਲ ਨਾਲ ਹੀ ਖਤਮ ਹੋ ਜਾਣਗੀਆਂ। ਤਦ ਕੋਈ ਲੜਾਈ ਭੜਾਈ ਆਪਸ ਵਿਚ ਨਹੀਂ ਹੋਵੇਗੀ ਤੇ ਨਾ ਹੀ ਸਮਾਜਵਾਦੀ ਯੁੱਗ ਵਿਚ ਪੁਲਿਸ ਦੀ ਲੋੜ ਰਹੇਗੀ।

**ਸੁਆਲ: ਜਦ ਫੌਜ ਤੇ ਪੁਲਿਸ ਨਾ ਰਹੇਗੀ ਤਾਂ ਆਰਥਿਕ ਹਾਲਤ ਕਿਵੇਂ ਸਹੀ ਰਹੇਗੀ?**

**ਜਵਾਬ:** ਪੈਦਾਵਾਰ, ਸਾਇੰਸ ਦੇ ਤਰੀਕੇ ਨਾਲ ਏਨੀ ਵਧ ਜਾਵੇਗੀ ਕਿ ਮਨੁੱਖ ਜਾਤੀ ਦੇ ਭੰਡਾਰ ਭਰਪੂਰ ਹੋਣਗੇ। ਖਾਲ, ਭੁੱਖ, ਬਿਮਾਰੀਆਂ ਤੇ ਅਗਿਆਨ ਮੌਜੂਦਾ ਜ਼ਮਾਨੇ ਦੀਆਂ ਬੁਰਾਈਆਂ ਤਾਰੀਖ ਦੇ ਪੰਨਿਆਂ 'ਤੇ ਹੀ ਰਹਿ ਜਾਣਗੀਆਂ। ਸਾਰੀ ਦੁਨੀਆਂ ਇਕ ਹੋਵੇਗੀ ਤੇ ਰਾਜ ਡੰਡੇ ਦਾ ਨਹੀਂ, ਸੂਝ ਦਾ ਹੋਵੇਗਾ। ਦੁਨੀਆਂ ਦੇ ਜਿਸ ਹਿੱਸੇ ਵਿਚ ਕਿਸੇ ਜ਼ਿੰਦਗੀ ਦੀ ਲੋੜ ਹੋਵੇਗੀ ਤਾਂ ਆਰਥਿਕ ਭਾਈਚਾਰਾ ਬਿਨਾ ਕਿਸੇ ਮੁੱਲ ਦੇ ਆਪਣਾ ਘਰ ਟੱਬਰ ਸਮਝ ਕੇ ਮੁਫਤ ਪਹੁੰਚਾਏਗਾ।

**ਸੁਆਲ: ਕੀ ਪਹੁੰਚਣ ਵਾਲੇ ਹਵਾਈ ਜਹਾਜ਼, ਬਹਿਰੀ ਜਹਾਜ਼ ਤੇ ਉਨ੍ਹਾਂ ਦਾ ਅਮਲਾ ਤੇ ਰੇਲਵੇ ਆਦਿ ਆਵਾਜਾਈ ਦੇ ਜੋ ਸਾਧਨ ਹੋਣਗੇ, ਕੀ ਕੁੱਝ ਨਹੀਂ ਲੈਣਗੇ, ਮੁਫਤ ਸੇਵਾ ਕਰਨਗੇ?**

**ਜਵਾਬ:** ਕੋਈ ਕਿਸੇ ਦਾ ਨੌਕਰ (ਗੁਲਾਮ) ਨਹੀਂ ਹੋਵੇਗਾ, ਸਭ ਕੋਈ ਆਪਣੇ ਭੈਣਾਂ ਤੇ ਭਰਾਵਾਂ ਦੀ ਸੇਵਾ ਕਰਨਾ ਆਪਣਾ ਫਰਜ਼ ਸਮਝੇਗਾ; ਕਿਉਂਕਿ ਹੁਣ ਸਾਰੀ ਦੁਨੀਆਂ ਇਕ ਟੱਬਰ ਹੈ।

**ਸੁਆਲ: ਭਿੰਨ ਭਿੰਨ ਸਿਧਾਂਤ, ਮਜ਼ਹਬ ਤੇ ਧਰਮ ਮਨੁੱਖ ਜਾਤੀ ਨੂੰ ਖੇਰੂੰ ਖੇਰੂੰ ਨਹੀਂ ਕਰਨਗੇ?**

**ਜਵਾਬ:** ਸਭ ਸਿਧਾਂਤ, ਮਜ਼ਹਬ ਤੇ ਧਰਮ ਉਸ ਵੇਲੇ ਤੱਕ ਖਤਮ ਹੋ ਜਾਣਗੇ। ਮਨੁੱਖ ਮਾਤਰ ਦਾ ਇਕ ਹੀ ਧਰਮ ਜਾਂ ਮਜ਼ਹਬ ਰਹਿ ਜਾਵੇਗਾ: ਪਿਆਰ, ਨਿਆਂਏ ਅਤੇ ਸੇਵਾ।

**ਸੁਆਲ: ਸ਼ਾਦੀ ਦਾ ਰਿਵਾਜ ਕੀ ਹੋਵੇਗਾ?**

**ਜੁਆਬ:** ਸ਼ਾਦੀ ਦਾ ਅਰਥ ਹੈ ਖੁਸ਼ੀ, ਖੁਸ਼ੀ ਸੱਚੇ ਪਿਆਰ ਵਿਚੋਂ ਆ ਸਕਦੀ ਹੈ ਨਾ ਕਿ ਨਰੜ ਵਿਚੋਂ, ਸ਼ਾਦੀਆਂ ਪਿਆਰਮਈ ਹੋਣਗੀਆਂ, ਬਿਨਾ ਕਿਸੇ ਲਾਲਚ ਜਾਂ ਦਬਾਅ ਦੇ।

**ਸੁਆਲ: ਬਚਪਨ, ਜੁਆਨੀ ਤੇ ਬੁਢਾਪੇ ਦੀ ਸੰਭਾਲ ਕਿਵੇਂ ਹੋਵੇਗੀ?**

**ਜੁਆਬ:** ਮਨੁੱਖੀ ਸਮਾਜ ਮੌਜੂਦਾ ਸਮੇਂ ਦੀ ਤਰ੍ਹਾਂ ਲਾਵਾਰਸ ਨਹੀਂ ਹੋਣਗੇ, ਬੱਚੇ ਬੁੱਢੇ ਬਿਮਾਰ ਦੀ ਸੰਭਾਲ ਸਮਾਜ ਕਰੇਗਾ। ਨੌਜਵਾਨ ਆਪਣਾ ਫਰਜ਼ ਸਮਝ ਕੇ ਜੋ ਵੀ ਸਮਾਜ ਵਲੋਂ ਸੇਵਾ ਮਿਲੇਗੀ, ਖਿੜੇ ਮੱਥੇ ਕਰਨਗੇ।


**ਸੁਆਲ: ਤੁਸੀਂ ਆਖਦੇ ਹੋ, ਸਮਾਜਵਾਦ ਬਿਨਾ ਨਾ ਹੀ ਪੈਦਾਵਾਰ ਹੋ ਸਕਦੀ ਹੈ, ਨਾ ਹੀ ਸੱਚੀ ਖੁਸ਼ੀ ਆ ਸਕਦੀ ਹੈ ਤੇ ਨਾ ਹੀ ਰੋਟੀ ਦੀ ਕਾਣੀ ਵੰਡ ਦੂਰ ਹੋ ਸਕਦੀ ਹੈ; ਅਮਰੀਕਾ ਸਾਮਰਾਜੀ ਦੇਸ਼ ਹੈ, ਉਸ ਦੀ ਪੈਦਾਵਾਰ ਸਮਾਜਵਾਦੀ ਦੇਸ਼ਾਂ ਤੋਂ ਵੀ ਵੱਧ ਹੈ। ਦੁਨੀਆਂ ਦਾ 70 ਫੀਸਦੀ ਧਨ ਉਸ ਪਾਸ ਇਕੱਠਾ ਹੋਇਆ ਹੈ।**

**ਜਵਾਬ:** ਸਾਨੂੰ ਪਹਿਲਾਂ ਅਮਰੀਕਾ ਦੀ ਤਾਰੀਖ (ਇਤਿਹਾਸ) ਨੂੰ ਸਮਝਣਾ ਹੋਵੇਗਾ ਕਿ ਉਸ ਦੇ ਪਾਸ ਧਨ ਇਕੱਠਾ ਹੋਇਆ। ਜਦ ਕੋਲੰਬਸ ਨਵੀਂ ਦੁਨੀਆਂ ਦੀ ਖੋਜ ਵਿਚ ਨਿਕਲਿਆ, ਉਸ ਦੇ ਦਿਮਾਗ ਵਿਚ (ਇਹ ਗੱਲ) ਯਕੀਨੀ ਆ ਚੁਕੀ ਸੀ ਕਿ ਨਵੀਂ ਦੁਨੀਆਂ ਜ਼ਰੂਰ ਹੈ। ਸਮੁੰਦਰ ਵਿਚ ਕੋਨਾ ਕੋਨਾ ਸਖਤ ਮਿਹਨਤ ਪਿਛੋਂ ਇਕ ਟਾਪੂ ਨਾਲ ਜਾ ਲੱਗਾ ਅਤੇ ਉਸ ਨੂੰ ਭਾਰਤ ਸਮਝਿਆ। ਉਸ ਟਾਪੂ ਦੇ ਨਕਲੀ ਵਾਸੀਆਂ ਨੂੰ ਉਹ ਦੇ ਨਾਂ ਨਾਲ ਪੁਕਾਰਿਆ। ਹੁਣ 9 ਦੀ ਬਾਬਤ ਵੀ ਜਾਣਨਾ ਜ਼ਰੂਰੀ ਹੈ। ਜਿਨ੍ਹਾਂ ਨੂੰ ਲੇਖਕ ਨੇ ਖੁਦ ਅੱਖੀਂ ਦੇਖਿਆ ਤੇ ਗੱਲਾਂ ਕੀਤੀਆਂ। ਇਨ੍ਹਾਂ ਦਾ ਰਹਿਣ ਸਹਿਣ ਇਸਾਈ ਦੁਨੀਆਂ ਵਾਲਾ ਹੈ। ਸਿਰ ਦੇ ਵਾਲਾਂ ਦੀਆਂ ਗੁੱਤਾਂ ਗੁੰਦ ਕੇ ਪਿੱਛੇ ਸੁੱਟ ਦਿੰਦੇ ਹਨ। ਮਰਦ ਤੇ ਜਨਾਨੀਆਂ ਦੋਵੇਂ। ਜਨਾਨੀਆਂ ਏਸ਼ੀਆਈ ਔਰਤਾਂ ਵਾਂਗ ਘੱਗਰੀਆਂ ਪਹਿਨਦੀਆਂ ਹਨ ਤੇ ਇਨ੍ਹਾਂ ਵਾਂਗ ਹੀ ਸ਼ਰਮੀਲੀਆਂ ਹਨ। ਅੱਖਾਂ ਤੇ ਨੱਕ ਮੰਗੋਲ ਜਾਤੀ ਨਾਲ ਮਿਲਦਾ ਜੁਲਦਾ ਹੈ ਅਤੇ ਆਰੀਆਂ ਨਾਲ ਨਹੀਂ। ਸਿੱਖਾਂ ਦੇ ਵਾਲ ਦੇਖ ਕੇ ਬਹੁਤ ਖੁਸ਼ ਹੁੰਦੇ ਅਤੇ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਗੱਲਾਂ ਬਾਤਾਂ ਕਰਦੇ। ਗੋਰੀ ਚਮੜੀ ਤੋਂ ਸਖਤ ਘ੍ਰਿਣਾ ਹੈ ਕਿਉਂਕਿ ਗੋਰਿਆਂ ਨੇ ਇਨ੍ਹਾਂ ਨੂੰ ਖੁਸ਼ਕ ਪਗੜੀਆਂ (ਅਲੱਗ ਬਸਤੀਆਂ) ਤੇ ਕੈਦ ਕਰ ਰੱਖਿਆ ਹੈ।

ਜਦ ਕੋਲੰਬਸ ਨੇ ਟਾਪੂ ਨੂੰ ਲੱਭਣ ਦਾ ਢੰਡੋਰਾ ਯੂਰਪ ਵਿਚ ਦਿੱਤਾ ਤਾਂ ਯੂਰਪ ਦੇ ਮੁਲਕ-ਕੀ ਅੰਗਰੇਜ਼ੀ, ਫਰਾਂਸੀਸੀ, ਜਰਮਨ ਵਗੈਰਾ ਅਮਰੀਕਾ ਨੂੰ ਨੱਸ ਪਏ...ਤੇ ਦੱਖਣੀ ਹਿੱਸੇ ਵਿਚ ਜੰਗਲ ਸਾਫ ਕਰਕੇ ਖੇਤੀ ਦਾ ਕੰਮ ਸ਼ੁਰੂ ਕੀਤਾ ਪਰ ਜੰਗਲ ਏਨੇ ਗਾੜ੍ਹੇ ਸਨ ਕਿ ਯੂਰਪੀਨਾਂ ਇਕੱਲਿਆਂ ਦੀ ਸ਼ਕਤੀ ਇਨ੍ਹਾਂ ਨੂੰ ਸਾਫ ਕਰਨ ਵਿਚ ਅਸਮਰੱਥ ਸੀ। ਹੁਣ ਇਨ੍ਹਾਂ ਯੂਰਪੀਨ ਮੁਲਕਾਂ ਦੀਆਂ ਵਪਾਰੀ ਕੰਪਨੀਆਂ ਨੇ ਇਕ ਵਪਾਰ ਲੱਭਾ, ਉਹ ਇਹ ਕਿ ਅਫਰੀਕਾ ਦੇ ਹਬਸ਼ੀਆਂ ਨੂੰ ਕੁਝ ਲਾਲਚ ਦੇ ਕੇ ਉਨ੍ਹਾਂ ਨੂੰ ਖਰੀਦ ਕੇ ਅਮਰੀਕਾ ਲੈ ਜਾਂਦੇ, ਉਥੋਂ ਦੇ ਗੋਰੇ ਜ਼ਿਮੀਂਦਾਰਾਂ ਕੋਲ ਵੇਚਣਾ ਸ਼ੁਰੂ ਕੀਤਾ। ਹੁਣ ਇਹ ਖਰੀਦੇ ਹੋਏ ਹਬਸ਼ੀ ਗੁਲਾਮ, ਭੇਡਾਂ ਬੱਕਰੀਆਂ ਦੀ ਤਰ੍ਹਾਂ ਉਨ੍ਹਾਂ ਦੇ ਜਰ ਖਰੀਦ ਗੁਲਾਮ ਸਮਝੇ ਜਾਣ ਲੱਗੇ। ਜੰਗਲ ਸਾਫ ਕਰਨ ਦੇ ਇਲਾਵਾ, ਪਾਲੇ ਸ਼ੇਰਾਂ ਨਾਲ ਮੁਕਾਬਲਾ ਕਰਾ ਕੇ ਅਤੇ ਸ਼ੇਰਾਂ ਪਾਸੋਂ ਮਾਸ ਦੀਆਂ ਬੋਟੀਆਂ ਤੁੜਾ ਕੇ ਸ਼ੁਗਲ ਦੇਖਣਾ ਅਤੇ ਖੁਸ਼ੀਆਂ ਕਰਨ ਵਿਚ ਆਪਣੀ ਵਡਪਣ ਦਾ ਸਬੂਤ ਦਿੰਦੇ। ਦੱਖਣੀ ਅਮਰੀਕਾ ਦੀ ਜ਼ਿਮੀਂਦਾਰੀ ਇਨ੍ਹਾਂ ਗੁਲਾਮਾਂ ਨੂੰ ਹੁਣ ਆਪਣਾ ਮਾਣ ਸਮਝਦੀ ਸੀ ਤੇ ਉਸ ਨੂੰ ਹਰ ਤਰ੍ਹਾਂ ਦਾ ਹੱਕ ਸੀ ਕਿ ਜੋ ਚਾਹੁਣ, ਉਹ ਇਨ੍ਹਾਂ ਨਾਲ ਕਰਨ। ਕਾਨੂੰਨ ਵਲੋਂ ਪੂਰੀ ਖੁੱਲ੍ਹ ਸੀ।

ਇਸ ਪਿੱਛੇ ਜਦ ਯੂਰਪ ਦੀਆਂ ਸਨਅਤੀ ਕੰਪਨੀਆਂ ਨੇ ਸਿਮਾਲੀ ਅਮਰੀਕਾ ਦੀਆਂ ਬੰਦਰਗਾਹਾਂ ਅਤੇ ਦਰਿਆ 'ਤੇ ਪੂਰਾ ਕਬਜ਼ਾ ਕਰ ਲਿਆ ਤੇ ਦਰਿਆਵਾਂ 'ਤੇ ਲੱਕੜੀ ਦੇ ਕਾਰਖਾਨੇ ਬਣਾ ਲਏ ਤਾਂ ਲਕੜੀ ਕੱਟਣ ਤੇ ਚੀਰਨ ਲਈ ਮਜ਼ਦੂਰਾਂ ਦੀ ਲੋੜ ਪਈ। ਉਨ੍ਹਾਂ ਨੂੰ ਜੋ ਮਜ਼ਦੂਰ ਚਾਹੀਦੇ ਸਨ, ਉਹ ਕਿਸੇ ਹੱਦ ਤੱਕ ਆਜ਼ਾਦ ਹੋਣੇ ਚਾਹੀਦੇ ਸਨ ਤਾਂ ਕਿ ਉਹ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਲਿਜਾਏ ਜਾ ਸਕਣ ਪਰ ਦੱਖਣੀ ਅਮਰੀਕਾ ਦੀ ਜ਼ਿਮੀਂਦਾਰੀ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਮਜ਼ਦੂਰ ਜਦ ਚਾਹੇ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਚਲਾ ਜਾਵੇ। ਇਸ ਲਈ ਜ਼ਿਮੀਂਦਾਰੀ ਨੇ ਇਸ ਕਾਨੂੰਨ ਦਾ ਵਿਰੋਧ ਕੀਤਾ। ਵਿਰੋਧ ਏਥੇ ਤੱਕ ਅੱਪੜ ਗਿਆ ਕਿ ਇਬਰਾਹਮ ਲਿੰਕਨ ਦੀ ਨੇਤਾਗਿਰੀ ਵਿਚ ਗੁਲਾਮਾਂ ਦੀ ਆਜ਼ਾਦੀ ਦਾ ਨਾਹਰਾ ਦੇ ਕੇ ਉਤਰੀ ਅਮਰੀਕਾ ਦੀ ਕਾਰਖਾਨੇਦਾਰੀ ਨੇ ਲੜਾਈ ਲੜੀ ਤੇ ਉਹ ਕਾਮਯਾਬ ਵੀ ਹੋ ਗਏ। ਗੁਲਾਮਾਂ ਨੂੰ ਬਿਨਾ ਰੋਕ ਟੋਕ ਇਕ ਜਗ੍ਹਾ ਤੋਂ ਕੰਮ ਛੱਡ ਕੇ ਦੂਜੀ ਜਗ੍ਹਾ ਜਾਣ ਦੇ ਹੱਕ ਦੇ ਦਿੱਤੇ।

ਅਸਲ ਵਿਚ ਇਸ ਲੜਾਈ ਵਿਚ ਗੁਲਾਮਾਂ ਦੀ ਆਜ਼ਾਦੀ ਦਾ ਸੁਆਲ ਨਹੀਂ ਸੀ, ਸਗੋਂ ਕਾਰਖਾਨੇਦਾਰੀ ਤੇ ਜ਼ਿਮੀਂਦਾਰੀ ਦੇ ਆਪਣੇ ਮੁਫਾਦ ਦਾ ਸੁਆਲ ਸੀ ਪਰ ਕਾਰਖਾਨੇਦਾਰੀ ਨੇ ਇਸ ਨੂੰ ਅਮਰੀਕਾ ਦੀ ਖੁੱਲ੍ਹਦਿਲੀ ਦਾ ਨਾਂ ਦਿੱਤਾ। ਅਮਰੀਕਾ ਦਾ ਬੱਚਾ ਬੱਚਾ ਦਾਅਵਾ ਕਰਨ ਲੱਗਾ ਕਿ ਅਮਰੀਕਾ ਹੀ ਪਹਿਲਾ ਜਮਹੂਰੀ ਦੇਸ਼ ਹੈ, ਜਿਸ ਨੇ ਗੁਲਾਮ ਹਬਸ਼ੀਆਂ ਨੂੰ ਆਜ਼ਾਦ ਕਰਾਉਣ ਲਈ ਭਰਾਵਾਂ ਦਾ ਵੀ ਲਿਹਾਜ਼ ਨਾ ਕੀਤਾ ਤੇ ਇਸ ਆਜ਼ਾਦੀ ਦੇ ਆਦਰਸ਼ ਲਈ ਖੂਨ ਵਹਾਏ। ਏਸ ਕਾਮਯਾਬੀ ਨੇ ਅਮਰੀਕਨ ਨੌਜਵਾਨਾਂ ਦੇ ਹੌਸਲੇ ਵਧਾ ਦਿੱਤੇ ਤੇ ਅਮਰੀਕਨ ਗੌਰਮਿੰਟ ਨੇ ਵੀ ਨੌਜਵਾਨਾਂ ਨੂੰ ਸੰਭਾਲਣ ਵਿਚ ਕੋਈ ਕਸਰ ਨਾ ਰੱਖੀ। ਚਾਹੇ ਗੌਰਮਿੰਟ ਦਾ ਖਾਸਾ ਸਰਮਾਏਦਾਰਾਨਾਂ ਹੀ ਸੀ, ਪਰ ਮੁਲਕ ਦੇ ਨੌਜਵਾਨਾਂ ਨੂੰ ਸੰਭਾਲਿਆ।



ਬਾਬਾ ਸੋਹਣ ਸਿੰਘ ਭਕਨਾ

ਪਹਿਲਾ ਕਦਮ ਹਰ ਇਕ ਕੌਮੀ ਗੌਰਮਿੰਟ ਦਾ ਇਹ ਹੁੰਦਾ ਹੈ ਕਿ ਉਹ ਵਿਦਿਆ ਵਲ ਪੂਰਾ ਧਿਆਨ ਦੇਵੇ। ਬੋਲੀ ਨੂੰ ਸਹਿਲ ਤੇ ਆਮ ਬਣਾਏ। ਵਿਦਿਆ ਨੂੰ ਸਸਤੀ ਤੇ ਪੈਦਾਵਾਰ ਨੂੰ ਸਾਇੰਸੀ ਤਰੀਕੇ ਵਿਚ ਢਾਲੇ। ਫੀਸ ਕਿਤਾਬਾਂ ਆਦਿ ਦਾ ਖਰਚ ਬਿਲਕੁੱਲ ਮਾਮੂਲੀ ਹੋਵੇ ਤੇ ਫਿਰ ਕੋਸ਼ਿਸ਼ ਕੀਤੀ ਜਾਵੇ ਕਿ ਹਰ ਬੱਚੇ ਨੂੰ ਮੁਫਤ ਵਿਦਿਆ ਹੋਵੇ। ਪ੍ਰਾਇਮਰੀ ਤੋਂ ਲੈ ਕੇ ਉਪਰ ਤੱਕ ਹਰ ਸਕੂਲ ਦੇ ਨਾਲ ਬੱਚਿਆਂ ਦੀ ਤਾਕਤ ਤੇ ਉਸ ਦੇ ਉਮਰ ਦੇ ਹਿਸਾਬ ਕਾਰਖਾਨੇਦਾਰੀ ਕੀਤੀ ਜਾਵੇ, ਜਿਸ ਵਿਚ ਕਿਤਾਬੀ ਪੜ੍ਹਾਈ ਦੇ ਛੁੱਟ ਦਸਤਕਾਰੀ ਸਿਖਾਈ ਜਾਵੇ। ਅਮਰੀਕਾ ਵਿਚ ਹਰ ਘਰ ਵਿਚ ਜੋ ਘਰ ਵਾਸਤੇ ਨਲਕੇ ਹੋਣਗੇ, ਉਹ ਛੋਟੇ ਛੋਟੇ ਇੰਜਣ ਨਾਲ ਚਲਾਏ ਜਾਣਗੇ। ਸਭ ਇੰਜਣ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੇ ਹੱਥੀਂ ਬਣੇ ਹੋਣਗੇ। ਹੁਣ ਲਓ ਅਮਰੀਕਾ, ਪੜ੍ਹਿਆ ਲਿਖਿਆ ਨੌਜਵਾਨ ਗਰਮੀ ਸਰਦੀ ਵਿਚ ਟਰੈਕਟਰ ਉਤੇ ਏਨਾ ਸਖਤ ਕੰਮ ਕਰਦਾ ਹੈ। ਮੈਕਸੀਕੋ ਹੱਦ ਦੇ ਨੇੜੇ ਏਨੀ ਗਰਮੀ ਹੁੰਦੀ ਹੈ, ਜੋ ਪੰਜਾਬ ਨਾਲੋਂ ਡਿਓਢੀ ਦੁੱਗਣੀ, ਅਮਰੀਕੀ ਨੌਜਵਾਨ ਨਾ ਇਸ ਦੀ ਪ੍ਰਵਾਹ ਕਰਦਾ ਹੈ, ਨਾ ਹੀ ਐਤਵਾਰ ਤੋਂ ਸਿਵਾਏ ਆਰਾਮ। ਜਦ ਤੁਸੀਂ ਕਿਸੇ ਅਮਰੀਕਨ ਕਿਸਾਨ ਨੌਜਵਾਨ ਨੂੰ ਪੁੱਛੋਗੇ ਕਿ ਤੂੰ ਲਿਖਿਆ ਪੜ੍ਹਿਆ ਹੋ ਕੇ ਦਫਤਰੀ ਨੌਕਰੀ ਕਿਉਂ ਨਹੀਂ ਕੀਤੀ ਤਾਂ ਉਹ ਹੱਸ ਕੇ ਕਹੇਗਾ, ਇਹ ਔਰਤਾਂ ਦਾ ਕੰਮ ਹੈ, ਮੇਰਾ ਕੰਮ ਪੈਦਾਵਾਰ ਕਰਨਾ ਹੈ।

**ਸੁਆਲ: ਕੀ ਉਹ ਇਕੱਲਾ ਹੀ ਏਨੀ ਪੈਦਾਵਾਰ ਕਰਦਾ ਹੈ, ਜਿੰਨੀ ਅਮਰੀਕਾ ਵਿਚ ਹੁੰਦੀ ਹੈ?**

**ਜਵਾਬ:** ਨਹੀਂ! ਇਕੱਲਾ ਇਨਸਾਨ ਏਨੀ ਪੈਦਾਵਾਰ ਕਿਸੇ ਮੁਲਕ ਵਿਚ ਵੀ ਨਹੀਂ ਕਰ ਸਕਦਾ, ਜਿੰਨਾ ਚਿਰ ਮਹਿਕਮਾ ਖੇਤੀ ਆਪਣੇ ਫਰਜ਼ ਨੂੰ ਪੂਰਾ ਨਹੀਂ ਕਰਦਾ।

**ਸੁਆਲ: ਮਹਿਕਮਾ ਖੇਤੀ ਦੇ ਕੀ ਫਰਜ਼ ਹਨ?**

**ਜੁਆਬ:** ਸੁਣੀਏ! ਇਹ ਕੋਈ ਖਿਤਾਬੀ ਜਾਂ ਸੁਣੀਆਂ ਸੁਣਾਈਆਂ ਹਵਾਈ ਗੱਲਾਂ ਨਹੀਂ ਹਨ ਸਗੋਂ ਅੱਖੀਂ ਦੇਖੀ ਤੇ ਕੈਲੀਫੋਰਨੀਆ ਦੇ ਬਾਗਾਂ ਵਿਚ ਅਮਰੀਕਨ ਕਿਸਾਨ ਦੇ ਨਾਲ ਮਜ਼ਦੂਰ ਦੀ ਹੈਸੀਅਤ ਵਿਚ ਕੰਮ ਕਰਨ ਦੇ ਤਜਰਬੇ 'ਤੇ ਆਧਾਰਿਤ ਹੈ। ਪਹਿਲੇ ਜਦ ਕਿਸਾਨ ਬਾਗ ਜਾਂ ਖੇਤੀ ਵਾਸਤੇ ਜ਼ਮੀਨ ਤਿਆਰ ਕਰਦਾ ਹੈ ਤਾਂ ਮਾਧਿਅਮ ਕਾਸ਼ਤ ਦੇ ਕਾਰਕੁਨ ਖੁਦ ਖੇਤੀ ਦੀ ਮਿੱਟੀ ਲਿਜਾ ਕੇ ਮੁਲਾਹਜ਼ਾ ਕਰਦੇ ਹਨ, ਕਿਸਾਨ ਨੂੰ ਕੋਈ ਖੇਚਲ ਨਹੀਂ ਕਰਨੀ ਪੈਂਦੀ। ਤੇ ਫਿਰ ਸਲਾਹ ਦਿੰਦੇ ਹਨ ਕਿ ਫਲਾਣੀ ਜਿਨਸ ਬੀਜ। ਜੇ ਚੰਗੇ ਬੀਜ ਜਾਂ ਖਾਦ ਦੀ ਲੋੜ ਹੋਵੇ ਤਾਂ ਖੁਦ ਲਿਆ ਕੇ ਦਿੰਦੇ ਹਨ। ਜੇ ਬਾਗ ਲਾਉਣਾ ਹੋਵੇ ਤਾਂ ਚੰਗੇ ਬੂਟੇ ਤੇ ਜਰਾਸੀਮ ਮਾਰਨ ਵਾਲੀ ਦਵਾਈ ਨਾਲ ਸਾਫ ਕਰਕੇ ਕਿਸਾਨ ਨੂੰ ਖੇਤ ਵਿਚ ਪਹੁੰਚਾਉਂਦੇ ਹਨ। ਪਿਛੋਂ ਹਰ ਸਮੇਂ ਧਿਆਨ ਰੱਖਦੇ ਹਨ ਕਿ ਬੂਟਿਆਂ ਨੂੰ ਕਿਸੇ ਬਿਮਾਰੀ ਦਾ ਖਤਰਾ ਤੇ ਨਹੀਂ, ਸਰਦੀ ਨਿਕਲਣ ਤੇ ਖੁਦ ਬੂਟੇ ਦੀ ਕੱਟ-ਕਟਾਈ ਦਾ ਖਿਆਲ ਰੱਖਦੇ ਹਨ। ਸਖਤ ਸਰਦੀ ਵਿਚ ਬਾਗਾਂ ਵਿਚ ਧੂੰਏਂ ਦਾ ਪ੍ਰਬੰਧ ਕਰਦੇ ਤਾਂ ਕਿ ਬੂਟੇ ਸਰਦੀ ਤੋਂ ਬਚ ਜਾਣ। ਫਲ ਲੱਗਣ ਤੇ ਕਮਜ਼ੋਰ ਫਲ ਨੂੰ ਕੱਟ ਦਿੰਦੇ ਹਨ ਤਾਂ ਕਿ ਤੰਦਰੁਸਤ ਫਲ ਪੂਰੀ ਖੁਰਾਕ ਲੈ ਸਕੇ; ਮਤਲਬ, ਮਹਿਕਮਾ ਖੇਤੀ ਹਰ ਵੇਲੇ ਯਾਨਿ ਖੇਤ ਤਿਆਰੀ ਤੋਂ ਲੈ ਕੇ ਪੱਕਣ ਤੱਕ ਕਿਸਾਨ ਨੂੰ ਪੂਰੀ ਮਦਦ ਦਿੰਦਾ ਹੈ। ਕਿਸਾਨ ਆਪਣਾ ਪੂਰਾ ਵਕਤ ਖੇਤ ਅਤੇ ਬਾਗ ਦੀ ਦੇਖਭਾਲ ਵਿਚ ਖਰਚ ਕਰਦਾ ਹੈ।

**ਸੁਆਲ: ਕੈਲੀਫੋਰਨੀਆ ਦੀ ਜ਼ਮੀਨ ਜਿਸ ਨੂੰ ਬਾਗਾਂ ਦੀ ਧਰਤੀ ਆਖਿਆ ਜਾਂਦਾ ਹੈ, ਪਥਰੀਲੀ ਹੈ ਜਾਂ ਪੱਧਰ?**

**ਜੁਆਬ:** ਪਥਰੀਲੀ, ਪੱਥਰਾਂ ਦੀਆਂ ਤਿੰਨ ਤਿੰਨ ਤਹਿਆਂ ਹੁੰਦੀਆਂ ਹਨ। ਪਹਿਲਾਂ ਵੱਡੇ ਪੱਥਰ, ਫਿਰ ਥੋੜ੍ਹੇ ਛੋਟੇ, ਫਿਰ ਬਹੁਤ ਛੋਟੇ ਜੋ ਡੁੰਗਲੀ ਨਾਲ ਚੁੱਕੀਦੇ ਹਨ। ਪੱਥਰਾਂ ਦੀ ਬਾਗ ਦੁਆਲੇ ਕੰਧ ਬਣਾ ਦਿੰਦੇ ਹਨ ਤਾਂ ਕਿ ਹਵਾਵਾਂ ਤੋਂ ਬਾਗ ਬਚ ਸਕੇ।

**ਸੁਆਲ: ਜਿਥੇ ਏਨੇ ਬਾਗ ਹੁੰਦੇ ਹਨ, ਉਥੇ ਤੋੜ ਕੇ ਖਾਣ ਵਾਲਿਆਂ ਨੂੰ ਕੋਈ ਮਨਾਹੀ ਨਹੀਂ ਹੋਵੇਗੀ?**

**ਜੁਆਬ:** ਸਖਤ ਮਨਾਹੀ ਤੇ ਸਜ਼ਾ ਹੈ। ਚੋਰੀ ਫਲ ਤੋੜਨ ਵਾਲੇ ਨੂੰ ਜੇ ਮਾਲਕ ਗੋਲੀ ਮਾਰ ਦੇਵੇ ਤਾਂ ਕੋਈ ਸਜ਼ਾ ਨਹੀਂ।

**ਸੁਆਲ: ਤਾਂ ਫਿਰ ਡਰਦੇ ਮਾਰੇ ਲੋਕ ਹੱਥ ਤੱਕ ਨਹੀਂ ਲਾਉਂਦੇ ਹੋਣਗੇ?**

**ਜੁਆਬ:** ਡਰ ਵੀ ਹੈ ਤੇ ਉਥੇ ਦੀ ਰਹਿਣੀ ਬਹਿਣੀ ਦਾ ਅਸਰ ਵੀ। ਵਿਦੇਸ਼ੀ ਵੀ ਚੋਰੀ ਫਲ ਤੋੜਨਾ ਸ਼ਰਮ ਮੰਨਦੇ ਹਨ। ਰੋਜ਼ ਫਲ ਖਾਣ ਵਾਸਤੇ ਜੋ ਉਥੋਂ ਦਾ ਰਿਵਾਜ਼ ਹੈ, ਮੁੱਲ ਲੈ ਕੇ ਖਾਂਦੇ।

**ਸੁਆਲ: ਜੇ ਲੋਕਾਂ ਦਾ ਚਾਲ-ਚਲਨ ਏਨਾ ਸ਼ੁੱਧ ਹੈ ਤਾਂ ਤੁਸੀਂ ਸਰਮਾਏਦਾਰ ਮੁਲਕ ਕਿਉਂ ਆਖਦੇ ਹੋ?**

**ਜੁਆਬ:** ਸਰਮਾਏਦਾਰੀ ਉਹ ਹੈ ਜਿਥੇ ਚੰਦ ਹੱਥਾਂ ਵਿਚ ਮੁਲਕ ਦਾ ਧਨ ਇਕੱਠਾ ਹੋਵੇ ਅਤੇ ਉਥੋਂ ਦੇ ਮਜ਼ਦੂਰਾਂ ਤੇ ਆਵਾਮ ਨੂੰ ਓਨੀ ਰੋਟੀ ਮਿਲੇ ਜੋ ਦੋ ਵਕਤ ਮਜ਼ਦੂਰ ਆਪਣਾ ਤੇ ਆਪਣੇ ਬਾਲ ਬੱਚਿਆਂ ਦਾ ਢਿੱਡ ਭਰ ਸਕੇ। ਅਗਲੇ ਦਿਨ ਫਿਰ ਆਪਣੀ ਮਜ਼ਦੂਰੀ ਵੇਚਣ ਤੇ ਮਜਬੂਰ ਹੋਵੇ।

**ਸੁਆਲ: ਕੀ ਅਮਰੀਕਾ ਦੇ ਮਜ਼ਦੂਰ ਨੂੰ ਕਿਸਮਤ 'ਚ ਯਕੀਨ ਸੀ ਜੋ ਭੁੱਖਾ ਰਹਿ ਕੇ ਵੀ ਸਰਮਾਏਦਾਰੀ ਨੂੰ ਪਾਲਦਾ ਸੀ?**

**ਜੁਆਬ:** ਹਾਂ ਕਿਸੇ ਹੱਦ ਤੱਕ ਏਸ ਭੁਲੇਖੇ ਦੀ ਹਨੇਰੀ ਰਾਤ ਵਿਚ ਮਿਹਨਤਕਸ਼ ਭੰਬਲਭੂਸੇ ਵਿਚ ਠੋਕਰਾਂ ਖਾਂਦਾ ਰਿਹਾ ਅਤੇ ਅਖੀਰ ਇਸ ਦੀ ਅੱਖ ਖੁੱਲ੍ਹੀ ਜਿਸ ਦੀ ਮਿਸਾਲ ਸ਼ਿਕਾਗੋ ਸ਼ਹਿਰ ਦਾ ਖੂਨੀ ਸਾਕਾ ਦੁਨੀਆਂ ਦੇ ਸਾਹਮਣੇ ਆਇਆ, ਜਦ ਮਜ਼ਦੂਰ ਜਮਾਤ ਨੇ ਆਪਣੀ ਰੋਟੀ ਦੀ ਮੰਗ ਅਮਰੀਕਨ ਸਰਮਾਏਦਾਰੀ ਅੱਗੇ ਰੱਖੀ ਤੇ ਆਪਣੀ ਮੰਗ ਦਾ ਮੁਜਾਹਰਾ ਕੀਤਾ ਤਾਂ ਅਮਰੀਕਨ ਹਕੂਮਤ ਨੇ ਰੋਟੀ ਦੀ ਜਗ੍ਹਾ ਗੋਲੀਆਂ ਤੇ ਪਾਣੀ ਦੀ ਜਗ੍ਹਾ ਖੂਨ ਦੀ ਨਦੀ ਵਹਾ ਦਿੱਤੀ। ਇਹ ਸਾਕਾ ਦੁਨੀਆਂ ਭਰ ਦੇ ਮਜ਼ਦੂਰਾਂ ਦੀ ਜਾਗ੍ਰਤੀ ਦਾ ਪਹਿਲਾ ਦਿਨ ਹੈ। ਜਦੋਂ ਮਜ਼ਦੂਰਾਂ ਨੇ ਇਸ ਖੂਨ ਵਿਚ ਝੰਡਾ ਰੰਗ ਕੇ ਸਰਮਾਏਦਾਰੀ ਦੇ ਖਿਲਾਫ ਖੜ੍ਹਾ ਕਰ ਦਿੱਤਾ ਤਾਂ ਸਰਮਾਏਦਾਰੀ ਘਬਰਾਈ। ਉਸ ਨੇ ਦੁਨੀਆਂ ਭਰ ਦੇ ਵਿਦੇਸ਼ੀ ਮਜ਼ਦੂਰਾਂ ਲਈ ਅਮਰੀਕਾ ਦਾ ਬੂਹਾ ਖੋਲ੍ਹ ਦਿੱਤਾ। ਇਸ ਦੇ ਫਾਇਦੇ ਸਨ। ਇਕ, ਅਮਰੀਕਨ ਮਜ਼ਦੂਰਾਂ ਨੂੰ ਫੇਲ੍ਹ ਕਰਨਾ ਤੇ ਦੂਜਾ, ਵਿਦੇਸ਼ੀ ਮਜ਼ਦੂਰਾਂ ਨੂੰ ਅਮਰੀਕਨਾਂ ਦੇ ਮੁਕਾਬਲੇ ਘੱਟ ਤਨਖਾਹ ਦੇਣੀ, ਕਿਉਂਕਿ ਇਹ ਗਰੀਬ ਮੁਲਕਾਂ ਤੋਂ ਜਾਂਦੇ ਸਨ। ਡਾਲਰ ਦੇ ਮੁਕਾਬਲੇ ਇਨ੍ਹਾਂ ਦੇ ਮੁਲਕ ਦਾ ਸਿੱਕਾ ਬਹੁਤ ਸਸਤਾ ਸੀ ਅਤੇ ਤਬਾਦਲੇ ਵਿਚ ਇਨ੍ਹਾਂ ਨੂੰ ਇਨ੍ਹਾਂ ਦੇ ਸਿੱਕੇ ਦੇ ਕਾਫੀ ਪੈਸੇ ਮਿਲ ਜਾਂਦੇ ਸਨ। ਏਸ ਲਈ ਇਹ ਸਸਤੀ ਮਜੂਰੀ 'ਤੇ ਲੱਗ ਜਾਂਦੇ ਸਨ, ਜਿਸ ਨਾਲ ਸਰਮਾਏਦਾਰੀ ਨੂੰ ਕਾਫੀ ਮੁਨਾਫਾ ਹੁੰਦਾ ਸੀ। ਇਹ ਗੱਲ ਯਾਦ ਰੱਖਣ ਵਾਲੀ ਹੈ, ਸਰਮਾਏਦਾਰ ਨੂੰ ਨਾ ਰੱਬ ਦਾ ਖੌਫ ਤੇ ਨਾ ਹੀ ਮੁਲਕ ਤੇ ਕੌਮ ਦਾ ਪਿਆਰ ਹੁੰਦਾ ਹੈ। ਉਸ ਨੂੰ ਮੁਨਾਫੇ ਨਾਲ ਗਰਜ ਹੈ।

**ਸੁਆਲ: ਵਿਦੇਸ਼ੀ ਮਜ਼ਦੂਰਾਂ ਦੇ ਜਾਣ ਨਾਲ ਅਮਰੀਕਨ ਮਜ਼ਦੂਰਾਂ 'ਤੇ ਕੀ ਅਸਰ ਪਿਆ?**

**ਜੁਆਬ:** ਇਹ ਅਸਰ ਕੋਈ ਲੁਕਿਆ ਹੋਇਆ ਨਹੀਂ। ਅਮਰੀਕੀ ਮਜ਼ਦੂਰਾਂ ਨੂੰ ਵਿਦੇਸ਼ੀ ਮਜ਼ਦੂਰਾਂ ਤੋਂ ਸਖਤ ਨਫਰਤ ਹੋ ਗਈ, ਜੋ ਅਮਰੀਕਨ ਮਜ਼ਦੂਰਾਂ ਦੇ 1907-08 ਦੇ ਮੰਦਵਾੜੇ ਵਿਚ ਖੁੱਲ੍ਹੀ ਪਰਗਟ ਹੋਈ ਤੇ ਉਨ੍ਹਾਂ ਨੇ ਵਿਦੇਸ਼ੀ ਮਜ਼ਦੂਰਾਂ 'ਤੇ ਹਮਲੇ ਸ਼ੁਰੂ ਕਰ ਦਿੱਤੇ। ਕਈ ਕਾਰਖਾਨਿਆਂ ਵਿਚ ਮਾਰ-ਕੁੱਟ ਦੇ ਇਲਾਵਾ ਮਾਲੀ ਨੁਕਸਾਨ ਵੀ ਹੋਇਆ ਤੇ ਬੇਇਜ਼ਤ ਵੀ ਕੀਤਾ। ਨਫਰਤ ਵੀ ਕਾਫੀ ਫੈਲ ਗਈ। ਰੇਲ ਯਾਤਾਯਾਤ, ਹੋਟਲਾਂ ਵਿਚ ਜਿਧਰ ਵੀ ਜਾਓ, ਨਫਰਤ ਹੀ ਨਫਰਤ ਸੀ। ਹਿੰਦੀ ਐਸੋਸੀਏਸ਼ਨ ਗਦਰ ਪਾਰਟੀ ਨੇ ਇਸ ਨਫਰਤ ਪਾਸੋਂ ਹੀ ਸਿੱਖਿਆ ਕਿ ਗੁਲਾਮ ਦੀ ਜ਼ਿੰਦਗੀ ਦਾ ਕੀ ਮੁੱਲ ਹੈ। ਦੂਜੇ ਅਮਰੀਕਾ ਦੀ ਜਮਹੂਰੀਅਤ ਚਾਹੇ ਸਰਮਾਏਦਾਰਾਨਾ ਹੀ ਸੀ ਪਰ ਦੂਸਰੀ ਦੁਨੀਆਂ ਦੇ ਮੁਕਾਬਲੇ ਜਿਥੇ ਬਾਦਸ਼ਾਹ ਤੇ ਡਿਕਟੇਟਰ ਰਾਜ ਕਰਦੇ ਸਨ, ਬਹੁਤ ਫਰਕ ਸੀ।

**ਸੁਆਲ: ਕੀ ਫਰਕ ਸੀ?**

**ਜੁਆਬ:** ਪਹਿਲਾ ਫਰਕ ਤਾਂ ਹਰ ਬਾਲਗ ਅਮਰੀਕਨ ਨੂੰ ਵੋਟ ਦਾ ਹੱਕ ਸੀ, ਜੋ ਜਮਹੂਰੀਅਤ ਦੀ ਨਿਸ਼ਾਨੀ ਸੀ। ਕੀ ਪ੍ਰਧਾਨ ਤੇ ਕੀ ਹੋਰ ਨੁਮਾਇੰਦੇ, ਸਭ ਵੋਟਾਂ ਦੇ ਜ਼ਰੀਏ ਚੁਣੇ ਜਾਂਦੇ ਸਨ ਜਦਕਿ ਦੂਸਰੇ ਮੁਲਕਾਂ ਵਿਚ ਜਨਤਾ ਨੂੰ ਕੋਈ ਹੱਕ ਨਹੀਂ ਸੀ। ਦਫਤਰੀ ਕਾਰਕੁਨ ਤੇ ਪੁਲਿਸ ਜਨਤਾ ਦੀ ਕਾਫੀ ਇੱਜ਼ਤ ਕਰਦੀ ਸੀ। ਜਨਤਾ ਦਾ ਰੁਪਿਆ ਪ੍ਰਧਾਨ ਦੇ ਦੌਰਿਆਂ ਅਤੇ ਸਜਾਵਟਾਂ ਉਤੇ ਨਹੀਂ ਖਰਚ ਕੀਤਾ ਜਾਂਦਾ ਸੀ, ਨਾ ਹੀ ਗੈਰ ਮੁਲਕੀ ਮਹਿਮਾਨਾਂ ਉਤੇ। ਸਫਾਈ ਤੇ ਸਾਦਗੀ ਹਰ ਘਰ ਤੇ ਹਰ ਜਗ੍ਹਾ ਗਲੀਆਂ, ਬਾਜ਼ਾਰਾਂ ਵਿਚ ਮਿਲਦੀ ਸੀ। ਹਰ ਘਰ ਦੇ ਅੰਦਰ ਖੂਬਸੂਰਤ ਫੁਲਵਾੜੀਆਂ ਸਨ ਜੋ ਘਰ ਦੀਆਂ ਔਰਤਾਂ ਖੂਬਸੂਰਤੀ ਵਾਸਤੇ ਤਿਆਰ ਕਰਦੀਆਂ ਸਨ। ਅਮਰੀਕਨ ਬੱਚਿਆਂ ਤੇ ਨੌਜਵਾਨਾਂ ਦਾ ਸਾਹਿਤ ਸਲਾਹੁਣ ਯੋਗ ਸੀ। ਬੋਲੀ ਮਿੱਠੀ ਤੇ ਰਸੀਲੀ। ਜੇ ਤੁਸੀਂ ਪੜੋਸੀ ਦੇ ਘਰੋਂ ਕੋਈ ਚੀਜ਼ ਮੰਗ ਕੇ ਲਿਆਓ ਤੇ ਵਾਪਸ ਕਰਨ ਜਾਓ, ਚੀਜ਼ ਵਾਲਾ ਤੁਹਾਡੇ ਤੋਂ ਪਹਿਲਾਂ ਹੀ ਤੁਹਾਡਾ ਧੰਨਵਾਦ ਕਰੇਗਾ। ਜੇ ਕੋਈ ਵਿਦੇਸ਼ੀ ਮੁਸਾਫਰ ਰਸਤਾ ਭੁੱਲ ਜਾਏ ਤਾਂ ਪੁਲਿਸ ਵਾਲਾ ਜੋ ਡਿਊਟੀ 'ਤੇ ਹੈ, ਮਿਲ ਕੇ ਪੁੱਛੇ ਤਾਂ ਉਹ ਉਥੇ ਹੀ ਸੈਨਤ ਨਹੀਂ ਕਰ ਦੇਵੇਗਾ, ਸਗੋਂ ਨਾਲ ਜਾ ਕੇ ਅਲੱਗ ਡਿਊਟੀ ਵਾਲੇ ਸਿਪਾਹੀ ਦੇ ਸਪੁਰਦ ਕਰ ਦੇਵੇਗਾ ਜੋ ਤੁਸਾਂ ਨੂੰ ਟਿਕਾਣੇ ਪਹੁੰਚਾ ਦੇਵੇਗਾ।

(ਚਲਦਾ)

# ਸੌਰੀ

*ਭਾਰਤੀ ਸਮਾਜ ਅੰਦਰ ਜਾਤ-ਪਾਤ ਦੀ ਦਰਜਾਬੰਦੀ ਬਹੁਤ ਭਿਆਨਕ ਹੈ। ਉਘੇ ਕਹਾਣੀਕਾਰ ਜਿੰਦਰ ਨੇ ਇਸ ਕਹਾਣੀ 'ਸੌਰੀ' ਵਿਚ ਇਸ ਜਾਤ ਪ੍ਰਥਾ ਉਤੇ ਤਿੱਖੀ ਅਤੇ ਸੂਖਮ ਚੋਟ ਕੀਤੀ ਹੈ। ਕਹਾਣੀ ਵਿਚ ਕਥਿਤ ਉਚ ਜਾਤਾਂ ਅੰਦਰ ਕਥਿਤ ਨੀਵੀਆਂ ਜਾਤਾਂ ਪ੍ਰਤੀ ਭਰੀ ਪਈ ਨਫਰਤ ਸਾਫ ਝਲਕਦੀ ਦਿਸਦੀ ਹੈ। -ਸੰਪਾਦਕ*

## ਕਹਾਣੀ



ਜਿੰਦਰ

ਸੌਰੀ... ਸੌਰੀ... ਸੌਰੀ... ਚੀਕਣ ਤੋਂ ਸਿਵਾਏ ਮੇਰੇ ਕੋਲ ਕੋਈ ਹੋਰ ਚਾਰਾ ਰਿਹਾ ਹੀ ਨਹੀਂ ਸੀ। ਮੈਥੋਂ ਇਹ ਬਰਦਾਸ਼ਤ ਨਹੀਂ ਸੀ ਹੋਇਆ। ਆਖਿਰ ਕਹਿਣ/ਸੁਣਨ ਦੀ ਵੀ ਕੋਈ ਹੱਦ ਹੁੰਦੀ ਹੈ। ... ਨਹੀਂ ... ਨਹੀਂ। ਇਸ ਨੂੰ ਮੇਰੀ ਕਮਜ਼ੋਰੀ ਨਹੀਂ ਕਿਹਾ ਜਾ ਸਕਦਾ। ਬੁਜ਼ਦਿਲੀ ਵੀ ਨਹੀਂ। ਐਨੀ ਜਲਦੀ ਕੋਈ ਕਿਵੇਂ ਨਿਰਣਾ ਲੈ ਸਕਦਾ। ਮੁਮਕਿਨ ਨਹੀਂ। ਬਿਲਕੁਲ ਨਹੀਂ। ਹੋ ਹੀ ਨਹੀਂ ਸਕਦਾ। ਮੈਂ ਨਹੀਂ ਮੰਨਦਾ। ਨਿਰਣਾ ਲੈਣਾ ਕੋਈ ਗੁੱਡੇ-ਗੁੱਡੀ ਦੇ ਵਿਆਹ ਜਿਹਾ ਨਹੀਂ ਹੁੰਦਾ। ਸੋਚਣਾ ਪੈਂਦਾ। ਵਿਚਾਰਨਾ ਪੈਂਦਾ। ਵਿਚਰਨਾ ਤੇ ਵਿਚਾਰਨਾ- ਦੋਵੇਂ ਹੀ ਸਮਝੋ।

ਉਸ ਦਿਨ ਨਾ ਤਾਂ ਮੈਂ ਸੋਚਣ ਦੇ ਮੂਡ 'ਚ ਸੀ, ਨਾ ਹੀ ਵਿਚਾਰਨ ਦੇ। ਵਿਹਲਾ ਸੀ। ਕੋਈ ਖਾਸ ਕੰਮ ਨਹੀਂ ਸੀ। ਕਿਤੇ ਜਾਣ ਦਾ ਕੋਈ ਪ੍ਰੋਗਰਾਮ ਨਹੀਂ ਸੀ। ਮਨ ਸ਼ਾਂਤ ਸੀ। ਘਰ 'ਚ ਸੁੱਖ-ਸ਼ਾਂਤੀ ਹੋਵੇ, ਦਫਤਰੀ ਕੰਮ ਠੀਕ-ਠਾਕ ਚੱਲ ਰਿਹਾ ਹੋਵੇ ਤਾਂ ਨੀਂਦ ਗੂੜ੍ਹੀ ਆਉਂਦੀ ਹੈ। ਚਿੱਤ ਵੀ ਟਿਕਾਣੇ ਸਿਰ ਰਹਿੰਦਾ ਹੈ। ਪਿੰਡ ਗਿਆਂ ਦੋ-ਢਾਈ ਮਹੀਨੇ ਹੋ ਗਏ ਸਨ। ਪਿੰਡੋਂ ਵੀ ਕੋਈ ਆਇਆ/ਗਿਆ ਨਹੀਂ ਸੀ।

ਨਵੰਬਰ ਦੇ ਆਖਰੀ ਦਿਨ ਸਨ। ਠੰਢ ਕੋਈ ਬਹੁਤੀ ਨਹੀਂ ਸੀ। ਧੁੱਪ 'ਚ ਬੈਠਣਾ ਤੇ ਉਹ ਵੀ ਸਵੇਰੇ-ਸਵੇਰੇ, ਚੰਗਾ ਲੱਗਦਾ। ਲੋਈ ਦੀ ਬੁੱਕਲ ਮਾਰੀ, ਚੜ੍ਹਦੀ ਧੁੱਪ 'ਚ ਨਿੱਘ ਮਹਿਸੂਸ ਹੁੰਦਾ। ਸਨਿਚਰਵਾਰ ਸੀ। ਮੈਂ ਅਖਬਾਰ ਲੈ ਕੇ ਛੱਤ 'ਤੇ ਆ ਗਿਆ। ਸਾਡੇ ਵਾਲੀ ਲਾਈਨ ਦੇ ਕੁਆਟਰਾਂ ਪਿੱਛੇ ਖੇਤ ਪੈਂਦੇ ਹਨ, ਹਰੇ ਭਰੇ। ਮੱਠੀ-ਮੱਠੀ ਵਗਦੀ ਹਵਾ 'ਚ ਸਰ੍ਹੋਂ ਦੇ ਅੱਧ-ਪਚੱਧੇ ਖਿੜੇ ਫੁੱਲਾਂ ਦੀ ਖੁਸ਼ਬੂ ਰਲੀ ਹੋਈ ਸੀ। ਇਕ ਤਰ੍ਹਾਂ ਦਾ ਨਸ਼ਾ ਵੰਡਦੀ। ਦੂਰ ਤਾਈਂ ਖੇਤ ਫੈਲੇ ਹੋਏ ਸਨ। ਮੈਂ ਕੁਆਟਰਾਂ ਵੱਲ ਪਿੱਠ ਕਰਕੇ ਬਨੇਰੇ 'ਤੇ ਇਕ ਪੈਰ ਟਿਕਾ ਕੇ ਖੜ੍ਹਾ ਸਾਂ। ਕਹਿ ਲਓ ਜਾਂ ਸਮਝ ਲਓ, ਲੁਤਫ ਲੈ ਰਿਹਾ ਸਾਂ। ਇਸ ਸਮੇਂ ਬੰਦਾ ਕੁਝ ਨਹੀਂ ਸੋਚ ਸਕਦਾ। ਬੱਸ ਦੇਖਦਾ ਹੈ। ਦੇਖੀ ਹੀ ਜਾਂਦਾ ਹੈ। ਕੁਦਰਤ। ਹਰਿਆਲੀ। ਮੇਰਾ ਹਾਲ ਕੁਝ ਅਜਿਹਾ ਹੀ ਸੀ। ਮੈਂ ਛੱਤ ਦੇ ਇਕ ਸਿਰੇ ਤੋਂ ਦੂਜੇ ਤਕ ਜਾਂਦਾ। ਨੀਵੀਂ ਪਾਈ ਹੀ ਮੁੜ ਪੈਂਦਾ। ਸਾਹਮਣੇ ਫੈਲੀ ਖੁਸ਼ਬੂ ਨੇ ਮੈਨੂੰ ਆਪਣੇ ਕਲਾਵੇ 'ਚ ਲੈ ਰੱਖਿਆ ਸੀ। ਅਨੰਦ ਭਰਪੂਰ। ਕਿੰਨੇ ਸਾਲਾਂ ਤੋਂ ਮੇਰੇ ਅੰਦਰ ਜਮ੍ਹਾਂ ਹੋਈ ਚੰਮ ਦੀ ਬਦਬੂ 'ਤੇ ਇਹ ਭਾਰੂ ਹੋ ਗਈ। ਹਵਾ ਵਿਚ ਸਮੋਈ ਇਸ ਤਾਜ਼ਗੀ ਨੇ ਮੈਨੂੰ ਆਲੇ-ਦੁਆਲੇ ਦੀ ਸੁਧ ਨਹੀਂ ਸੀ ਰਹਿਣ ਦਿੱਤੀ।

---

"ਲੱਧੜ ਸਾਹਿਬ, ਮਾਰਨਿੰਗ ਵਾਕ ਹੋ ਰਹੀ ਐ?" ਸੱਜੇ ਪਾਸਿਉਂ ਸ਼ਰਮੇ ਨੇ ਆ ਪੁੱਛਿਆ।

"ਬੱਸ ਉਦਾਂ ਹੀ...।" ਮੇਰੀ ਉਸ ਵੱਲ ਪਿੱਠ ਸੀ।

"ਸਿੱਧਾ ਕਹੋ ਨਾ, ਤਾਜ਼ੀ ਹਵਾ ਦਾ ਮਜ਼ਾ ਲੈ ਰਹੇ ਹੋ।"

ਮੈਨੂੰ ਉਹ ਪਸੰਦ ਨਹੀਂ, ਬਹੁਤ ਗਾਲੜੀ ਹੈ। ਇਕ ਵਾਰੀ ਗੱਲ ਸ਼ੁਰੂ ਕਰ ਲਵੇ, ਪੱਲਾ ਛੁਡਾਉਣਾ ਬਹੁਤ ਔਖਾ। ਕਈ ਵਾਰ ਮੈਂ ਹੁੰਗਾਰਾ ਦੇਣੋਂ ਵੀ ਹਟ ਜਾਣਾ। ਉਹਨੂੰ ਕੋਈ ਫਰਕ ਨਹੀਂ ਪੈਂਦਾ। ਉਸ ਲਈ ਐਨਾ ਹੀ ਕਾਫੀ ਹੁੰਦਾ ਕਿ ਮੈਂ ਇਹਦੇ ਕੋਲ ਖੜ੍ਹਾ ਹਾਂ। ਅੱਜ ਫੇਰ ਮੈਂ ਇਹਦੀ ਗ੍ਰਿਫਤ 'ਚ ਆ ਗਿਆ।

"ਲਉ ਜੀ, ਆਹ ਜਿਹੜੀ ਡੀ. ਐਸ. ਫੋਰ ਦੀ ਸੈਨਾ ਬਣ ਗਈ ਆ ਨਾ, ਆ ਹੀ ਕਾਸ਼ੀ-ਮਾਇਆਵਤੀ ਵਾਲੀ, ਇਹਨੇ ਜਾਤ-ਪਾਤ ਦਾ ਵਖਰੇਵਾਂ ਹੋਰ ਵਧਾ ਦਿੱਤਾ। ਲੋਕ ਜਾਤ-ਪਾਤ ਭੁੱਲ ਚੁਕੇ ਸਨ, ਪਰ ਆਹ ਵੋਟਾਂ ਦੀ ਰਾਜਨੀਤੀ ਆਪਣੀਆਂ ਚਾਲਾਂ ਚੱਲਦੀ ਰਹਿੰਦੀ ਹੈ। ਤੁਸੀਂ ਪੁੱਛੋ, ਕਿਵੇਂ, ਮੈਂ ਤੁਹਾਨੂੰ ਆਪਣੇ ਦਫਤਰ ਦੀ ਇਕ ਘਟਨਾ...?"

ਸ਼ਰਮੇ ਦੀ ਗੱਲ ਦੀ ਲੜੀ ਅਗਾਂਹ ਤੁਰਦੀ, ਉਦੋਂ ਹੀ ਬਣਵੈਤ ਦੇ ਕੁਆਟਰ ਵਲੋਂ ਸ਼ੋਰ ਉਠਿਆ। ਇਹ ਸ਼ੋਰ ਕਦੇ ਉਚਾ ਹੋ ਜਾਂਦਾ, ਕਦੇ ਮੱਧਮ। ਮੈਂ ਤੇ ਸ਼ਰਮਾ ਬਨੇਰੇ ਕੋਲ ਆ ਕੇ ਖੜ੍ਹ ਗਏ।

"ਇਕ ਵਾਰ ਫੇਰ ਆਖ ਤਾਂ...।" ਬੰਤੀ ਸ਼ੇਰਨੀ ਬਣੀ ਵਾਰ-ਵਾਰ ਇਹੋ ਕਹਿ ਰਹੀ ਸੀ। ਮੈਂ ਉਸ ਨੂੰ ਕਦੇ ਐਦਾਂ ਗੁੱਸੇ 'ਚ ਨਹੀਂ ਦੇਖਿਆ। ਆਪਣੇ ਕੁਆਟਰ ਅੱਗੇ ਖੜ੍ਹੀ ਉਹ ਝਈਆਂ ਲੈ-ਲੈ ਕੇ ਮਿਸਿਜ਼ ਸਿੰਘ ਵੱਲ ਤੇਜ਼ੀ ਨਾਲ ਜਾਂਦੀ। ਤਿੰਨ ਕੁ ਫੁੱਟ ਦਾ ਫਾਸਲਾ ਰੱਖਦੀ। ਫੇਰ ਜਿਥੇ ਪਹਿਲਾਂ ਖੜ੍ਹੀ ਸੀ, ਉਥੇ ਮੁੜ ਆ ਖੜ੍ਹਦੀ। ਜਿਵੇਂ ਅਗਾਂਹ ਕੋਈ ਲਛਮਣ ਰੇਖਾ ਉਕਰੀ ਹੋਵੇ, ਜਿਸ ਨੂੰ ਨਾ ਤਾਂ ਮਿਸਿਜ਼ ਸਿੰਘ ਤੇ ਨਾ ਹੀ ਉਹ ਪਾਰ ਕਰਨਾ ਚਾਹੁੰਦੀ ਹੋਵੇ। ਕਲਪਦੀ, ਬੋਲਦੀ ਦੀ ਚੁੰਨੀ ਦਾ ਇਕ ਲੜ ਧਰਤੀ ਨਾਲ ਘਿਸੜਨ ਲੱਗ ਜਾਂਦਾ। ਚੁੰਨੀ ਸੂਤ ਕਰਦਿਆਂ ਉਸ ਦਾ ਗੁੱਸਾ ਸੱਤ ਅਸਮਾਨੀਂ ਜਾ ਚੜ੍ਹਦਾ।

ਮੈਂ ਹੈਰਾਨ ਕਿ ਬੜੀ ਧੀਮੀ ਅਵਾਜ਼ 'ਚ ਬੋਲਣ ਵਾਲੀ ਬੰਤੀ ਦਾ ਕੜ ਕਿਵੇਂ ਪਾਟ ਗਿਆ?

"ਇਕ ਵਾਰ ਕੀ, ਮੈਂ ਤਾਂ ਸੌ ਵਾਰ ਕਹੂੰ, ਤੇਰਾ ਮੁੰਡਾ ਚੋਰ...।" ਮਿਸਿਜ਼ ਸਿੰਘ ਨੇ ਫੇਰ ਮੋੜਵਾਂ ਜੁਆਬ ਦਿੱਤਾ। ਉਹ ਆਪਣੇ ਕੁਆਟਰ ਅੱਗੇ ਲਾਈ ਸਬਜ਼ੀ ਦੀਆਂ ਕਿਆਰੀਆਂ ਤੋਂ ਦੋ ਫੁੱਟ ਅਗਾਂਹ ਖੜ੍ਹੀ ਸੀ। ਸੱਜੇ ਤੇ ਖੱਬੇ ਪਾਸੇ ਉਸ ਦੇ ਬੱਚੇ ਖੜ੍ਹੇ ਸਨ। ਉਸ ਨੂੰ ਵਾਰ-ਵਾਰ ਅਗਾਂਹ ਜਾਣ ਤੋਂ ਰੋਕਦੇ। ਚੁੱਪ-ਚਾਪ। ਇਵੇਂ ਲੱਗਦਾ, ਜਿਵੇਂ ਉਹ ਉਸ ਦੀ ਹਿਫਾਜ਼ਤ ਲਈ ਖੜ੍ਹੇ ਸਨ, ਜੋ ਨਾ ਤਾਂ ਉਹ ਇਹ ਚਾਹੁੰਦੇ ਸਨ ਕਿ ਉਨ੍ਹਾਂ ਦੀ ਮੰਮੀ ਬੰਤੀ ਨਾਲ ਹੱਥੋਪਾਈ ਹੋਵੇ, ਨਾ ਹੀ ਬੰਤੀ ਨੂੰ ਇਸ ਪਾਸੇ ਆਉਣ ਦੇਣਾ ਚਾਹੁੰਦੇ ਸਨ।

ਛੁੱਟੀ ਦਾ ਦਿਨ ਸੀ। ਮਿਸਿਜ਼ ਸਿੰਘ ਕੋਲ ਕੋਈ ਕੰਮ ਨਹੀਂ ਸੀ। ਉਹ ਬਰੇਕ-ਫਾਸਟ ਕਰ ਚੁਕੇ ਸਨ। ਬੱਚਿਆਂ ਨੂੰ ਸਕੂਲ ਵਾਲੀ ਵੈਨ ਨੇ ਲੈ ਜਾਣਾ ਸੀ।

"ਦੇਖੋ ਭਰਾ ਜੀ, ਆਹ ਜਿਹੜੀ ਨਿੱਕਰ ਇਹਦੇ ਕੁਸ਼ ਲੱਗਦੇ ਦੇਸੇ ਨੇ ਪਾਈ ਹੈ ਨਾ, ਇਹ ਮੇਰੇ ਜਸਪਾਲ ਦੀ ਹੈ।" ਮਿਸਿਜ਼ ਸਿੰਘ ਨੇ ਕੋਲ ਆ ਖੜ੍ਹੇ ਬਣਵੈਤ ਨੂੰ ਦੱਸਿਆ।

"ਕਿਉਂ ਝੂਠ ਬੋਲਣ 'ਤੇ ਲੱਕ ਬੰਨ੍ਹ ਲਿਆ। ਇਹ ਤਾਂ ਮੈਂ ਪਿਛਲੇ ਐਤਵਾਰ ਪਾਇਲ ਸਿਨਮੇ ਕੋਲ ਲੱਗੀ ਸੇਲ 'ਚੋਂ ਪੰਦਰਾਂ ਰੁਪਈਆਂ ਦੀ ਖਰੀਦ ਕੇ ਲਿਆਂਦੀ। ਜੇ ਮੇਰੇ ਆਖੇ ਦਾ ਇਤਬਾਰ ਨ੍ਹੀਂ ਆਉਂਦਾ ਤਾਂ ਹੁਣੇ ਚੱਲ ਮੇਰੇ ਨਾਲ। ਉਥੇ ਅਜੇ ਵੀ ਸੇਲ ਲੱਗੀ ਏ।" ਬੰਤੀ ਨੇ ਸਫਾਈ ਦਿੱਤੀ।

"ਕੁੱਤੀਏ!... ਰੱਬ ਨੂੰ ਜਾਨ ਦੇਣੀ ਹੈ...।" ਮਿਸਿਜ਼ ਸਿੰਘ ਹਫਦੀ ਹੋਈ ਬੋਲੀ।

ਲੱਗਦਾ ਸੀ, ਜਿਵੇਂ ਉਸ ਦੀ ਬਰਦਾਸ਼ਤ ਕਰਨ ਦੀ ਸ਼ਕਤੀ ਖਤਮ ਹੋ ਗਈ ਸੀ। ਉਹ ਮਿਸਿਜ਼ ਸਿੰਘ ਦੇ ਬਿਲਕੁਲ ਲਾਗੇ ਚਲੇ ਗਈ, ਫੇਰ ਕੁਝ ਸੋਚ ਕੇ ਪਿੱਛੇ ਹਟ ਗਈ। ਦੋਵੇਂ ਜੋ ਮੂੰਹ 'ਚ ਆਇਆ, ਬੋਲਦੀਆਂ ਗਈਆਂ।

"ਆ ਮੇਰੇ ਪੇਅ ਦੀਏ ਕੁਸ਼ ਲੱਗਦੀਏ, ਹਰਾਮ ਦੀ ਮਾਰ, ਚਗਲ ਆਪਣੇ ਆਪ ਨੂੰ ਵੱਡੀ ਸਤੀ-ਸਵਿਤਰੀ ਸਮਝਦੀ, ਮੈਂ ਤੈਥੋਂ ਕੀ ਲੈਣਾ? ਜਦੋਂ ਮੰਗਣ ਆਈ, ਬਾਹੋਂ ਫੜ ਕੇ ਬਾਹਰ ਕੱਢ ਦਈਂ। ਮੈਂ ਤੈਨੂੰ ਭਜਨ ਸਿਹੁੰ ਵਾਲੀ ਗੱਲ ਯਾਦ ਕਰਵਾਵਾਂ। ਯਾਦ ਆ ਨਾ ਸਾਰੀ ਉਮਰ ਲੋਕਾਂ ਦਾ ਗੂੰਹ ਮੂਤ ਚੁੱਕਣ ਵਾਲੀ...।" ਕੁਆਟਰਾਂ ਦੀਆਂ ਖਿੜਕੀਆਂ, ਦਰਵਾਜਿਆਂ 'ਚ ਖੜ੍ਹੀਆਂ ਔਰਤਾਂ ਹੱਸ-ਹੱਸ ਕੇ ਚੁੰਨੀਆਂ ਮੂੰਹ 'ਚ ਲੈਣ ਲੱਗੀਆਂ। ਕਈ ਕਿਆਸ ਲਾਉਣ ਲੱਗੀਆਂ ਕਿ ਕੀ ਮਿਸਿਜ਼ ਸਿੰਘ ਬੰਤੀ ਦਾ ਮੁਕਾਬਲਾ ਕਰ ਵੀ ਸਕੇਗੀ?

ਸ਼ਰਮੇ ਨੇ ਮੈਨੂੰ ਇਸ਼ਾਰਾ ਕੀਤਾ। ਅਸੀਂ ਦੋਵੇਂ ਹੇਠਾਂ ਉਤਰ ਆਏ। ਲੜਾਈ ਸਾਡੇ ਕੁਆਟਰਾਂ ਤੋਂ ਪੰਜਾਹ ਕੁ ਫੁੱਟ ਅੱਗੇ ਚੱਲ ਰਹੀ ਸੀ।

"ਬੰਤੀ ਦੇ ਮੁੰਡੇ ਦੀ ਸ਼ਕਲ ਜਮਾਂ ਈ ਚੋਰਾਂ ਵਰਗੀ ਲੱਗਦੀ ਹੈ।" ਸਾਨੂੰ ਕੋਲ ਆਉਂਦਿਆਂ ਦੇਖ ਤਿਵਾੜੀ ਨੇ ਕਿਹਾ।

"ਹੋ ਸਕਦੈ।" ਸ਼ਰਮੇ ਨੇ ਅੱਧੇ ਮਨ ਨਾਲ ਹਾਮੀ ਭਰੀ।

"ਸ਼ਰਮਾ ਸਾਹਿਬ, ਤੁਸੀਂ ਵੀ ਕੀ ਗੱਲ ਕਰ ਰਹੇ ਹੋ। ਹੋ ਸਕਦਾ ਨ੍ਹੀਂ, ਹੈ। ਤੁਸੀਂ ਪੁੱਛੋ ਕਿਵੇਂ? ਮੈਂ ਸਬੂਤ ਪੇਸ਼ ਕਰ ਸਕਦਾਂ। ਜਮਾਂ ਈ ਖਰੇ ਸਬੂਤ।" ਤਿਵਾੜੀ ਇਕ ਤਰ੍ਹਾਂ ਨਾਲ ਸਾਨੂੰ ਰੋਕ ਕੇ ਹੀ ਖੜ੍ਹ ਗਿਆ, ਜਿਵੇਂ ਉਸ ਆਪਣੀ ਗੱਲ ਮਨਵਾਉਣ ਲਈ ਢੇਰ ਸਾਰੇ ਸਬੂਤ ਇਕੱਠੇ ਕੀਤੇ ਹੋਏ ਸਨ।

"ਕਿੱਦਾਂ?" ਆਪਣੇ ਆਪ ਨੂੰ ਰੋਕਦਿਆਂ ਵੀ ਮੇਰੇ ਮੂੰਹੋਂ ਨਿਕਲ ਗਿਆ।

"ਤੁਹਾਨੂੰ ਪਤਾ ਹੋਣਾ ਕਿ ਸਾਡੇ ਕੁਆਟਰ ਪਿੱਛੇ ਵਿਹੜਾ ਪੈਂਦਾ। ਉਧਰ ਹੀ ਬਾਥਰੂਮ ਹੈਗਾ। ਅਸੀਂ ਮੀਆਂ-ਬੀਵੀ ਦਫਤਰ ਚਲੇ ਜਾਈਦਾ। ਸਾਡੇ ਅੰਡਰ ਗਾਰਮੈਂਟ ਬਾਹਰਲੀ ਤਾਰ 'ਤੇ ਹੀ ਟੰਗੇ ਪਏ ਰਹਿੰਦੇ। ਪਹਿਲਾਂ ਕਦੇ ਇਕ ਰੁਪਈਏ ਦੀ ਚੀਜ਼ ਇਧਰ-ਉਧਰ ਨ੍ਹੀਂ ਹੋਈ ਸੀ, ਪਰ ਹੁਣ ਆਏ ਦਿਨ ਇਹ ਗਾਇਬ ਹੁੰਦੇ ਆ।" ਤਿਵਾੜੀ ਅਜੇ ਵੀ ਮੇਰੇ ਵੱਲ ਸਿੱਧਾ ਹੀ ਦੇਖ ਰਿਹਾ ਸੀ। ਉਹ ਫਿਰ ਬੋਲਿਆ, "ਸਾਰਾ ਪੁਆੜਾ ਬੰਤੀ ਦੇ ਆਉਣ 'ਤੇ ਪਿਆ। ਪਤਾ ਨ੍ਹੀਂ ਕਿਹੜੀ ਜਾਤ ਦੀ ਆ? ਆਹ ਦੇਸਾ ਤਾਂ ਮੈਨੂੰ ਬਾਜ਼ੀਗਰਾਂ ਦਾ ਬੀਅ ਲੱਗਦਾ। ਅੱਖ ਦੇ ਫੋਰ 'ਚ ਬਾਂਦਰ ਵਾਂਗੂ ਸਫੈਦਿਆਂ 'ਤੇ ਚੜ੍ਹ ਜਾਂਦਾ। ਕੰਧ ਤੋਂ ਛਾਲ ਮਾਰੂ। ਕਦੇ ਅੰਦਰ, ਕਦੇ ਬਾਹਰ। ਇਹਦਾ ਸਰੀਰ ਸਪਰਿੰਗ ਵਾਂਗ ਲਿਫਦਾ। ਸ਼ਿਕਾਰੀ ਕੁੱਤੇ ਵਰਗੀਆਂ ਇਹਦੀਆਂ ਲੱਤਾਂ। ਬੜਾ ਤੇਜ਼ ਦੌੜਦਾ। ਮੈਂ ਆਪ ਅਜ਼ਮਾ ਕੇ ਦੇਖਿਆ। ਇਕ ਦਿਨ ਜਿੰਦਰ ਦੇ ਮੁੰਡੇ ਦਾ ਪਤੰਗ ਪ੍ਰੋਫੈਸਰ ਦੇ ਕੋਠੇ 'ਤੇ ਜਾ ਡਿੱਗਾ। ਮੈਡਮ ਤੋਂ ਡਰਦਾ ਮੁੰਡਾ ਉਨ੍ਹਾਂ ਦੇ ਘਰ ਵੱਲ ਮੂੰਹ ਨਾ ਕਰੇ। ਕੁਦਰਤੀ ਮੈਂ ਆ ਗਿਆ। ਮੈਥੋਂ ਮੁੰਡੇ ਦਾ ਹਾਲ ਦੇਖਿਆ ਨਾ ਗਿਆ। ਲੱਗਦਾ ਸੀ, ਉਹ ਹੁਣ ਵੀ ਰੋਇਆ ਕਿ ਹੁਣ ਵੀ ਰੋਇਆ। ਮੈਂ ਦੇਸੇ ਨੂੰ ਕਿਹਾ, ਜੇ ਤੂੰ ਇਹਦਾ ਪਤੰਗ ਚੁੱਕ ਲਿਆਵੇਂ ਤਾਂ ਮੈਂ ਤੈਨੂੰ ਰੁਪਈਆ ਦਊਂ। ਇਹ ਦੋ ਮਿੰਟਾਂ 'ਚ ਪਤੰਗ ਲੈ ਆਇਆ।"

ਉਦੋਂ ਹੀ ਸਾਹਮਣੇ ਵਾਲਾ ਜੌੜਾ ਆ ਗਿਆ। ਉਸ ਤਿਵਾੜੀ ਨੂੰ ਬਾਹੋਂ ਫੜ ਕੇ ਮਾੜਾ ਜਿੰਨਾ ਘੁੱਟਿਆ, ਜਿਸ ਦਾ ਮਤਲਬ ਸੀ ਕਿ ਹੁਣ ਤੁਸੀਂ ਚੁੱਪ ਕਰੋ। ਉਹ ਬੋਲਿਆ, "ਪਹਿਲੀ ਗਲਤੀ ਅਰੋੜਾ ਸਾਹਿਬ ਨੇ ਆਹ ਕੀਤੀ। ਕੁਜਾਤ ਨੂੰ ਹੇਠਲਾ ਪੋਰਸ਼ਨ ਦੇ ਦਿੱਤਾ। ਸਿਰਫ ਆਪਣੇ ਸਵਾਰਥ ਲਈ ਇਹੀ ਬਈ ਕਿ ਇਹ ਉਨ੍ਹਾਂ ਦੀ ਬਿਮਾਰ ਮਾਂ ਦੀ ਸੇਵਾ ਕਰੂ। ਕਰਾ ਲਈਂ ਇਹਦੇ ਤੋਂ ਸੇਵਾ। ਫੇਰ ਕਮਰਾ ਕਿਰਾਏ 'ਤੇ ਦੇਣ ਲੱਗੇ ਇਹ ਤਾਂ ਦੇਖ ਲੈਂਦੇ ਕਿ ਕੀ ਬੰਦਾ ਆਪਣੇ ਸਟੇਟਸ ਦਾ ਹੈ। ਹੁਣ ਆਪਾਂ ਇਕ ਗੱਲ ਕਰੀਏ। ਉਨ੍ਹਾਂ ਨੂੰ ਰਿਕੁਐਸਟ ਕਰੀਏ, ਬਈ ਬੰਤੀ ਨੂੰ ਆਪਣੇ ਕੁਆਟਰ 'ਚੋਂ ਕੱਢ ਦੇਣ। ਫੇਰ ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬਾਂਸੁਰੀ।"

"ਤੁਸੀਂ ਬੜੀ ਦੂਰ ਦੀ ਸੋਚੀ।" ਸ਼ਰਮੇ ਨੂੰ ਉਸ ਦੀ ਤਜਵੀਜ਼ ਭਾਅ ਗਈ ਸੀ।

ਮਿਸਿਜ਼ ਸਿੰਘ ਤੇ ਬੰਤੀ ਇਕ ਵਾਰ ਫੇਰ ਹੱਥੋਪਾਈ ਹੁੰਦੀਆਂ-ਹੁੰਦੀਆਂ ਮਸਾਂ ਹੀ ਹਟੀਆਂ।

ਅਸੀਂ ਥੋੜ੍ਹਾ ਕੁ ਹੋਰ ਅਗਾਂਹ ਚਲੇ ਗਏ।

"ਦੱਸੋ ਵੀਰ ਜੀ, ਮੇਰਾ ਦੇਸ ਰਾਜ ਤੁਹਾਨੂੰ ਚੋਰ ਲੱਗਦੈ?" ਹੁਣ ਬੰਤੀ ਮਿਸਿਜ਼ ਸਿੰਘ ਵਲੋਂ ਹਟ ਕੇ ਮੈਨੂੰ ਮੁਖਾਤਿਬ ਹੋਈ।

"ਨ੍ਹੀਂ, ਬਿਲਕੁਲ ਨ੍ਹੀਂ। ਇਹ ਤਾਂ ਬੀਬਾ ਬੱਚਾ। ਬਰਿਲੀਐਂਟ ਬੁਆਇ। ਤੇਜ਼ ਦਿਮਾਗ ਵਾਲਾ। ਇਹ ਕਦੇ ਵੀ ਚੋਰੀ ਨ੍ਹੀਂ ਕਰ ਸਕਦਾ।" ਮੈਂ ਕਿਹਾ ਤਾਂ ਸ਼ਰਮੇ ਅਤੇ ਤਿਵਾੜੀ ਨੇ ਮੈਨੂੰ ਘੂਰ ਕੇ ਦੇਖਿਆ। ਜੌੜਾ ਕਦੇ ਮੇਰੇ ਵੱਲ ਦੇਖ ਲੈਂਦਾ, ਕਦੇ ਬੰਤੀ ਵੱਲ। ਜਿਵੇਂ ਉਸ ਨੂੰ ਮੇਰੇ ਕੋਲੋਂ ਅਜਿਹੇ ਵਰਤਾਉ ਦੀ ਕੋਈ ਆਸ ਨਹੀਂ ਸੀ। ਉਹ ਸਾਰੇ ਇਸ ਨੂੰ ਆਖਰੀ ਸੱਚ ਮੰਨੀ ਬੈਠੇ ਸਨ। ਇਸ ਕਾਲੋਨੀ 'ਚ ਹੁੰਦੀ ਹਰੇਕ ਨਿੱਕੀ-ਮੋਟੀ ਚੋਰੀ 'ਚ ਉਨ੍ਹਾਂ ਨੂੰ ਇਸ ਮੁੰਡੇ ਦਾ ਸਿੱਧਾ ਹੱਥ ਲੱਗਦਾ ਸੀ।

"ਤੁਸੀਂ ਇਹ ਕਹਿ ਕੇ ਉਸ ਨੂੰ ਸ਼ਹਿ ਨਾ ਦਿਓ। ਤੁਹਾਨੂੰ ਇਸ ਮੁੰਡੇ ਦੀਆਂ ਆਦਤਾਂ ਦਾ ਪਤਾ ਨ੍ਹੀਂ।" ਵਿਰਦੀ ਸਾਹਿਬ ਨੇ ਮੇਰੇ ਕੰਨ ਕੋਲ ਮੂੰਹ ਲਿਆ ਕੇ ਕਿਹਾ। ਮੈਥੋਂ ਕਿਹਾ ਗਿਆ, "ਤੁਹਾਡੀ ਗੱਲ ਵੀ ਸੱਚੀ ਹੋ ਸਕਦੀ ਐ।"

ਦਰਅਸਲ ਉਸ ਸਮੇਂ ਮੈਂ ਕਾਲੋਨੀ ਦੀ ਬਰਾਦਰੀ ਦੀ 'ਹਾਂ' 'ਚ 'ਹਾਂ' ਮਿਲਾਉਣ 'ਚ ਹੀ ਆਪਣਾ ਫਾਇਦਾ ਸਮਝਿਆ ਸੀ।

ਮੈਂ ਬੰਤੀ ਨੂੰ ਆਪਣੇ ਕਮਰੇ ਵਿਚ ਜਾਣ ਲਈ ਇਸ਼ਾਰਾ ਕੀਤਾ। ਉਸ ਅੱਗੋਂ ਕੋਈ ਉਜ਼ਰ ਨਾ ਕੀਤੀ। ਮਿਸਿਜ਼ ਸਿੰਘ ਦੀਆਂ ਨਜ਼ਰਾਂ 'ਚ ਸ਼ੱਕ ਦੇ ਡੋਰੇ ਉਭਰੇ। ਉਹ ਨਾਸਾਂ ਫੁਲਾਉਂਦੀ ਦਰਵਾਜੇ 'ਚ ਖੜ੍ਹੀ ਬੰਤੀ ਦੇ ਕਮਰੇ ਵੱਲ ਦੇਖ ਰਹੀ ਸੀ। ਜੇਤੂ ਅੰਦਾਜ਼ 'ਚ।

"ਚਾਹ ਚੱਲੇ?" ਜੌੜੇ ਨੇ ਅਮਨ-ਸ਼ਾਂਤੀ ਦੇਖ ਮੇਰੇ ਨਾਲ ਸੁਲਾਹ ਮਾਰੀ।

"ਜ਼ਰੂਰ-ਜ਼ਰੂਰ।" ਸ਼ਰਮਾ ਝੱਟ ਬੋਲਿਆ। ਮੇਰੇ ਨਾਂਹ-ਨਾਂਹ ਕਰਦਿਆਂ ਵੀ ਮੇਰੀ ਬਾਂਹ ਫੜ ਕੇ ਅੰਦਰ ਨੂੰ ਲੈ ਤੁਰਿਆ।

ਮਿਸਿਜ਼ ਜੌੜਾ ਬੋਲੀ, "ਭਾਈ ਸਾਹਿਬ, ਇਹ ਪੜ੍ਹਿਆਂ-ਲਿਖਿਆਂ ਦੀ ਕਾਲੋਨੀ ਏ। ਮੈਨਰਜ਼ ਨਾਲ ਹੀ ਬੋਲਣਾ/ਰਹਿਣਾ ਚੰਗਾ ਲੱਗਦਾ ਏ?"

"ਹਾਂ, ਭਰਜਾਈ ਜੀ, ਬੰਤੀ ਤਾਂ ਬੋਲਣ ਲੱਗੀ ਕੋਈ ਅੱਗਾ-ਪਿੱਛਾ ਨ੍ਹੀਂ ਦੇਖਦੀ ਕਿ ਉਸ ਕੋਲ ਕੋਈ ਮਰਦ ਵੀ ਖੜ੍ਹੈ।" ਤਿਵਾੜੀ ਬੋਲਿਆ।

"ਇਹਦਾ ਕੋਈ ਪੱਕਾ ਉਪਾਅ ਕਰੋ ਨਾ। ਇਕ ਉਸ ਦਾ ਮੁੰਡਾ ਚੋਰ, ਉਤੋਂ ਸੀਨਾ-ਜ਼ੋਰੀ ਕਰਦੀ ਐ। ਇਕ ਕੰਮ ਮੈਂ ਕਰ ਸਕਦੀ ਆਂ, ਜਿਸ ਫੈਕਟਰੀ ਵਿਚ ਇਹ ਪੀਅਨ ਲੱਗੀ, ਉਥੇ ਮੇਰੀ ਇਕ ਕੁਲੀਗ ਦਾ ਬ੍ਰਦਰ ਲੱਗਾ। ਉਸ ਨੂੰ ਰਿਕੁਐਸਟ ਕਰਕੇ ਇਸ ਨੂੰ ਹਟਾਉਨੀ ਆਂ। ਤੁਸੀਂ ਅਰੋੜਾ ਸਾਹਿਬ ਕੋਲ ਜਾਉ ਜਾਂ ਉਨ੍ਹਾਂ ਨੂੰ ਇੱਥੇ ਸੱਦ ਲਉ।" ਮਿਸਿਜ ਜੌੜਾ ਨੇ ਤਜਵੀਜ਼ ਰੱਖੀ। ਸਾਰੇ ਅਰੋੜਾ ਸਾਹਿਬ ਵੱਲ ਤੁਰ ਪਏ।



"ਅਰੋੜਾ ਸਾਹਿਬ ਤਾਂ ਕਿਧਰੇ ਰੜਕਦੇ ਨ੍ਹੀਂ।" ਸ਼ਰਮੇ ਨੇ ਜਾ ਪੁੱਛਿਆ।

"ਟੂਰ 'ਤੇ ਗਏ ਹੋਣੇ। ਸ਼ਾਮ ਨੂੰ ਆ ਜਾਣਗੇ।"

"ਫੇਰ ਸ਼ਾਮ ਨੂੰ ਸਹੀ।"

"ਠੀਕ", ਕਹਿੰਦਿਆਂ ਸਾਰੇ ਆਪੋ-ਆਪਣੇ ਕੁਆਟਰਾਂ ਵੱਲ ਤੁਰ ਪਏ। ਸ਼ਰਮੇ ਨੇ ਆਪਣੇ ਗੇਟ ਕੋਲ ਪਹੁੰਚਦਿਆਂ ਫਿਰ ਤਾਕੀਦ ਕੀਤੀ, "ਲੱਧੜ ਸਾਹਿਬ, ਕਿਤੇ ਜਾਣਾ ਨ੍ਹੀਂ ਜੇ। ਆਪਾਂ ਅੱਜ ਇਹਦਾ ਕੱਟਾ-ਕੱਟੀ ਕੱਢ ਦੇਣਾ।"

---

ਪੌੜੀਆਂ ਚੜ੍ਹਨ ਲੱਗਾ ਤਾਂ ਸੰਤੋਸ਼ ਨੇ ਪੁੱਛਿਆ, "ਕਰ ਆਏ ਫੈਸਲਾ?" ਮੇਰੇ ਜੁਆਬ ਦੇਣ ਤੋਂ ਪਹਿਲਾਂ ਹੀ ਉਹ ਫੇਰ ਬੋਲੀ, "ਕੱਲ੍ਹ ਬੰਤੀ ਆਈ ਸੀ।"

"ਅੱਛਾ।" ਮੈਂ ਹੇਠਾਂ ਆ ਗਿਆ।

"ਕਹਿੰਦੀ ਸੀ, ਵੀਰ ਜੀ ਨੂੰ ਦੱਸਿਓ, ਇਹ ਸਾਰੀਆਂ ਬਾਬੂਆਣੀਆਂ ਮੇਰੇ ਮੁੰਡੇ ਨੂੰ ਦੇਖ ਨ੍ਹੀਂ ਸੁਖਾਉਂਦੀਆਂ। ਇਕ ਗੱਲ ਹੋਰ। ਇਸ ਵਾਰੀ ਵੀ ਦੇਸ ਰਾਜ ਆਪਣੀ ਕਲਾਸ ਵਿਚੋਂ ਫਸਟ ਆਇਆ।"

"ਵੈਰੀ ਗੁੱਡ।"

"ਕਲਪਦੀ ਸੀ ਕਿ ਇਹੋ ਗੱਲ ਇਨ੍ਹਾਂ ਨੂੰ ਰੜਕਦੀ ਆ।"

"ਤੇ ਚੋਰੀ?"

"ਮੈਨੂੰ ਆਪ ਮੁੰਡਾ ਚੋਰ ਲੱਗਦੈ।"

ਮੈਂ ਕੁਝ ਵੀ ਹੋਰ ਸੁਣਨ ਜਾਂ ਕਹਿਣ ਦੇ ਮੂਡ 'ਚ ਨਹੀਂ ਸੀ। ਮੈਨੂੰ ਉਸ ਦਾ ਵੀਰ ਜੀ ਕਹਿਣਾ ਸ਼ੰਕਿਤ ਕਰਨ ਲੱਗਾ। ਕਾਲੋਨੀ ਦੇ ਬਹੁਤੇ ਬੰਦਿਆਂ ਨੂੰ ਉਹ ਬਾਬੂ ਜੀ ਜਾਂ ਸਰਦਾਰ ਜੀ ਕਹਿ ਕੇ ਬੁਲਾਉਂਦੀ ਹੈ, ਪਰ ਮੈਨੂੰ ਵੀਰ ਜੀ ਕਿਉਂ? ਇਸ ਗੱਲ ਦੇ ਰਾਜ਼ ਦੀ ਅਜੇ ਤਕ ਮੈਨੂੰ ਸਮਝ ਨਹੀਂ ਲੱਗੀ ਸੀ। ਉਹ ਵੀ ਸਤਲੁਜ ਪਾਰ ਦੀ ਹੈ। ਕਿਤੇ ਉਸ ਨੂੰ ਮੇਰੀ ਬਰਾਦਰੀ ਦਾ ਤਾਂ ਪਤਾ ਨਹੀਂ ਲੱਗ ਗਿਆ? ਪਰ ਇਹ ਸੰਭਵ ਨਹੀਂ ਹੋ ਸਕਦਾ। ਮੈਂ ਤਾਂ ਆਪਣੀ ਸਬ ਕਾਸਟ ਦੀ ਥਾਂ ਪਿੰਡ ਦਾ ਨਾਂ ਲਾਇਆ। ਮੇਰੀ ਜਾਤ ਸਿਰਫ ਮੇਰੀ ਸਰਵਿਸ ਬੁੱਕ 'ਚ ਦਰਜ ਸੀ। ਜਸਵਿੰਦਰ ਦੀ ਕਾਸਟ ਵਾਲਾ ਖਾਨਾ ਵੀ ਉਸ ਦੀ ਮੰਮੀ ਨੇ ਭਰਿਆ ਸੀ। ਜਸਵਿੰਦਰ ਗਿੱਲ। ਮੈਂ ਇਸ ਦਾ ਵਿਰੋਧ ਨਹੀਂ ਸੀ ਕੀਤਾ। ਮੈਨੂੰ ਇਸ 'ਚੋਂ ਸੰਤੁਸ਼ਟੀ ਮਿਲੀ ਸੀ। ਸੰਤੋਸ਼ ਨੇ ਉਸ ਨੂੰ ਆਪਣੀ ਕਾਸਟ ਦਿੱਤੀ ਸੀ। ਉਹ ਪੁੱਤ ਤਾਂ ਅਖੀਰ ਮੇਰਾ ਹੈ। ਜੇ ਮੈਨੂੰ ਉਸ ਦਾ ਸ਼ਡਿਊਲਡ ਕਾਸਟ ਸਰਟੀਫਿਕੇਟ ਬਣਾਉਣਾ ਪਿਆ, ਮੈਂ ਝੱਟ ਬਣਾ ਲੈਣਾ।

ਹੁਣ ਇਨ੍ਹਾਂ ਲੋਕਾਂ ਵਿਚ ਵਿਚਰਦਿਆਂ ਮੈਂ ਆਪਣੇ-ਆਪ ਨੂੰ ਅਪਰ-ਕਾਸਟ ਵਜੋਂ ਸਥਾਪਤ ਕਰ ਲਿਆ ਹੈ। ਇਸ ਕਾਲੋਨੀ ਵਿਚ ਪੰਜਾਹ ਕੁ ਕੁਆਟਰ ਹਨ। ਹਾਊਸਿੰਗ ਬੋਰਡ ਨੇ ਇਹ ਕਾਲੋਨੀ ਬਣਾਈ ਹੈ। ਬਹੁਤਿਆਂ ਨੇ ਇਹ ਕੁਆਟਰ ਕਿਸ਼ਤਾਂ 'ਤੇ ਲਏ ਹਨ। ਕਰੀਬ ਸਾਰੇ ਸਰਕਾਰੀ ਮੁਲਾਜ਼ਮ ਹਨ। ਬਹੁਤੇ ਮੀਆਂ-ਬੀਵੀ ਦੋਵੇਂ ਹੀ। ਦੁਪਹਿਰ ਤਕ ਕਾਲੋਨੀ 'ਚ ਸੁੰਨ ਪੱਸਰੀ ਰਹਿੰਦੀ ਹੈ। ਬੱਚੇ ਸਕੂਲੋਂ ਆ ਖਰੂਦ ਕਰਦੇ ਹਨ। ਛੇ ਵੱਜਦਿਆਂ ਤੀਕ ਜ਼ਿੰਦਗੀ ਆ ਮੁੜਦੀ ਜਾਂ ਛੁੱਟੀ ਵਾਲੇ ਦਿਨ ਪੂਰੀ ਚਹਿਲ-ਪਹਿਲ ਰਹਿੰਦੀ ਹੈ। ਇਨ੍ਹਾਂ 'ਚ ਇਕ ਸਾਂਝ ਹੈ। ਹਮਦਰਦੀ ਹੈ, ਅਪਣੱਤ ਹੈ। ਕੋਈ ਆਪਸ 'ਚ ਲੜਦਾ-ਖਹਿਬੜਦਾ ਨਹੀਂ। ਇਨ੍ਹਾਂ ਕੋਲ ਲੜਨ-ਝਗੜਨ ਦਾ ਸਮਾਂ ਹੀ ਨਹੀਂ। ਆਪੋ-ਆਪਣੇ ਦਾਇਰਿਆਂ 'ਚ ਕੈਦ ਹਨ। ਸਾਰੇ ਘਰਾਂ 'ਚ ਮੇਰਾ ਆਉਣ-ਜਾਣ ਹੈ। ਦੁੱਖ-ਸੁੱਖ ਦੀ ਸਾਂਝ ਹੈ।

ਬੰਤੀ?

ਬੰਤੀ ਦਾ ਮੀਆਂ ਕਿਸੇ ਸਰਕਾਰੀ ਦਫਤਰ 'ਚ ਪੀਅਨ ਲੱਗਾ ਹੈ। ਉਸ ਦੱਸਿਆ ਸੀ ਕਿ ਉਸ ਦੀ ਡਿਊਟੀ ਸਾਹਿਬ ਦੀ ਕੋਠੀ ਲੱਗੀ ਹੈ। ਇਸ ਲਈ ਉਸ ਦੇ ਜਾਣ-ਆਉਣ ਜਾਂ ਛੁੱਟੀ ਦਾ ਕੋਈ ਵੇਲਾ ਨਹੀਂ ਹੁੰਦਾ। ਉਸ ਨੂੰ ਘਰੋਂ ਨਿਕਲਦਿਆਂ-ਵੜਦਿਆਂ ਸਬੱਬੀਂ ਦੇਖਿਆ ਜਾਂਦਾ। ਉਸ ਨੂੰ ਆਉਣ-ਜਾਣ ਦੀ ਕਾਹਲ ਲੱਗੀ ਰਹਿੰਦੀ। ਉਸ ਦੀ ਨੀਵੀਂ ਪਾਈ ਹੁੰਦੀ। ਉਹ ਕਦੇ ਕਿਸੇ ਨਾਲ ਗੱਲੀਂ ਪਿਆ ਨਹੀਂ ਦਿਸਿਆ। ਦੇਸ ਰਾਜ ਨੂੰ ਬੰਤੀ ਆਪ ਨਾਲ ਲਿਆਈ ਸੀ। ਉਸ ਬਿਨਾ ਕਿਸੇ ਉਚੇਚ ਦੇ ਕਿਹਾ ਸੀ, "ਵੀਰ ਜੀ, ਇਹਨੂੰ ਕਿਸੇ ਚੰਗੇ ਜਿਹੇ ਮਾਡਲ ਸਕੂਲ ਵਿਚ ਦਾਖਲ ਕਰਵਾ ਦਿਓ।"

"ਤੂੰ ਬੱਚੇ ਦਾ ਐਨਾ ਖਰਚ ਦੇ ਸਕੇਂਗੀ।" ਹੈਰਾਨੀ ਨਾਲ ਮੈਂ ਉਲਟਾ ਸੁਆਲ ਕੀਤਾ ਸੀ।

"ਹਾਂ।"

"ਤੈਨੂੰ ਪਤੈ, ਉਥੇ ਮਹੀਨੇ ਦਾ ਕਿੰਨਾ ਖਰਚ ਆਉਂਦੈ?"

"ਕਿਤੇ ਕਿੰਨਾ ਕੁ ਹੋਊ? ਵੱਧ ਤੋਂ ਵੱਧ ਪੰਜ-ਸੱਤ ਸੌ ਹੋਊ। ਮੇਰੇ ਲਈ ਇਹ ਕੋਈ ਵੱਡਾ ਖਰਚਾ ਨ੍ਹੀਂ। ਸਾਡਾ ਇਕੋ ਇਕ ਜੁਆਕ ਐ। ਉਸ ਦੇ ਖਰਚੇ ਜੋਗੇ ਮੈਂ ਇਕੱਲੀ ਨੇ ਕਮਾ ਲੈਣੇ।" ਉਸ ਮਾਣ ਨਾਲ ਕਿਹਾ।

"ਤੈਨੂੰ ਨਾਲ ਜਾਣਾ ਪੈਣਾ...।"

"ਲਉ, ਤੁਸੀਂ ਜੁ ਹੈਗੇ। ਫੇਰ ਮੈਨੂੰ ਜਾਣ ਦੀ ਕੀ ਲੋੜ ਆ।" ਉਹ ਅਥਾਹ ਵਿਸ਼ਵਾਸ ਨਾਲ ਬੋਲੀ ਸੀ। ਮੈਨੂੰ ਹਾਂ ਕਹਿਣੀ ਪਈ ਸੀ। ਜਸਵਿੰਦਰ ਨੇ ਵੀ ਉਸੇ ਸਕੂਲ 'ਚ ਐਡਮਿਸ਼ਨ ਲੈਣਾ ਸੀ। ਮੈਂ ਜਸਵਿੰਦਰ ਲਈ ਲਿਆਂਦਾ ਫਾਰਮ ਦੇਸ ਰਾਜ ਲਈ ਭਰਨ ਲੱਗਾ ਸੀ। ਵਿਚਕਾਰੋਂ ਪੁੱਛਿਆ ਸੀ, "ਤੁਹਾਡੀ ਜਾਤ?"

"ਤੁਹਾਨੂੰ ਨ੍ਹੀਂ ਪਤਾ? ਚਮਾਰ।" ਕਹਿੰਦਿਆਂ ਉਸ ਦੇ ਚਿਹਰੇ 'ਤੇ ਆਤਮ-ਸੰਤੁਸ਼ਟੀ ਦੇ ਭਾਵ ਉਭਰੇ ਸਨ।

ਬੰਤੀ ਕਿਸੇ ਛੁੱਟੀ ਵਾਲੇ ਦਿਨ ਆ ਜਾਂਦੀ। ਮੈਨੂੰ ਉਸ ਦਾ ਆਉਣਾ ਚੰਗਾ ਲੱਗਦਾ। ਉਸ ਦਾ ਆਉਣਾ ਕੀ, ਦੇਸ ਰਾਜ ਦਾ ਸਟੈਂਡਰਡ ਦੇ ਸਕੂਲ 'ਚ ਪੜ੍ਹਨਾ ਵੀ। ਉਹ ਪੜ੍ਹਾਈ ਵਿਚ ਜਸਵਿੰਦਰ

*(ਅਗਲੇ ਸਫੇ 'ਤੇ ਜਾਰੀ)*

# ਕੁਝ ਸੁਣੀਆਂ, ਕੁਝ ਡਿੱਠੀਆਂ

ਕਲਵੰਤ ਸਿੰਘ ਸਹੋਤਾ
ਫੋਨ: 604-589-5919

ਪੁਰਾਣੇ ਬਜੁਰਗ ਬੜੇ ਸੂਰਮੇ, ਕਾਮੇ, ਤਕੜੇ, ਖੁੱਲ੍ਹਾ ਡੁੱਲ੍ਹਾ ਖਾਣ ਪੀਣ ਵਾਲੇ ਤੇ ਫੌਲਾਦੀ ਜੁੱਸੇ ਵਾਲੇ ਹੁੰਦੇ ਸਨ। ਉਨ੍ਹਾਂ ਦੇ ਕਾਰਨਾਮਿਆਂ ਦੀਆਂ ਗੱਲਾਂ ਸੁਣ ਕੇ ਇੰਜ ਲਗਦਾ ਹੈ ਕਿ ਜਿਵੇਂ ਉਹ ਲੋਹੇ ਦੇ ਬਣੇ ਹੋਣ। ਇਸ ਲੇਖ 'ਚ ਮੈਂ ਜੋ ਜ਼ਿਕਰ ਕਰਨ ਲੱਗਾਂ, ਉਹ ਕੋਈ ਮਨੋ ਕਲਪਿਤ ਜਾਂ ਖਿਆਲੀ ਗੱਲਾਂ ਨਹੀਂ, ਸਗੋਂ ਕੁਝ ਅੱਖੀਂ ਡਿੱਠੀਆਂ ਤੇ ਕੁਝ ਬਜੁਰਗਾਂ ਤੋਂ ਸੁਣੀਆਂ ਹੋਈਆਂ ਹਨ।

ਮੇਰੇ ਬਾਪੂ ਜੀ ਅਕਸਰ ਗੱਲ ਕਰਿਆ ਕਰਦੇ ਸਨ, ਬਜੁਰਗ ਜੈਮਲ ਸਿੰਘ ਦੀ। ਉਨ੍ਹਾਂ ਦੇ ਘਰ ਦੀ ਕੰਧ ਸਾਡੀ ਕੰਧ ਨਾਲ ਸਾਂਝੀ ਸੀ। ਇਕ ਵਾਰੀ ਉਨ੍ਹਾਂ ਦੇ ਘਰ ਦੇ ਦਲਾਨ ਦੀ ਲਟੈਣ ਟੁੱਟ ਗਈ ਤੇ ਛੱਤ ਡਿਗਣ ਨੂੰ ਕਰਨ ਲੱਗੀ। ਉਹ ਆਪਣੇ ਪੁੱਤ ਨੂੰ ਕਹਿਣ ਲੱਗਾ, ਜਾਹ ਖੂਹ ਤੋਂ ਫਲਾਣੇ ਦਰਖਤ ਦੀ ਥੰਮ੍ਹੀ ਵੱਢ ਕੇ ਲਿਆ। ਪੁੱਤ ਥੰਮ੍ਹੀ ਲੈਣ ਚਲਾ ਗਿਆ ਤੇ ਬਜੁਰਗ ਜੈਮਲ ਸਿੰਘ ਟੁੱਟ ਰਹੀ ਲਟੈਣ ਦੇ ਥੱਲੇ ਸਿਰ ਦੇ ਕੇ ਖੜ੍ਹ ਗਿਆ ਤੇ ਛੱਤ ਨੂੰ ਡਿਗਣ ਤੋਂ ਰੋਕੀ ਰੱਖਿਆ, ਜਿੰਨਾ ਚਿਰ ਉਸ ਦਾ ਪੁੱਤਰ ਥੰਮ੍ਹੀ ਲੈ ਕੇ ਨਾ ਆ ਗਿਆ। ਥੰਮ੍ਹੀ ਲਟੈਣ ਥੱਲੇ ਖੜ੍ਹੀ ਕਰ ਜਦੋਂ ਬਜੁਰਗ ਜੈਮਲ ਸਿੰਘ ਛੱਤ ਦੇ ਭਾਰ ਤੋਂ ਫਾਰਗ ਹੋਇਆ ਤਾਂ ਉਸ ਦੇ ਪੁੱਤਰ ਨੇ ਪੁਛਿਆ, ਬਾਪੂ ਛੱਤ ਦਾ ਭਾਰ ਤਾਂ ਨਹੀਂ ਬਹੁਤਾ ਲੱਗਾ? ਅੱਗੋਂ ਬਜੁਰਗ ਮੂੰਹ 'ਤੇ ਹੱਥ ਫੇਰਦਾ ਬੋਲਿਆ, ਕਾਕਾ ਛੱਤ ਭਾਰੀ ਸੀ, ਜਿਸ ਕਰਕੇ ਉਪਰਲਾ ਜਬਾੜਾ ਕੁਝ ਬਾਹਰ ਨੂੰ ਆ ਗਿਆ ਹੈ। ਪਤਾ ਨ੍ਹੀਂ ਕਿੰਨਾ ਚਿਰ ਲੱਗਾ ਹੋਊ ਖੂਹ 'ਤੇ ਜਾਣ-ਆਉਣ ਨੂੰ ਅਤੇ ਦਰਖਤ ਨਾਲੋਂ ਥੰਮ੍ਹੀ ਵੱਢਣ ਨੂੰ, ਉਨਾ ਚਿਰ ਬਾਬਾ ਜੈਮਲ ਸਿੰਘ ਛੱਤ ਦਾ ਭਾਰ ਸਿਰ 'ਤੇ ਲੈ ਕੇ ਖੜ੍ਹਾ ਰਿਹਾ।

ਬਾਬੇ ਜੈਮਲ ਸਿੰਘ ਦੀ ਇੱਕ ਗੱਲ ਹੋਰ ਬਾਪੂ ਜੀ ਸੁਣਾਇਆ ਕਰਦੇ ਸਨ ਕਿ ਉਨ੍ਹਾਂ ਦੀ ਗੱਡ (ਲੋਹੇ ਨਾਲ ਮੜ੍ਹੀ ਹੋਣ ਕਰਕੇ ਇਹ ਗੱਡੇ ਤੋਂ ਭਾਰੀ ਹੁੰਦੀ ਸੀ) ਸਮਰਾਮਾਂ ਵਾਲੇ ਰਿਸ਼ਤੇਦਾਰ ਮੰਗ ਕੇ ਲੈ ਗਏ। ਸਮਰਾਮਾਂ ਸਾਡੇ ਪਿੰਡੋਂ ਦਸ ਬਾਰਾਂ ਕੋਹ ਹੈ। ਬਜੁਰਗ ਇੱਕ ਦੋ ਵਾਰੀ ਤੁਰ ਕੇ ਕਹਿਣ ਗਿਆ ਕਿ ਭਾਈ ਸਾਡੀ ਗੱਡ ਹੁਣ ਛੱਡ ਆਓ, ਸਾਨੂੰ ਚਾਹੀਦੀ ਹੈ। ਅੱਗੋਂ ਸਮਰਾਮਾਂ ਵਾਲੇ ਰਿਸ਼ਤੇਦਾਰ ਗੱਲ ਆਈ ਗਈ ਕਰਦੇ ਰਹੇ। ਤੀਜੀ ਵਾਰੀ ਉਹ ਫਿਰ ਗਿਆ ਤੇ ਕਹਿਣ ਲੱਗਾ, ਭਾਈ ਸਾਡੀ ਗੱਡ ਹੁਣ ਛੱਡ ਆਓ ਧੁਲੇਤੇ ਸਾਨੂੰ ਵੀ ਲੋੜ ਹੈ। ਅੱਗੋਂ ਰੁੱਖੇ ਲਹਿਜੇ 'ਚ ਜੁਆਬ ਮਿਲਿਆ, ਕਣਕ ਦੀ ਬਿਜਾਈ ਦਾ ਸਮਾਂ ਹੈ, ਵਿਹਲ ਲੱਗਾ ਤਾਂ ਦੇਖਾਂਗੇ।

ਸੁਣ ਕੇ ਜੈਮਲ ਸਿੰਘ ਕਹਿਣ ਲੱਗਾ, ਚੰਗਾ ਜੇ ਤੁਸੀਂ ਨਹੀਂ ਛੱਡਣ ਜਾ ਸਕਦੇ ਤਾਂ ਮੈਂ ਲੈ ਜਾਂ? ਸੁਣ ਕੇ ਸਮਰਾਮਾਂ ਵਾਲੇ ਰਿਸ਼ਤੇਦਾਰ ਹੱਸੇ ਤੇ ਕਹਿੰਦੇ, ਲੈ ਜਾਹ। ਉਨ੍ਹਾਂ ਨੂੰ ਪਤਾ ਸੀ ਕਿ ਇਹ ਕਿਹੜਾ ਬਲਦ ਲੈ ਕੇ ਆਇਆ, ਜੋ ਹੁਣੇ ਹੀ ਗੱਡ ਜੋੜ ਕੇ ਲੈ ਜਾਊ। ਇਹ ਸੁਣਦੇ ਹੀ ਬਜੁਰਗ ਨੇ ਉਤੇ ਲਈ ਖੇਸੀ ਚੌਫਲੀ ਕਰਕੇ ਮੋਢੇ 'ਤੇ ਰੱਖੀ ਤੇ ਗੱਡ ਦਾ ਊਟਣਾ ਉਸੇ ਮੋਢੇ 'ਤੇ ਧਰ, ਦਸ-ਬਾਰਾਂ ਕੋਹ ਧੂਹ ਕੇ ਗੱਡ ਪਿੰਡ ਲੈ ਆਇਆ।

ਇੱਕ ਗੱਲ ਹੋਰ ਮੇਰੇ ਬਾਪੂ ਜੀ ਆਪਣੇ ਬਾਬੇ ਸੁੰਦਰ ਸਿੰਘ ਦੀ ਸੁਣਾਇਆ ਕਰਦੇ ਕਿ ਇੱਕ ਵਾਰੀ ਉਹ ਮੱਕੀ ਦੀਆਂ ਛੱਲੀਆਂ ਦੀ ਪੰਡ ਖੂਹ ਤੋਂ ਚੁੱਕ ਕੇ ਘਰ ਲਿਆਇਆ ਤਾਂ ਕਹਿੰਦਾ ਕਿ ਅੱਜ ਪੰਡ ਭਾਰੀ ਲੱਗੀ ਹੈ, ਜੋਖ ਕੇ ਦੇਖਣਾ ਕਿ ਕਿੰਨਾ ਭਾਰ ਹੈ? ਪੰਡ ਦੀਆਂ ਛੱਲੀਆਂ ਜਦ ਜੋਖੀਆਂ ਤਾਂ ਸੌਲਾਂ ਮਣ ਹੋਈਆਂ। ਇੱਥੇ ਇਹ ਦੱਸ ਦੇਈਏ ਕਿ ਸੌਲਾਂ ਸੇਰ (ਇੱਕ ਪੱਕਾ ਸੇਰ ਕਿੱਲੋ ਤੋਂ ਰਤਾ ਘੱਟ ਹੁੰਦਾ ਹੈ) ਪੱਕਿਆਂ ਦਾ ਇੱਕ ਮਣ ਹੁੰਦਾ ਹੈ; ਸੋ 16 ਨੂੰ 16 ਨਾਲ ਜਰਬ ਦੇਈਏ ਤਾਂ 256 ਸੇਰ ਪੱਕੇ, ਯਾਨਿ ਸਵਾ ਦੋ ਢਾਈ ਕੁਇੰਟਲ ਭਾਰ ਸਿਰ 'ਤੇ ਚੱਕ ਕੇ ਘਰ ਲੈ ਆਇਆ।

ਸਾਡੇ ਘਰਾਂ 'ਚੋਂ ਬਾਬਾ ਸੀ, ਦੂਸਰੀ ਸਾਖ ਤੋਂ; ਉਸ ਨੂੰ ਸਾਰੇ ਬਾਬਾ ਰੋਡਾ ਕਹਿੰਦੇ ਸਨ। ਉਸ ਦਾ ਅਸਲੀ ਨਾਂ ਹਰਦਿਆਲ ਸਿੰਘ ਸੀ, ਰੋਡਾ ਨਾਂ ਕਿਉਂ ਪਿਆ, ਕੋਈ ਪਤਾ ਨਹੀਂ। ਇੱਕ ਵਾਰੀ ਉਹ ਪਿੰਡ ਦੇ ਰਿਖੀ ਨਾਮੀਂ ਹਲਵਾਈ ਨਾਲ ਸ਼ਰਤ ਲਾ ਬੈਠਾ, ਕਹਿਣ ਲੱਗਾ, ਮੈਂ ਚਾਰ ਸੇਰ ਪੱਕੀਆਂ ਜਲੇਬੀਆਂ ਖਾ ਜਾਊਂ। ਚਾਰ ਸੇਰ ਪੱਕੇ ਨੂੰ ਕੱਚੀ ਧੜੀ ਕਿਹਾ ਜਾਂਦਾ ਸੀ। ਉਸ ਵਕਤ ਕਿੱਲੋਗ੍ਰਾਮ ਨਹੀਂ ਸੀ ਪ੍ਰਚਲਿਤ ਹੋਏ। ਰਿਖੀ ਹਲਵਾਈ ਕਹਿਣ ਲੱਗਾ, ਜੇ ਤੂੰ ਚਾਰ ਸੇਰ ਜਲੇਬੀਆਂ ਖਾ ਜਾਏਂ ਤਾਂ ਮੈਂ ਤੈਥੋਂ ਕੁਝ ਨਹੀਂ ਲੈਣਾ ਤੇ ਜੇ ਨਾ ਖਾ ਹੋਈਆਂ ਤਾਂ ਚਾਰ ਸੇਰ ਜਲੇਬੀਆਂ ਦੇ ਪੈਸੇ ਦੇਣੇ ਪੈਣਗੇ। ਉਨ੍ਹਾਂ ਸਮਿਆਂ 'ਚ ਚਾਰ ਸੇਰ ਜਲੇਬੀਆਂ ਜੋਗੇ ਤਾਂ ਕੀ, ਇੱਕ ਪਾਈਆ ਚੀਜ਼ ਖਰੀਦਣ ਜੋਗੀ ਵੀ ਨਗਦੀ ਨਹੀਂ ਸੀ ਹੁੰਦੀ। ਇਹ ਸ਼ਰਤ ਲਾ ਕੇ ਬਾਬਾ ਰੋਡਾ ਚਾਰ ਸੇਰ ਪੱਕੀਆਂ ਜਲੇਬੀਆਂ ਖਾ ਕੇ ਮੁੱਛਾਂ 'ਤੇ ਹੱਥ ਫੇਰ ਹਲਵਾਈ ਦੀ ਹਫਤੇ ਦੀ ਕਮਾਈ ਦਾ ਕੂੰਡਾ ਕਰ ਗਿਆ। ਜੇ ਨਾ ਖਾ ਸਕਦਾ ਤਾਂ ਬਾਬੇ ਰੋਡੇ ਤੋਂ ਛੇ ਮਹੀਨਿਆਂ 'ਚ ਵੀ ਨਹੀਂ ਸੀ ਪੈਸੇ ਮੋੜ ਹੋਣੇ।

ਉਸੇ ਬਾਬੇ ਰੋਡੇ ਦੀ ਇੱਕ ਗੱਲ ਹੋਰ ਸਾਡੇ ਘਰਾਂ 'ਚੋਂ ਹੀ ਮੇਰੇ ਤਾਇਆ ਜੀ ਦੇ ਪੁੱਤ ਸੋਹਣ ਸਿੰਘ ਨੇ ਕਈ ਵਾਰੀ ਸੁਣਾਈ ਕਿ ਇੱਕ ਵਾਰੀ ਬਾਬਾ ਰੋਡਾ, ਚਾਚਾ ਗੁਰਮੀਤ ਅਤੇ ਸੋਹਣ ਸਿੰਘ ਕਿਸੇ ਦੇ ਆਭਤੇ ਗੱਡੇ 'ਤੇ ਇੱਟਾਂ ਲੈ ਕੇ ਅੱਪਰੇ ਛੱਡਣ ਗਏ। ਬਰਸਾਤਾਂ ਦੇ ਦਿਨ ਸਨ, ਸਾਡੇ ਪਿੰਡੋਂ ਅੱਪਰਾ ਤਿੰਨ-ਚਾਰ ਕੁ ਮੀਲ ਹੈ। ਰਾਹ ਕੱਚੇ ਸਨ; ਖੁੱਭਲੀਆਂ, ਟੋਏ, ਗਾਰਾ ਗਾਹੁੰਦੇ ਮਸਾਂ ਅੱਪਰੇ ਪੁੱਜੇ: ਭੁੱਖਣ ਭਾਣੇ ਇੱਟਾਂ ਲਾਹ ਗੱਡਾ ਖਾਲੀ ਕੀਤਾ ਤਾਂ ਉਸੇ ਘਰ ਹੀ ਰੋਟੀ ਖਾਣ ਬੈਠ ਗਏ। ਘਰ ਵਾਲੀ ਬੀਬੀ ਪਰੌਂਠੇ ਪਕਾਈ ਗਈ ਤੇ ਇਹ ਤਿੰਨੇ ਜਣੇ ਖਾਈ ਗਏ।

ਬੀਬੀ ਨੂੰ ਕਈ ਵਾਰੀ ਆਟਾ ਗੁੰਨਣਾ ਪਿਆ। ਆਖਰ ਜਦ ਆਟਾ ਵੀ ਮੁੱਕ ਗਿਆ ਤਾਂ ਘਰ ਵਾਲਾ ਆਪਣੇ ਆਪ ਨੂੰ ਕੋਸਦਾ ਤੇ ਗਾਲ੍ਹਾਂ ਕੱਢਦਾ ਤੌਬਾ ਕਰੇ ਕਿ ਮੁੜ ਕੇ ਕਿਸੇ ਨੂੰ ਆਭਤੇ ਕੰਮ ਲਈ ਨਹੀਂ ਕਹਿਣਾ; ਪੈਸੇ ਦੇ ਕੇ ਕੰਮ ਕਰਾਉਣ 'ਚ ਹੀ ਭਲਾ ਹੈ। ਉਹ ਆਪਣੇ ਥਾਂ ਸਹੀ ਸੀ ਕਿ ਬੀਬੀ ਤਾਂ ਘੰਟਿਆਂ ਬੱਧੀ ਚੁੱਲੇ ਭੱਠੀ ਮੂਹਰੇ ਤਪਦੀ ਸੜਦੀ ਪਰੌਂਠੇ ਪਕਾਈ ਗਈ ਤੇ ਇਹ ਤਿੰਨੇ ਆਭਤੀ ਫਿਰ ਵੀ ਨਾ ਰੱਜੇ। ਬਾਬੇ ਰੋਡੇ ਨੇ ਸੱਤਰ (70), ਚਾਚੇ ਗੁਰਮੀਤ ਨੇ ਅਠਤਾਲੀ (48) ਤੇ ਭਾਜੀ ਸੋਹਣ ਸਿੰਘ ਨੇ ਤਾਂ ਮਸਾਂ ਦਸ (10) ਹੀ ਪਰੌਂਠੇ ਖਾਧੇ।

ਮੈਂ ਇੱਕ ਹੋਰ ਗੱਲ ਆਪਣੇ ਬਾਪੂ ਜੀ ਦੇ ਬਾਬਾ ਜੀ ਦੀ ਦੱਸਦਾਂ। ਇਕ ਵਾਰੀ ਉਹ ਆਪਣੇ ਨਾਨਕੀਂ ਗਏ, ਦੋ ਤਿੰਨ ਦਿਨ ਰਹਿ ਕੇ ਘਰ ਆਏ ਤਾਂ ਉਨ੍ਹਾਂ ਦੀ ਮਾਂ ਨੇ ਪੁੱਛਿਆ ਕਿ ਕਾਕਾ ਤੂੰ ਖਾਲੀ ਹੱਥ ਘਰ ਆ ਗਿਆਂ, ਤੇਰੀ ਮਾਮੀ ਨੇ ਕੁਝ ਦਿੱਤਾ ਨਹੀਂ? ਅੱਗੋਂ ਉਹ ਬੋਲੇ, ਮਾਂ ਮੈਨੂੰ ਮਾਮੀ ਨੇ ਧੜੀ (ਚਾਰ ਸੇਰ ਪੱਕੀ) ਕੁ ਸ਼ੱਕਰ ਦਿੱਤੀ ਸੀ: ਆਹ ਪਰਨੇ 'ਚ ਮੈਂ ਬੰਨ ਲਈ, ਤੁਰੇ ਆਉਂਦਿਆਂ ਜਦੋਂ ਭੁੱਖ ਲੱਗੀ ਤਾਂ ਲੱਪ ਲੱਪ ਕਰਕੇ ਖਾਂਦਾ ਆਇਆ। ਆਖੀਰ ਜਦੋਂ ਮੁੱਕ ਗਈ ਤਾਂ ਪਿੰਡ ਗੜੀ ਦੇ ਮੋੜ ਕੋਲ ਆ ਕੇ ਪਰਨਾ ਝਾੜ ਦਿੱਤਾ। ਅੱਜ ਸਾਨੂੰ ਸ਼ੱਕਰ ਦੇ ਦੋ ਚਮਚ ਵੀ ਹਜ਼ਮ ਕਰਨੇ ਔਖੇ ਹਨ।

ਇਹ ਗੱਲ ਵੀ ਸੁਣਨ ਵਾਲੀ ਹੈ, ਉਹ ਹੈ, ਕਰਮੂੰ ਪੰਡਿਤ ਦੀ। ਉਸ ਦਾ ਕੱਦ ਪੰਜ ਕੁ ਫੁੱਟ, ਗੋਲ-ਮੋਲ ਤੇ ਜੁੱਸਾ ਬੜਾ ਨਿੰਗਰ। ਪੰਡਿਤ ਜੀ ਹਫਤੇ 'ਚ ਕਈ ਵਾਰੀ ਸਾਡੇ ਲਾਗਲੇ ਪਿੰਡ ਰਾਜਪੁਰੇ ਆਪਣੇ ਜਜਮਾਨਾਂ ਦੇ ਜਾਇਆ ਕਰਦੇ ਸਨ; ਗੱਲ ਇੰਜ ਹੋਈ ਕਿ ਰਸਤੇ 'ਚ ਇੱਕ ਜਿਮੀਂਦਾਰ ਦਾ ਵੇਲਣਾ ਚੱਲਦਾ ਸੀ, ਗੰਨੇ ਪੀੜ ਕੇ ਗੁੜ ਬਣਾਉਣ ਲਈ; ਅਕਸਰ ਹੀ ਜਿਮੀਂਦਾਰ ਨੇ ਕਹਿਣਾ, ਪੰਡਿਤ ਜੀ ਆ ਜਾਓ, ਰਸ ਪੀ ਜਾਓ। ਅੱਗੋਂ ਕਰਮੂੰ ਪੰਡਿਤ ਨੇ 'ਕੋਈ ਨਾ ਪੀ ਲਾਂਗੇ' ਕਹਿ ਕੇ ਅੱਗੇ ਚਲੇ ਜਾਣਾ।

ਜਦੋਂ ਲਗਾਤਾਰ ਕਈ ਦਿਨ ਉਹ ਜਿਮੀਂਦਾਰ ਇਸ ਤਰ੍ਹਾਂ ਕਹਿੰਦਾ ਰਿਹਾ ਤਾਂ ਕਰਮੂੰ ਪੰਡਿਤ ਇਕ ਦਿਨ ਕਹਿੰਦਾ, ਲਓ ਸਰਦਾਰ ਜੀ ਅੱਜ ਰਸ ਪੀ ਹੀ ਜਾਂਦੇ ਹਾਂ। ਵੇਲਣਾ ਬਲਦਾਂ ਨਾਲ ਚੱਲਦਾ ਸੀ। ਵੇਲਣੇ 'ਚ ਇੱਕ ਇੱਕ ਦੋ ਦੋ ਗੰਨੇ ਲਾ ਛੋਟੀ ਜਿਹੀ ਤਤੀਰੀ ਰਸ ਦੀ ਮੂਹਰੇ ਪਏ ਪੀਪੇ 'ਚ ਡਿਗ ਪੀਪਾ ਭਰਦਾ ਸੀ। ਇੰਜ ਚਾਰ ਪੀਪੇ ਭਰਨ ਨਾਲ ਇੱਕ ਪੱਤ (ਕੜਾਹੇ 'ਚ ਪਾ ਕਾੜ੍ਹਨ ਯੋਗੀ ਰਸ) ਜੋਗੀ ਰਸ ਹੁੰਦੀ ਸੀ। ਬਾਟੀ (ਖੁੱਲਾ ਭਾਂਡਾ) ਫੜ ਕਰਮੂੰ ਪੰਡਿਤ ਵੇਲਣੇ ਮੂਹਰੇ ਰਸ ਪੀਣ ਬੈਠ ਗਿਆ। ਪੰਡਿਤ ਜੀ ਬਾਟੀ ਭਰਨ ਤੇ ਪੀ ਜਾਣ। ਇੱਕ, ਦੋ, ਤਿੰਨ, ਚਾਰ, ਪੰਜ...। ਜੱਟ ਦਾ ਮੁੰਡਾ ਬੈਠਾ ਵੇਲਣੇ 'ਚ ਗੰਨੇ ਲਾਈ ਜਾਵੇ ਤੇ ਨਾਲੇ ਪੰਡਿਤ ਦੀਆਂ ਬਾਟੀਆਂ ਗਿਣੀ ਜਾਵੇ। ਜਦ ਮੁੰਡੇ ਦੀ ਗਿਣਤੀ ਤੋਂ ਵਾਧੂ ਬਾਟੀਆਂ ਹੋ ਗਈਆਂ ਤਾਂ ਉਹ ਗਿਣਨੋਂ ਵੀ ਹਟ ਗਿਆ; ਓਧਰੋਂ ਕੜਾਹੇ 'ਚ ਉਬਲਦੀ ਰਸ ਦੀ ਪੱਤ ਆ ਗਈ, ਭਾਵ ਰਸ ਕੜ੍ਹ ਕੇ ਗੁੜ ਬਣਨ ਲਈ ਤਿਆਰ ਹੋ ਗਿਆ। ਵੇਲਣੇ ਮੂਹਰੇ ਪਿਆ ਪੀਪਾ ਤਾਂ ਭਰਿਆ ਹੀ ਨਾ, ਭਰਦਾ ਵੀ ਕਿਵੇਂ ਰਸ ਦਾ ਪਰਨਾਲਾ ਤਾਂ ਸਾਰਾ ਪੰਡਿਤ ਦੇ ਢਿੱਡ 'ਚ ਜਾਈ ਗਿਆ। ਇਹ ਦੇਖ ਕੇ ਜੱਟ ਨੂੰ ਖਿਝ ਚੜ੍ਹੀ ਤੇ ਆਪਣੇ ਆਪ ਨੂੰ ਗਾਲ੍ਹਾਂ ਕੱਢਦਾ ਬੋਲੀ ਜਾਏ ਕਿ ਫਲਾਣਾ ਇਹੋ ਜਿਹਾ ਹੋਵੇ ਜੋ ਮੁੜ ਕੇ ਤੈਨੂੰ ਰਸ ਪੀਣ ਨੂੰ ਆਖੇ।

ਇਹ ਸੁਣ ਕੇ ਬੜੇ ਹੀ ਠਰੰਮੇ ਨਾਲ ਕਰਮੂੰ ਪੰਡਿਤ ਬੋਲਿਆ, ਜਜਮਾਨ ਜੀ ਤੁਸੀਂ ਰੋਜ ਹੀ ਕਹਿੰਦੇ ਸੀ ਕਿ ਪੰਡਿਤ ਜੀ ਰਸ ਪੀ ਜਾਓ, ਪੰਡਿਤ ਜੀ ਰਸ ਪੀ ਜਾਓ। ਮੈਂ ਇਸੇ ਕਰਕੇ ਟਾਲਦਾ ਰਿਹਾ, ਪਰ ਜਦੋਂ ਤੁਸੀਂ ਵਾਰ ਵਾਰ ਕਹਿਣੋਂ ਨਾ ਹਟੇ ਤਾਂ ਮੈਂ ਰਸ ਪੀਣ ਬਹਿ ਗਿਆ।

ਪੰਡਿਤ ਕਰਮੂੰ ਬੜਾ ਮੌਜੀ ਤੇ ਮਸਤ ਬਿਰਤੀ ਵਾਲਾ ਸੀ; ਉਸ ਨੇ ਸਾਰਾ ਜੀਵਨ ਬਿਨਾ ਕਿਸੇ ਕਾਹਲੀ, ਫਿਕਰ ਤੇ ਚਿੰਤਾ ਤੋਂ ਆਪਣੀ ਮੌਜ ਨਾਲ ਜੀਵਿਆ। ਉਹ ਹਮੇਸ਼ਾ ਆਪਣੇ ਅਨੰਦ 'ਚ ਰਹਿੰਦਾ ਸੀ। ਨਿਆਣਿਆਂ ਨਾਲ ਨਿਆਣਾ ਤੇ ਸਿਆਣਿਆਂ ਨਾਲ ਸਿਆਣਾ।

ਇੱਕ ਵਾਰੀ ਕਰਮੂੰ ਪੰਡਿਤ ਦੇ ਸ਼ਰੀਕੇ ਭਾਈਚਾਰੇ 'ਚ ਵਿਆਹ ਸੀ, ਉਹ ਵੀ ਜੰਞ ਚਲਾ ਗਿਆ। ਉਸ ਸਮੇਂ ਵਿਆਹਾਂ ਸ਼ਾਦੀਆਂ ਵਿਚ ਲੱਡੂ-ਜਲੇਬੀਆਂ ਸ਼ੌਕ ਨਾਲ ਬਣਾਏ ਜਾਂਦੇ, ਬਰਾਤੀ ਤੇ ਹੋਰ ਪ੍ਰਾਹੁਣੇ ਸ਼ੌਕ ਤੇ ਖੁੱਲ੍ਹ ਡੁੱਲ੍ਹ ਨਾਲ ਹੀ ਖਾਇਆ ਵੀ ਕਰਦੇ। ਇਹੀ ਕਰਮੂੰ ਪੰਡਿਤ ਉਸ ਵਿਆਹ 'ਚ ਟੀਸੀ ਕੱਢੀ ਜਲੇਬੀਆਂ ਦੀ ਪਰਾਤ ਖਾ ਗਿਆ ਸੀ ਤੇ ਉਸ ਨੂੰ ਜਲੇਬੀਆਂ ਹਜਮ ਵੀ ਹੋ ਗਈਆਂ। ਜਿਹੜਾ ਪੀਪਾ (ਇੱਕ ਪੀਪੇ 'ਚ ਕਰੀਬ ਸੌਲਾਂ ਲਿਟਰ ਰਸ ਪੈਂਦੀ ਹੈ) ਰਸ ਦਾ ਪੀ ਸਕਦਾ ਹੈ, ਉਸ ਦਾ ਪਰਾਤ ਜਲੇਬੀਆਂ ਦੀ ਖਾ ਜਾਣਾ ਕੋਈ ਅਚੰਭੇ ਵਾਲੀ ਗੱਲ ਨਹੀਂ!

ਪੰਜਾਬ 'ਚ ਹਰੇ ਇਨਕਲਾਬ ਤੋਂ ਪਹਿਲਾਂ ਕੰਮੀ ਲੋਕ ਜਿਮੀਂਦਾਰਾਂ ਦੇ ਰੋਟੀ 'ਤੇ ਹੀ ਕੰਮ ਕਰਨ ਆ ਜਾਂਦੇ ਸਨ, ਪਰ ਰੋਟੀਆਂ ਉਹ ਰੱਜ ਕੇ ਖਾਂਦੇ। ਸਾਡੇ ਜਦੋਂ ਵੀ ਕਦੇ ਮੇਰੇ ਬਾਪੂ ਜੀ ਨਾਲ ਉਹ ਕੰਮ ਕਰਾਉਣ ਆਉਂਦੇ ਤਾਂ ਇੱਕ ਦੋ ਅਜਿਹੇ ਸਨ, ਜਿਨ੍ਹਾਂ ਵਾਸਤੇ ਰੋਟੀਆਂ ਗਿਣ ਕੇ ਨਹੀਂ ਸਨ ਪਕਾਈਆਂ ਜਾਂਦੀਆਂ, ਸਗੋਂ ਗਿੱਠਾਂ ਮਿਣ ਕੇ ਉਨ੍ਹਾਂ ਦੀਆਂ ਰੋਟੀਆਂ ਦਾ ਹਿਸਾਬ ਰੱਖਿਆ ਜਾਂਦਾ ਸੀ।

ਇਹੋ ਜਿਹੀਆਂ ਸਨ ਪੁਰਾਣੀਆਂ ਕੁਝ ਗੱਲਾਂ ਤੇ ਘਟਨਾਵਾਂ ਜੋ ਅੱਜ ਦੇ ਜ਼ਮਾਨੇ ਮੁਤਾਬਕ ਮੰਨਣੀਆਂ ਮੁਸ਼ਕਿਲ ਲਗਦੀਆਂ ਹਨ। ਇਹ ਸਾਡੇ ਪੇਂਡੂ ਜੀਵਨ, ਸਾਡੇ ਰਹਿਣ ਸਹਿਣ ਤੇ ਸਾਡੀ ਮਿਲਵਰਤੋਂ ਆਦਿ 'ਤੇ ਵੀ ਇਕ ਝਾਤ ਪਾਉਂਦੀਆਂ ਹਨ।

# ਸੌਰੀ

*(ਪਿਛਲੇ ਸਫੇ ਦੀ ਬਾਕੀ)*

ਨਾਲੋਂ ਬਹੁਤ ਅੱਗੇ ਜਾ ਰਿਹਾ ਸੀ। ਜਿਹੜੀ ਗੱਲ ਜਸਵਿੰਦਰ ਨੂੰ ਵਾਰ-ਵਾਰ ਸਮਝਾਉਣ 'ਤੇ ਮਸਾਂ ਸਮਝ ਆਉਂਦੀ, ਦੇਸ ਰਾਜ ਪਹਿਲੀ ਵਾਰ ਨਹੀਂ ਤਾਂ ਦੂਜੀ ਵਾਰ ਸਮਝ ਲੈਂਦਾ। ਕਾਲੋਨੀ ਦੇ ਹੋਰ ਘਰਾਂ ਵਾਂਗ ਮੈਨੂੰ ਉਸ ਦੀ ਹੋਂਦ ਅੱਖਰਦੀ ਨਹੀਂ ਸੀ। ਮੈਂ ਉਸ ਦੀ ਤੇਜ਼ ਬੁੱਧੀ ਦੀ ਦਾਦ ਦਿੰਦਾ। ਸੰਤੋਸ਼ ਵੀ ਕਹਿੰਦੀ ਕਿ ਉਹ ਮੈਰਿਟ 'ਤੇ ਰਹੇਗਾ। ਮੈਂ ਉਸ ਦੀ ਗੱਲ 'ਤੇ ਗੌਰ ਕਰਦਾ। ਕਿਤੇ ਇਹ ਵਿਅੰਗ ਨਾਲ ਤਾਂ ਨਹੀਂ ਕਹਿ ਰਹੀ। ਕਿਤੇ ਇਸ ਨੂੰ ਵੀ ਉਸ ਪ੍ਰਤੀ ਸਾੜਾ ਤਾਂ ਨਹੀਂ ਹੋ ਰਿਹਾ। ਉਹ ਮੇਰੇ ਸਾਹਮਣੇ ਉਸ ਦੀ ਜਾਤ ਨੂੰ ਮੰਦਾ ਚੰਗਾ ਨਹੀਂ ਬੋਲ ਸਕਦੀ ਸੀ। ਚੁੱਪ ਰਹਿੰਦੀ। ਇਨ੍ਹਾਂ ਦਿਨਾਂ 'ਚ ਮੇਰੇ ਮਨ 'ਤੇ ਇਕ ਹੋਰ ਵਿਚਾਰ ਭਾਰੂ ਹੋਣ ਲੱਗਾ ਕਿ ਜਸਵਿੰਦਰ ਦੇ ਨਾਲ-ਨਾਲ ਦੇਸ ਰਾਜ ਦੀ ਵੀ ਟਿਊਸ਼ਨ ਰਖਵਾ ਦਵਾਂ। ਇਸ ਦਾ ਖਰਚਾ ਖੁਦ ਝੱਲਾਂ। ਪਰ ਸੰਤੋਸ਼ ਨੇ ਇਸ ਦੇ ਉਲਟ ਅਰਥ ਕੱਢ ਲੈਣੇ ਸਨ। ਮੈਂ ਕਿਸੇ ਸ਼ੱਕ 'ਚ ਉਲਝਣਾ ਨਹੀਂ ਸੀ ਚਾਹੁੰਦਾ।

---

ਹੁਣ ਫੇਰ ਮੈਂ ਛੱਤ 'ਤੇ ਟਹਿਲ ਰਿਹਾਂ। ਮੇਰਾ ਧਿਆਨ ਸਰ੍ਹੋਂ ਦੇ ਫੁੱਲਾਂ ਵੱਲ ਨਹੀਂ। ਮੈਂ ਸੋਚਣ ਦੀ ਮੁਦਰਾ 'ਚ ਹਾਂ। ਮੈਂ ਕਾਲੋਨੀ ਦੀ 'ਹਾਂ' 'ਚ 'ਹਾਂ' ਮਿਲਾਉਣੀ ਹੈ। ਉਨ੍ਹਾਂ ਦੇ ਹਿੱਤ ਵਿਚ ਬੋਲਣਾ ਹੈ। ਇਸ ਤੋਂ ਬਿਨਾ ਕੁਝ ਹੋਰ ਨਹੀਂ ਕਰ ਸਕਦਾ।

ਥੱਲਿਓਂ ਸੰਤੋਸ਼ ਦੀ ਅਵਾਜ਼ ਆਈ। ਮੈਂ ਬਨੇਰੇ ਤੋਂ ਹੇਠਾਂ ਵੱਲ ਦੇਖਿਆ। ਬੰਤੀ ਖੜ੍ਹੀ ਸੀ। ਹੁਣ ਇਹ ਕੀ ਕਰਨ ਆਈ? ਇਹਨੂੰ ਐਸ ਵੇਲੇ ਸਾਡੇ ਘਰ ਨਹੀਂ ਆਉਣਾ ਚਾਹੀਦਾ ਸੀ। ਆਂਢੀ-ਗੁਆਂਢੀ ਕੀ ਕਹਿਣਗੇ। ਸੌ ਨਾਲ ਮੇਰਾ ਲਿਹਾਜ਼ ਹੈ। ਮੂੰਹ-ਮੁਲਾਹਜ਼ਾ ਹੈ। ਸੰਤੋਸ਼ ਦਾ ਮੂੰਹ ਬੰਤੀ ਵੱਲ ਸੀ। ਮੈਂ ਚਾਹੁੰਦਾ ਸੀ ਕਿ ਸੰਤੋਸ਼ ਮੇਰੇ ਵੱਲ ਦੇਖੇ ਤਾਂ ਮੈਂ ਇਸ਼ਾਰਾ ਕਰਾਂ ਕਿ ਇਸ ਨੂੰ ਜਲਦੀ-ਜਲਦੀ ਦਫਾ ਕਰ। ਇਹਨੂੰ ਕਹਿ ਦੇ, ਸਾਡੇ ਘਰ ਨਾ ਆਇਆ ਕਰ। ਉਦੋਂ ਆਵੇ, ਜਦੋਂ ਅਸੀਂ ਇਸ ਨੂੰ ਬੁਲਾਈਏ।

"ਵੀਰ ਜੀ...।" ਬੰਤੀ ਨੇ ਉਤਾਂਹ ਮੇਰੇ ਵੱਲ ਦੇਖਦਿਆਂ ਕਿਹਾ।

ਮੈਂ ਖਿਝ ਕੇ ਉਸ ਵੱਲ ਦੇਖਿਆ। ਇਕ ਪਲ ਲਈ ਉਹ ਡਰ ਗਈ। ਉਸ ਨੇ ਮੇਰੀਆਂ ਨਜ਼ਰਾਂ ਦੀ ਇਬਾਰਤ ਪੜ੍ਹ ਲਈ ਸੀ। ਫੇਰ ਵੀ ਉਹਨੇ ਪੁੱਛ ਹੀ ਲਿਆ, "ਤੁਸੀਂ ਫੈਸਲਾ ਕਰੋ। ਕੀ ਮੇਰਾ ਦੇਸ ਰਾਜ ਚੋਰ ਲੱਗਦਾ।"

"ਨ੍ਹੀਂ, ਇਹ ਕਦੇ ਚੋਰੀ ਨ੍ਹੀਂ ਕਰ ਸਕਦਾ। ਕਦੇ ਵੀ ਨ੍ਹੀਂ। ਇਹਦੇ 'ਤੇ ਬਹੁਤੀਆਂ ਬੰਦਿਸ਼ਾਂ ਨਾ ਲਾ। ਜੋ ਕਰਦਾ ਹੈ, ਕਰਨ ਦੇ। ਇਹ ਵੱਡਾ ਆਦਮੀ ਬਣੇਗਾ, ਇਹ ਮੇਰਾ ਯਕੀਨ ਆ। ਇਹਨੂੰ ਆਪਣੇ ਕੋਲ ਹੀ ਰੱਖਿਆ ਕਰ, ਬਾਹਰ ਨਾ ਨਿਕਲਣ ਦਿਆ ਕਰ। ਮੈਂ ਫੇਰ ਕਹਿਨਾਂ, ਇਹ ਚੋਰ ਨ੍ਹੀਂ।"

"ਪਰ ਬੱਚੇ...?" ਸੰਤੋਸ਼ ਨੇ ਕਿਹਾ।

"ਮੇਰਾ ਬੱਚਾ ਅਜਿਹਾ ਨ੍ਹੀਂ।"

"ਇਹਦੀ ਸ਼ਾਹਦੀ ਮੈਂ ਵੀ ਭਰਦਾਂ।"

ਮੈਂ ਸੰਤੋਸ਼ ਨੂੰ ਕਿਹਾ, "ਤੁਸੀਂ ਇਹਨੂੰ ਚਾਹ ਪਿਲਾਉ। ਸਵੇਰ ਦੀ ਲੜਦੀ ਥੱਕ ਗਈ ਹੋਣੀ। ਮੈਂ ਵੀ ਚਾਹ ਲਵਾਂਗਾ।" ਹੌਲਾ ਫੁੱਲ ਹੋਇਆ ਮੈਂ ਫੇਰ ਛੱਤ 'ਤੇ ਟਹਿਲਣ ਲੱਗਾ। ਅਗਲੇ ਹੀ ਪਲ ਮੈਨੂੰ ਇਕ ਹੋਰ ਵਿਚਾਰ ਨੇ ਆ ਦਬੋਚਿਆ ਕਿ ਸੰਤੋਸ਼ ਨੇ ਅਜਿਹਾ ਜਾਣ-ਬੁਝ ਕੇ ਤਾਂ ਨਹੀਂ ਕਿਹਾ ਸੀ। ਮੈਂ ਉਲਝ ਚੱਲਿਆ ਸੀ। ਉਦੋਂ ਹੀ ਬੰਤੀ ਮੇਰੇ ਲਈ ਚਾਹ ਦਾ ਕੱਪ ਲੈ ਆਈ। ਮੈਂ ਸਮਝਾਇਆ, "ਇਨ੍ਹਾਂ ਬਾਬੂਆਣੀਆਂ ਤੋਂ ਨਾ ਡਰਿਆ ਕਰ। ਇਹ ਉਨ੍ਹਾਂ ਕੁੱਤਿਆਂ ਵਰਗੀਆਂ ਨੇ ਜੋ ਸਿਰਫ ਭੌਂਕਦੇ ਹੁੰਦੇ। ਇਹ ਤੇਰਾ ਮੁਕਾਬਲਾ ਨ੍ਹੀਂ ਕਰ ਸਕਦੀਆਂ। ਤੂੰ ਦੇਸ ਰਾਜ ਦੀ ਟਿਊਸ਼ਨ ਰਖਾ ਦੇ। ਉਸੇ ਟੀਚਰ ਕੋਲ ਜਿਸ ਕੋਲ ਜਸਵਿੰਦਰ ਪੜ੍ਹਨ ਜਾਂਦਾ। ਜੇ ਪੈਸਿਆਂ ਦੀ ਤੰਗੀ ਹੋਈ ਤਾਂ ਘਬਰਾਈਂ ਨਾ। ਉਸ ਦਾ ਖਰਚ ਮੈਂ ਦਊਂ। ਉਹਨੂੰ ਪੜ੍ਹਨੋਂ ਨਾ ਹਟਾਈਂ। ਦੇਖੀਂ ਇਕ ਦਿਨ ਇਹ ਗਜ਼ਟਿਡ ਅਫਸਰ ਬਣੂ। ਜਾਹ ਹੁਣ ਤੂੰ ਛੇਤੀ ਦੇਣੀ ਹੇਠਾਂ ਚਲੀ ਜਾ...।"

ਬੰਤੀ ਸੰਤੋਸ਼ ਨਾਲ ਗੱਲੀਂ ਪੈ ਗਈ। ਉਸ ਨਾਲ ਅੰਦਰ-ਬਾਹਰ ਦੀ ਸਫਾਈ ਕਰਵਾ ਗਈ।

---

ਤਿਵਾੜੀ ਦੇ ਘਰੋਂ ਤੀਜਾ ਸੁਨੇਹਾ ਆ ਗਿਆ ਸੀ। ਹਰੇਕ ਸੁਨੇਹੇ ਨਾਲ ਮੈਂ ਕਿਹਾ ਸੀ ਕਿ ਹੁਣੇ ਆਇਆ। ਤੀਜੀ ਵੇਰ ਉਸ ਦਾ ਮੁੰਡਾ ਹਰਖ 'ਚ ਬੋਲਿਆ, "ਅੰਕਲ ਜੀ, ਅਰੋੜਾ ਅੰਕਲ ਜੀ ਕਦੋਂ ਦੇ ਆ ਚੁਕੇ ਨੇ। ਹੁਣ ਸਿਰਫ ਤੁਹਾਡੀ ਉਡੀਕ ਹੋ ਰਹੀ ਏ।"

"ਚੱਲ, ਮੈਂ ਆਇਆ।"

ਮੈਂ ਲੋਈ ਦੀ ਬੁੱਕਲ ਮਾਰੀ। ਸੰਤੋਸ਼ ਨੇ ਟੋਕਿਆ, "ਆਹ ਕੀ ਆਪਣਾ ਜਲੂਸ ਕੱਢਣ ਲੱਗੇ ਹੋ। ਕੋਈ ਚੰਗਾ ਲੱਗਦੈ?"

"ਮੈਂ ਕਿਹੜਾ ਕਿਤੇ ਦੂਰ ਜਾਣਾ।"

ਮੇਰੇ ਅੰਦਰ ਤੇਜ਼ ਕਾਂਬਾ ਉਠਿਆ। ਭਿਅੰਕਰ ਕਾਂਬਾ। ਇਹ ਮੇਰੇ ਕਾਬੂ 'ਚ ਨਹੀਂ ਆ ਰਿਹਾ। ਕੀ ਮੈਂ ਡਰ ਗਿਆਂ? ਦੂਜੇ ਪਲ ਮੇਰੇ ਮਨ ਨੇ ਕਿਹਾ ਕਿ ਇਸ 'ਚ ਡਰਨ ਵਾਲੀ ਕਿਹੜੀ ਬਲਾ ਆ ਵੜੀ?

"ਅਰੋੜਾ ਸਾਹਿਬ ਮੰਨ ਗਏ।" ਮੇਰਾ ਇਕ ਪੈਰ ਅਜੇ ਤਿਵਾੜੀ ਦੇ ਡਰਾਇੰਗ ਰੂਮ ਦੇ ਅੰਦਰ ਸੀ ਤੇ ਇਕ ਬਾਹਰ, ਜਦੋਂ ਕਰਤਾਰ ਸਿੰਘ ਕਹਿ ਰਿਹਾ ਸੀ।

"ਕੀ ਬਈ?" ਜਾਣਦਿਆਂ ਹੋਇਆਂ ਵੀ ਮੈਂ ਪੁੱਛਿਆ।

"ਇਹੋ ਕਿ ਇਹ ਬੰਤੀ ਕੋਲੋਂ ਕਮਰਾ ਖਾਲੀ ਕਰਾ ਲੈਣਗੇ। ਅਸੀਂ ਇਨ੍ਹਾਂ ਨੂੰ ਹੋਰ ਕਿਰਾਏਦਾਰ ਲੱਭ ਕੇ ਦਵਾਂਗੇ। ਜਿਹੜਾ ਸਾਰਾ ਦਿਨ ਘਰੇ ਰਹੇ। ਅਜਿਹਾ ਕਿਰਾਏਦਾਰ ਜੋ ਇਨ੍ਹਾਂ ਦੀ ਬਿਮਾਰ ਮਾਂ ਦੀ ਪਰੌਂਪਰ ਦੇਖ-ਭਾਲ ਕਰ ਸਕੇ।" ਤਿਵਾੜੀ ਉਤਸ਼ਾਹ ਨਾਲ ਦੱਸਣ ਲੱਗਾ।

"ਵੈਰੀ ਗੁੱਡ, ਵੈਰੀ ਗੁੱਡ।" ਕਹਿੰਦਿਆਂ ਮੈਂ ਤਾੜੀਆਂ ਮਾਰੀਆਂ। "ਤਿਵਾੜੀ ਸਾਹਿਬ, ਅੱਜ ਜਸ਼ਨ-ਵਸ਼ਨ ਹੋ ਜਾਏ।"

"ਲਉ, ਤੁਸੀਂ ਆਹ ਕੀ ਗੱਲ ਕੀਤੀ। ਮੈਂ ਕਦੋਂ ਦੌੜਿਆਂ।" ਤਿਵਾੜੀ ਕੁਰਸੀ ਤੋਂ ਉਠਿਆ। ਸਭ ਦੇ ਵਿਚਾਲੇ ਆ ਖੜ੍ਹਾ ਹੋਇਆ, "ਧੰਨ ਭਾਗ ਮੇਰੇ। ਮੇਰੀ ਸ਼ਾਮ ਰੰਗੀਨ ਹੋ ਗਈ। ਅੰਨ੍ਹਾ ਕੀ ਮੰਗੇ, ਦੋ ਅੱਖਾਂ।"

ਤਿਵਾੜੀ ਰਸੋਈ 'ਚ ਗਿਆ। ਅੱਠ ਗਲਾਸੀਆਂ ਤੇ ਐਰਿਸਟੋਕਰੇਟ ਦੀ ਬੋਤਲ ਲੈ ਆਇਆ। ਅਰੋੜਾ ਸਾਹਿਬ ਨੇ ਆਪਣੀ ਗਲਾਸੀ ਮੇਜ਼ ਦੇ ਹੇਠਾਂ ਨੂੰ ਕਰ ਦਿੱਤੀ। ਬੋਲੇ, "ਮੈਂ ਤਾਂ ਕਦੇ ਲਿਤੀ ਨ੍ਹੀਂ ਜੀ।"

ਸੱਤਾਂ ਨੇ ਇਕ-ਇਕ ਪੈੱਗ ਲੈ ਲਿਆ।

ਦੂਜਾ ਪੈੱਗ ਚਾੜ੍ਹਦਿਆਂ ਹੀ ਸ਼ਰਮਾ ਬੋਲਿਆ, "ਇਨ੍ਹਾਂ ਦੇ ਨਿਆਣੇ ਚੋਰੀ ਨ੍ਹੀਂ ਕਰਨਗੇ ਤਾਂ ਹੋਰ ਕੀ ਕਰਨਗੇ?"

"ਚੋਰੀ ਤਾਂ ਬਲੱਡ ਤੋਂ ਬਲੱਡ ਤੱਕ ਜਾਂਦੀ ਐ।" ਤਿਵਾੜੀ ਨੇ ਕਿਹਾ।

ਇਨ੍ਹਾਂ ਦੇ ਜੀਨਜ਼ ਚੋਰੀਆਂ ਨਾਲ ਭਰੇ ਹੋਏ। ਤੁਸੀਂ ਭਾਵੇਂ ਕੰਪਿਊਟਰ 'ਚ ਪਾ ਕੇ ਦੇਖ ਲਉ। ਕੰਪਿਊਟਰ ਕਦੇ ਝੂਠ ਨ੍ਹੀਂ ਬੋਲ ਸਕਦਾ। ਖਾਨਦਾਨ ਐਵੇਂ ਤਾਂ ਨ੍ਹੀਂ ਪਰਖੇ ਜਾਂਦੇ।" ਕਰਤਾਰ ਸਿੰਘ ਲੋਰ 'ਚ ਆਇਆ ਬੋਲਿਆ।

"ਐਦਾਂ ਦੇ ਦੋ-ਚਾਰ ਹੋਰ ਕਿਰਾਏਦਾਰ ਕਾਲੋਨੀ ਵਿਚ ਆ ਵੜੇ ਤਾਂ ਸਮਝੋ ਅਸੀਂ ਸਾਰੇ ਗਏ।" ਜੌੜਾ ਬੋਲਿਆ।

"ਬੰਤੀ ਬੜੀ ਚਾਲੂ ਜਨਾਨੀ ਐ।"

"ਸਾਲੀ ਕੰਜਰੀ...।"

"ਹਰਾਮਜਾਦਾ ਦੇਸਾ।"

"ਐਦਾਂ ਦਿਆਂ ਦਾ ਕਿਹੜਾ ਕੋਈ ਅਸਲੀ ਪਿਉ ਹੁੰਦਾ।"

"ਨ੍ਹੀਂ... ਨ੍ਹੀਂ... ਨ੍ਹੀਂ...।" ਮੇਰੇ ਮੂੰਹੋਂ ਚੀਕ ਨਿਕਲ ਗਈ। ਸਾਰੇ ਮੇਰੇ ਵੱਲ ਹੈਰਾਨੀ ਨਾਲ ਦੇਖਣ ਲੱਗੇ। ਤਿਵਾੜੀ ਨੇ ਮੇਰੇ ਚਿਹਰੇ ਨੂੰ ਤਾੜਦਿਆਂ ਕਿਹਾ, "ਲੱਧੜ ਸਾਹਿਬ, ਤੁਸੀਂ ਤਾਂ ਸਿਰਫ ਦੋ ਪੈੱਗਾਂ ਨਾਲ ਹਿੱਲ ਗਏ।"

ਅਗਾਂਹ ਮੇਰੇ ਕੋਲੋਂ ਬੋਲਿਆ ਨਾ ਗਿਆ। ਮੈਂ ਭਾਵੁਕ ਹੋ ਗਿਆ ਸੀ। ਅਜਿਹੇ ਵੇਲੇ ਭਾਵੁਕਤਾ ਖੁੰਢੇ ਟੋਕੇ ਜਿੰਨਾ ਅਸਰ ਕਰ ਸਕਦੀ ਸੀ। ਅਜਿਹੀ ਗਲਤੀ ਮੈਂ ਇਕ ਵਾਰ ਪਹਿਲਾਂ ਵੀ ਕਰ ਚੁੱਕਾਂ। ਮੈਂ ਸੰਭਲਿਆ। ਕਿਹਾ, "ਸੌਰੀ... ਸਰਦਾਰ ਕਰਤਾਰ ਸਿੰਘ ਜੀ... ਮੈਂ ਤੁਹਾਡੀ ਅੰਡਰਸਟੈਂਡਿੰਗ ਦੀ ਦਾਦ ਦੇਨਾਂ।"

ਮੈਂ ਬੋਤਲ ਚੁੱਕੀ। ਪੌਣੀ ਗਿਲਾਸੀ ਭਰ ਲਈ। ਇਕੋ ਸਾਹੇ ਪੀ ਲਈ। ਰੁਮਾਲ ਨਾਲ ਬੁੱਲ੍ਹ ਪੂੰਝੇ। ਨੀਵੀਂ ਪਾਈ ਅੰਨ੍ਹੇਵਾਹ ਤਾੜੀਆਂ ਮਾਰਨ ਲੱਗਾ।

## ਲਤੀਫਾ

### ਸਕੂਲ ਲੇਟ ਆਉਣ ਦੀ ਸਜ਼ਾ

50 ਕੁ ਸਾਲ ਪਹਿਲਾਂ ਪਿੰਡਾਂ ਦੇ ਸਕੂਲਾਂ ਵਿਚ ਬੱਚੇ ਲਾਗਲੇ ਕਈ ਪਿੰਡਾਂ ਤੋਂ ਆਉਂਦੇ ਸਨ। ਸਕੂਲ ਦਾ ਹੈਡਮਾਸਟਰ ਸਕੂਲ ਦੇ ਗੇਟ 'ਤੇ ਖੜ੍ਹ ਕੇ ਲੇਟ ਆਉਣ ਦਾ ਕਾਰਨ ਪੁੱਛਦਾ। ਬਿਨਾ ਵਜ੍ਹਾ ਲੇਟ ਆਉਣ ਵਾਲਿਆਂ ਨੂੰ ਉਹ ਸੋਟੀਆਂ ਨਾਲ ਕੁੱਟਦਾ। ਸਭ ਤੋਂ ਪਹਿਲਾਂ ਬੱਚੇ ਤੋਂ ਪੁੱਛਦਾ ਕਿ ਸੱਚ ਦੱਸ, ਤੂੰ ਲੇਟ ਕਿਉਂ ਆਇਐਂ? ਜਿਹੜੇ ਬੱਚੇ ਦਾ ਲੇਟ ਹੋਣ ਦਾ ਕਾਰਨ ਉਸ ਨੂੰ ਠੀਕ ਲੱਗੇ, ਉਸ ਨੂੰ ਕੁਝ ਨਾ ਆਖਦਾ ਪਰ ਜੋ ਐਵੇਂ ਬਹਾਨਾ ਬਣਾਉਣ ਦੀ ਕੋਸ਼ਿਸ਼ ਕਰੇ, ਝੱਟ ਪਛਾਣ ਜਾਂਦਾ ਤੇ ਉਸ ਦੀ ਸੋਟੀਆਂ ਨਾਲ ਵਾਹਵਾ ਸੇਵਾ ਕਰਦਾ।

ਇਕ ਮੁੰਡਾ ਲੇਟ ਆਇਆ ਤਾਂ ਉਸ ਨੇ ਪੁੱਛਿਆ, "ਤੂੰ ਕਿਉਂ ਲੇਟ ਹੋ ਗਿਐਂ?"

"ਜੀ, ਰਾਹ ਵਿਚ ਮੇਰਾ ਇਕ ਰੁਪਏ ਦਾ ਸਿੱਕਾ ਡਿੱਗ ਪਿਆ ਸੀ, ਮੈਂ ਕਾਫੀ ਚਿਰ ਲੱਭਦਾ ਰਿਹਾ, ਤਾਂ ਲੇਟ ਹੋ ਗਿਆਂ।"

ਹੈਡਮਾਸਟਰ ਨੂੰ ਜਵਾਬ ਜੱਚ ਗਿਆ ਤੇ ਉਸ ਨੂੰ ਜਾਣ ਦਿੱਤਾ। ਉਸ ਦੇ ਮਗਰਲੇ ਨੂੰ ਪੁੱਛਿਆ, "ਸੱਚ ਦੱਸ ਓਏ, ਤੂੰ ਕਿਉਂ ਲੇਟ ਹੋਇਐਂ?"

ਮੁੰਡਾ ਬੋਲਿਆ, "ਜੀ, ਜੇ ਮੈਂ ਸੱਚ ਦੱਸਿਆ ਤਾਂ ਮੈਨੂੰ ਮਾਰੋਗੇ ਤਾਂ ਨਹੀਂ?"

ਹੈਡਮਾਸਟਰ ਬੋਲਿਆ, "ਨਹੀਂ, ਤੂੰ ਸੱਚ ਦੱਸ।"

ਮੁੰਡਾ ਬੋਲਿਆ, "ਜੀ, ਸੱਚ ਇਹ ਹੈ ਕਿ ਉਸ ਦਾ ਡਿਗਿਆ ਇਕ ਰੁਪਏ ਦਾ ਸਿੱਕਾ ਮੇਰੇ ਨਜ਼ਰੀਂ ਪੈ ਗਿਆ। ਮੈਂ ਉਸ ਸਿੱਕੇ 'ਤੇ ਪੈਰ ਰੱਖ ਕੇ ਖੜ ਗਿਆ। ਜਦੋਂ ਇਹ ਐਧਰ-ਓਧਰ ਲੱਭ ਕੇ ਟੁਰ ਪਿਆ, ਤਾਂ ਮੈਂ ਵੀ ਉਹ ਸਿੱਕਾ ਚੁੱਕ ਕੇ ਇਸ ਦੇ ਮਗਰੇ ਆ ਗਿਆ।

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਔਰਤ ਦੀ ਕਲਮ


ਸਾਡੇ ਸਭਿਆਚਾਰਕ ਇਤਿਹਾਸ ਵਿਚ ਔਰਤ ਦੇ ਮਨ ਦੀ ਗੱਲ ਪਹਿਲਾਂ ਪਹਿਲ ਲੋਕ ਗੀਤਾਂ ਵਿਚ ਰਚੀ ਗਈ। ਉਦੋਂ ਔਰਤ ਪੜ੍ਹੀ ਲਿਖੀ ਨਹੀਂ ਸੀ ਅਤੇ ਉਸ ਕੋਲ ਲਿਖਤ ਸ਼ਬਦ ਨਹੀਂ ਸੀ। ਪੰਜਾਬ ਦਾ ਇਤਿਹਾਸ ਲੰਮੇ ਸਮੇਂ ਤੋਂ ਰਾਜਸ਼ਾਹੀ, ਜਾਗੀਰਦਾਰੀ ਤੇ ਮਰਦ ਪ੍ਰਧਾਨ ਸਮਾਜ ਦਾ ਰਿਹਾ ਹੈ, ਜੋ ਮਾਨਵੀ ਸਬੰਧਾਂ ਉਪਰ ਵੀ ਆਪਣਾ ਪ੍ਰਭਾਵ ਪਾਉਂਦਾ ਰਿਹਾ ਹੈ। ਔਰਤ ਤੋਂ ਸਦਾ ਤਿਆਗ, ਕੁਰਬਾਨੀ ਅਤੇ ਮਮਤਾ ਦੀ ਉਮੀਦ ਰੱਖੀ ਗਈ। ਇਸ ਲਈ ਜਿਥੇ ਕਿਤੇ ਉਸ ਦੀ ਮਨੋ-ਸੰਵੇਦਨਾ ਨੂੰ ਠੇਸ ਲੱਗੀ, ਉਹ ਬੋਲ ਨਾ ਸਕੀ; ਜੇ ਕਿਤੇ ਬੋਲੀ ਤਾਂ ਸੁਣੀ ਨਾ ਗਈ, ਜਾਂ ਫਿਰ ਉਸ ਦੇ ਹੋਰ ਅਰਥ ਕੱਢ ਲਏ ਗਏ। ਇਸ ਲਈ ਔਰਤਾਂ ਨੇ ਆਪਣੇ ਮਨ ਦੇ ਵਲਵਲੇ, ਗੁੱਸਾ ਤੇ ਵਿਦਰੋਹ ਆਪਣੇ ਹੀ ਢੰਗ



ਪਾਲ ਕੌਰ

ਨਾਲ ਲੋਕ ਗੀਤਾਂ ਵਿਚ ਉਤਾਰ ਦਿੱਤਾ। ਲੋਕ ਗੀਤ ਨਾ ਤਾਂ ਵਿਅਕਤੀ-ਵਿਸ਼ੇਸ਼ ਦੇ ਹੁੰਦੇ ਹਨ ਤੇ ਨਾ ਲਿਖਣ ਵਾਲੇ ਦੀ ਕੋਈ ਪਛਾਣ ਹੁੰਦੀ ਹੈ। ਸ਼ਾਇਦ ਇਸ ਤਰ੍ਹਾਂ ਸਮੂਹਕਤਾ ਵਿਚ ਲਿਖਣ ਵਾਲੇ ਦੀ ਗੱਲ ਵੀ ਪੂਰੀ ਤਰ੍ਹਾਂ ਨਹੀਂ ਕਹੀ ਜਾਂਦੀ। ਇਸ ਲਈ ਸਿੱਖਿਅਤ ਹੋਣ 'ਤੇ ਔਰਤ ਨੇ ਲਿਖ ਕੇ ਆਪਣੀ ਪਛਾਣ ਨਾਲ ਆਪਣੀ ਵੇਦਨਾ ਕਹਿਣੀ ਚਾਹੀ।

ਉਂਜ, ਮੈਨੂੰ ਲੱਗਦਾ ਹੈ ਕਿ ਆਪਣੀ ਪਛਾਣ ਨਾਲ ਔਰਤ ਦੀ ਪਹਿਲੀ ਲਿਖਤ ਰਾਮਾਇਣ ਦੀ ਕਥਾ ਵਿਚ ਸੀਤਾ ਦਾ ਧਰਤੀ ਨੂੰ ਦਿੱਤਾ ਆਦੇਸ਼ ਸੀ! ਅਗਨੀ ਪ੍ਰੀਖਿਆ ਅਤੇ ਛੱਡੇ ਜਾਣ 'ਤੇ ਦੂਜੇ ਬਨਵਾਸ ਤੋਂ ਬਾਅਦ ਵੀ ਸੀਤਾ ਨੂੰ ਭਰੀ ਰਾਜ ਸਭਾ ਵਿਚ ਆਪਣੇ ਪੁੱਤਰਾਂ ਨੂੰ ਰਾਮ ਤੋਂ ਪ੍ਰਵਾਨ



ਕਰਵਾਉਣ ਲਈ ਪਾਕ-ਸਾਫ ਹੋਣ ਦੀ ਸਹੁੰ ਖਾਣ ਲਈ ਕਿਹਾ ਗਿਆ ਤਾਂ ਸੀਤਾ ਨੇ ਇਸ ਅਪਮਾਨ ਦੇ ਦੁੱਖ ਤੇ ਗੁੱਸੇ ਵਿਚ ਧਰਤੀ ਨੂੰ ਫਟ ਜਾਣ ਦਾ ਹੁਕਮ ਦਿੱਤਾ ਤੇ ਉਹ ਉਸ ਵਿਚ ਉਤਰ ਗਈ। ਇਹ ਔਰਤ ਦੀ ਪਹਿਲੀ ਲਿਖਤ ਸੀ, ਜੋ ਉਸ ਨੇ ਬਹੁਤ ਸਾਰੀਆਂ ਵਧੀਕੀਆਂ ਜਰਨ ਤੋਂ ਬਾਅਦ ਲਿਖੀ।

ਮਿਥ ਕਥਾ ਹੈ ਕਿ ਇਕ ਵਾਰ ਪਰੀਆਂ ਉਡਦੀਆਂ ਹੋਈਆਂ ਕਿਸੇ ਟਾਪੂ 'ਤੇ ਜਾ ਉਤਰੀਆਂ। ਉਥੇ ਕੋਈ ਨਾਚ ਚੱਲ ਰਿਹਾ ਸੀ। ਉਹ ਦੇਖਣ ਲੱਗ ਪਈਆਂ ਪਰ ਪਛਾਣੇ ਜਾਣ ਦੇ ਡਰੋਂ ਉਨ੍ਹਾਂ ਨੇ ਆਪਣੇ ਦੈਵੀ ਖੰਭ ਲਾਹ ਕੇ ਦਰੱਖਤਾਂ ਵਿਚ ਛੁਪਾ ਦਿੱਤੇ। ਕਿਸੇ ਆਦਮੀ ਨੇ ਉਹ ਖੰਭ ਦੇਖ ਲਏ ਤੇ ਕੁਝ ਖੰਭ ਚੋਰੀ ਕਰ ਲਏ। ਨਾਚ ਖਤਮ ਹੋਣ 'ਤੇ ਪਰੀਆਂ ਫਿਰ ਉਡਣ ਲੱਗੀਆਂ ਪਰ ਇਕ ਪਰੀ ਨੂੰ ਖੰਭ ਨਾ ਲੱਭੇ ਤੇ ਉਹ ਉਡ ਨਾ ਸਕੀ। ਆਦਮੀ ਉਸ ਪਰੀ ਨੂੰ ਫੜ ਕੇ ਘਰ ਲੈ ਗਿਆ। ਉਹ ਪਰੀ ਉਸ ਆਦਮੀ ਦੇ ਘਰ ਸਾਰਾ ਕੰਮ ਕਰਦੀ, ਬੱਚੇ ਜੰਮਦੀ, ਮਾਰ ਖਾਂਦੀ ਪਰ ਇਕ ਦਿਨ ਆਦਮੀ ਘਰ ਨਹੀਂ ਸੀ ਤੇ ਪਰੀ ਨੂੰ ਘਰ ਦੇ ਭਾਂਡਿਆਂ ਵਿਚੋਂ ਆਪਣੇ ਖੰਭ ਲੱਭ ਗਏ। ਉਸ ਨੇ ਖੰਭ ਆਪਣੇ ਮੋਢਿਆਂ 'ਤੇ ਲਾਏ ਅਤੇ ਬੜੀ ਮੁਸ਼ਕਿਲ ਨਾਲ ਮੰਤਰ ਚੇਤੇ ਕਰ ਕੇ ਫਿਰ ਖੁੱਲ੍ਹੇ ਅੰਬਰ ਵਿਚ ਉਡਣ ਲੱਗੀ। ਇਹ ਖੰਭ, ਮੰਤਰ ਉਸ ਦੇ ਸੁਤੰਤਰ ਤੇ ਸੁਚੇਤ ਹੋ ਕੇ ਵਿਚਰਨ ਅਤੇ ਕਹਿਣ ਦਾ ਹੀ ਪ੍ਰਤੀਕ ਹਨ।

ਸਮਾਜ ਵਿਚ ਔਰਤ ਜਦੋਂ ਆਪਣੀ, ਆਪਣੇ ਵਜੂਦ ਅਤੇ ਮਨ ਦੀ ਗੱਲ ਕਰਦੀ ਹੈ ਤਾਂ ਤਿਉੜੀਆਂ ਚੜ੍ਹ ਜਾਂਦੀਆਂ ਹਨ। ਉਸ ਦਾ ਪੜ੍ਹੇ ਲਿਖੇ ਹੋਣਾ, ਸਵੈ-ਨਿਰਭਰ ਹੋਣਾ ਅਤੇ ਆਪਣੀ ਮਰਜ਼ੀ ਦੱਸਣਾ ਮਰਿਆਦਾ ਵਿਰੁਧ ਮੰਨਿਆ ਜਾਂਦਾ ਹੈ। ਆਪਣੀ ਜਨਮ-ਭੂਮੀ ਛੱਡ ਕੇ, ਸਾਰੇ ਸਾਕ ਕੁੜਾਵੇ ਸਮਝ ਕੇ ਉਹ ਇਕ ਆਦਮੀ ਦੇ ਪੱਲੇ ਲੱਗਦੀ ਹੈ! ਮੁਹੱਬਤ, ਘਰ ਤੇ ਪਰਿਵਾਰ ਦੀ ਲੋੜ ਔਰਤ ਤੇ ਮਰਦ-ਦੋਹਾਂ ਨੂੰ ਹੈ ਪਰ ਇਹ ਚੋਣ ਔਰਤ ਦੇ ਅੱਗੇ ਹੀ ਰੱਖੀ ਜਾਂਦੀ ਹੈ ਕਿ ਜਾਂ ਉਹ ਘਰ ਪਰਿਵਾਰ ਰੱਖੇ ਜਾਂ ਫਿਰ ਆਪਣਾ ਵਜੂਦ! ਔਰਤ ਪਿਆਰ ਪਰਿਵਾਰ ਹੀ ਚੁਣਦੀ ਹੈ ਪਰ



ਸਮਰਪਿਤ ਹੋਣ ਤੋਂ ਬਾਅਦ ਵੀ ਪੂਰਨ ਤੌਰ 'ਤੇ ਸਵੀਕਾਰੀ ਨਹੀਂ ਜਾਂਦੀ ਤਾਂ ਉਸ ਅੰਦਰ ਖਲਾਅ ਪੈਦਾ ਹੋ ਜਾਂਦਾ ਹੈ! ਫਿਰ ਉਹ ਇਸ ਖਲਾਅ ਵਿਚ ਆਪਣੀ ਘੁਟਨ, ਆਪਣਾ ਦਰਦ ਲਿਖਣ ਲਈ ਕਲਮ ਚੁੱਕਦੀ ਹੈ। ਫਿਰ ਉਹ ਆਪਣੇ ਵਜੂਦ ਦੀ ਕਿਤਾਬ ਲਿਖਣ ਲਈ ਕਲਮ ਦੂਜਿਆਂ ਦੇ ਹੱਥੀਂ ਨਹੀਂ ਫੜਾਉਣਾ ਚਾਹੁੰਦੀ ਤੇ ਨਾ ਹੀ ਕਿਸੇ ਹਾਸ਼ੀਏ ਵਿਚ ਚੁੱਪ-ਚੁੱਪ ਮਰਨਾ ਚਾਹੁੰਦੀ ਹੈ! ਉਹ ਆਪਣੀ ਇਬਾਰਤ ਆਪ ਲਿਖਣਾ ਚਾਹੁੰਦੀ ਹੈ।


ਇਕ ਤਾਂ ਹੈ ਕਲਮ ਚੁੱਕਣ ਦਾ ਸਫਰ, ਦੂਜਾ ਹੈ ਉਸ ਤੋਂ ਬਾਅਦ ਦਾ ਸਫਰ ਜੋ ਹੋਰ ਵੀ ਸੰਘਰਸ਼ ਭਰਿਆ ਹੁੰਦਾ ਹੈ। ਲਿਖਤ ਵਿਚ ਔਰਤ ਦੀ ਜੁਰਅਤ ਕਿਸੇ ਲੇਖਕ ਦੀ ਜੁਰਅਤ ਤੋਂ ਵੱਡਾ ਜੁਰਮ ਮੰਨੀ ਜਾਂਦੀ ਹੈ। ਉਸ ਦੇ ਨਿੱਜੀ ਜੀਵਨ ਉਪਰ ਸਵਾਲ ਉਠਾਏ ਤੇ ਇਲਜ਼ਾਮ ਲਾਏ ਜਾਂਦੇ ਹਨ। ਇਸ ਗੱਲ ਦੀ ਗਵਾਹੀ ਦੁਨੀਆਂ ਦੇ ਇਤਿਹਾਸ ਵਿਚ ਲੇਖਕ ਔਰਤਾਂ ਦੇ ਜੀਵਨ ਹਨ। ਕਈ ਲੇਖਕਾਵਾਂ ਨੇ ਸਾਰਾ ਜੀਵਨ ਹਾਦਸਿਆਂ ਦਾ ਸਾਹਮਣਾ ਕਰਦਿਆਂ ਗੁਜ਼ਾਰਿਆ ਅਤੇ ਕਈਆਂ ਨੂੰ ਆਤਮ-ਘਾਤ ਤਕ ਕਰਨਾ ਪਿਆ। ਅੰਮ੍ਰਿਤਾ ਪ੍ਰੀਤਮ ਨੇ ਆਪਣੀ ਵਾਰਤਕ ਪੁਸਤਕ 'ਬੁਰੇ ਸਿਆਲਾਂ ਦੇ ਮਾਮਲੇ' ਵਿਚ ਅਜਿਹੀਆਂ ਕਈ ਲੇਖਕ ਤੇ ਕਲਾਕਾਰ ਔਰਤਾਂ ਦੇ ਸੰਖੇਪ ਜੀਵਨ ਵੇਰਵੇ ਦਿੱਤੇ ਹਨ। ਯੂਨਾਨ ਦੀ ਸ਼ਾਇਰਾ ਸੈਫੋ, ਅੰਗਰੇਜ਼ੀ ਨਾਵਲਕਾਰ ਵਰਜੀਨੀਆ ਵੂਲਫ, ਨਾਰੀ ਚਿੰਤਕ ਮੇਰੀ ਵੋਲਸਟੋਨ, ਰੂਸੀ ਸ਼ਾਇਰਾ ਮਰੀਨਾ ਤਸਵੇਤਯੇਵਾ, ਸਵੀਡਿਸ਼ ਲੇਖਿਕਾ ਕਾਰਿਨ ਬੋਏ, ਇਤਾਲਵੀ ਸ਼ਾਇਰਾ ਅਨਤੋਨੀਆ ਪੋਜ਼ੀ, ਪਾਕਿਸਤਾਨੀ ਸ਼ਾਇਰਾ ਸਾਰਾ ਸ਼ਗੁਫਤਾ ਵਰਗੀਆਂ ਲੇਖਕਾਵਾਂ ਸਾਰੀ ਜ਼ਿੰਦਗੀ ਲਤ-ਲਤ ਥੱਕ ਗਈਆਂ ਤੇ ਅਖੀਰ ਖੁਦਕੁਸ਼ੀ ਕਰ ਗਈਆਂ।

ਮੈਰੀ ਵੋਲਸਟੋਨ ਦੀਆਂ ਲਿਖਤਾਂ ਨੂੰ ਪ੍ਰਕਾਸ਼ਕਾਂ ਨੇ ਛਾਪਣ ਤੋਂ ਨਾਂਹ ਕਰ ਦਿੱਤੀ। ਉਸ ਨੂੰ ਕਿਹਾ ਗਿਆ ਕਿ ਉਹ ਧਾਰਮਿਕ ਜਾਂ ਰਸੋਈ ਸਿੱਖਿਆ ਜਾਂ ਫਿਰ ਬੱਚਿਆਂ ਬਾਰੇ ਲਿਖੇ ਤਾਂ ਛਾਪਿਆ ਜਾਵੇਗਾ। ਅੰਗਰੇਜ਼ੀ ਵਿਚ ਐਮਿਲੀ ਦੇ ਨਾਵਲ 'ਵੁਦਰਿੰਗ ਹਾਈਟਸ' ਨਾਲ ਸਬੰਧਿਤ ਦਿਲਚਸਪ ਕਹਾਣੀ ਇਹ ਹੈ ਕਿ ਸ਼ਾਰਲੋਤ, ਐਮਿਲੀ ਤੇ ਐਨੀ-ਤਿੰਨੇ ਭੈਣਾਂ ਲੇਖਕ ਬਣਨਾ ਚਾਹੁੰਦੀਆਂ ਸਨ। ਤਿੰਨਾਂ ਨੇ ਆਪਣਾ ਨਜ਼ਮਾਂ ਦਾ ਸੰਗ੍ਰਿਹ ਛਾਪਿਆ ਪਰ ਤਿੰਨਾਂ ਨੇ ਆਪਣੇ ਨਾਂ ਮਰਦਾਵੇਂ ਰੱਖ ਲਏ: ਕਿਊਰਰ, ਐਲਿਸ ਤੇ ਆਈਟਨ ਬੈਲ, ਕਿਉਂਕਿ ਉਹ ਸਮਝਦੀਆਂ ਸਨ ਕਿ ਔਰਤਾਂ ਦੇ ਨਾਂਵਾਂ ਤੋਂ ਲੋਕ ਬੜੇ ਹਿਰਖ ਜਾਂਦੇ ਹਨ ਪਰ ਮਗਰੋਂ ਐਮਿਲੀ ਨੇ ਇਹ ਬੇਮਿਸਾਲ ਨਾਵਲ 'ਵੁਦਰਿੰਗ ਹਾਈਟਸ' ਆਪਣੇ ਨਾਂ 'ਤੇ ਛਾਪਿਆ।

ਕਲਮ ਚੁੱਕਣ ਵਾਲੀਆਂ ਹੋਰ ਵੀ ਕਈ ਔਰਤਾਂ ਦਾ ਸਫਰ ਕੰਡਿਆਂ ਭਰਿਆ ਹੀ ਰਿਹਾ ਹੈ। ਇਹ ਸਫਰ ਹੁੰਦਾ ਤਾਂ ਉਨ੍ਹਾਂ ਦਾ ਨਿੱਜੀ ਹੈ ਪਰ ਅਦਬੀ ਜਗਤ ਵਿਚ ਵੀ ਉਨ੍ਹਾਂ ਨੂੰ ਦੂਹਰੇ ਮੁਹਾਜ਼ 'ਤੇ ਲੜਨਾ ਪੈਂਦਾ ਹੈ। ਉਨ੍ਹਾਂ ਦੀ ਹਰ ਰਚਨਾ ਨੂੰ ਉਨ੍ਹਾਂ ਦੇ ਨਿੱਜੀ ਜੀਵਨ ਨਾਲ ਜੋੜ ਕੇ ਘਟਾ ਦਿੱਤਾ ਜਾਂਦਾ ਹੈ ਤੇ ਫਿਰ ਨਿੱਜੀ ਦਰਦ ਦੇ ਰੋਣੇ ਦਾ ਇਲਜ਼ਾਮ ਵੀ ਲੱਗਦਾ ਹੈ। ਕਈ ਆਲੋਚਕ ਵਿਦਵਾਨ ਰਿਆਇਤ ਵੀ ਆਪ ਦਿੰਦੇ ਹਨ, ਉਸ ਦੀ ਰਚਨਾ ਨਾਲੋਂ ਵੱਧ ਉਸ ਦੀ ਜਿਸਮਾਨੀ ਦਿੱਖ ਵੱਲ ਧਿਆਨ ਦਿੰਦੇ ਹਨ, ਉਸ ਦਾ ਉਨ੍ਹਾਂ ਪ੍ਰਤੀ ਸਮਰਪਣ ਦੇਖਦੇ ਹਨ ਅਤੇ ਪਿੱਛੋਂ ਉਨ੍ਹਾਂ 'ਤੇ ਫਤਵਾ ਵੀ ਇਹ ਜਾਰੀ ਹੁੰਦਾ ਹੈ ਕਿ ਉਸ ਕੋਲ ਜਵਾਨੀ, ਜਨਾਨੀ ਤੇ ਸੁੰਦਰਤਾ ਦਾ ਪਾਸਕੂ ਹੈ ਤੇ ਇਹ ਪਾਸਕੂ ਉਸ ਦੀ ਕਿਰਤ ਨੂੰ ਸਾਵਾਂ ਨਹੀਂ ਤੁਲਣ ਦਿੰਦਾ। ਲੇਖਕਾਵਾਂ ਦੀਆਂ ਸਵੈ-ਜੀਵਨੀਆਂ ਨੇ ਸਮਾਜ ਵਿਚ ਹੋਰ ਵੀ ਭੂਚਾਲ ਲੈ ਆਂਦਾ। ਇਕ ਹਿੰਦੀ ਰਸਾਲੇ ਵਿਚ ਛਪੀ ਮੁਲਾਕਾਤ ਵਿਚ ਹਿੰਦੀ ਲੇਖਕ ਵਿਭੂਤੀ ਨਾਰਾਇਣ ਰਾਏ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ 'ਸਵੈ-ਜੀਵਨੀ ਲਿਖਣ ਵਾਲੀਆਂ ਹਿੰਦੀ ਲੇਖਕਾਵਾਂ ਬੇਵਫਾਈ ਦਾ ਜਸ਼ਨ ਮਨਾਉਂਦੀਆਂ ਹਨ। ਉਨ੍ਹਾਂ ਦਾ ਆਪਸ ਵਿਚ ਆਪਣੇ ਆਪ ਨੂੰ ਇਕ ਦੂਜੀ ਤੋਂ ਵੱਡੀ ਛਿਨਾਲ (ਬਦਚਲਨ) ਸਾਬਤ ਕਰਨ ਦਾ ਮੁਕਾਬਲਾ ਹੈ।' ਪੰਜਾਬੀ ਲੇਖਕਾਵਾਂ ਦੀਆਂ ਸਵੈ-ਜੀਵਨੀਆਂ ਵੀ ਅਜਿਹੇ ਫਤਵਿਆਂ ਤੋਂ ਨਹੀਂ ਬਚ ਸਕੀਆਂ।


ਅਸਲ ਵਿਚ ਜਿਥੋਂ ਅਸੀਂ ਗੱਲ ਸ਼ੁਰੂ ਕੀਤੀ ਹੈ ਕਿ ਔਰਤਾਂ ਨੇ ਆਪਣੇ ਦਰਦ ਅਤੇ ਦੱਬੀਆਂ ਹੋਈਆਂ ਰੀਝਾਂ ਦਾ ਬਿਆਨ ਅਪ੍ਰਤੱਖ ਰੂਪ ਵਿਚ ਲੋਕ ਗੀਤਾਂ ਵਿਚ ਕੀਤਾ ਹੈ, ਪਰ ਲੇਖਿਕਾਵਾਂ ਦੀਆਂ ਸਵੈ-ਜੀਵਨੀਆਂ ਨੇ ਲੋਕ ਗੀਤਾਂ ਵਿਚਲੇ ਬਿਆਨ ਨੂੰ ਘਰਾਂ 'ਚੋਂ ਬਾਹਰ ਕੱਢ ਕੇ ਮੱਧਵਰਗ ਦੀ ਤਲੀ 'ਤੇ ਰੱਖ ਦਿੱਤਾ ਹੈ। ਉਹ ਮਰਦਾਵੀਂ ਹਉਂ 'ਤੇ ਸੱਟ ਵੀ ਮਾਰਦੀਆਂ ਹਨ। ਇਸੇ ਲਈ ਉਹ 'ਛਿਨਾਲ' ਹਨ।

ਉਂਜ, ਲੇਖਕਾ ਵਰਗ ਇਸ ਤੁਹਮਤਬਾਜ਼ੀ ਤੇ ਫਤਵਿਆਂ ਤੋਂ ਨਹੀਂ ਡਰਿਆ ਸਗੋਂ ਉਨ੍ਹਾਂ ਨੇ ਕੁਰਬਾਨ ਹੋਣ, ਗਊ ਵਾਂਗ ਅਸੀਲ ਹੋਣ ਅਤੇ ਚੰਗੀ ਔਰਤ ਹੋਣ ਦਾ ਸੰਕਲਪ ਹੀ ਉਲਟਾ ਦਿੱਤਾ ਹੈ। ਅੱਜ ਦੀ ਲੇਖਕਾ ਕਹਿੰਦੀ ਹੈ: 'ਮੈਂ ਤੁਹਾਡੀ ਲਿਖੀ ਕਿਸੇ ਪਰਿਭਾਸ਼ਾ ਉਪਰ ਕੁਰਬਾਨ ਨਹੀਂ ਹੋਣਾ। ਮੈਂ ਉਸੇ ਤਰ੍ਹਾਂ ਜੀਵਾਂਗੀ, ਵਿਚਰਾਂਗੀ, ਲਿਖਾਂਗੀ ਜਿਵੇਂ ਮੈਨੂੰ ਚੰਗਾ ਲੱਗਦਾ ਹੈ। ਇਸ ਲਈ



ਤੁਸੀਂ ਮੈਨੂੰ 'ਛਿਨਾਲ' ਕਹੋ, ਬਦਚਲਣ ਕਹੋ ਜਾਂ ਬੁਰੀ, ਕੋਈ ਗੱਲ ਨਹੀਂ।'

ਨਿਰੂਪਮਾ ਦੱਤ ਦੀ ਨਜ਼ਮ 'ਬੁਰੀ ਔਰਤ', ਉਭਰਦੀ ਲੇਖਕਾ ਬਰਾੜ ਜੈਸੀ ਦੀ ਪੁਸਤਕ 'ਮੈਂ ਸਾਊ ਕੁੜੀ ਨਹੀਂ ਹਾਂ', ਸਾਫੀਆ ਹਯਾਤ ਦੀ ਨਜ਼ਮ 'ਆਵਾਰਾ ਔਰਤ' ਇਸੇ ਪ੍ਰਸੰਗ ਵਿਚ ਲਿਖੀਆਂ ਗਈਆਂ ਹਨ। ਸਾਰਾ ਸ਼ਗੁਫਤਾ ਨੇ ਵੀ ਲਿਖਿਆ ਸੀ, "ਮੈਂ ਬੇਜ਼ਮੀਰੀ ਲਿਖਦੀ ਹਾਂ, ਇਸ ਲਈ ਮੇਰੀ ਨਜ਼ਮ ਉਤੇ ਸਿਰਫ ਬੇਜ਼ਮੀਰਾਂ ਨੂੰ ਬੋਲਣ ਦਾ ਹੱਕ ਹੈ।" ਹੁਣ ਅਸੀਂ ਦੇਖਣਾ ਹੈ ਕਿ ਚੰਗੀ ਤੇ ਬੁਰੀ ਔਰਤ ਦੀ ਪਰਿਭਾਸ਼ਾ ਨੂੰ ਵਕਤ ਮੁੜ ਕਿਵੇਂ ਲਿਖਦਾ ਹੈ!





***ਸਾਂਝੇ ਪੰਜਾਬ ਦੇ ਸ਼ਹਿਰ ਗੁੱਜਰਾਂਵਾਲਾ ਵਿਖੇ ਜਨਮੀ ਅੰਮ੍ਰਿਤਾ ਪ੍ਰੀਤਮ (31 ਅਗਸਤ 1919-31 ਅਕਤੂਬਰ 2005) ਸਕੂਲ ਅਧਿਆਪਕਾ ਬੀਬੀ ਰਾਜ ਕੌਰ ਅਤੇ ਕਵੀ ਕਰਤਾਰ ਸਿੰਘ ਹਿਤਕਾਰੀ ਦੀ ਇਕਲੌਤੀ ਧੀ ਸੀ। ਉਸ ਨੇ ਆਪਣੀ ਪਹਿਲੀ ਨਜ਼ਮ ਲਿਖੀ ਤਾਂ ਉਸ ਨੂੰ ਆਪਣੇ ਪਿਤਾ ਤੋਂ ਥੱਪੜ ਖਾਣਾ ਪਿਆ ਸੀ। ਆਧੁਨਿਕ ਪੰਜਾਬੀ ਕਾਵਿ ਵਿਚ ਉਹ ਸਿਰਮੌਰ ਕਵਿੱਤਰੀ ਸੀ। ਉਸ ਨੇ ਕਵਿਤਾ ਦੇ ਨਾਲ ਨਾਲ ਕਹਾਣੀਆਂ, ਨਾਵਲ, ਜੀਵਨੀਆਂ, ਲੇਖ ਆਦਿ ਵੀ ਲਿਖੇ ਪਰ ਦੇਸ਼ ਵੰਡ ਦੇ ਦਰਦ ਨੂੰ ਬਿਆਨਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਸਦਕਾ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਉਸ ਦੀ ਸ਼ੁਹਰਤ ਬੁਲੰਦੀਆਂ 'ਤੇ ਪੁੱਜ ਗਈ। ਉਸ ਦਾ ਸਭ ਤੋਂ ਪ੍ਰਸਿਧ ਨਾਵਲ 'ਪਿੰਜਰ' ਸੀ ਜਿਸ 'ਤੇ ਇਸੇ ਨਾਂ ਦੀ ਐਵਾਰਡ ਜੇਤੂ ਫਿਲਮ ਬਣੀ।***

## ਸੁਣੋ ਨੀ ਕੁੜੀਓ

*(ਯੂਨੀਵਰਸਿਟੀ ਵਿਚ ਪੜ੍ਹਦੀਆਂ ਕੁੜੀਆਂ ਲਈ)*

ਪੰਜ ਦਰਿਆਵਾਂ ਦੇ ਵਿਚ ਕਿਸ ਨੇ ਜ਼ਹਿਰ ਘੋਲਿਆ।
ਧਰਤੀ ਕੰਬੀ, ਨੀਲ ਗਗਨ ਦਾ ਦਿਲ ਵੀ ਡੋਲਿਆ।

ਕਿਸ ਨੇ ਤੀਲੀ ਬਾਲ ਕੇ ਸੁੱਟੀ ਜੰਗਲ ਦੇ ਵਿਚ,
ਸਾਗਰ ਵਿਚੋਂ ਲਾਵਾ ਉਠਿਆ ਅੰਬਰ ਦੇ ਵਲ।

ਕੋਮਲ ਕੋਮਲ ਪਉਣ ਵੀ ਪਿੱਟੀ ਮਾਰ ਦੁਹੱਥੜਾਂ,
ਬਨਸਪਤੀ ਨੇ ਆਪਸ ਦੇ ਵਿਚ ਮਾਰੀਆਂ ਟੱਕਰਾਂ।

ਉਚੇ ਪਰਬਤ ਹੱਥਾਂ ਵਿਚ ਸਿਰ ਫੜ ਕੇ ਬਹਿ ਗਏ,
ਬਾਜ਼ ਤੇ ਸ਼ਿਕਰੇ ਇਕ ਦੂਜੇ ਵੱਲ ਵੇਂਹਦੇ ਰਹਿ ਗਏ।

ਅੱਜ ਧੀਆਂ ਨੇ ਰਾਤਾਂ ਦੀ ਆਜ਼ਾਦੀ ਮੰਗ ਲਈ,
ਕਿਹੜੀ ਨੀਂਦ 'ਚ ਡੁਬੀਆਂ ਨੇ ਬਰਬਾਦੀ ਮੰਗ ਲਈ।

ਕਾਹਨੂੰ ਸਮੇਂ ਦਾ ਪੁੱਠਾ ਗੇੜ ਘੁਮਾਉਣ ਨੇ ਲੱਗੀਆਂ,
ਬਚੀ ਖੁਚੀ ਇੱਜਤ ਨੂੰ ਖੂਹ ਵਿਚ ਪਾਉਣ ਨੇ ਲੱਗੀਆਂ।

ਅੱਗੇ ਕਿਹੜਾ ਮਰਦ ਨੇ ਤੈਨੂੰ ਘੱਟ ਲੁਟਿਆ ਏ,
ਹਰ ਮੁਹਾਜ਼ 'ਤੇ ਛੱਜ ਵਿਚ ਪਾ ਕੇ ਛੱਟ ਸੁਟਿਆ ਏ।

ਪੁੱਛ ਜ਼ਰਾ ਬਾਬੁਲ ਤੋਂ ਕੀ ਤੂੰ ਮੰਗਦੀ ਪਈ ਏਂ,
ਪੁੱਛ ਜ਼ਰਾ ਵੀਰੇ ਤੋਂ ਹੁਣ ਕਾਹਨੂੰ ਸੰਗਦੀ ਪਈ ਏਂ।

ਆਖ ਬਾਬੁਲ ਨੂੰ ਰਾਤ ਨੂੰ ਬੂਹੇ ਲਾਇਆ ਨਾ ਕਰ,
ਮੈਂ ਹੁਣ ਹਾਂ ਆਜ਼ਾਦ ਮੈਨੂੰ ਸਮਝਾਇਆ ਨਾ ਕਰ।

ਸੁਣੋ ਨੀ ਧੀਓ ਸ਼ਰਮਾਂ ਦਾ ਕੋਈ ਜ਼ਿਕਰ ਕਰੋ ਨੀ,
ਆਪਣੀ ਮਰ ਰਹੀ ਗੈਰਤ ਦਾ ਕੋਈ ਫਿਕਰ ਕਰੋ ਨੀ।

ਨੰਗੇ ਨਾਚ ਨਾ ਸੜਕਾਂ ਉਤੇ ਕਰੋ ਨੀ ਧੀਓ,
ਨਾ ਮਰਿਆਦਾ ਤੋੜੋ, ਕੁਝ ਤਾਂ ਡਰੋ ਨੀ ਧੀਓ।

ਜੇਕਰ ਪੁੱਠੇ ਰਸਤਿਆਂ 'ਤੇ ਤੁਸੀ ਤੁਰੀਆਂ ਆਪੇ,
ਕੁੱਖਾਂ ਦੇ ਵਿਚ ਕਤਲ ਤੁਹਾਨੂੰ ਕਰਸਣ ਮਾਪੇ।

ਸੁਣੋ ਨੀ ਧੀਓ ਕਦੀ ਨਾ ਬਣਨਾ ਸੱਸੀਆਂ-ਹੀਰਾਂ,
ਰਾਣੀ ਝਾਂਸੀ ਵਾਂਗ ਲਿਖੋ ਨਵੀਆਂ ਤਕਦੀਰਾਂ।

ਭਗਤ ਸਿੰਘ ਤੇ ਊਧਮ ਸਿੰਘ ਦੇ ਗੀਤ ਬਣੋ ਨੀ,
ਜੇ ਕੁਝ ਬਣਨੈ ਜ਼ਿੰਦਗੀ ਵਿਚ 'ਸੁਰਜੀਤ' ਬਣੋ ਨੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਗੱਡੀਏ ਨੀ... ਗੱਡੀਏ ਨੀ...

ਦਰਸ਼ਕਾਂ ਨੂੰ ਫਿਲਮਾਂ ਵਿਚ ਰੇਲ ਦਾ ਦੌੜਨਾ ਖੂਬ ਪਸੰਦ ਹੈ। ਅਨੁਪਮਾ, ਗੰਗਾ-ਜਮੁਨਾ, ਸੌਲ੍ਹਵਾਂ ਸਾਲ, ਆਸ਼ੀਰਵਾਦ, ਅਜਨਬੀ, ਜ਼ਮਾਨੇ ਕੋ ਦਿਖਾਨਾ ਹੈ, ਛੋਟੀ ਸੀ ਬਾਤ, ਬਾਤੋਂ ਬਾਤੋਂ ਮੇਂ, ਆਰਾਧਨਾ, ਸ਼ੋਲੇ, ਦੀਵਾਰ, ਜਾਨੀ ਦੁਸ਼ਮਨ, ਦਿਲਵਾਲੇ ਦੁਲਹਨੀਆ ਲੇ ਜਾਏਂਗੇ, ਦਿਲ ਸੇ, ਜਬ ਵੀ ਮੈਟ, ਪਰਿਣੀਤਾ, ਕਿਕ, ਰੋਬੋਟ, ਦਿ ਟਰੇਨ, ਦਿ ਬਰਨਿੰਗ ਟਰੇਨ, ਸਵਦੇਸ਼, ਕੁਰਬਾਨ, ਤੇਜ, ਦਬੰਗ, ਤੀਸਮਾਰ ਖਾਂ, ਚੇਨਈ ਐਕਸਪ੍ਰੈਸ, ਸਾਥੀਆ, ਬਜਰੰਗੀ ਭਾਈਜਾਨ, ਵਧਾਈ ਹੋ ਸਮੇਤ ਸੈਂਕੜੇ ਫਿਲਮਾਂ ਦੀ ਸ਼ੂਟਿੰਗ ਰੇਲ ਵਿਚ ਹੋਈ ਹੈ। ਇਹ ਸਭ



ਸਿਧਾਰਥ ਮਲਹੋਤਰਾ ਅਤੇ ਸ਼੍ਰਧਾ ਕਪੂਰ ਫਿਲਮ 'ਏਕ ਵਿਲੇਨ' ਵਿਚ।

ਫਿਲਮਾਂ ਹਿਟ ਵੀ ਰਹੀਆਂ ਹਨ।

ਰੇਲਵੇ 'ਤੇ ਆਧਾਰਤ ਕਿਸੇ ਭਾਰਤੀ ਫਿਲਮ ਦੀ ਯਾਦ ਆਉਂਦੇ ਹੀ ਫਿਲਮਸਾਜ਼ ਬੀ. ਆਰ. ਚੋਪੜਾ ਦੀ 1980 ਦੀ ਫਿਲਮ 'ਦਿ ਬਰਨਿੰਗ ਟਰੇਨ' ਦੀ ਚਰਚਾ ਲਾਜ਼ਮੀ ਹੋ ਜਾਂਦੀ ਹੈ। ਇਹ ਭਾਰਤ ਦੀ ਪਹਿਲੀ ਅਤੇ ਇਕੱਲੀ ਅਜਿਹੀ ਫਿਲਮ ਹੈ, ਜੋ ਪੂਰੀ ਤਰ੍ਹਾਂ ਰੇਲ ਗੱਡੀ 'ਤੇ ਕੇਂਦਰਿਤ ਸੀ, ਪਰ ਇਹ ਫਿਲਮ ਸ਼ੁਰੂਆਤ ਦੇ ਤਿੰਨ ਦਿਨ ਸੌ ਪ੍ਰਤੀਸ਼ਤ ਕੁਲੈਕਸ਼ਨ ਦੇ ਬਾਵਜੂਦ ਔਸਤ ਸਫਲ ਫਿਲਮ ਦੀ ਸ਼੍ਰੇਣੀ ਵਿਚ ਆਉਂਦੀ ਹੈ।

ਸ਼ੁਰੂ ਤੋਂ ਹੀ ਹਿੰਦੀ ਫਿਲਮਾਂ ਲਈ ਰੇਲ, ਅਹਿਮ ਲੋਕੇਸ਼ਨ ਰਹੀ। ਇਸ ਲਈ ਜਦੋਂ ਵੀ ਜ਼ਰੂਰਤ ਪਈ, ਫਿਲਮਸਾਜ਼ ਇਥੋਂ ਦੀ ਅਸਲ ਲੋਕੇਸ਼ਨ ਵਿਚ ਸ਼ੂਟਿੰਗ ਕਰਨਾ ਪਸੰਦ ਕਰਦੇ ਹਨ। ਸਲਮਾਨ ਖਾਨ ਤਾਂ ਇਸ ਲੋਕੇਸ਼ਨ ਦਾ ਕਾਇਲ ਹੈ। 'ਬੌਡੀਗਾਰਡ', 'ਕਿਕ', 'ਬਜਰੰਗੀ ਭਾਈਜਾਨ' ਸਮੇਤ ਉਸ ਦੀ ਨਵੀਂ ਫਿਲਮ 'ਭਾਰਤ' ਵਿਚ ਵੀ ਇਹ ਲੋਕੇਸ਼ਨ ਨਜ਼ਰ ਆਉਣ ਵਾਲੀ ਹੈ।

ਇਸ ਨਾਲ ਰੇਲਵੇ ਦੀ ਵੀ ਕਮਾਈ ਹੁੰਦੀ ਹੈ। ਉਂਜ, ਰੇਲਵੇ ਦੀ ਕਮਾਈ ਆਮ ਤੌਰ 'ਤੇ ਉਸ ਵਲੋਂ ਦਿੱਤੀਆਂ ਸਹੂਲਤਾਂ 'ਤੇ ਨਿਰਭਰ ਕਰਦੀ ਹੈ। ਤਾਜ਼ਾ ਅੰਕੜਿਆਂ ਮੁਤਾਬਕ ਫਿਲਮਾਂ ਵਾਲਿਆਂ ਨੂੰ ਇਕ ਦਿਨ ਦੀ ਸ਼ੂਟਿੰਗ ਲਈ ਇਕ ਤੋਂ ਦੋ ਲੱਖ ਰੁਪਏ ਤਕ ਦੇਣੇ ਪੈਂਦੇ ਹਨ। 'ਟੂ ਟਾਇਰ ਸਟੇਸ਼ਨ' ਉਤੇ ਸ਼ੂਟਿੰਗ ਲਈ ਇਕ ਲੱਖ ਰੁਪਏ ਅਤੇ 'ਥ੍ਰੀ ਟਾਇਰ ਸਟੇਸ਼ਨ' ਉਤੇ ਸ਼ੂਟਿੰਗ ਲਈ ਫੀਸ 50 ਹਜ਼ਾਰ ਰੁਪਏ ਹੁੰਦੀ ਹੈ। ਵੈਸਟਰਨ ਰੇਲਵੇ ਚਾਰ ਡੱਬਿਆਂ ਦੀ ਚੱਲਦੀ ਰੇਲ ਗੱਡੀ ਦੀ ਸ਼ੂਟਿੰਗ ਲਈ 4 ਲੱਖ ਅਤੇ ਪੰਜ ਡੱਬਿਆਂ ਵਾਲੀ ਰੇਲ ਗੱਡੀ 'ਤੇ ਸ਼ੂਟਿੰਗ ਲਈ ਸਾਢੇ ਤਿੰਨ ਤੋਂ ਚਾਰ ਲੱਖ ਰੁਪਏ ਤਕ ਫੀਸ ਲੈਂਦਾ ਹੈ। ਕੁਝ ਵਿਸ਼ੇਸ਼ ਹਾਲਾਤ ਵਿਚ ਰੋਜ਼ਾਨਾ ਸ਼ੂਟਿੰਗ ਹੋਣ 'ਤੇ ਪ੍ਰਤੀ ਦਿਨ ਦੀ ਇਹ ਫੀਸ ਕਾਫੀ ਘਟ ਜਾਂਦੀ ਹੈ।

ਹੁਣ ਰੇਲਵੇ ਵਿਭਾਗ ਫਿਲਮਸਾਜ਼ਾਂ ਪ੍ਰਤੀ ਪਹਿਲਾਂ ਦੇ ਮੁਕਾਬਲੇ ਕਾਫੀ ਉਦਾਰ ਹੋ ਗਿਆ ਹੈ। ਵੈਸਟਰਨ ਰੇਲਵੇ ਦੇ ਪੀ. ਆਰ. ਓ. ਮੁਤਾਬਕ ਪਹਿਲਾਂ ਨਿਰਮਾਤਾਵਾਂ ਨੂੰ ਸ਼ੂਟਿੰਗ ਦੀ ਆਗਿਆ ਮਿਲਣ ਵਿਚ ਘੱਟ ਤੋਂ ਘੱਟ ਦਸ ਤੋਂ ਪੰਦਰਾਂ ਦਿਨ ਲੱਗ ਜਾਂਦੇ ਸਨ, ਪਰ ਹੁਣ ਵੱਧ ਤੋਂ ਵੱਧ ਪੰਜ ਦਿਨ ਵਿਚ ਇਹ ਆਗਿਆ ਮਿਲ ਜਾਂਦੀ ਹੈ। ਕਈ ਹਾਲਾਤ ਵਿਚ ਇਹ ਆਗਿਆ ਸਿਰਫ ਤਿੰਨ ਦਿਨ ਵਿਚ ਵੀ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਉਂਜ ਤਾਂ ਫਿਲਮ ਨਿਰਮਾਤਾ ਆਪਣੀ ਫਿਲਮ ਦੀ ਮੰਗ ਮੁਤਾਬਕ ਰੇਲਵੇ ਸਟੇਸ਼ਨ ਦੀ ਚੋਣ ਕਰਦੇ ਹਨ, ਪਰ ਬੋਰੀਬੰਦਰ, ਸੀ. ਐਸ. ਟੀ. ਚੌਕ ਲੋਨਾਵਾਲਾ ਆਦਿ ਨਿਰਮਾਤਾਵਾਂ ਦੇ ਹਰਮਨ ਪਿਆਰੇ ਸਟੇਸ਼ਨ ਹਨ, ਜਿਥੇ ਉਹ ਸ਼ੂਟਿੰਗ ਕਰਨਾ ਪਸੰਦ ਕਰਦੇ ਹਨ। ਆਪਟਾ ਰੇਲਵੇ ਸਟੇਸ਼ਨ ਨਿਰਮਾਤਾਵਾਂ ਦੀ ਪਹਿਲੀ ਪਸੰਦ ਹੈ। ਪੁਰਾਣੀ ਫਿਲਮ 'ਅਮਰ ਪ੍ਰੇਮ' ਤੋਂ ਲੈ ਕੇ ਹੁਣ ਤਕ 'ਦਿਲਵਾਲੇ ਦੁਲਹਨੀਆਂ ਲੇ ਜਾਏਂਗੇ', 'ਕੁਛ ਕੁਛ ਹੋਤਾ ਹੈ', 'ਗੁਰੂ', 'ਮੁਹੱਬਤੇਂ', 'ਖਾਕੀ', 'ਸਲੱਮਡੌਗ ਮਿਲੀਨੀਅਰ' ਸਮੇਤ ਕਈ ਫਿਲਮਾਂ ਅਤੇ ਟੀ. ਵੀ. ਲੜੀਵਾਰਾਂ ਦੀ ਸ਼ੂਟਿੰਗ ਇਸ ਸਟੇਸ਼ਨ 'ਤੇ ਹੋ ਚੁਕੀ ਹੈ।

ਰੇਲ ਜਾਂ ਰੇਲਵੇ ਪਲੈਟਫਾਰਮ 'ਤੇ ਫਿਲਮਾਏ ਗਏ ਚੰਗੇ ਦ੍ਰਿਸ਼ਾਂ ਦੀ ਲੰਮੀ ਸੂਚੀ ਹੈ, ਪਰ ਸੰਜੀਦਾ ਸਿਨਮਾ ਪ੍ਰੇਮੀਆਂ ਦੇ ਦਿਲ-ਦਿਮਾਗ ਵਿਚ ਕੁਝ ਦ੍ਰਿਸ਼ ਅਮਿਟ ਛਾਪ ਛੱਡ ਗਏ ਹਨ। ਫਿਲਮ 'ਅਨੁਪਮਾ' ਨੂੰ ਯਾਦ ਕਰੋ। ਫਿਲਮ ਦੇ ਅੰਤਿਮ ਦ੍ਰਿਸ਼ ਵਿਚ ਕੁਝ ਨਾ ਬੋਲਣ ਵਾਲੀ ਬੇਟੀ ਸ਼ਰਮੀਲਾ ਟੈਗੋਰ ਪਿਤਾ ਦਾ ਵਿਰੋਧ ਕਰਕੇ ਆਪਣੇ ਪ੍ਰੇਮੀ ਧਰਮਿੰਦਰ ਦੇ ਪਿੰਡ ਵਾਲੇ ਘਰ ਵਿਚ ਜਾਣ ਲਈ ਰੇਲ ਗੱਡੀ ਵਿਚ ਬੈਠ ਚੁਕੀ ਹੈ। ਬੇਟੀ ਦੇ ਦੋਸਤ ਉਸ ਨੂੰ ਸਟੇਸ਼ਨ 'ਤੇ ਛੱਡਣ ਆਏ ਹਨ। ਉਸ ਦਾ ਪਿਤਾ ਪਲੈਟਫਾਰਮ ਦੇ ਖੰਭੇ ਤੋਂ ਛੁਪ ਕੇ ਸਭ ਕੁਝ ਦੇਖ ਰਿਹਾ ਹੈ। ਕੈਮਰਾ ਉਸ 'ਤੇ ਫਰੀਜ਼ ਹੋ ਕੇ ਫਿਲਮ ਖਤਮ ਹੋ ਜਾਂਦੀ ਹੈ।

'ਜਬ ਵੀ ਮੈਟ' ਵਿਚ ਕਰੀਨਾ ਕਪੂਰ 'ਤੇ ਫਿਲਮਾਇਆ ਗਿਆ ਦ੍ਰਿਸ਼ ਵੀ ਬਹੁਤ ਸਹਿਜ ਹੈ। ਇਹ ਦ੍ਰਿਸ਼ ਆਮ ਜ਼ਿੰਦਗੀ ਦੇ ਕਰੀਬ ਹੈ। 'ਸਵਦੇਸ਼' ਫਿਲਮ ਵਿਚ ਸ਼ਾਹਰੁਖ 'ਤੇ ਫਿਲਮਾਏ ਗਏ ਦ੍ਰਿਸ਼ ਲਈ ਨਿਰਦੇਸ਼ਕ ਆਸ਼ੂਤੋਸ਼ ਗੋਵਾਰੀਕਰ ਦੀ ਜਿੰਨੀ ਵੀ ਤਾਰੀਫ ਕੀਤੀ ਜਾਏ, ਘੱਟ ਹੈ। ਸ਼ਾਹਰੁਖ ਬੱਚੇ ਤੋਂ ਪਾਣੀ ਖਰੀਦਦਾ ਹੈ ਅਤੇ ਉਸ ਨੂੰ 5 ਰੁਪਏ ਦਾ ਸਿੱਕਾ ਦਿੰਦਾ ਹੈ। ਬੱਚਾ ਪੈਸੇ ਵਾਪਸ ਕਰਨ ਲਈ ਪਾਈ-ਪਾਈ ਜੋੜ ਰਿਹਾ ਹੈ, ਉਦੋਂ ਹੀ ਗੱਡੀ ਚੱਲ ਪੈਂਦੀ ਹੈ ਅਤੇ ਬੱਚਾ ਭੱਜ ਕੇ ਉਸ ਨੂੰ ਉਹ ਪੈਸੇ ਵਾਪਸ ਕਰਦਾ ਹੈ। ਇਸ ਪੂਰੇ ਦ੍ਰਿਸ਼ ਨੂੰ ਫਿਲਮਸਾਜ਼ ਨੇ ਜਿਸ ਕੁਸ਼ਲਤਾ ਨਾਲ ਫਿਲਮਾਇਆ ਹੈ, ਇਹ ਬਹੁਤ ਮਾਰਮਿਕ ਬਣ ਗਿਆ।

**-ਏ. ਚਕਰਵਰਤੀ**



ਫਿਲਮ 'ਚੇਨਈ ਐਕਸਪ੍ਰੈਸ' ਵਿਚ ਦੀਪਿਕਾ ਪਾਦੁਕੋਣ ਤੇ ਸ਼ਾਹਰੁਖ ਖਾਨ





# ਦਰਸ਼ਕਾਂ ਦੀ ਨਬਜ਼ ਟੋਹਣ ਵਾਲੀ ਫਿਲਮਸਾਜ਼ ਰੁਪਾਲੀ ਗੁਪਤਾ

ਸਿਨੇਮਾ ਦੀ ਮੌਜੂਦਾ ਭੀੜ ਵਿਚ ਬਹੁਤ ਘੱਟ ਅਜਿਹੇ ਫਿਲਮਸਾਜ਼ ਹਨ, ਜੋ ਦਰਸ਼ਕਾਂ ਦੀ ਨਬਜ਼ ਟੋਹਣ ਦਾ ਗੁਣ ਜਾਣਦੇ ਹੋਣ। ਪਿਛਲੇ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਮਰਦ ਪ੍ਰਧਾਨ ਪੰਜਾਬੀ ਸਿਨੇਮਾ ਵਿਚ ਰੁਪਾਲੀ ਗੁਪਤਾ ਇੱਕ ਉਹ ਨਿਰਮਾਤਰੀ ਹੈ, ਜਿਸ ਦੀਆਂ ਬਣਾਈਆਂ ਫਿਲਮਾਂ ਦੀ ਰਿਕਾਰਡ ਤੋੜ ਸਫਲਤਾ ਨੇ ਚਿਰਾਂ ਤੋਂ ਸਰਗਰਮ ਫਿਲਮਸਾਜ਼ਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਕਿਸੇ ਵੀ ਫਿਲਮ ਦੇ ਫਲਾਪ ਹੋਣ 'ਤੇ ਫਿਲਮ ਵਿਚਲੀਆਂ ਕਮੀਆਂ 'ਤੇ ਧਿਆਨ ਦੇਣ ਦੀ ਥਾਂ ਅਕਸਰ ਨਿਰਮਾਤਾ ਨਿਰਦੇਸ਼ਕ ਦਰਸ਼ਕਾਂ ਦੀ ਪਸੰਦ, ਨਾ-ਪਸੰਦ ਕਹਿ ਕੇ ਪੱਲਾ ਝਾੜ ਦਿੰਦੇ ਹਨ, ਪਰ ਇੱਕ ਸੁਪਰ ਹਿੱਟ ਫਿਲਮ ਬਣਾਉਣ ਲਈ ਟਿਕਟ ਖਿੜਕੀ 'ਤੇ ਦਰਸ਼ਕਾਂ ਦੀਆਂ ਲਾਈਨਾਂ ਲਾਉਣ ਲਈ ਜੋ 'ਗਿੱਦੜ ਸਿੰਗੀ' ਨਿਰਮਾਤਰੀ ਰੁਪਾਲੀ ਗੁਪਤਾ ਦੇ ਹੱਥ ਲੱਗੀ ਹੈ, ਉਸ ਦਾ ਹਰ ਕੋਈ ਭੇਦ ਨਹੀਂ ਜਾਣਦਾ। ਪਿਛਲੇ ਸਾਲ ਦੀ ਸੁਪਰ ਹਿੱਟ ਹੋਈ ਫਰਾਈ ਡੇਅ ਮੋਸ਼ਨ ਪਿਕਚਰਜ਼ ਦੀ ਫਿਲਮ 'ਮਿਸਟਰ ਐਂਡ ਮਿਸਿਜ਼ 420 ਰਿਟਰਨਜ਼' ਦੀ ਕਾਮਯਾਬੀ ਨੇ ਜੋ ਇਤਿਹਾਸ ਸਿਰਜਿਆ, ਉਹ ਸਭ ਦੇ ਸਾਹਮਣੇ ਹੈ।

ਆਪਣੀਆਂ ਸੁਪਰ ਹਿੱਟ ਫਿਲਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਰੁਪਾਲੀ ਗੁਪਤਾ ਇਸ ਸਾਲ ਵੀ ਪੂਰੀ ਤਰ੍ਹਾਂ ਸਰਗਰਮ ਹੈ। ਜਿੱਥੇ ਉਹ ਕਈ ਫਿਲਮਾਂ ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ, ਉਥੇ ਨਵੀਆਂ ਫਿਲਮਾਂ ਦੇ ਰਿਲੀਜ਼, ਪ੍ਰੋਮੋਸ਼ਨ ਅਤੇ ਹੋਰ ਕਾਰਜਾਂ ਲਈ ਵੀ ਭੱਜ-ਦੌੜ ਕਰ ਰਹੀ ਹੈ।

ਭਾਖੜਾ ਵਾਲੇ ਨੰਗਲ ਸ਼ਹਿਰ ਦੀ ਜੰਮਪਲ ਰੁਪਾਲੀ ਗੁਪਤਾ ਨੇ ਦੱਸਿਆ ਕਿ ਕਲਾ ਨਾਲ ਉਸ



ਦਾ ਰਿਸ਼ਤਾ ਸਕੂਲ, ਕਾਲਜ ਦੇ ਦਿਨਾਂ ਤੋਂ ਹੈ। ਕੁਝ ਪਰਿਵਾਰਕ ਬੰਦਿਸ਼ਾਂ ਕਰਕੇ ਉਸ ਦਾ ਇਹ ਸ਼ੌਕ ਉਭਰ ਕੇ ਸਾਹਮਣੇ ਨਾ ਆ ਸਕਿਆ। ਫਿਰ ਵਿਆਹੁਤਾ ਜ਼ਿੰਦਗੀ ਵੱਲ ਕਦਮ ਵਧਾਉਂਦਿਆਂ ਹੀ ਉਸ ਦੀ ਕਲਾ ਰੂਪੀ ਗੱਡੀ ਮੁੜ ਲੀਹ 'ਤੇ ਆ ਗਈ। ਉਸ ਦੇ ਜੀਵਨ ਸਾਥੀ ਦੀਪਕ ਗੁਪਤਾ ਨੇ ਜਦ ਰੁਪਾਲੀ ਦੀ ਕਲਾ ਨੂੰ ਨੇੜੇ ਹੋ ਕੇ ਸਮਝਿਆ ਤਾਂ ਉਸ ਨੇ ਦਿਲੋਂ ਸਹਿਯੋਗ ਦਿੱਤਾ। ਬਤੌਰ ਅਦਾਕਾਰਾ ਰੁਪਾਲੀ ਗੁਪਤਾ ਨੇ 'ਮਿਸਟਰ ਐਂਡ ਮਿਸਿਜ਼ 420 ਰਿਟਰਨ' ਵਿਚ ਗੁਰਪ੍ਰੀਤ ਘੁੱਗੀ ਦੇ ਅਪੋਜ਼ਿਟ ਕਮਾਲ ਦੀ ਅਦਾਕਾਰੀ ਕੀਤੀ।

ਪੰਜਾਬੀ ਸਿਨੇਮਾ 'ਤੇ ਭਾਰੂ ਹੋ ਰਹੀ ਕਾਮੇਡੀ ਬਾਰੇ ਉਸ ਦਾ ਕਹਿਣਾ ਹੈ ਕਿ 'ਬਾਜ਼ਾਰ 'ਚ ਜਿਸ ਚੀਜ਼ ਦੀ ਵੱਧ ਮੰਗ ਹੋਵੇ, ਦੁਕਾਨਦਾਰ ਤਾਂ ਉਹੀ ਵੇਚੇਗਾ' ਵਾਲੀ ਗੱਲ ਹੈ। ਸਾਡੀ ਟੀਮ ਨੇ ਦਰਸ਼ਕਾਂ ਦੀ ਨਬਜ਼ ਟੋਹ ਕੇ ਉਨ੍ਹਾਂ ਦੀ ਪਸੰਦ ਨੂੰ ਜਾਣਿਆ ਹੈ। ਅੱਜ ਜ਼ਿੰਦਗੀ ਦੇ ਰੁਝੇਵਿਆਂ 'ਚ ਫਸਿਆ ਮਨੁੱਖ ਕੁਝ ਪਲ ਤਣਾਓ ਮੁਕਤ ਹੋਣ ਲਈ ਸਿਨੇਮਾ ਘਰ ਜਾਂਦਾ ਹੈ। ਅੱਜ ਦੇ ਦੌਰ ਵਿਚ ਸਿਨੇਮਾ ਹੀ ਮਨੋਰੰਜਨ ਦਾ ਇੱਕ ਚੰਗਾ ਸਾਧਨ ਹੈ।

ਦੂਜੀ ਗੱਲ, ਸਾਡੀਆਂ ਫਿਲਮਾਂ ਮਨੋਰੰਜਨ ਦੇ ਨਾਲ ਨਾਲ ਸਮਾਜਕ ਮੁੱਦੇ 'ਤੇ ਆਧਾਰਤ ਹੁੰਦੀਆਂ ਹਨ। ਜਿਸ ਤਰ੍ਹਾਂ 'ਮਿਸਟਰ ਐਂਡ ਮਿਸਿਜ਼ 420 ਰਿਟਰਨਜ਼' ਰਾਹੀਂ ਸਮਾਜ ਵਿਚ ਫੈਲੀ ਨਸ਼ਿਆਂ ਦੀ ਭੈੜੀ ਅਲਾਮਤ ਬਾਰੇ ਜਾਗਰੂਕ ਕੀਤਾ ਗਿਆ ਹੈ, 'ਓ ਅ' ਫਿਲਮ ਰਾਹੀਂ ਪੰਜਾਬ 'ਚ ਸਕੂਲੀ ਵਿੱਦਿਆ ਦੇ ਹੋ ਰਹੇ ਵਪਾਰੀਕਰਨ ਬਾਰੇ ਗੱਲ ਕੀਤੀ ਗਈ ਹੈ ਅਤੇ '15 ਲੱਖ ਕਦੋਂ ਆਊਗਾ' ਪੰਜਾਬ 'ਚ ਫੈਲੇ ਅੰਧ ਵਿਸ਼ਵਾਸ, ਡੇਰਾਵਾਦ ਅਤੇ ਸਿਆਸਤ ਦੀ ਆੜ ਵਿਚ ਹੁੰਦੇ ਨਾਜਾਇਜ਼ ਧੰਦਿਆਂ 'ਤੇ ਤਿੱਖਾ ਵਿਅੰਗ ਹੈ।

**-ਹਰਜਿੰਦਰ ਸਿੰਘ ਜਵੰਦਾ**
**ਫੋਨ: 91-94638 28000**

# ਰੌਸ਼ਨ ਪ੍ਰਿੰਸ ਬਣਿਆ 'ਮੁੰਡਾ ਫਰੀਦਕੋਟੀਆ'

ਗਾਇਕ ਰੌਸ਼ਨ ਪ੍ਰਿੰਸ ਪੰਜਾਬੀਆਂ ਦਾ ਹਰਮਨ ਪਿਆਰਾ ਗਾਇਕ ਹੈ। ਪੰਜਾਬੀ ਗਾਇਕੀ ਦੇ ਇੱਕ ਮੁਕਾਬਲੇ ਵਿਚ ਜੇਤੂ ਰਿਹਾ ਰੌਸ਼ਨ ਪ੍ਰਿੰਸ ਬਿਨਾ ਸ਼ੱਕ ਅੱਜ ਪੰਜਾਬੀ ਫਿਲਮਾਂ ਦਾ ਵੀ ਇੱਕ ਨਾਮੀ ਅਦਾਕਾਰ ਹੈ। ਉਸ ਦੀਆਂ ਇੱਕ ਤੋਂ ਬਾਅਦ ਇੱਕ ਆਈਆਂ ਫਿਲਮਾਂ ਦਰਸ਼ਕਾਂ ਦੀ ਪਸੰਦ ਬਣੀਆਂ ਹਨ। ਉਹ ਇਸ ਵੇਲੇ ਕਾਫੀ ਰੁੱਝ ਹੋਇਆ ਹੈ।

'ਲਾਵਾਂ ਫੇਰੇ' ਦੀ ਸਫਲਤਾ ਪਿਛੋਂ ਉਸ ਦੀਆਂ ਫਿਲਮਾਂ ਦੀ ਲਿਸਟ ਲੰਮੀ ਹੋਣੀ ਸੁਭਾਵਿਕ ਹੈ। ਆਪਣੇ ਕੰਮ ਪ੍ਰਤੀ ਰੌਸ਼ਨ ਹਮੇਸ਼ਾ ਹੀ ਵਫਾਦਾਰ ਦਰਸ਼ਕਾਂ ਦਾ ਇਹ ਚਹੇਤਾ ਨਾਇਕ ਹੁਣ 'ਮੁੰਡਾ ਫਰੀਦਕੋਟੀਆ' ਬਣ ਕੇ ਪੰਜਾਬੀ ਪਰਦੇ 'ਤੇ ਦਸਤਕ ਦੇਵੇਗਾ। ਦਲਮੋਰਾ ਫਿਲਮਜ਼ ਪ੍ਰਾਈਵੇਟ ਲਿਮਟਿਡ ਦੇ ਬੈਨਰ ਹੇਠ ਬਣਨ ਵਾਲੀ ਨਿਰਮਾਤਾ ਦਲਜੀਤ ਸਿੰਘ ਥਿੰਦ ਤੇ ਮੋਂਟੀ ਸਿੱਕਾ ਦੀ ਇਸ ਫਿਲਮ ਦਾ ਨਿਰਦੇਸ਼ਨ ਮਨਦੀਪ ਸਿੰਘ ਚਾਹਲ ਨੇ ਕੀਤਾ ਹੈ। ਇਹ ਫਿਲਮ ਰੁਮਾਂਟਿਕ ਤੇ ਕਾਮੇਡੀ ਭਰਪੂਰ ਪਰਿਵਾਰਕ ਡਰਾਮਾ ਹੈ। ਫਿਲਮ ਦੀ ਕਹਾਣੀ ਪੁਰਾਤਨ ਸਮਿਆਂ ਦੇ ਵਿਸ਼ੇ ਆਧਾਰਤ ਹੈ, ਜੋ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ ਨਾਲ ਵਿਰਾਸਤ ਨਾਲ ਜੋੜਨ ਦਾ ਵੀ ਯਤਨ ਕਰੇਗੀ। ਇਸ ਫਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਅੰਜਲੀ ਖੁਰਾਣਾ ਨੇ ਲਿਖੇ ਹਨ। ਡਾਇਲਾਗ ਰਵਿੰਦਰ ਮੰਡ, ਪ੍ਰਵੀਨ ਕੁਮਾਰ, ਜਗਦੀਪ ਜੈਦੀ ਤੇ ਅੰਜਲੀ ਖੁਰਾਣਾ ਨੇ ਲਿਖੇ ਹਨ। ਫਿਲਮ ਵਿਚ ਰੌਸ਼ਨ ਪ੍ਰਿੰਸ ਤੋਂ ਇਲਾਵਾ ਸ਼ਰਨ ਕੌਰ, ਕਰਮਜੀਤ ਅਨਮੋਲ, ਬੀ. ਐਨ. ਸ਼ਰਮਾ, ਹੌਬੀ ਧਾਲੀਵਾਲ, ਮੁਕੁਲ ਦੇਵ, ਰੁਪਿੰਦਰ ਰੂਪੀ, ਨਵਦੀਪ ਬੰਗਾ, ਜਤਿੰਦਰ ਕੌਰ, ਰੋਜ਼ੀ ਕੌਰ, ਅੰਮ੍ਰਿਤ ਔਲਖ, ਡੀ. ਪੀ. ਸਿੰਘ, ਸੁਮੀਤ ਗੁਲਾਟੀ, ਪੂਨਮ ਸੂਦ, ਗੁਰਮੀਤ ਸਾਜਨ, ਇੰਦਰ ਬਾਜਵਾ, ਅਮਰਜੀਤ ਸਰਾਂ





ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਸੰਗੀਤ ਜੈ ਦੇਵ ਕੁਮਾਰ ਤੇ ਗੁਰਮੀਤ ਸਿੰਘ ਨੇ ਤਿਆਰ ਕੀਤਾ ਹੈ। ਦਵਿੰਦਰ ਖੰਨੇ ਵਾਲਾ, ਜੱਗੀ ਸਿੰਘ, ਰੌਸ਼ਨ ਪ੍ਰਿੰਸ ਤੇ ਅੰਜਲੀ ਖੁਰਾਣਾ ਦੇ ਲਿਖੇ ਗੀਤਾਂ ਨੂੰ ਰੌਸ਼ਨ ਪ੍ਰਿੰਸ, ਮੰਨਤ ਨੂਰ, ਸ਼ੌਕਤ ਅਲੀ ਮਾਟੀਓ ਤੇ ਸਰਦਾਰ ਅਲੀ ਨੇ ਗਾਇਆ ਹੈ। ਪੀ. ਟੀ. ਸੀ. ਮੋਸ਼ਨ ਪਿਕਚਰਜ਼ ਅਤੇ ਗਲੋਬ ਮੂਵੀਜ਼ ਵੱਲੋਂ 'ਮੁੰਡਾ ਫਰੀਦਕੋਟੀਆ' 14 ਜੂਨ ਨੂੰ ਸਿਨੇਮਾ ਘਰਾਂ 'ਚ ਰਿਲੀਜ਼ ਕੀਤੀ ਜਾ ਰਹੀ ਹੈ।

**-ਹਰਜਿੰਦਰ ਸਿੰਘ ਜਵੰਦਾ**

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

ੴ ਸਤਿਗੁਰ ਪ੍ਰਸਾਦਿ॥

ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਅਤੇ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ

# ਸ਼ਹੀਦੀ ਸਮਾਗਮ

ਜੂਨ ਦਾ ਪਹਿਲਾ ਹਫਤਾ: ਪਹਿਲੀ ਜੂਨ ਤੋਂ 9 ਜੂਨ 2019 (ਐਤਵਾਰ) ਤੱਕ

ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਨ 7 ਜੂਨ ਨੂੰ ਆ ਰਿਹਾ ਹੈ। ਇਨ੍ਹਾਂ ਸ਼ਹੀਦੀ ਸਮਾਗਮਾਂ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸੰਤ ਸਾਗਰ ਵਿਖੇ ਹੇਠ ਲਿਖੇ ਅਨੁਸਾਰ ਸਮਾਗਮ ਰੱਖੇ ਗਏ ਹਨ। ਸਾਧ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ:

## ਪਹਿਲੀ ਜੂਨ ਤੋਂ 8 ਜੂਨ ਤੱਕ

ਰੋਜ਼ਾਨਾ ਸ਼ਾਮ ਨੂੰ ਦੀਵਾਨ ਸਜਾਏ ਜਾਣਗੇ

## 8 ਜੂਨ 2019 (ਸਨਿਚਰਵਾਰ)

### ਮਹਾਨ ਕੀਰਤਨ ਦਰਬਾਰ

ਸ਼ਾਮ 5:30 ਤੋਂ ਰਾਤ 10 ਵਜੇ ਤੱਕ

ਭਾਈ ਬਲਵਿੰਦਰ ਸਿੰਘ ਦਕੋਹੇ ਵਾਲੇ ਕੀਰਤਨ ਅਤੇ ਕਥਾਵਾਚਕ ਗਿਆਨੀ ਚਰਨ ਸਿੰਘ (ਸਾਬਕਾ ਸਿੰਘ ਸਾਹਿਬ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ) ਕਥਾ ਵਿਆਖਿਆ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ

ਸ਼ਾਮ 7 ਤੋਂ ਰਾਤ 10 ਵਜੇ ਤੱਕ

ਵਿਸ਼ੇਸ਼ ਤੌਰ 'ਤੇ ਸ੍ਰੀ ਹਰਿਮੰਦਰ ਸਾਹਿਬ, ਅਕੈਡਮੀ ਵਰਜੀਨੀਆ ਦੇ ਬੱਚੇ ਕੀਰਤਨ ਦੀ ਸੇਵਾ ਕਰਨਗੇ।

## 9 ਜੂਨ 2019 (ਐਤਵਾਰ)

**ਆਸਾ ਕੀ ਵਾਰ ਦਾ ਕੀਰਤਨ:** ਸਵੇਰੇ 8 ਤੋਂ 10 ਵਜੇ ਤੱਕ ਭਾਈ ਬਲਵਿੰਦਰ ਸਿੰਘ ਦਕੋਹੇ ਵਾਲੇ ਵਲੋਂ

ਅਖੰਡ ਪਾਠ ਦਾ ਭੋਗ ਸਵੇਰੇ 10 ਵਜੇ ਪਵੇਗਾ।

**ਕੀਰਤਨ:** ਸਵੇਰੇ 10.30 ਤੋਂ 11 ਵਜੇ ਤਕ ਭਾਈ ਬਲਵਿੰਦਰ ਸਿੰਘ ਦਕੋਹੇ ਵਾਲਿਆਂ ਵਲੋਂ

**ਕਥਾ ਵਿਆਖਿਆ:** ਸਵੇਰੇ 11 ਤੋਂ 11.35 ਤਕ ਕਥਾਵਾਚਕ ਗਿਆਨੀ ਚਰਨ ਸਿੰਘ (ਸਾਬਕਾ ਸਿੰਘ ਸਾਹਿਬ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ) ਵਲੋਂ

**ਕੀਰਤਨ:** ਸਵੇਰੇ 11.35 ਤੋਂ ਦੁਪਹਿਰ 12 ਵਜੇ ਤੱਕ ਹਜ਼ੂਰੀ ਰਾਗੀ ਜਥਾ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) ਵਲੋਂ

ਦੁਪਹਿਰ 12 ਤੋਂ ਸ਼ਾਮ 4 ਵਜੇ ਤੱਕ ਬੱਚਿਆਂ ਵਲੋਂ ਕੀਰਤਨ



### ਖ਼ੂਨਦਾਨ ਕੈਂਪ

ਹਰ ਸਾਲ ਦੀ ਤਰ੍ਹਾਂ 9 ਜੂਨ 2019 (ਐਤਵਾਰ) ਨੂੰ ਖ਼ੂਨਦਾਨ ਕੈਂਪ ਵੀ ਲਾਇਆ ਜਾਵੇਗਾ, ਜੋ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਲੱਗੇਗਾ।

### ਸੁਖਮਨੀ ਸਾਹਿਬ ਦੇ ਪਾਠ

ਹਰ ਸਾਲ ਦੀ ਤਰ੍ਹਾਂ ਸੁਖਮਨੀ ਇਸਤਰੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਵਲੋਂ ਚਾਲੀ ਦਿਨਾਂ ਤੋਂ ਚੱਲ ਰਹੇ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਅਤੇ ਸਮਾਪਤੀ ਸ਼ਾਮ 4 ਵਜੇ

*ਸਾਰੇ ਪ੍ਰੋਗਰਾਮਾਂ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ*

*ਟੈਕਸੀ ਵਾਲੇ ਵੀਰਾਂ ਵਲੋਂ ਸਟਾਲ ਵੀ ਲਾਏ ਜਾਣਗੇ*

*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਮੁੱਖ ਸੇਵਾਦਾਰ ਭਾਈ ਸੱਜਣ ਸਿੰਘ** *(ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)*

ਫੋਨ: 718-343-1030